Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
IN MORGAN HILL, GILROY,& HOLLISTER
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING THE ENTIRE SOUTHBAY FROM SAN JOSE TO SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 07; February 17, 2024
20451 N. Plum Grove Rd., Palatine, IL 60074
Ph:847-359-0746, Fax:847-705-9388

# ਕਿਸਾਨ ਇਕ ਵਾਰ ਫਿਰ ਸੜਕਾਂ ’ਤੇ ਆਏ

## ਮੋਦੀ ਸਰਕਾਰ ਅੰਦੋਲਨ ਕੁਚਲਣ ਲਈ ਹਰ ਹਰਬਾ ਵਰਤ ਰਹੀ

**ਪਟਿਆਲਾ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਨੇ ਇਕ ਵਾਰ ਮੁੜ ਦਿੱਲੀ ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਕੇਂਦਰ ਸਰਕਾਰ ਦੀ ਵਾਅਦਾਖਿਲਾਫੀ ਕਾਰਨ ਕਿਸਾਨਾਂ ਵਿਚ ਰੋਹ ਹੈ। ਇਸ ਵਾਰ ਮੁੜ ਸੰਘਰਸ਼ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਹੈ। ਦਿੱਲੀ ਕੂਚ ਲਈ ਪੰਜਾਬ ਤੋਂ ਟਰੈਕਟਰ-ਟਰਾਲੀਆਂ ਦੇ ਕਾਫ਼ਲੇ ਨਿਕਲ ਪਏ ਹਨ। ਵੱਡੀ ਗਿਣਤੀ ਕਿਸਾਨ ਦਿੱਲੀ ਵੱਲ ਵਧ ਰਹੇ ਹਨ। ਉਧਰ, ਕੇਂਦਰ ਸਰਕਾਰ ਨੇ ਵੀ ਕਿਸਾਨਾਂ ਨੂੰ ਰੋਕਣ ਲਈ ਟਿੱਲ ਲਾਇਆ ਹੋਇਆ ਹੈ। ਇਕ ਪਾਸੇ ਜਿਥੇ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਦਿੱਲੀ ਤੋਂ 3 ਮੰਤਰੀਆਂ ਨੇ ਪੰਜਾਬ ਡੇਰੇ ਲਾਏ ਹੋਏ ਹਨ, ਉਥੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਮੁਕੰਮਲ ਕਿਲ੍ਹੇਬੰਦੀ ਕਰ ਦਿੱਤੀ ਗਈ ਹੈ।

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਕਿਸਾਨੀ ਮੰਗਾਂ ਅਤੇ ਹੋਰ ਮਸਲਿਆਂ ਦੇ ਹੱਲ ਲਈ ‘ਦਿੱਲੀ ਚੱਲੋ’ ਪ੍ਰੋਗਰਾਮ ਦੇ ਮੱਦੇਨਜ਼ਰ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ। ਹਰਿਆਣਾ ਦੇ ਜ਼ਿਆਦਾਤਰ ਜ਼ਿਲ੍ਹਿਆਂ ਅਤੇ ਦਿੱਲੀ ਵਿਚ ਧਾਰਾ 144 ਲਗਾ ਦਿੱਤੀ ਗਈ ਹੈ। ਹਰਿਆਣਾ-ਪੰਜਾਬ ਦੇ ਬਾਰਡਰਾਂ ਉਤੇ ਪੱਕੇ ਬੈਰੀਕੇਡ ਤਿਆਰ ਕੀਤੇ ਗਏ ਹਨ ਜਿਸ ਅੱਗੇ ਲੋਹੇ ਦੇ ਸਰੀਏ ਲਗਾਏ ਗਏ ਹਨ। ਅੰਬਾਲਾ ਪ੍ਰਸ਼ਾਸਨ ਨੇ ਘੱਗਰ ਦਰਿਆ ਉਤੇ ਬਣੇ ਪੁਲ ਨੂੰ ਵੀ ਬੰਦ ਕਰ ਦਿੱਤਾ ਹੈ ਅਤੇ ਦਰਿਆ ਦੇ ਅੰਦਰ ਖੁਦਾਈ ਕੀਤੀ ਜਾ ਰਹੀ ਹੈ ਤਾਂ ਕਿ ਕਿਸਾਨ ਇਸ ਵਿਚੋਂ ਟਰੈਕਟਰ ਲੈ ਕੇ ਨਾ ਲੰਘ ਸਕਣ। ਰੈਪਿਡ ਐਕਸ਼ਨ ਫੋਰਸ (ਆਰ.ਏ.ਐਫ.) ਦੀ ਟੁਕੜੀ ਵੀ ਸ਼ੰਭੂ ਸਰਹੱਦ ਉਤੇ ਪਹੁੰਚ ਗਈ ਹੈ। ਹਰਿਆਣਾ ਦੇ ਸੱਤ ਜ਼ਿਲ੍ਹਿਆਂ ’ਚ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ।



*ਕਿਸਾਨਾਂ ਨੂੰ ਰੋਕਣ ਲਈ ਸਿੰਘੂ ਬਾਰਡਰ (ਨਵੀਂ ਦਿੱਲੀ) ‘ਤੇ ਕੀਤੀ ਸਖਤ ਬੈਰੀਕੇਡਿੰਗ ਦੀ ਝਲਕ।*

ਦਿੱਲੀ ਕੂਚ ਦੇ ਮੱਦੇਨਜ਼ਰ ਸਿੰਘੂ, ਗਾਜ਼ੀਪੁਰ ਅਤੇ ਟਿੱਕਰੀ ਸਰਹੱਦਾਂ ਉਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਅਤੇ ਆਵਾਜਾਈ ਉਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ। ਵਾਹਨਾਂ ਨੂੰ ਸ਼ਹਿਰ ਵਿਚ ਦਾਖਲ ਹੋਣ ਤੋਂ ਰੋਕਣ ਲਈ ਦਿੱਲੀ ਦੀਆਂ ਸਰਹੱਦਾਂ ਨੂੰ ਸੀਮਿੰਟ ਦੇ ਬੈਰੀਅਰਾਂ ਅਤੇ ਸੜਕਾਂ ਉਤੇ ਕਿੱਲਾਂ ਗੱਡ ਕੇ ਮਜ਼ਬੂਤ ਕੀਤਾ ਗਿਆ ਹੈ। ਉੱਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੀਆਂ ਜ਼ਿਆਦਾਤਰ ਕਿਸਾਨ ਯੂਨੀਅਨਾਂ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਦੇਣ ਲਈ ਕਾਨੂੰਨ ਬਣਾਉਣ ਸਮੇਤ ਆਪਣੀਆਂ ਮੰਗਾਂ ਮੰਨਣ ਲਈ ਕੇਂਦਰ ਉਤੇ ਦਬਾਅ ਬਣਾਉਣ ਲਈ ਦਿੱਲੀ ਕੂਚ ਦਾ ਸੱਦਾ ਦਿੱਤਾ ਹੈ। ਇਸ ਦੌਰਾਨ ਅਗਲੇ 30 ਦਿਨਾਂ ਲਈ ਪੂਰੇ ਦਿੱਲੀ ਸ਼ਹਿਰ ਵਿਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ।

ਕਿਸਾਨਾਂ ਦੀ ਮੁੱਖ ਮੰਗਾਂ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ, ਲਖੀਮਪੁਰ ਖੀਰੀ ਦੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ, ਬਿਜਲੀ ਸੋਧ ਬਿੱਲ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫੀ, ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ ਦੀ ਵਾਪਸੀ ਆਦਿ ਮੰਗਾਂ ਸ਼ਾਮਲ ਹਨ। ਇਹ ਉਹ ਮੰਗਾਂ ਹਨ ਜਿਹੜੀਆਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਚੱਲੇ ਸੰਘਰਸ਼ ਦੌਰਾਨ ਕੇਂਦਰ ਸਰਕਾਰ ਨੇ ਮੰਗ ਲਈਆਂ ਸਨ ਪਰ ਕਿਸਾਨਾਂ ਵੱਲੋਂ ਦਿੱਲੀ ਤੋਂ ਮੋਰਚਾ ਚੁੱਕਣ ਦੇ ਬਾਅਦ ਸਰਕਾਰ ਮੁੱਕਰ ਗਈ ਅਤੇ ਇਸ ਵਿਚੋਂ ਕਿਸੇ ਵੀ ਮਸਲੇ ਦਾ ਅੱਜ ਤੱਕ ਹੱਲ ਨਹੀਂ ਕੱਢਿਆ ਗਿਆ। ਹੁਣ ਜਦੋਂ ਕਿਸਾਨਾਂ ਨੇ ਮੁੜ ਦਿੱਲੀ ਘੇਰਨ ਦਾ ਐਲਾਨ ਕੀਤਾ ਹੈ ਤਾਂ ਕੇਂਦਰ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ।

ਸਾਲ 2020 ਵਿਚ ਕਿਸਾਨਾਂ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਹੋਏ ਅੰਦੋਲਨ ਤੋਂ ਸਬਕ ਲੈਂਦਿਆਂ ਕੇਂਦਰ ਸਰਕਾਰ ਹੁਣ ਮੁੱਢਲੇ ਪੜਾਅ ਉਤੇ ਹੀ ਠੀਕ ਰੌਂਅ ਵਿਚ ਜਾਪਦੀ ਹੈ। ਪੁਰਾਣੇ ਅੰਦੋਲਨ ਵਿਚ ਜਿਹੜੀ ਗੱਲਬਾਤ ਕਿਸਾਨਾਂ ਨਾਲ ਬੜੀ ਦੇਰ ਬਾਅਦ ਸ਼ੁਰੂ ਕੀਤੀ ਸੀ, ਉਹ ਹੁਣ ਮੁੱਢਲੇ ਪੜਾਅ ਉਤੇ ਹੀ ਸ਼ੁਰੂ ਕਰ ਦਿੱਤੀ ਹੈ। ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਵਿਚ ਕਿਸਾਨਾਂ ਦੇ ਲੱਗਣ ਵਾਲੇ ਮੋਰਚੇ ਨੂੰ ਟਾਲਣ ਵਾਸਤੇ ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪਿਊਸ਼ ਗੋਇਲ, ਕੇਂਦਰੀ ਖੇਤੀਬਾੜੀ ਰਾਜ ਮੰਤਰੀ ਅਰਜੁਨ ਮੁੰਡਾ ਤੇ ਕੇਂਦਰੀ ਗ੍ਰਹਿ ਰਾਜ ਮੰਤਰੀ ਨਿੱਤਿਆ ਨੰਦ ਰਾਏ ਨੇ ਕਿਸਾਨ ਨੇਤਾਵਾਂ ਨਾਲ 13 ਨੁਕਤਿਆਂ ਵਾਲੇ ਮੰਗ ਚਾਰਟਰ ਉਤੇ ਵਿਸਥਾਰਤ ਚਰਚਾ ਕੀਤੀ ਹੈ। ਮੀਟਿੰਗ ਵਿਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇ ਮੁੱਦੇ ਉੱਤੇ ਫੋਕਸ ਰਿਹਾ। ਕੇਂਦਰੀ ਟੀਮ ਨੇ ਲਖੀਮਪੁਰ ਖੀਰੀ ਦੇ ਜ਼ਖ਼ਮੀਆਂ ਨੂੰ 10-10 ਲੱਖ ਦੀ ਮਦਦ ਦੇਣ ਵਾਸਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਜਲਦ ਗੱਲਬਾਤ ਕਰਨ ਦਾ ਭਰੋਸਾ ਦਿੱਤਾ। ਸਾਲ 2020 ਵਿਚ ਚੱਲੇ ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ ‘ਤੇ ਚਰਚਾ ਕਰਦਿਆਂ ਕੇਂਦਰੀ ਟੀਮ ਨੇ ਦੱਸਿਆ ਕਿ ਅੰਦੋਲਨ ਦੌਰਾਨ ਸਮੁੱਚੇ ਦੇਸ਼ ਵਿਚ 3400 ਕੇਸ ਦਰਜ ਹੋਏ ਸਨ ਜਿਨ੍ਹਾਂ ‘ਚੋਂ ਤਿੰਨ ਹਜ਼ਾਰ ਕੇਸਾਂ ਦੀ ਵਾਪਸੀ ਲਈ ਪ੍ਰਕਿਰਿਆ ਅਦਾਲਤਾਂ ਵਿਚ ਜਾਰੀ ਹੈ। ਜਾਣਕਾਰੀ ਹੈ ਕਿ ਕੇਂਦਰ ਸਰਕਾਰ ਐਮ.ਐਸ.ਪੀ. ਦੀ ਗਾਰੰਟੀ ਬਾਰੇ ਕਾਨੂੰਨ ਤੋਂ ਬਿਨਾਂ ਬਾਕੀ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹੈ, ਹਾਲਾਂਕਿ ਕਿਸਾਨ ਨੇ ਇਸੇ ਮੰਗ ਨੂੰ ਮੁੱਖ ਰੱਖ ਕੇ ਮੁੜ ਸੰਘਰਸ਼ ਕਰਨ ਦਾ ਐਲਾਨ ਕੀਤਾ ਹੋਇਆ ਹੈ। ਕਿਸਾਨ 2021 ਵਿਚ ਆਪਣੇ ਅੰਦੋਲਨ ਨੂੰ ਵਾਪਸ ਲੈਣ ਲਈ ਜਿਨ੍ਹਾਂ ਸ਼ਰਤਾਂ ਉਤੇ ਸਹਿਮਤ ਹੋਏ ਸਨ, ਉਨ੍ਹਾਂ ਵਿਚ ਪ੍ਰਮੁੱਖ ਐਮ.ਐਸ.ਪੀ. ਦੀ ਗਾਰੰਟੀ ਬਾਰੇ ਕਾਨੂੰਨ ਬਣਾਉਣਾ ਸ਼ਾਮਲ ਹੈ। ਕਿਸਾਨਾਂ ਦਾ ਤਰਕ ਹੈ ਕਿ ਉਹ ਉਨ੍ਹਾਂ ਮੰਗਾਂ ਲਈ ਸੰਘਰਸ਼ ਲਈ

(ਬਾਕੀ ਸਫਾ 6 ‘ਤੇ)

### ਅੰਦੋਲਨ ਨੂੰ ਸਿਆਸੀ ਸਮਰਥਨ ਮਿਲਿਆ

**ਚੰਡੀਗੜ੍ਹ:** ਪੰਜਾਬ ਦੀ ਧਰਤੀ ਉਤੇ ਇਸ ਅੰਦੋਲਨ ਨੂੰ ਸਿਆਸੀ ਸਮਰਥਨ ਵੀ ਮਿਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦੇ ਉਤੇ ਨਿਸ਼ਾਨੇ ‘ਤੇ ਲੈਂਦਿਆਂ ਚਿਤਾਵਨੀ ਦਿੱਤੀ ਕਿ ਭਾਰਤ ਸਰਕਾਰ, ਪੰਜਾਬ ਨਾਲ ਆਢਾ ਨਾ ਲਾਵੇ ਕਿਉਂਕਿ ਕਣਕ ਤੇ ਚੌਲ ਤਾਂ ਦੇਸ਼ ਨੂੰ ਪੰਜਾਬ ਹੀ ਦਿੰਦਾ ਹੈ। ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲ ਕਰੇ। ਕੇਂਦਰ ਸਰਕਾਰ ਦੀ ਨਫ਼ਰਤ ਪੰਜਾਬ ਨੂੰ ਝੱਲਣੀ ਪੈ ਰਹੀ ਹੈ। ਇਧਰ, ਪੰਜਾਬ ਕਾਂਗਰਸ ਦੀ ਸਮਰਾਲਾ ਰੈਲੀ ਵਿਚ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਆਪਣੇ ਸੰਬੋਧਨ ਨੂੰ ਪੰਜਾਬ ਦੀ ਧਰਤੀ ਤੋਂ ਕਿਸਾਨੀ ਅਤੇ ਜਵਾਨੀ ਦੇ ਮੁੱਦੇ ਉਤੇ ਕੇਂਦਰਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਹੁਣ ਮੁੜ ਅੰਦੋਲਨ ਦੇ ਰਾਹ ਉਤੇ ਹੈ।

Medicare Life & Health Insurance
DEC 7 ਤੋਂ ਪਹਿਲਾਂ ਕਾਲ ਕਰੋ!
Medicare Annual Enrollment Period: Oct. 15 - Dec. 7
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਕੈਲੀਫੋਰਨੀਆ ਵਿਚ ਭਾਰੀ ਤੂਫਾਨ, ਮੀਂਹ ਤੇ ਹੜ੍ਹ ਵਰਗੇ ਹਾਲਾਤ ਦੇ ਮੱਦੇਨਜ਼ਰ ਹੰਗਾਮੀ ਹਾਲਤ ਦਾ ਐਲਾਨ

**ਕੈਲੀਫੋਰਨੀਆ**: ਇੱਥੇ ਸ਼ਕਤੀਸ਼ਾਲੀ ਤੂਫਾਨ ਤੇ ਮੀਂਹ ਕਾਰਨ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਕਰੀਬਨ 4 ਲੱਖ ਤੋਂ ਵੱਧ ਘਰਾਂ ਤੇ ਕਾਰੋਬਾਰੀ ਅਦਾਰਿਆਂ ਵਿਚ ਬਿਜਲੀ ਸਪਲਾਈ ਠੱਪ ਹੋ ਗਈ ਹੈ ਜਿਸ ਨੂੰ ਬਹਾਲ ਕਰਨ ਲਈ ਖਰਾਬ ਮੌਸਮ ਕਾਰਨ ਕਾਮਿਆਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ।

ਤੂਫਾਨ ਕਾਰਨ ਹੌਲੀਵੁੱਡ ਹਿਲਜ਼ ਤੇ ਬੈਵਰਲੀ ਹਿਲਜ਼ ਸਮੇਤ ਲਾਸ ਏਂਜਲਸ ਖੇਤਰ ਵਿਚ 14 ਲੱਖ ਲੋਕਾਂ ਨੂੰ ਫਲੈਸ਼ ਫਲੱਡ ਦੀ ਚਿਤਾਵਨੀ ਦਿੱਤੀ ਗਈ ਹੈ।

ਮੇਅਰ ਕਾਰੇਨ ਬਾਸ ਨੇ ਲਾਸ ਏਂਜਲਸ ਲਈ ਸਥਾਨਕ ਹੰਗਾਮੀ ਸਥਿਤੀ ਦਾ ਐਲਾਨ ਕੀਤਾ ਹੈ। ਮੌਸਮ ਸੇਵਾ ਅਨੁਸਾਰ ਕੁਝ ਖੇਤਰਾਂ ਵਿਚ 5 ਤੋਂ 8 ਇੰਚ ਹੋਰ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਤਰ੍ਹਾਂ ਕੁਲ ਮਿਲਾ ਕੇ 48 ਘੰਟਿਆਂ ਦੌਰਾਨ 14 ਇੰਚ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਖਰਾਬ ਮੌਸਮ ਕਾਰਨ ਬਣੇ ਹਾਲਾਤ ਦੇ ਮੱਦੇਨਜ਼ਰ ਦੱਖਣੀ ਕੈਲੀਫੋਰਨੀਆ ਦੀਆਂ 8 ਕਾਊਂਟੀਆਂ ਵਿਚ ਹੰਗਾਮੀ ਸਥਿਤੀ ਦਾ ਐਲਾਨ ਕੀਤਾ ਜਾ ਚੁੱਕਾ ਹੈ। ਨਿਊਜਰਸੀ ਸਮੇਤ ਕਈ ਖੇਤਰਾਂ ਵਿਚ ਹੜ੍ਹ ਵਰਗੇ ਹਾਲਾਤ ਬਣ ਗਏ ਹਨ। ਕਈ ਕਈ ਫੁੱਟ ਪਾਣੀ ਸੜਕਾਂ ਉਪਰ ਫਿਰ ਰਿਹਾ ਹੈ।



*ਨਿਊਜਰਸੀ ਵਿਚ ਆਏ ਹੜ੍ਹ ਦੇ ਪਾਣੀ ਵਿਚੋਂ ਲੰਘ ਰਿਹਾ ਇਕ ਵਿਅਕਤੀ।*

# ਨਬਾਲਗ ਵੱਲੋਂ ਸਕੂਲ ਵਿਚ 4 ਸਾਥੀ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਮਾਂ ਦੋਸ਼ੀ ਕਰਾਰ

**ਸੈਕਰਾਮੈਂਟੋ,** ਜੈਨੀਫਰ ਕਰੁੰਬਲੇ ਜੋ ਉਸ ਨਬਾਲਗ ਦੀ ਮਾਂ ਹੈ ਜਿਸਨੇ 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ, ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਪਾਇਆ ਕਿ ਸਕੂਲ ਵਿਚ ਹੋਈ ਗੋਲੀਬਾਰੀ ਲਈ ਮਾਂ ਵੀ ਜ਼ਿੰਮੇਵਾਰ ਹੈ ਜਿਸਨੇ ਘਰ ਵਿਚ ਰੱਖੀ ਬੰਦੂਕ ਦੀ ਸੰਭਾਲ ਨਹੀਂ ਕੀਤੀ। 12 ਮੈਂਬਰੀ ਜਿਊਰੀ ਨੇ ਜੈਨੀਫਰ ਕਰੁੰਬਲੇ ਨੂੰ ਉਸ ਵਿਰੁੱਧ ਲੱਗੇ ਸਾਰੇ ਗੈਰ ਇਰਾਦਾ ਹੱਤਿਆਵਾਂ ਦੇ 4 ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ। ਜਿਊਰੀ ਨੇ 10 ਘੰਟੇ ਤੋਂ ਵੱਧ ਸਮਾਂ ਸੁਣਵਾਈ ਉਪਰੰਤ ਜਦੋਂ ਫੈਸਲਾ ਪੜ੍ਹਿਆ ਤਾਂ ਕਰੁੰਬਲੇ (45) ਨੇ ਹੇਠਾਂ ਵੱਲ ਤਕਿਆ ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। 30 ਨਵੰਬਰ 2021 ਨੂੰ ਕਰੁੰਬਲੇ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਨਾਬਾਲਗ ਵੱਲੋਂ ਕੀਤੀ ਗੋਲੀਬਾਰੀ ਵਿਚ 4 ਵਿਦਿਆਰਥੀ ਮਾਰੇ ਗਏ ਸਨ ਤੇ 6 ਹੋਰ ਵਿਦਿਆਰਥੀ ਤੇ ਇਕ ਅਧਿਆਪਕ ਜ਼ਖਮੀ ਹੋ ਗਿਆ ਸੀ। ਉਸਨੂੰ 9 ਅਪ੍ਰੈਲ ਨੂੰ ਸਜ਼ਾ ਸੁਣਾਈ ਜਾਵੇਗੀ।

# ਪੰਜਾਬਣ ਸਤਵਿੰਦਰ ਕੌਰ ਬਣੀ ਕੈਂਟ ਸਿਟੀ ਕੌਂਸਲ ਦੀ ਪ੍ਰਧਾਨ

**ਸੈਕਰਾਮੈਂਟੋ:** ਭਾਰਤੀ ਮੂਲ ਦੀ ਪੰਜਾਬਣ ਸਤਵਿੰਦਰ ਕੌਰ ਸਰਬਸੰਮਤੀ ਨਾਲ ਕੈਂਟ ਸਿਟੀ ਕੌਂਸਲ ਦੀ ਪ੍ਰਧਾਨ ਚੁਣੀ ਗਈ ਹੈ। ਉਨ੍ਹਾਂ ਦਾ ਕਾਰਜਕਾਲ 2 ਸਾਲ ਦਾ ਹੋਵੇਗਾ। ਉਹ 7 ਮੈਂਬਰੀ ਸਿਟੀ ਕੌਂਸਲ ਦੀ ਪਿਛਲੇ 7 ਸਾਲਾਂ ਤੋਂ ਮੈਂਬਰ ਹੈ। ਸਤਵਿੰਦਰ ਕੌਰ ਨੇ ਪ੍ਰਧਾਨ ਬਿਲ ਬਾਇਸ ਦੀ ਜਗ੍ਹਾ ਲਈ ਹੈ ਜਿਨ੍ਹਾਂ ਨੇ ਪ੍ਰਧਾਨ ਦੇ ਅਹੁਦੇ ਲਈ ਉਸਨੂੰ ਨਾਮਜ਼ਦ ਕੀਤਾ ਸੀ।

ਸਤਵਿੰਦਰ ਕੌਰ ਦੀ ਪ੍ਰਧਾਨ ਵਜੋਂ ਚੋਣ ਉਪਰੰਤ ਬਾਇਸ ਨੇ ਕਿਹਾ, ਮੈਨੂੰ ਯਕੀਨ ਹੈ ਕਿ ਤੁਸੀਂ ਪੂਰੀ ਤਨਦੇਹੀ ਤੇ ਲਗਨ ਨਾਲ ਆਪਣਾ ਕੰਮ ਕਰੋਗੇ ਤੇ ਅਸੀਂ ਤੁਹਾਡਾ ਪੁਰਜ਼ੋਰ ਸਮਰਥਨ ਕਰਾਂਗੇ ਤੇ ਤੁਹਾਡੀ ਸਫਲਤਾ ਨੂੰ ਅਸੀਂ ਯਕੀਨੀ ਬਣਾਉਣ ਵਿਚ ਸਹਿਯੋਗ ਕਰਾਂਗੇ।'' ਸਤਵਿੰਦਰ ਕੌਰ ਨੇ ਬਾਇਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਸਾਰਿਆਂ ਦਾ ਇਕੋ-ਇਕ ਟੀਚਾ ਸਮਾਜ ਦੀ ਸੇਵਾ ਕਰਨਾ ਹੈ ਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਕੈਂਟ ਸਾਡੇ ਸਾਰਿਆਂ ਦੇ ਰਹਿਣ ਲਈ ਬੇਹਤਰ ਸਥਾਨ ਬਣੇ।

**-ਹੁਸਨ ਲੜੋਆ ਬੰਗਾ**



# ਨਿਊਜਰਸੀ: ਪ੍ਰਾਇਮਰੀ ਚੋਣ ਮੁਹਿੰਮ ਦੌਰਾਨ ਸਿੱਖ ਆਗੂ ਨੇ ਚੌਥ 9 ਲੱਖ ਡਾਲਰ ਤੋਂ ਵੱਧ ਫੰਡ ਜੁਟਾਇਆ

**ਨਿਊਜਰਸੀ:** ਇੱਥੋਂ ਦੀ 8ਵੀਂ ਕਾਂਗਰਸ ਡਿਸਟ੍ਰਿਕਟ ਸੀਟ ਤੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਲੜ ਰਹੇ ਸਿੱਖ ਆਗੂ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਨੇ ਐਲਾਨ ਕੀਤਾ ਹੈ ਕਿ ਚੌਥੀ ਤਿਮਾਹੀ ਦੌਰਾਨ ਉਸ ਨੇ ਨਿੱਜੀ ਦਾਨੀਆਂ ਤੋਂ 9,74,000 ਡਾਲਰ ਫੰਡ ਜੁਟਾਇਆ ਹੈ ਤੇ ਚੌਥੀ ਤਿਮਾਹੀ ਦੇ ਅੰਤ ਵਿਚ ਉਸ ਕੋਲ ਕੁਲ ਨਕਦੀ 9,14,000 ਡਾਲਰ ਦੀ ਹੈ। ਪ੍ਰਾਇਮਰੀ ਚੋਣ ਵਿਚ ਉਹ ਨਿਊਜਰਸੀ ਦੇ ਮੌਜੂਦਾ ਪ੍ਰਤੀਨਿਧ ਰਾਬਮੈਨ ਨਡੇਜ਼ ਜੂਨੀਅਰ ਵਿਰੁੱਧ ਚੋਣ ਮੈਦਾਨ ਵਿਚ ਹਨ। ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਜਾਣੇ ਪਛਾਣੇ ਰਾਜਸੀ ਆਗੂ ਹਨ ਤੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਹਨ। ਹੁਣ ਤੱਕ ਉਹ 11 ਲੱਖ ਡਾਲਰ ਫੰਡ ਜੁਟਾ ਚੁੱਕੇ ਹਨ। ਉਨ੍ਹਾਂ ਕਿਹਾ ਹੈ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਨੂੰ ਆਮ ਲੋਕਾਂ ਨੇ ਫੰਡ ਦਿੱਤਾ ਹੈ ਜਦਕਿ ਮੇਰੇ ਵਿਰੋਧੀ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਸਾਰਿਆਂ ਲਈ ਉੱਚ ਪੱਧਰੀ ਸਿਹਤ ਸੇਵਾਵਾਂ ਲਈ ਯਤਨ ਕਰਨਗੇ, ਵਾਤਾਵਰਣ ਤਬਦੀਲੀ ਵਿਰੁੱਧ ਜੱਦੋ-ਜਹਿਦ ਕਰਨਗੇ ਤੇ ਹਮੇਸ਼ਾਂ ਆਮ ਲੋਕਾਂ ਦੇ ਨਾਲ ਖੜ੍ਹੇ ਰਹਿਣਗੇ।



**-ਹੁਸਨ ਲੜੋਆ ਬੰਗਾ**

# 36ਵੀਆਂ ਏਵਨ ਸਾਈਕਲ ਜਰਖੜ ਖੇਡਾਂ ਧੂਮ ਧੜੱਕੇ ਨਾਲ ਸਮਾਪਤ

## ਹਾਕੀ ਕੁੜੀਆਂ ਵਿਚ ਰੇਲ ਕੋਚ ਫੈਕਟਰੀ ਕਪੂਰਥਲਾ, ਮੁੰਡਿਆਂ ਵਿਚ ਜਰਖੜ ਅਕੈਡਮੀ ਅਤੇ ਕਿਲਾ ਰਾਏਪੁਰ ਬਣੇ ਚੈਂਪੀਅਨ

**ਲੁਧਿਆਣਾ**: ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ, ਟਰੱਸਟ ਜਰਖੜ ਵੱਲੋਂ ਕਰਵਾਈਆਂ ਗਈਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਧੂਮ ਧੜੱਕੇ ਨਾਲ ਸਮਾਪਤ ਹੋਈਆਂ। ਆਖਰੀ ਦਿਨ ਵੱਖ ਵੱਖ ਖੇਡਾਂ ਦੇ ਫਾਈਨਲ ਮੁਕਾਬਲਿਆਂ ਵਿਚ ਕੁੜੀਆਂ ਵਿਚ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਜੂਨੀਅਰ ਮੁੰਡਿਆਂ ਵਿਚ ਜਰਖੜ ਹਾਕੀ ਅਕੈਡਮੀ ਅਤੇ ਸੀਨੀਅਰ ਵਰਗ ਵਿਚ ਕਿਲਾ ਰਾਏਪੁਰ, ਕਬੱਡੀ ਓਪਨ ਵਿਚ ਘਲੋਟੀ ਨੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਇਸ ਮੌਕੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਕਰਦਿਆਂ ਖੇਤੀਬਾੜੀ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁਡੀਆਂ ਨੇ ਆਖਿਆ ਕਿ ਜਰਖੜ ਖੇਡਾਂ ਨੇ ਪੰਜਾਬ ਵਿਚ ਖੇਡਾਂ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਜਰਖੜ ਹਾਕੀ ਅਕੈਡਮੀ ਵਾਸਤੇ 2 ਲੱਖ ਰੁਪਏ ਦੀ ਗਰਾਂਟ ਦਿੰਦਿਆਂ ਜਰਖੜ ਸਟੇਡੀਅਮ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਗੁਰਮੀਤ ਸਿੰਘ ਖੁੱਡੀਆਂ ਨੇ ਜੇਤੂਆਂ ਨੂੰ ਇਨਾਮ ਵੰਡੇ।

ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਕੀਤੀ। ਇਸ ਮੌਕੇ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।



ਫਾਈਨਲ ਮੁਕਾਬਲਿਆਂ ਵਿਚ ਕੁੜੀਆਂ ਦੇ ਵਰਗ ਵਿਚ ਰੇਲ ਕੋਚ ਫੈਕਟਰੀ ਕਪੂਰਥਲਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ 3-1 ਨਾਲ ਹਰਾ ਕੇ ਕੁੜੀਆਂ ਦਾ ਹਾਕੀ ਮੁਕਾਬਲਾ ਜਿੱਤਿਆ। ਮੁੰਡਿਆਂ ਦੇ ਵਰਗ ਵਿਚ ਕਿਲਾ ਰਾਏਪੁਰ ਟੀਮ ਮਾਲਵਾ ਅਕੈਡਮੀ ਨੂੰ 3-1 ਗੋਲਾਂ ਨਾਲ ਹਰਾ ਕੇ ਜੇਤੂ ਰਹੀ। ਜੂਨੀਅਰ ਵਰਗ ਵਿਚ ਵੀ ਜਰਖੜ ਅਕੈਡਮੀ ਨੇ ਅਮਰਗੜ੍ਹ ਅਕੈਡਮੀ ਨੂੰ 5-2 ਨਾਲ ਹਰਾ ਕੇ ਜਗਤਾਰ ਸਿੰਘ ਯਾਦਗਾਰੀ ਹਾਕੀ ਕੱਪ ਜਿੱਤਿਆ। ਕਬੱਡੀ ਓਪਨ ਦੇ ਫਾਈਨਲ ਵਿਚ ਅਨੰਦਪੁਰ ਨੇ ਘਲੋਟੀ ਨੂੰ 19-16 ਅੰਕਾਂ ਨਾਲ ਹਰਾ ਕੇ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਜਿੱਤਿਆ। ਰੁਸਤਮੇ ਪੰਜਾਬ ਵਿਚ ਜੱਸਾ ਮੰਡੌਰ ਨੇ ਪਹਿਲਾ ਸਥਾਨ, ਨੂਰ ਆਲਮਗੀਰ ਦਾ ਦੂਜਾ ਪੰਜਾਬ ਕੁਮਾਰ ਟਾਈਟਲ ਵਿਚ ਸਹਿਵਾਜ ਆਲਮਗੀਰ ਨੇ ਪਹਿਲਾ ਸਥਾਨ, ਪ੍ਰਦੀਪ ਮੋਹਲੀ ਨੇ ਦੂਸਰਾ ਸਥਾਨ ਹਾਸਿਲ ਕੀਤਾ ਜਦਕਿ ਸ਼ੇਰੇ ਪੰਜਾਬ ਖਿਤਾਬ ਵਿਚ ਤਰਨ ਵੀਰ ਆਲਮਗੀਰ ਨੇ ਅਬਦੁਲ ਮਡੌਰ ਨੂੰ ਹਰਾ ਕੇ ਖਿਤਾਬ ਜਿੱਤਿਆ।




### *6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ*

ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਮੌਕੇ 6 ਸ਼ਖਸੀਅਤਾਂ ਦਾ ਵੱਖ-ਵੱਖ ਐਵਾਰਡਾਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ ਨੂੰ 'ਪੱਤਰਕਾਰੀ ਦਾ ਮਾਣ ਐਵਾਰਡ', ਰੋਪੜ ਹਾਕੀ ਦੇ ਪਿਤਾਮਾ ਸਵਿੰਦਰ ਸਿੰਘ ਸੈਨੀ ਨੂੰ 'ਓਲੰਪੀਅਨ ਸਰਜੀਤ ਸਿੰਘ ਰੰਧਾਵਾ ਐਵਾਰਡ', 'ਗੁਰਜੀਤ ਸਿੰਘ ਪੁਰੇਵਾਲ ਹਕੀਮਪੁਰ ਨੂੰ ਖੇਡ ਪ੍ਰਮੋਟਰ ਵਜੋਂ 'ਅਮਰਜੀਤ ਸਿੰਘ ਗਰੇਵਾਲ ਖੇਡ ਪ੍ਰਮੋਟਰ ਐਵਾਰਡ' ਜਦਕਿ ਲੋਕ ਗਾਇਕ ਹਰਜੀਤ ਹਰਮਨ ਨੂੰ 'ਸੱਭਿਆਚਾਰ ਦਾ ਮਾਣ ਐਵਾਰਡ' ਦੇ ਕੇ ਸਨਮਾਨਿਆ ਗਿਆ।

ਮੈਡਮ ਸੁਰਿੰਦਰ ਕੌਰ ਨੂੰ ਸਿੱਖਿਆ ਦੇ ਖੇਤਰ ਦਾ 'ਪੰਜਾਬ ਦੇ ਧੀਆਂ ਦਾ ਮਾਣ ਐਵਾਰਡ' ਦੇ ਕੇ ਸਨਮਾਨਿਆ ਗਿਆ। ਸਾਬਕਾ ਕਬੱਡੀ ਸਟਾਰ ਮਨਜੀਤ ਸਿੰਘ ਮੋਹਲਾ ਖਡੂਰ ਨੂੰ ਕੋਚ ਦੇਵੀ ਦਿਆਲ ਕਬੱਡੀ ਐਵਾਰਡ ਨਾਲ 50 ਹਜ਼ਾਰ ਦੀ ਇਨਾਮੀ ਰਾਸ਼ੀ ਦਿੱਤੀ ਗਈ।

# ਵੈਨਕੂਵਰ ਖੇਤਰ ਦੇ ਲੇਖਕਾਂ, ਪਾਠਕਾਂ ਵਲੋਂ ਕਹਾਣੀਕਾਰ ਸੁਖਜੀਤ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸਰੀ:** ਸਰੀ, ਵੈਨਕੂਵਰ ਅਤੇ ਐਬਟਸਫੋਰਡ ਦੇ ਲੇਖਕਾਂ ਅਤੇ ਸਾਹਿਤਕ ਪ੍ਰੇਮੀਆਂ ਨੇ ਪੰਜਾਬੀ ਕਹਾਣੀਕਾਰ ਸੁਖਜੀਤ ਦੀ ਬੇਵਕਤ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਕਹਾਣੀ ਖੇਤਰ ਵਿਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਸੁਖਜੀਤ ਦੇ ਸਦੀਵੀ ਵਿਛੋੜੇ ਉੱਪਰ ਦੁਖ ਦਾ ਇਜ਼ਹਾਰ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਚਿੱਤਰਕਾਰ ਜਰਨੈਲ ਸਿੰਘ, ਸ਼ਾਇਰ ਹਰਦਮ ਮਾਨ, ਅੰਗਰੇਜ਼ ਬਰਾੜ, ਨਵਦੀਪ ਗਿੱਲ ਅਤੇ ਪਰਮਜੀਤ ਸਿੱਖ ਨੇ ਕਿਹਾ ਹੈ ਕਿ ਸੁਖਜੀਤ ਨੇ ਇਤਿਹਾਸ ਅਤੇ ਮਿਥਿਹਾਸ ਦੇ ਹਵਾਲਿਆਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਵਿਚ ਵਡਮੁੱਲੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਵੱਡਾ ਘਾਟਾ ਪਿਆ ਹੈ। ਗਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫਿਰੋਜ਼, ਕ੍ਰਿਸ਼ਨ ਭਨੋਟ, ਬਲਦੇਵ ਸੀਰਾ ਅਤੇ ਸੁਖਜੀਤ ਕੌਰ ਨੇ ਵੀ ਸੁਖਜੀਤ ਦੇ ਅਚਾਨਕ ਚਲੇ ਜਾਣ 'ਤੇ ਗਹਿਰਾ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਕ ਸਮਰੱਥ ਸਾਹਿਤਕਾਰ ਸਾਡੇ ਕੋਲੋਂ ਵਿਛੜ ਗਿਆ ਹੈ। ਸੁਖਜੀਤ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਜੋ ਪੈੜਾਂ ਪਾਈਆਂ ਹਨ ਉਹ ਹਮੇਸ਼ਾ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਚੇਤਿਆਂ ਵਿਚ ਉੱਕਰੀਆਂ ਰਹਿਣਗੀਆਂ।



ਪ੍ਰਸਿੱਧ ਚਿੰਤਕ ਅਤੇ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਵੀ ਸੁਖਜੀਤ ਦੇ ਸਦੀਵੀ ਵਿਛੋੜੇ 'ਤੇ ਡੂੰਘਾ ਦੁਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਬਹੁਤ ਬੇਖੌਫ, ਨਿਡਰ ਅਤੇ ਬੇਬਾਕ ਇਨਸਾਨ ਅਤੇ ਕਹਾਣੀਕਾਰ ਸੀ। ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਚੋਹਲਾ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਰਣਧੀਰ ਢਿੱਲੋਂ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਸ਼ਾਇਰ ਦਵਿੰਦਰ ਪੂਨੀਆ ਨੇ ਵੀ ਸੁਖਜੀਤ ਦੇ ਅਚਾਨਕ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

*-ਹਰਦਮ ਮਾਨ*

# ਕੁਲਵਿੰਦਰ ਸਿੰਘ ਢਾਹਾਂ ਬਣੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ



**ਨਵਾਂ ਸ਼ਹਿਰ**: ਪੇਂਡੂ ਇਲਾਕੇ ਵਿਚ ਮੈਡੀਕਲ ਅਤੇ ਮਿਆਰੀ ਵਿੱਦਿਆ ਪ੍ਰਦਾਨ ਕਰਨ ਲਈ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਦੁਆਬੇ ਦੀ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ ਪੰਜਾਬ) ਦੀ ਪ੍ਰਬੰਧਕੀ ਬਾਡੀ ਦੀ ਹੋਈ ਚੋਣ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਤਿੰਨ ਸਾਲਾਂ (2024-2027) ਲਈ ਪ੍ਰਧਾਨ ਚੁਣੇ ਗਏ। ਯਾਦ ਰਹੇ ਕਿ ਪ੍ਰਸਿੱਧ ਸਨਅਤਕਾਰ ਅਤੇ ਸਮਾਜ ਸੇਵਕ ਸ. ਹਰਦੇਵ ਸਿੰਘ ਕਾਹਮਾ ਇਸ ਸੰਸਥਾ ਦੇ ਲਗਾਤਰ ਦੋ ਟਰਮਾਂ (ਛੇ ਸਾਲ) ਪ੍ਰਧਾਨ ਰਹੇ ਹਨ।

ਸਵਰਗੀ ਬੁੱਧ ਸਿੰਘ ਢਾਹਾਂ ਵਲੋਂ ਬਣਾਈ ਇਸ ਸੰਸਥਾ ਦੇ ਸੰਵਿਧਾਨ ਮੁਤਾਬਕ ਬੀਤੇ ਦਿਨੀਂ ਹੋਈ ਚੋਣ ਮੌਕੇ ਹੋਰ ਅਹੁਦੇਦਾਰਾਂ ਵਿਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਮੀਤ ਪ੍ਰਧਾਨ, ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ, ਸ. ਜਗਿੰਦਰ ਸਿੰਘ ਸਾਧੜਾ ਸੀਨੀਅਰ ਮੀਤ ਪ੍ਰਧਾਨ, ਬੀਬੀ ਬਲਵਿੰਦਰ ਕੌਰ 'ਕਲਸੀ' ਖਜ਼ਾਨਚੀ ਅਤੇ ਸ. ਜਗਜੀਤ ਸਿੰਘ ਸੋਢੀ ਮੀਤ ਸਕੱਤਰ ਚੁਣੇ ਗਏ!

ਇਸ ਮੌਕੇ ਹੋਰ ਟਰੱਸਟੀਆਂ ਤੋਂ ਇਲਾਵਾ ਸਾਬਕਾ ਪ੍ਰਧਾਨ ਸ. ਹਰਦੇਵ ਸਿੰਘ ਕਾਹਮਾ ਨੇ ਨਵੇਂ ਚੁਣੇ ਗਏ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੇਂਡੂ ਇਲਾਕੇ ਦੀ ਇਸ ਮਾਣਮੱਤੀ ਸੰਸਥਾ ਦਾ ਪ੍ਰਬੰਧ ਚਲਾਉਂਦਿਆਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਸਦਾ ਨਾਮ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਤਿਕਾਰਤ ਨਾਂ 'ਤੇ ਰੱਖਿਆ ਹੋਇਆ ਹੈ। ਇਸ ਕਰਕੇ ਸਾਨੂੰ ਓਸ ਮਹਾਨ ਰਹਿਬਰ ਦੇ ਦਰਸਾਏ ਮਾਰਗ ਅਨੁਸਾਰ ਹੀ ਮਾਨਵਤਾ ਦੀ ਸੇਵਾ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ!

**ਫੋਟੋ ਅਤੇ ਵੇਰਵਾ-ਤਰਲੋਚਨ ਸਿੰਘ ਦੁਪਾਲ ਪੁਰ**
**ਫੋਨ: 78146-92724**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**




# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.
05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com
05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376
03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**
02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com
52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com
52-03

## ਲੜਕੇ ਦੀ ਲੋੜ ਹੈ

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com
06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.
02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891
41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949
39-42

# 'ਆਪ' ਵੱਲੋਂ ਪੰਜਾਬ 'ਚ ਸਾਰੀਆਂ ਲੋਕ ਸਭਾ ਸੀਟਾਂ 'ਤੇ ਚੋਣ ਲੜਨ ਦਾ ਐਲਾਨ

**ਲੁਧਿਆਣਾ:** ਘਰ-ਘਰ ਮੁਫ਼ਤ ਰਾਸ਼ਨ ਯੋਜਨਾ ਦੀ ਸ਼ੁਰੂਆਤ ਕਰਨ ਲਈ ਪੁੱਜੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਇੰਡੀਆ' ਗੱਠਜੋੜ ਨੂੰ ਵੱਡਾ ਝਟਕਾ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਨੇਤਾ ਨੇ ਇੰਡੀਆ ਗੱਠਜੋੜ ਤੋਂ ਵੱਖ ਹੋ ਕੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਉਤੇ ਲੋਕ ਸਭਾ ਚੋਣਾਂ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ।

'ਆਪ' ਸੁਪਰੀਮੋ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਂਝੇ ਤੌਰ ਉਤੇ ਐਲਾਨ ਕੀਤਾ ਕਿ ਚੰਡੀਗੜ੍ਹ ਦੀ ਲੋਕ ਸਭਾ ਸੀਟ ਉਤੇ ਵੀ ਆਮ ਆਦਮੀ ਪਾਰਟੀ ਆਪਣਾ ਉਮੀਦਵਾਰ ਉਤਾਰੇਗੀ। ਉਨ੍ਹਾਂ ਦੇ ਇਸ ਐਲਾਨ ਮਗਰੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਮਗਰੋਂ ਹੁਣ ਆਮ ਆਦਮੀ ਪਾਰਟੀ ਨੇ ਵੀ ਇੰਡੀਆ ਗੱਠਜੋੜ ਨਾਲੋਂ ਨਾਤਾ ਤੋੜ ਲਿਆ ਹੈ। ਪੰਜਾਬ ਦੇ ਸਮਰਾਲਾ 'ਚ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਪਹਿਲੀ ਸੂਬਾ ਪੱਧਰੀ ਕਨਵੈਨਸ਼ਨ ਤੋਂ ਪਹਿਲਾਂ ਹੀ 'ਆਪ' ਵੱਲੋਂ ਇਕੱਲਿਆਂ ਚੋਣਾਂ ਲੜਨ ਦੇ ਕੀਤੇ ਐਲਾਨ ਮਗਰੋਂ ਹੁਣ ਕਾਂਗਰਸ ਦੇ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ। ਰਾਜਸੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਹੁਣ ਦਿੱਲੀ 'ਚ ਵੀ ਆਮ ਆਦਮੀ ਪਾਰਟੀ ਇਕੱਲਿਆਂ ਚੋਣਾਂ ਲੜੇਗੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਖੰਨਾ ਵਿਚ ਘਰ-ਘਰ ਰਾਸ਼ਨ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਉਹ ਪੰਜਾਬ ਦੀਆਂ ਸਾਰੀਆਂ ਸੀਟਾਂ ਉਤੇ ਇਕੱਲਿਆਂ ਚੋਣਾਂ ਲੜਨਗੇ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਚੰਡੀਗੜ੍ਹ 'ਚ ਵੀ ਆਪਣਾ ਉਮੀਦਵਾਰ ਉਤਾਰੇਗੀ ਅਤੇ ਇਨ੍ਹਾਂ 14 ਸੀਟਾਂ ਉਤੇ 'ਆਪ' ਫਿਰ ਤੋਂ ਇਤਿਹਾਸ ਦੁਹਾਰੇਗੀ। ਕੇਜਰੀਵਾਲ ਨੇ ਕਿਹਾ ਕਿ ਉਹ 15 ਦਿਨ ਦੇ ਅੰਦਰ-ਅੰਦਰ ਉਮੀਦਵਾਰਾਂ ਦੇ ਨਾਂ ਐਲਾਨ ਦੇਣਗੇ।



ਮੁੱਖ ਮੰਤਰੀ ਭਗਵੰਤ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਨੂੰ ਘਰ-ਘਰ ਰਾਸ਼ਨ ਮੁਹੱਈਆ ਕਰਵਾਉਣ ਦੀ ਸਹੂਲਤ ਸ਼ੁਰੂ ਕਰਨ ਨਾਲ ਪੰਜਾਬ ਦੇਸ਼ ਵਿਚ ਚਾਨਣ-ਮੁਨਾਰਾ ਬਣ ਕੇ ਉੱਭਰੇਗਾ। ਉਨ੍ਹਾਂ ਕਿਹਾ ਕਿ ਪੂਰੇ ਸੂਬੇ ਲਈ ਇਤਿਹਾਸਕ ਦਿਨ ਹੈ ਕਿਉਂਕਿ ਸੂਬੇ ਵਿਚ ਨਵੇਂ ਇਨਕਲਾਬ ਦੀ ਸ਼ੁਰੂਆਤ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਅਤੇ ਮੁਫ਼ਤ ਸਿੱਖਿਆ ਮੁਹੱਈਆ ਕਰਵਾ ਰਹੀ ਹੈ, ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ, ਲੋਕਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਘਰ-ਘਰ ਰਾਸ਼ਨ ਦੀ ਨਵੀਂ ਸਕੀਮ ਤਹਿਤ ਇਕ ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਘਰ ਵਿਚ ਹੀ ਰਾਸ਼ਨ ਮਿਲੇਗਾ। ਮੁੱਖ ਮੰਤਰੀ ਨੇ ਵਿਅੰਗ ਕਰਦਿਆਂ ਕਿਹਾ ਕਿ ਸੂਬੇ ਦੇ ਇਕ ਸਾਬਕਾ ਵਿੱਤ ਮੰਤਰੀ ਨੇ ਨੌਂ ਸਾਲਾਂ ਤੱਕ ਸੂਬੇ ਦਾ ਖ਼ਜ਼ਾਨਾ ਖਾਲੀ ਹੋਣ ਦੀ ਬਿਆਨਬਾਜ਼ੀ ਕਰਕੇ ਸਮਾਂ ਲੰਘਾਇਆ, ਜਿਸ ਨਾਲ ਸੂਬੇ ਦੇ ਵਿਕਾਸ ਨੂੰ ਢਾਹ ਲੱਗੀ। ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਉਤੇ ਨਿਸ਼ਾਨਾ ਸੇਧਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਦਲ ਦੀ ਇਸ ਪਾਖੰਡਬਾਜ਼ੀ ਦਾ ਅਸਲੀ ਨਾਂ 'ਪਰਿਵਾਰ ਬਚਾਓ ਯਾਤਰਾ' ਹੈ।

## ਹੱਥ ਜੋੜ ਕੇ ਪੰਜਾਬੀਆਂ ਤੋਂ ਆਸ਼ੀਰਵਾਦ ਮੰਗ ਰਿਹਾ ਹਾਂ: ਕੇਜਰੀਵਾਲ

**ਖੰਨਾ:** 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦੋ ਸਾਲ ਪਹਿਲਾਂ ਰਾਜ ਦੇ ਲੋਕਾਂ ਨੇ 117 ਵਿਧਾਨ ਸਭਾ ਸੀਟਾਂ ਵਿਚੋਂ 92 ਸੀਟਾਂ ਦਿੱਤੀਆਂ ਸਨ। ਅੱਜ ਫਿਰ ਹੱਥ ਜੋੜ ਕੇ ਪੰਜਾਬੀਆਂ ਤੋਂ ਆਸ਼ੀਰਵਾਦ ਮੰਗਦਾ ਹਾਂ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਆਉਣ ਵਾਲੇ 10-15 ਦਿਨਾਂ ਵਿਚ 'ਆਪ' ਇਨ੍ਹਾਂ ਸਾਰੀਆਂ 14 ਸੀਟਾਂ ਉਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰੇਗੀ। ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ ਦੋ ਸਾਲ ਪਹਿਲਾਂ ਸਾਨੂੰ ਆਸ਼ੀਰਵਾਦ ਦਿੱਤਾ ਸੀ, ਪਾਰਟੀ ਨੂੰ ਇਨ੍ਹਾਂ ਸਾਰੀਆਂ 14 ਸੀਟਾਂ ਉਤੇ ਜਿਤਾ ਦਿਉ।'

# ਅਕਾਲੀ ਦਲ ਦੇ ਭਾਜਪਾ ਨਾਲ ਗੱਠਜੋੜ ਦੀ ਚਰਚਾ ਮੁੜ ਛਿੜੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਅਗਾਮੀ ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਦੀ ਚਰਚਾ ਮੁੜ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਸਥਾਨਕ ਭਾਜਪਾ ਆਗੂਆਂ ਨੇ ਹਾਈਕਮਾਨ ਉਤੇ ਜ਼ੋਰ ਪਾਇਆ ਕਿ ਗੱਠਜੋੜ ਤਾਂ ਹੀ ਹੋਣਾ ਚਾਹੀਦਾ ਹੈ ਜੇਕਰ ਭਾਈਵਾਲ ਵਜੋਂ ਉਨ੍ਹਾਂ ਨੂੰ ਸਨਮਾਨਯੋਗ ਸਥਾਨ ਦਿੱਤਾ ਜਾਂਦਾ ਹੈ। ਸੂਤਰਾਂ ਮੁਤਾਬਕ ਪਾਰਟੀ ਦੇ ਕੌਮੀ ਜਨਰਲ ਸਕੱਤਰ (ਜਥੇਬੰਦਕ) ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਵਿਜੈ ਸਿੰਘ ਰੁਪਾਨੀ ਵੱਲੋਂ ਅਕਾਲੀ ਦਲ ਨਾਲ ਗੱਠਜੋੜ ਬਾਰੇ ਚਰਚਾ ਲਈ ਸਥਾਨਕ ਆਗੂਆਂ ਨਾਲ ਭਾਜਪਾ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਚ ਪਿਛਲੇ ਦਿਨੀਂ ਮੀਟਿੰਗ ਕੀਤੀ ਗਈ ਸੀ। ਸੂਬਾਈ ਕੋਰ ਗਰੁੱਪ ਦੀ ਮੀਟਿੰਗ ਵਿਚ ਸਾਬਕਾ ਸੂਬਾ ਪ੍ਰਧਾਨ ਮਨੋਰੰਜਨ ਕਾਲੀਆ, ਸ਼ਵੇਤ ਮਲਿਕ ਅਤੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਅਤੇ ਕੌਮੀ ਆਗੂ ਤਰੁਣ ਚੁੱਘ ਅਤੇ ਹੋਰ ਆਗੂ ਆਦਿ ਸ਼ਾਮਲ ਹੋਏ ਸਨ। ਮੀਟਿੰਗ ਦੌਰਾਨ ਇਕ ਧੜੇ ਨੇ ਗੱਠਜੋੜ ਦਾ ਵਿਰੋਧ ਕੀਤਾ ਸੀ। ਸਥਾਨਕ ਆਗੂਆਂ ਨੇ ਹਾਈਕਮਾਨ ਨੂੰ ਦੱਸਿਆ ਕਿ ਜੇਕਰ ਹਿੰਦੂ-ਸਿੱਖ ਏਕਤਾ ਦੇ ਵੱਡੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਗੱਠਜੋੜ ਲਾਜ਼ਮੀ ਹੈ ਤਾਂ ਭੁੱਲਣਾ ਨਹੀਂ ਚਾਹੀਦਾ ਕਿ ਪਾਰਟੀ ਕਾਰਕੁਨ ਪਿਛਲੇ ਦੋ ਸਾਲਾਂ ਤੋਂ ਸਾਰੇ 13 ਲੋਕ ਸਭਾ ਹਲਕਿਆਂ ਵਿਚ ਤਿਆਰੀਆਂ 'ਚ ਜੁਟੇ ਹੋਏ ਹਨ। ਉਨ੍ਹਾਂ ਕਿਹਾ ਕਿ ਭਗਵਾਂ ਪਾਰਟੀ ਨੂੰ ਸੀਟਾਂ ਦੀ ਵੰਡ ਵਿਚ ਸਨਮਾਨਯੋਗ ਹਿੱਸਾ ਮਿਲਣ ਦੀ ਸ਼ਰਤ ਉਤੇ ਹੀ ਗੱਠਜੋੜ ਕੀਤਾ ਜਾਣਾ ਚਾਹੀਦਾ ਹੈ। ਸਥਾਨਕ ਆਗੂਆਂ ਨੇ ਗੱਠਜੋੜ ਹੋਣ ਦੀ ਸੂਰਤ ਵਿਚ ਤਿੰਨ ਹੋਰ ਸੀਟਾਂ ਉਤੇ ਚੋਣ ਲੜਨ ਉੱਤੇ ਵੀ ਜ਼ੋਰ ਦਿੱਤਾ। ਜ਼ਿਕਰਯੋਗ ਹੈ ਕਿ ਅਕਾਲੀ ਦਲ-ਭਾਜਪਾ ਗੱਠਜੋੜ 1990 ਵਿਚ ਹੋਂਦ ਵਿਚ ਆਇਆ ਸੀ। ਇਸ ਦੌਰਾਨ ਭਾਜਪਾ ਨੇ 23 ਵਿਧਾਨ ਸਭਾ ਤੇ ਤਿੰਨ ਲੋਕ ਸਭਾ ਸੀਟਾਂ ਤੋਂ ਚੋਣਾਂ ਲੜੀਆਂ ਸਨ। ਹਾਲਾਂਕਿ, ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ। ਦੋਵਾਂ ਪਾਰਟੀਆਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵੱਖਰੇ ਤੌਰ ਉਤੇ ਲੜੀਆਂ ਸਨ ਅਤੇ ਉਨ੍ਹਾਂ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।



## ਨਸ਼ਾ ਤਸਕਰੀ ਦੇ ਦੋਸ਼ ਹੇਠ ਪੰਜਾਬੀ ਮੂਲ ਦਾ ਟਰੱਕ ਡਰਾਈਵਰ ਗ੍ਰਿਫ਼ਤਾਰ

**ਟੋਰਾਂਟੋ:** ਕੈਨੇਡਾ ਵਿਚ ਪੰਜਾਬੀ ਟਰੱਕ ਡਰਾਈਵਰ 'ਤੇ 87 ਲੱਖ ਡਾਲਰ ਦੀ ਕੋਕੀਨ ਅਮਰੀਕਾ ਲਿਆਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਭਾਰਤ ਦੇ ਨਾਗਰਿਕ ਅਤੇ ਕੈਨੇਡਾ ਦੇ ਵਸਨੀਕ ਗਗਨਦੀਪ ਸਿੰਘ ਉਤੇ ਡੇਟ੍ਰੋਇਟ ਵਿਚ ਆਪਣੀ ਪਹਿਲੀ ਅਦਾਲਤ ਵਿਚ ਪੇਸ਼ੀ ਦੌਰਾਨ ਦੋਸ਼ ਲਗਾਇਆ ਗਿਆ। ਅਮਰੀਕਾ ਦੇ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਅਧਿਕਾਰੀਆਂ ਨੇ ਡੇਟ੍ਰੋਇਟ ਦੇ ਅੰਬੈਸਡਰ ਬ੍ਰਿਜ ਉਤੇ ਉਸ ਨੂੰ ਕਾਬੂ ਕੀਤਾ। ਉਸ ਦੇ ਟਰੱਕ 'ਚੋਂ 290 ਕਿਲੋ ਕੋਕੀਨ ਬਰਾਮਦ ਹੋਈ ਹੈ।

# ਝੂਠ ਬੋਲਣ ਵਾਲੀ ਭਾਜਪਾ ਨੂੰ ਕਦੇ ਮੂੰਹ ਨਹੀਂ ਲਾਵਾਂਗਾ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਆਖਿਆ ਹੈ ਕਿ ਭਾਜਪਾ ਸਰਕਾਰ ਕੇਂਦਰ ਵਿਚ ਬੈਠ ਕੇ ਸਾਰੇ ਦੇਸ਼ ਵਿਚ ਝੂਠ ਦੇ ਮਹਿਲ ਉਸਾਰ ਰਹੀ ਹੈ ਅਤੇ ਉਥੇ ਉਨ੍ਹਾਂ ਵਰਗੇ ਖਰੀਆਂ-ਖਰੀਆਂ ਕਹਿਣ ਵਾਲੇ ਬੰਦੇ ਦੀ ਕੋਈ ਵੁੱਕਤ ਨਹੀਂ ਹੈ। ਸਿੱਧੂ ਨੇ ਕਿਹਾ ਕਿ ਉਹ ਕਾਂਗਰਸ ਕਦੇ ਨਹੀਂ ਛੱਡਣਗੇ ਤੇ ਨਾ ਹੀ ਝੂਠ ਬੋਲਣ ਵਾਲੀ ਭਾਜਪਾ ਨੂੰ ਮੂੰਹ ਲਾਉਣਗੇ।



ਮੀਡੀਆ ਨਾਲ ਗੱਲਬਾਤ ਕਰਦਿਆਂ ਨਵਜੋਤ ਸਿੱਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਉਨ੍ਹਾਂ ਦੇ ਸਵਾਲ ਸਦਾ ਖੜ੍ਹੇ ਰਹਿਣਗੇ ਕਿ ਉਨ੍ਹਾਂ ਹਰ ਭਾਰਤ ਵਾਸੀ ਦੇ ਖਾਤੇ ਵਿਚ 15 ਲੱਖ ਰੁਪਏ ਪਾਉਣ ਦਾ ਝੂਠ ਕਿਉਂ ਫੈਲਾਇਆ, ਨੌਜਵਾਨਾਂ ਨੂੰ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਝੂਠਾ ਵਾਅਦਾ ਕਿਉਂ ਕੀਤਾ ਤੇ ਕਾਲਾ ਧਨ ਲਿਆਉਣ ਦਾ ਵਾਅਦਾ ਕਰਕੇ ਦੇਸ਼ ਨਾਲ ਧੋਖਾ ਕਿਉਂ ਕੀਤਾ। ਭਾਰਤੀ ਜਨਤਾ ਪਾਰਟੀ ਵਿਚ ਜਾਣ ਦੀਆਂ ਚਰਚਾਵਾਂ ਨੂੰ ਖਾਰਜ ਕਰਦਿਆਂ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਭਗਵੰਤ ਸਿੰਘ ਨੇ ਕਾਂਗਰਸ ਨੂੰ ਹੀ ਪਿਆਰ ਕੀਤਾ ਜੋ ਉਨ੍ਹਾਂ ਦੇ ਆਦਰਸ਼ ਹਨ ਕਿਉਂਕਿ ਸਿਰਫ਼ ਕਾਂਗਰਸ ਦੀ ਵਿਚਾਰਧਾਰਾ ਹੀ ਦੇਸ਼ ਨੂੰ ਏਕੇ ਵਿਚ ਰੱਖ ਸਕਦੀ ਹੈ, ਇਸ ਕਰਕੇ ਉਹ ਭਾਰਤੀ ਜਨਤਾ ਪਾਰਟੀ ਦਾ ਦਰ ਕਦੇ ਨਹੀਂ ਖੜਕਾਉਣਗੇ।

ਸਿੱਧੂ ਨੇ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਹੁੰਦਿਆਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਕੇਬਲ ਮਾਫ਼ੀਆ, ਰੇਤ ਮਾਫ਼ੀਆ ਸਮੇਤ ਕਈ ਫਾਈਲਾਂ ਤਿਆਰ ਕਰਕੇ ਦਿੱਤੀਆਂ ਸਨ, ਪਰ ਕਿਸੇ ਫਾਈਲ ਉਤੇ ਗੌਰ ਨਾ ਕੀਤਾ ਗਿਆ ਤੇ ਅਖੀਰ ਉਨ੍ਹਾਂ ਨੂੰ ਬੁਲਾ ਕੇ ਕੈਪਟਨ ਅਮਰਿੰਦਰ ਨੇ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਗੱਲ ਆਖੀ ਸੀ, ਜਿਸ ਨੂੰ ਉਨ੍ਹਾਂ ਠੁਕਰਾ ਦਿੱਤੀ ਸੀ। ਸਿੱਧੂ ਨੇ ਕਿਹਾ ਕਿ ਉਨ੍ਹਾਂ ਬਿਕਰਮ ਸਿੰਘ ਮਜੀਠੀਆ ਨੂੰ ਮੁਆਫ਼ ਨਹੀਂ ਕੀਤਾ, ਪਰ ਆਪਣੇ ਅੰਦਰੋਂ ਉਸ ਵਿਰੁੱਧ ਵੈਰ ਕੱਢ ਦਿੱਤਾ ਹੈ। ਜੇਕਰ ਮਜੀਠੀਆ ਮੁੜ ਪੰਜਾਬ ਦੇ ਵਿਰੋਧ ਵਿਚ ਬੋਲੇਗਾ ਤਾਂ ਉਹ ਮੁੜ ਉਸ ਦਾ ਵਿਰੋਧ ਕਰਨਗੇ।

# 'ਰੇਰਾ' ਚੇਅਰਮੈਨ ਦੇ ਅਸਤੀਫੇ ਸਬੰਧੀ ਸੀ.ਬੀ.ਆਈ. ਜਾਂਚ ਹੋਵੇ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ (ਰੇਰਾ) ਦੇ ਚੇਅਰਮੈਨ ਸਤਿਆ ਗੋਪਾਲ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਅਰਵਿੰਦ ਕੇਜਰੀਵਾਲ ਦੇ ਨਿੱਜੀ ਸਹਾਇਕ ਤੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਉਸ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਹੈ। ਮਜੀਠੀਆ ਨੇ ਕਿਹਾ ਕਿ ਦਿੱਲੀ ਦਾ ਸਾਬਕਾ ਅਫਸਰਸ਼ਾਹ ਸਤਿਆ ਗੋਪਾਲ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਚਹੇਤਾ ਸੀ। ਉਨ੍ਹਾਂ ਸਤਿਆ ਗੋਪਾਲ ਉਤੇ ਕੇਜਰੀਵਾਲ ਲਈ ਮਨੀ ਕਲੈਕਸ਼ਨ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵੀ ਲਗਾਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੋਲੋਨਾਈਨਜ਼ਰਾਂ ਅਤੇ ਬਿਲਡਰਾਂ ਨੇ ਇਸ ਦੀ ਸ਼ਿਕਾਇਤ ਵੀ ਕੀਤੀ ਹੈ। ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਸਤਿਆ ਗੋਪਾਲ ਦੀ ਯੋਗਤਾ ਕੀ ਹੈ, ਜੋ ਉਸ ਨੂੰ ਪੰਜਾਬ ਦੇ ਕਿਸੇ ਵੀ ਹੋਰ ਯੋਗ ਉਮੀਦਵਾਰਾਂ ਦੇ ਮੁਕਾਬਲੇ ਰੇਰਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

## ਅਨਮੋਲ ਗਗਨ ਮਾਨ ਸਣੇ ਚਾਰ ਖਿਲਾਫ ਚਲਾਨ ਪੇਸ਼

**ਚੰਡੀਗੜ੍ਹ:** ਚੰਡੀਗੜ੍ਹ ਪੁਲਿਸ ਨੇ ਤਿੰਨ ਸਾਲ ਪੁਰਾਣੇ ਮਾਮਲੇ ਵਿਚ ਪੰਜਾਬ ਦੀ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਸਮੇਤ ਆਮ ਆਦਮੀ ਪਾਰਟੀ ਦੇ ਚਾਰ ਆਗੂਆਂ ਖ਼ਿਲਾਫ਼ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ। ਇਹ ਕੇਸ ਚੰਡੀਗੜ੍ਹ ਦੇ ਥਾਣਾ ਸੈਕਟਰ-39 ਵਿਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 332, 353,188, 269, 270 ਤਹਿਤ ਦਰਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੇ 2021 ਵਿਚ ਚੰਡੀਗੜ੍ਹ ਦੇ ਸੈਕਟਰ-37 'ਚ ਸਥਿਤ ਭਾਜਪਾ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਸੀ। ਉਸ ਵੇਲੇ 'ਆਪ' ਆਗੂਆਂ ਤੇ ਪੁਲਿਸ ਵਿਚ ਝੜਪ ਹੋ ਗਈ ਸੀ। ਥਾਣਾ ਸੈਕਟਰ-39 ਦੀ ਪੁਲਿਸ ਨੇ 'ਆਪ' ਆਗੂ ਅਨਮੋਲ ਗਗਨ ਮਾਨ, ਰਾਜਵਿੰਦਰ ਕੌਰ ਗਿੱਲ, ਡਾਕਟਰ ਸਨੀ ਸਿੰਘ ਆਹਲੂਵਾਲੀਆ ਅਤੇ ਅਰਸ਼ਦੀਪ ਸਿੰਘ ਸਣੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕਰ ਦਿੱਤਾ ਸੀ।

# ਕਿਸਾਨ ਜਥੇਬੰਦੀ ਉਗਰਾਹਾਂ ਵੱਲੋਂ ਚੰਡੀਗੜ੍ਹ 'ਚ ਪੱਕਾ ਮੋਰਚਾ ਲਾਉਣ ਦਾ ਐਲਾਨ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਕਿਸਾਨ-ਮਜ਼ਦੂਰ ਪੱਖੀ ਨਵੀਂ ਖੇਤੀ ਨੀਤੀ ਤੇ ਹੋਰ ਕਿਸਾਨੀ ਮੁੱਦਿਆਂ ਦੇ ਹੱਲ ਲਈ ਪੰਜਾਬ ਸਰਕਾਰ ਖ਼ਿਲਾਫ਼ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾ ਰਹੇ ਧਰਨੇ ਸਮਾਪਤ ਹੋ ਗਏ। ਸੰਗਰੂਰ ਵਿਚ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਸ ਪੰਜ ਰੋਜ਼ਾ ਮੋਰਚੇ ਦੀ ਸਮਾਪਤੀ ਦੌਰਾਨ ਸੰਬੋਧਨ ਕਰਦਿਆਂ 24 ਫਰਵਰੀ ਨੂੰ ਚੰਡੀਗੜ੍ਹ ਵਿਚ ਅਣਮਿਥੇ ਸਮੇਂ ਲਈ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਸੂਬੇ ਦੇ 16 ਜ਼ਿਲ੍ਹਿਆਂ ਵਿਚ ਵੱਡੀ ਗਿਣਤੀ ਬੀਬੀਆਂ, ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਵੱਲੋਂ ਕਿਸਾਨੀ ਮੰਗਾਂ ਲਈ ਰੋਸ ਪ੍ਰਦਰਸ਼ਨ ਕੀਤੇ ਗਏ ਹਨ। ਇਨ੍ਹਾਂ ਪ੍ਰਦਰਸ਼ਨਾਂ ਵਿਚ ਵੱਡੇ ਇਕੱਠ ਹੋਣ ਦੇ ਬਾਵਜੂਦ ਸੂਬਾ ਸਰਕਾਰ ਦਾ ਕੋਈ ਵੀ ਨੁਮਾਇੰਦਾ ਕਿਸਾਨਾਂ ਦੀ ਸਾਰ ਲੈਣ ਨਹੀਂ ਆਇਆ। ਇਸ ਲਈ 24 ਫਰਵਰੀ ਤੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇਗਾ।

ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਹਕੂਮਤਾਂ ਵੱਲੋਂ ਲਿਆਂਦਾ ਗਿਆ ਖੇਤੀ ਮਾਡਲ ਕਿਸਾਨ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਹਾਲਾਤ ਅਜਿਹੇ ਬਣਾ ਦਿੱਤੇ ਗਏ ਹਨ ਕਿ ਪੈਦਾਵਾਰ ਵਧਾ ਕੇ ਵੀ ਕਿਸਾਨਾਂ ਦਾ ਕਰਜ਼ਾ ਨਹੀਂ ਉੱਤਰ ਸਕਦਾ। ਇਕ-ਇਕ ਘਰ ਵਿਚੋਂ ਤਿੰਨ-ਤਿੰਨ ਅਰਥੀਆਂ ਉੱਠਣ ਲੱਗ ਪਈਆਂ ਹਨ। ਖੇਤੀ ਨੂੰ ਸੰਕਟ 'ਚੋਂ ਕੱਢਣ ਦੀ ਬਜਾਏ ਇਸ ਨੂੰ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਖੇਤੀ ਨੂੰ ਉਤਸ਼ਾਹਿਤ ਕਰਨ ਨਾਲ ਹੀ ਦੇਸ਼ ਆਰਥਿਕ ਤੌਰ ਉਤੇ ਮਜ਼ਬੂਤ ਹੋਵੇਗਾ। ਖੇਤੀ ਇਕ ਅਜਿਹਾ ਸਾਧਨ ਹੈ ਜੋ ਦੇਸ਼ ਦੇ ਵੱਡੇ ਹਿੱਸੇ ਨੂੰ ਰੁਜ਼ਗਾਰ ਦੇ ਸਕਦਾ ਹੈ। ਜੇ ਰੁਜ਼ਗਾਰ ਦੀ ਸਮੱਸਿਆ ਦਾ ਹੱਲ ਹੋ ਜਾਵੇ ਤਾਂ ਕਿਸੇ ਨੂੰ ਕਿਸੇ ਕੋਲੋਂ ਕੁੱਝ ਮੰਗਣ ਦੀ ਲੋੜ ਨਹੀਂ ਅਤੇ ਨਾ ਹੀ ਸਰਕਾਰਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਲੋੜ ਪਵੇਗੀ।



# 'ਬਿੱਲ ਲਾਓ ਇਨਾਮ ਪਾਓ' ਸਕੀਮ ਨੇ ਵਾਹਣੀਂ ਪਾਏ ਟੈਕਸ ਚੋਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਬਿੱਲ ਲਾਓ ਇਨਾਮ ਪਾਓ ਸਕੀਮ' ਨੇ ਟੈਕਸ ਚੋਰਾਂ ਨੂੰ ਬੇਪਰਦ ਕਰ ਦਿੱਤਾ ਹੈ। ਸਰਕਾਰ ਨੇ ਪਿਛਲੇ ਵਰ੍ਹੇ ਇਹ ਸਕੀਮ ਸ਼ੁਰੂ ਕੀਤੀ ਸੀ ਤਾਂ ਜੋ ਟੈਕਸ ਚੋਰੀ ਨੂੰ ਠੱਲ੍ਹ ਪਾਈ ਜਾ ਸਕੇ। ਜਿਨ੍ਹਾਂ ਸੂਹੀਆਂ ਨੇ ਇਸ ਕੰਮ ਵਿਚ ਮਦਦ ਕੀਤੀ ਹੈ ਉਨ੍ਹਾਂ ਨੂੰ 42 ਲੱਖ ਦੇ ਇਨਾਮ ਦਿੱਤੇ ਗਏ ਹਨ।

ਸੂਬਾ ਸਰਕਾਰ ਨੇ ਹੁਣ ਤੱਕ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਦੇ 1344 ਡਿਫਾਲਟਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਹਨ। ਵੇਰਵਿਆਂ ਅਨੁਸਾਰ ਟੈਕਸ ਵਿਭਾਗ ਦੇ 'ਮੇਰਾ ਬਿੱਲ ਐਪ' ਉਤੇ ਖ਼ਪਤਕਾਰਾਂ ਵੱਲੋਂ ਇਹ ਸਕੀਮ ਸ਼ੁਰੂ ਹੋਣ ਤੋਂ ਹੁਣ ਤੱਕ 59616 ਬਿੱਲ ਅਪਲੋਡ ਕੀਤੇ ਗਏ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਪਿਛਲੇ ਪੰਜ ਮਹੀਨਿਆਂ ਵਿਚ 52,310 ਬਿੱਲਾਂ ਦੀ ਪੁਸ਼ਟੀ ਕੀਤੀ ਗਈ ਹੈ ਅਤੇ ਹੁਣ ਤੱਕ 1344 ਵਿਅਕਤੀਆਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਅਤੇ 502 ਕੇਸਾਂ ਵਿਚ 2.57 ਕਰੋੜ ਦੇ ਜਰਮਾਨੇ ਕੀਤੇ ਗਏ ਹਨ ਕਿਉਂਕਿ ਇਨ੍ਹਾਂ ਕੇਸਾਂ ਵਿਚ ਜੀ.ਐਸ.ਟੀ. ਦੀ ਚੋਰੀ ਦੀ ਪੁਸ਼ਟੀ ਹੋਈ ਹੈ। ਪਤਾ ਲੱਗਾ ਹੈ ਕਿ ਹੁਣ ਤੱਕ 1.83 ਕਰੋੜ ਦਾ ਜੁਰਮਾਨਾ ਵਸੂਲਿਆ ਗਿਆ ਹੈ। ਦੱਸਣਯੋਗ ਹੈ ਕਿ ਇਹ ਸਕੀਮ ਪਹਿਲਾਂ ਦਿੱਲੀ ਵਿਚ ਸ਼ੁਰੂ ਕੀਤੀ ਗਈ ਸੀ ਅਤੇ ਉਸੇ ਤਰਜ ਉਤੇ ਪੰਜਾਬ ਨੇ ਅਗਸਤ 2023 ਵਿਚ ਸ਼ੁਰੂ ਕੀਤੀ ਸੀ। ਇਸ ਸਕੀਮ ਦਾ ਮਕਸਦ ਜੀ.ਐਸ.ਟੀ. ਮਾਲੀਏ ਨੂੰ ਵਧਾਉਣਾ ਹੈ। ਇਸ ਨਵੀਂ ਸਕੀਮ ਤਹਿਤ ਖ਼ਪਤਕਾਰ ਵਪਾਰੀਆਂ ਤੋਂ ਬਿੱਲਾਂ ਦੀ ਮੰਗ ਕਰਦੇ ਹਨ। ਇਹ ਬਿੱਲ ਫਿਰ ਖ਼ਪਤਕਾਰ ਦੁਆਰਾ ਰਾਜ ਸਰਕਾਰ ਦੀ ਮੋਬਾਈਲ ਐਪਲੀਕੇਸ਼ਨ ਉਤੇ ਅਪਲੋਡ ਕੀਤੇ ਜਾਂਦੇ ਹਨ।

ਇਹ ਜੀ.ਐਸ.ਟੀ. ਵਿਭਾਗ ਲਈ ਇਕ ਡੇਟਾਬੇਸ ਵਜੋਂ ਕੰਮ ਕਰਦਾ ਹੈ ਅਤੇ ਖ਼ਪਤਕਾਰਾਂ ਦੁਆਰਾ ਅਪਲੋਡ ਕੀਤੇ ਗਏ ਬਿੱਲਾਂ ਤੋਂ ਟੈਕਸ ਚੋਰੀ ਦੇ ਮਾਮਲਿਆਂ ਦਾ ਪਤਾ ਲਗਾਉਂਦਾ ਹੈ। ਬਿੱਲਾਂ ਨੂੰ ਅਪਲੋਡ ਕਰਨ ਵਾਲੇ ਇਨ੍ਹਾਂ ਖ਼ਪਤਕਾਰਾਂ ਨੂੰ ਮਹੀਨਾਵਾਰ ਲੱਕੀ ਡਰਾਅ ਵਿਚ ਹਿੱਸਾ ਲੈਣ ਲਈ ਪ੍ਰੋਤਸਾਹਨ ਮਿਲਦਾ ਹੈ।



### ਮਾਲੀਆ 15 ਫੀਸਦੀ ਵਧਾਉਣ ਵਿਚ ਸਫਲਤਾ

**ਚੰਡੀਗੜ੍ਹ:** ਹਰੇਕ ਟੈਕਸੇਸ਼ਨ ਜ਼ਿਲ੍ਹੇ ਵਿਚ 10 ਖਪਤਕਾਰਾਂ ਨੂੰ ਇਨਾਮ ਲਈ ਚੁਣਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ 10,000 ਰੁਪਏ ਦੀ ਕੈਪਿੰਗ ਦੇ ਨਾਲ, ਬਿੱਲ ਵਿੱਚ ਘੋਸ਼ਿਤ ਕੀਤੀਆਂ ਵਸਤਾਂ ਜਾਂ ਸੇਵਾਵਾਂ ਦੇ ਟੈਕਸਯੋਗ ਮੁੱਲ ਦੇ ਪੰਜ ਗੁਣਾ ਦੇ ਬਰਾਬਰ ਇਨਾਮ ਪ੍ਰਾਪਤ ਹੁੰਦੇ ਹਨ। ਕਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਭਾਗ ਇਸ ਯੋਜਨਾ ਜ਼ਰੀਏ ਮਾਲੀਆ 15 ਪ੍ਰਤੀਸ਼ਤ ਵਧਾਉਣ ਵਿਚ ਕਾਮਯਾਬ ਹੋਇਆ ਹੈ। ਜਨਵਰੀ ਮਹੀਨੇ ਵਿਚ ਪਿਛਲੀ ਵਰ੍ਹੇ ਦੇ ਮੁਕਾਬਲੇ 2351 ਕਰੋੜ ਦਾ ਵਾਧਾ ਹੋਇਆ ਹੈ। ਜਨਵਰੀ 2024 ਵਿਚ ਜੀ.ਐਸ.ਟੀ. ਉਗਰਾਹੀ 17354.26 ਕਰੋੜ ਰਹੀ ਜਦਕਿ ਜਨਵਰੀ 2023 ਵਿਚ 15003.14 ਕਰੋੜ ਸੀ।

# ਅਦਾਲਤ ਵੱਲੋਂ 'ਆਪ' ਵਿਧਾਇਕ ਅੰਗੁਰਾਲ ਸਣੇ 12 ਬਰੀ

**ਜਲੰਧਰ:** ਪੁਲਿਸ ਕਮਿਸ਼ਨਰ ਦਫ਼ਤਰ ਨੇੜੇ ਧਰਨਾ ਦੇਣ ਦੇ ਦੋਸ਼ ਹੇਠ ਨਾਮਜ਼ਦ 'ਆਪ' ਵਿਧਾਇਕ ਸ਼ੀਤਲ ਅੰਗੁਰਾਲ, ਉਸ ਦੇ ਭਰਾ ਰਾਜਨ ਅੰਗੁਰਾਲ ਤੇ ਭਾਜਪਾ ਆਗੂ ਪ੍ਰਦੀਪ ਖੁੱਲਰ ਸਮੇਤ 12 ਜਣਿਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਹ ਧਰਨਾ ਪੁਲਿਸ ਕਮਿਸ਼ਨਰ ਦਫ਼ਤਰ ਦੇ ਜਨਤਕ ਗੇਟ ਅੱਗੇ ਲਾਇਆ ਗਿਆ ਸੀ ਜਿਸ ਮਗਰੋਂ ਥਾਣਾ ਬਾਰਾਂਦਰੀ ਵਿਚ 9 ਮਈ 2017 ਨੂੰ ਕੇਸ ਦਰਜ ਕੀਤਾ ਗਿਆ ਸੀ। ਸਬੂਤਾਂ ਦੀ ਘਾਟ ਕਾਰਨ ਅਦਾਲਤ ਵੱਲੋਂ ਇਨ੍ਹਾਂ ਸਾਰਿਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ ਹੈ।

ਨਾਮਜ਼ਦ ਵਿਅਕਤੀਆਂ ਵਿਚ ਉਕਤ ਤੋਂ ਇਲਾਵਾ ਤਰਸੇਮ ਸਿੰਘ ਵਾਸੀ ਸਤਨਾਮ ਨਗਰ ਬਸਤੀ ਦਾਨਿਸ਼ਮੰਦਾਂ, ਮਿੰਟੂ ਵਾਸੀ ਮੁਹੱਲਾ ਚੰਡੀਗੜ੍ਹ, ਮਹਿੰਦਰ ਭਗਤ ਵਾਸੀ ਭਾਰਗਵ ਕੈਂਪ, ਰਮਨ ਗਿੱਲ ਵਾਸੀ ਸ਼ਿਵ ਨਗਰ ਦਾਨਿਸ਼ਮੰਦਾਂ, ਆਸ਼ੂ ਘਈ ਵਾਸੀ ਸ਼ਾਸਤਰੀ ਨਗਰ ਮਖਦਮਪੁਰਾ, ਅਨਿਲ ਸੋਨਕਰ ਵਾਸੀ ਭੂਰ ਮੰਡੀ, ਵਿਨੋਦ ਭਗਤ ਵਾਸੀ ਬਸਤੀ ਗੁਜਾਂ, ਸੋਨੂ ਦਿਨਕਰ ਵਾਸੀ ਅਰਜੁਨ ਨਗਰ ਤੇ ਸੰਜੇਕਾਲੜਾ ਵਾਸੀ ਜਲੰਧਰ ਕੈਂਟ ਸ਼ਾਮਲ ਸਨ। ਜਾਣਕਾਰੀ ਅਨੁਸਾਰ ਤਤਕਾਲੀ ਵਿਧਾਇਕ ਸ਼ੀਤਲ ਅੰਗੁਰਾਲ ਆਪਣੇ 15-20 ਸਾਥੀਆਂ ਸਮੇਤ ਪੁਲਿਸ ਕਮਿਸ਼ਨਰ ਜਲੰਧਰ ਨੂੰ ਦਰਖਾਸਤ ਦੇਣ ਲਈ ਪਬਲਿਕ ਗੇਟ ਉਤੇ ਪਹੁੰਚੇ ਸਨ ਜਿਸ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਪੁਲਿਸ ਨੇ ਦੋਸ਼ ਲਾਇਆ ਸੀ ਕਿ ਰੋਕਣ ਦੇ ਬਾਵਜੂਦ ਵੱਡੀ ਗਿਣਤੀ ਸ਼ਿਕਾਇਤਕਰਤਾ ਦਫ਼ਤਰ ਅੰਦਰ ਦਾਖਲ ਹੋਣਾ ਚਾਹੁੰਦੇ ਸਨ ਜਿਸ ਦੀ ਆਗਿਆ ਨਾ ਮਿਲਣ ਕਰਕੇ ਇਹ ਧਰਨਾ ਲਗਾਇਆ ਗਿਆ ਸੀ।



# ਗੈਰ-ਕਾਨੂੰਨੀ ਕਲੋਨਾਈਜ਼ਰਾਂ ਖਿਲਾਫ ਬਣੇਗਾ ਸਖਤ ਕਾਨੂੰਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਰਜਿਸਟਰੀਆਂ ਉਤੇ ਐਨ.ਓ.ਸੀ. ਖਤਮ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਗੈਰ-ਕਾਨੂੰਨੀ ਕਲੋਨਾਈਜ਼ਰਾਂ ਖ਼ਿਲਾਫ਼ ਸਖ਼ਤੀ ਕਰਨ ਵਾਸਤੇ ਨਵੇਂ ਕਾਨੂੰਨ ਦਾ ਖਰੜਾ ਤਿਆਰ ਕੀਤੇ ਜਾਣ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਜੋ ਭਵਿੱਖ ਵਿਚ ਗੈਰ ਕਾਨੂੰਨੀ ਕਲੋਨੀਆਂ ਦੀ ਉਸਾਰੀ ਨੂੰ ਰੋਕਿਆ ਜਾ ਸਕੇ।

ਮੁੱਖ ਮੰਤਰੀ ਨੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਮੀਟਿੰਗ ਵਿਚ ਅਧਿਕਾਰੀਆਂ ਨੂੰ ਨਵੇਂ ਕਾਨੂੰਨ ਤਿਆਰ ਕਰਨ ਵਾਸਤੇ ਬਿੱਲ ਦਾ ਖਰੜਾ ਤਿਆਰ ਕੀਤੇ ਜਾਣ ਦੀ ਹਦਾਇਤ ਕੀਤੀ। ਪੰਜਾਬ ਵਿਧਾਨ ਸਭਾ ਦੇ ਅਗਾਮੀ ਬਜਟ ਸੈਸ਼ਨ ਵਿਚ ਇਸ ਬਿੱਲ ਨੂੰ ਲਿਆਂਦਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਬਿਨਾਂ ਪ੍ਰਵਾਨਗੀ ਲਏ ਪਲਾਟ ਵੇਚ ਰਹੇ ਕਲੋਨਾਈਜ਼ਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਸੂਬਾ ਸਰਕਾਰ ਪੰਜਾਬ ਵਿਚ ਗੈਰ-ਕਾਨੂੰਨੀ ਕਲੋਨੀਆਂ ਬਣਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਇਸ ਜੁਰਮ ਵਿਚ ਸ਼ਾਮਲ ਸਾਰੇ ਵਿਅਕਤੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵਿਚ ਜੋ ਨਵਾਂ ਕਾਨੂੰਨ ਬਣੇਗਾ, ਉਸ ਨਾਲ ਗੈਰ ਕਾਨੂੰਨੀ ਕਲੋਨੀਆਂ ਦੀ ਉਸਾਰੀ ਨੂੰ ਠੱਲ੍ਹ ਪਵੇਗੀ।



ਮੁੱਖ ਮੰਤਰੀ ਨੇ ਮੀਟਿੰਗ ਵਿਚ ਕਿਹਾ ਕਿ ਜ਼ਮੀਨ/ਜਾਇਦਾਦ ਦੀ ਰਜਿਸਟਰੇਸ਼ਨ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦਾ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਕਲੋਨਾਈਜ਼ਰਾਂ ਦੁਆਲੇ ਸ਼ਿਕੰਜਾ ਕਸਣ ਲਈ ਨਵਾਂ ਕਾਨੂੰਨ ਬਣਾਉਣ ਦੀ ਬੇਹੱਦ ਲੋੜ ਹੈ। ਇਹ ਆਮ ਲੋਕਾਂ ਨੂੰ ਸਬਜ਼ਬਾਗ ਦਿਖਾ ਆਪਣੀਆਂ ਗੈਰ-ਪ੍ਰਵਾਨਿਤ ਕਲੋਨੀਆਂ ਵੇਚ ਦਿੰਦੇ ਹਨ। ਮਗਰੋਂ ਠੱਗੇ ਗਏ ਲੋਕ ਇਨ੍ਹਾਂ ਕਲੋਨੀਆਂ ਵਿਚ ਬੁਨਿਆਦੀ ਸਹੂਲਤਾਂ ਲਈ ਠੋਕਰਾਂ ਖਾਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਕਲੋਨਾਈਜ਼ਰ ਗੈਰ-ਕਾਨੂੰਨੀ ਤਰੀਕੇ ਨਾਲ ਪੈਸਾ ਬਣਾ ਲੈਂਦੇ ਹਨ, ਜਦੋਂ ਕਿ ਉਨ੍ਹਾਂ ਦੀਆਂ ਗਲਤ ਕਾਰਵਾਈਆਂ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ।

# ਸਰਕਾਰੀ ਸਕੂਲਾਂ ਵਿਚ ਦਾਖਲਾ ਮੁਹਿੰਮ ਸ਼ੁਰੂ ਕੀਤੀ

**ਸ੍ਰੀ ਆਨੰਦਪੁਰ ਸਾਹਿਬ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਥਾਨਕ ਵਿਰਾਸਤ-ਏ-ਖਾਲਸਾ ਦੇ ਆਡੀਟੋਰੀਅਮ ਵਿਚ ਸਾਲ 2024-25 ਲਈ ਸਰਕਾਰੀ ਸਕੂਲਾਂ ਵਿਚ ਦਾਖਲਾ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਸਰਕਾਰੀ ਸਕੂਲਾਂ ਵਿਚ ਆਈ ਸਿੱਖਿਆ ਕ੍ਰਾਂਤੀ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਤਿਆਰ ਵੈਨ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਇਸ ਮੌਕੇ ਟੋਲ ਫਰੀ ਨੰ. 1800-180-2139 ਜਾਰੀ ਕੀਤਾ ਅਤੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੀਆਂ ਮਜ਼ਬੂਤ ਪੁਲਾਂਘਾਂ ਬਾਰੇ ਜਾਣਕਾਰੀ ਦੇਣ ਵਾਲੀ ਵੈਬਸਾਈਟ ਵੀ ਲਾਂ ਕੀਤੀ।

ਉਨ੍ਹਾਂ ਪੰਜਾਬ ਦੇ ਸਮੂਹ ਸਿੱਖਿਆ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੇ ਸਿੱਖਿਆ ਦੇ ਖੇਤਰ ਵਿਚ ਵੱਡੇ ਮੁਕਾਮ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਭਰ ਵਿਚ ਸਿੱਖਿਆ ਦੇ ਖੇਤਰ ਵਿਚ ਰੋਲ ਮਾਡਲ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਸਥਿਤੀ ਵਿਚ ਦਹਾਕਿਆਂ ਬਾਅਦ ਸੁਧਾਰ ਹੋਇਆ ਹੈ। ਪੰਜਾਬ ਦੇ ਹਜ਼ਾਰਾਂ ਸਰਕਾਰੀ ਸਕੂਲਾਂ ਵਿਚ ਵਿਕਾਸ ਦੇ ਕੰਮ ਚੱਲ ਰਹੇ ਹਨ, ਤੇ ਕਲਾਸ ਰੂਮ ਬਣਾਏ ਜਾ ਰਹੇ ਹਨ, ਪਖਾਨੇ, ਵਾਈ-ਫਾਈ, ਲੈਬ ਵਰਗੀਆਂ ਸਹੂਲਤਾਂ ਉਪਲਬਧ ਹੋ ਰਹੀਆਂ ਹਨ। ਸਿੱਖਿਆ ਮੰਤਰੀ ਨੇ ਤਿੰਨ ਵਿਦਿਆਰਥੀਆਂ ਦਾ ਦਾਖ਼ਲਾ ਕਰਕੇ ਇਸ ਦਾਖ਼ਲਾ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਪੰਜਾਬ ਦੇ ਸਿੱਖਿਆ ਢਾਂਚੇ ਵਿਚ ਹੋਏ ਸੁਧਾਰ ਨੂੰ ਘਰ-ਘਰ ਪਹੁੰਚਾਉਣ ਲਈ ਜਾਗਰੂਕਤਾ ਵੈਨ ਨੂੰ ਰਵਾਨਾ ਕੀਤਾ।



# ਪੰਜਾਬ ਸਰਕਾਰ ਨੇ ਬੱਸ ਕਾਮਿਆਂ ਦੀਆਂ ਸਾਰੀਆਂ ਮੰਗਾਂ ਮੰਨੀਆਂ

**ਪਟਿਆਲਾ:** ਪੀ.ਆਰ.ਟੀ.ਸੀ, ਪੰਜਾਬ ਰੋਡਵੇਜ਼ ਅਤੇ ਪਨਬੱਸ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਦੇ ਆਗੂਆਂ ਅਤੇ ਪੰਜਾਬ ਸਰਕਾਰ ਦੇ ਉੱਚ ਪੱਧਰੀ ਨੁਮਾਇੰਦਿਆਂ ਨਾਲ ਇਕ ਪੈਨਲ ਮੀਟਿੰਗ ਚੰਡੀਗੜ੍ਹ ਵਿਚ ਹੋਈ ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ। ਇਸ ਮਗਰੋਂ ਯੂਨੀਅਨ ਨੇ ਤਿੰਨ ਰੋਜ਼ਾ ਹੜਤਾਲ ਕਰਨ, ਰੈਲੀਆਂ ਵਿਚ ਬੱਸਾਂ ਨਾ ਲਿਜਾਣ ਅਤੇ 52 ਤੋਂ ਵੱਧ ਸਵਾਰੀਆਂ ਨਾ ਬਿਠਾਉਣ ਦਾ ਫੈਸਲਾ ਵਾਪਸ ਲੈ ਲਿਆ ਹੈ।

ਯੂਨੀਅਨ ਦੇ ਸੁਬਾਈ ਬੁਲਾਰੇ ਹਰਕੇਸ਼ ਵਿੱਕੀ (ਪਟਿਆਲਾ) ਨੇ ਦੱਸਿਆ ਕਿ ਇਸ ਮੀਟਿੰਗ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ, ਉੱਚ ਅਧਿਕਾਰੀਆਂ ਤੇ ਯੂਨੀਅਨ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਅਤੇ ਹੋਰ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ। ਇਸ ਪੈਨਲ ਮੀਟਿੰਗ ਦੌਰਾਨ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਹੀ ਮੰਗਾਂ ਮੰਨ ਲਈਆਂ ਗਈਆਂ ਹਨ ਜਿਨ੍ਹਾਂ ਵਿਚ ਕੱਚੇ ਮੁਲਾਜ਼ਮ ਪੱਕੇ ਕਰਨਾ, ਠੇਕੇਦਾਰੀ ਸਿਸਟਮ ਰੱਦ ਕਰਨਾ, ਕਿਲੋਮੀਟਰ ਸਕੀਮ ਦੀ ਥਾਂ ਆਪਣੀਆਂ ਬੱਸਾਂ ਪਾਉਣਾ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਮਗਰੋਂ ਪ੍ਰਧਾਨ ਰੇਸ਼ਮ ਗਿੱਲ ਦੀ ਅਗਵਾਈ ਹੇਠ ਲਏ ਗਏ ਫ਼ੈਸਲੇ ਦੌਰਾਨ ਯੂਨੀਅਨ ਨੇ ਐਲਾਨੀ ਸੁਬਾਈ ਹੜਤਾਲ ਅਤੇ ਪੰਜਾਬ ਸਰਕਾਰ ਵੱਲੋਂ ਕੀਤੀਆਂ ਜਾਣ ਵਾਲੀਆਂ ਰੈਲੀਆਂ ਵਿਚ ਬੱਸਾਂ ਨਾ ਲਿਜਾਣ ਦਾ ਫ਼ੈਸਲਾ ਵਾਪਸ ਲੈ ਲਿਆ ਹੈ। ਇਸ ਦੇ ਨਾਲ ਹੀ ਮੰਗਾਂ ਦੇ ਮਾਮਲੇ ਉਤੇ ਵਰਕਰ 52 ਸਵਾਰੀਆਂ ਦੇ ਫੈਸਲੇ 'ਤੇ ਵੀ ਨਰਮ ਪੈ ਗਏ ਹਨ।

### ਬੇਅਦਬੀ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਡੇਰਾ ਪ੍ਰੇਮੀ ਸਣੇ ਤਿੰਨ ਗ੍ਰਿਫ਼ਤਾਰ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਿਤ ਬੇਅਦਬੀ ਦੇ ਮੁੱਖ ਸਾਜ਼ਿਸ਼ਘਾੜੇ ਅਤੇ ਡੇਰਾ ਸੱਚਾ ਸੌਦਾ ਦੀ ਕੌਮੀ ਕਮੇਟੀ ਦੇ ਮੈਂਬਰ ਪ੍ਰਦੀਪ ਕਲੇਰ ਨੂੰ ਫਰੀਦਕੋਟ ਪੁਲਿਸ ਨੇ ਉੱਤਰ ਪ੍ਰਦੇਸ਼ ਤੋਂ ਗ੍ਰਿਫਤਾਰ ਕਰ ਲਿਆ। ਉਸ ਨਾਲ ਦੋ ਹੋਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਇਕ ਔਰਤ ਵੀ ਸ਼ਾਮਲ ਹੈ। ਬੇਅਦਬੀ ਕਾਂਡ ਦੇ ਤਿੰਨ ਕੇਸਾਂ ਵਿਚ ਪ੍ਰਦੀਪ ਕਲੇਰ ਨੂੰ ਉਸ ਦੇ ਸਾਥੀਆਂ ਸਮੇਤ ਭਗੌੜਾ ਐਲਾਨਿਆ ਗਿਆ ਹੈ। ਫਰੀਦਕੋਟ ਪੁਲਿਸ ਪ੍ਰਦੀਪ ਕਲੇਰ ਅਤੇ ਉਸ ਦੇ ਬਾਕੀ ਤਿੰਨ ਸਾਥੀਆਂ ਦੀ ਜਾਇਦਾਦ ਦੀ ਜਾਂਚ ਕਰ ਰਹੀ ਸੀ। ਇਸੇ ਦੌਰਾਨ ਪਤਾ ਲੱਗਾ ਕਿ ਪ੍ਰਦੀਪ ਕਲੇਰ ਉੱਤਰ ਪ੍ਰਦੇਸ਼ ਵਿਚ ਰਹਿ ਰਿਹਾ ਹੈ। ਇਕ ਫੋਟੋ ਸੋਸ਼ਲ ਮੀਡੀਆ ਤੇ ਆਉਣ ਮਗਰੋਂ ਸੀ.ਆਈ.ਏ ਸਟਾਫ ਫਰੀਦਕੋਟ ਦੀ ਇਕ ਟੀਮ ਨੇ ਉੱਤਰ ਪ੍ਰਦੇਸ਼ ਵਿਚ ਛਾਪੇਮਾਰੀ ਕੀਤੀ ਸੀ ਜਿੱਥੋਂ ਪ੍ਰਦੀਪ ਕਲੇਰ ਅਤੇ ਦੋ ਹੋਰ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਪ੍ਰਦੀਪ ਕਲੇਰ ਅਤੇ ਉਸ ਦੇ ਤਿੰਨ ਸਾਥੀਆਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਕਰਕੇ ਉਸ ਦੇ ਪੱਤਰੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਛਾਪਣ ਦੇ ਦੋਸ਼ ਲੱਗੇ ਸਨ।

# ਰਿਸ਼ਵਤਖੋਰੀ ਦੇ ਦੋਸ਼ ਹੇਠ ਸਾਬਕਾ ਡੀ.ਐਸ.ਪੀ. ਨੂੰ 6 ਸਾਲ ਕੈਦ

**ਚੰਡੀਗੜ੍ਹ:** ਸੈਕਟਰ-43 ਸਥਿਤ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 13 ਸਾਲ ਪੁਰਾਣੇ ਰਿਸ਼ਵਤਖੋਰੀ ਦੇ ਮਾਮਲੇ ਵਿਚ ਸਾਬਕਾ ਡੀ.ਐਸ.ਪੀ. ਰਾਕਾ ਗੇਰਾ ਨੂੰ 6 ਸਾਲ ਦੀ ਕੈਦ ਤੇ 2 ਲੱਖ ਰੁਪਏ ਜਰਮਾਨੇ ਦੀ ਸਜ਼ਾ ਸੁਣਾਈ ਹੈ। ਸੀ.ਬੀ.ਆਈ. ਨੇ ਜੁਲਾਈ 2011 ਵਿਚ ਜ਼ਿਲ੍ਹਾ ਮੁਹਾਲੀ ਦੇ ਮੁੱਲਾਂਪੁਰ ਦੇ ਇਕ ਵਸਨੀਕ ਦੀ ਸ਼ਿਕਾਇਤ ਉਤੇ ਸਾਬਕਾ ਡੀ.ਐਸ.ਪੀ. ਰਾਕਾ ਗੇਰਾ ਖ਼ਿਲਾਫ਼ ਇਕ ਲੱਖ ਰੁਪਏ ਰਿਸ਼ਵਤ ਦੀ ਮੰਗ ਕਰਨ ਸਬੰਧੀ ਕੇਸ ਦਰਜ ਕੀਤਾ ਸੀ। ਇਸ ਮਗਰੋਂ ਸੀ.ਬੀ.ਆਈ. ਨੇ ਰਾਕਾ ਗੇਰਾ ਨੂੰ ਚੰਡੀਗੜ੍ਹ ਦੇ ਸੈਕਟਰ-15 ਸਥਿਤ ਘਰ 'ਚੋਂ ਕਥਿਤ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਸੀ। ਸੀ.ਬੀ.ਆਈ. ਨੇ ਰਾਕਾ ਗੇਰਾ ਦੇ ਘਰ ਦੀ ਤਲਾਸ਼ੀ ਦੌਰਾਨ ਭਾਰੀ ਮਾਤਰਾ ਵਿਚ ਹਥਿਆਰ, ਕਾਰਤੂਸ, ਸ਼ਰਾਬ ਦੀਆਂ ਬੋਤਲਾਂ ਤੇ 90 ਲੱਖ ਰੁਪਏ ਨਕਦ ਬਰਾਮਦ ਕੀਤੇ ਸਨ। ਜਿਸ ਵਿਅਕਤੀ ਨੇ ਡੀ.ਐਸ.ਪੀ. ਰਾਕਾ ਗੇਰਾ ਵਿਰੁੱਧ ਦੋਸ਼ ਲਗਾਏ ਸਨ, ਉਹ ਬਾਅਦ ਵਿਚ ਮੁਕਰ ਗਿਆ ਪਰ ਸੀ.ਬੀ.ਆਈ. ਨੇ ਉਕਤ ਮਾਮਲੇ ਵਿਚ 49 ਗਵਾਹ ਬਣਾਏ ਸਨ ਜਿਸ ਕਰਕੇ ਮਾਮਲੇ ਨੂੰ ਅਦਾਲਤ ਵਿਚ ਜਾਰੀ ਰੱਖਿਆ ਗਿਆ। ਇਸ ਮਾਮਲੇ ਸਬੰਧੀ ਰਾਕਾ ਗੇਰਾ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਹੁੰਚ ਕਰਨ ਉਤੇ ਮਾਣਯੋਗ ਅਦਾਲਤ ਨੇ 5 ਸਾਲ ਤੱਕ ਮਾਮਲੇ ਦੀ ਸੁਣਵਾਈ ਉਤੇ ਰੋਕ ਲਗਾ ਦਿੱਤੀ ਸੀ ਤੇ ਅਗਸਤ 2023 ਵਿਚ ਰੋਕ ਹਟਣ ਤੋਂ ਬਾਅਦ ਸੀ.ਬੀ.ਆਈ. ਨੇ ਅਦਾਲਤ ਵਿਚ ਮੁੜ ਮਾਮਲੇ ਵਿਚ ਪੈਰਵਾਈ ਸ਼ੁਰੂ ਕੀਤੀ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੋਦੀ ਸਰਕਾਰ ਨੇ ਅਜੇ ਤੱਕ ਤਿੰਨ ਖੇਤੀ ਬਿੱਲ ਰੱਦ ਨਹੀਂ ਕੀਤੇ: ਖੜਗੇ

**ਲੁਧਿਆਣਾ:** ਸਮਰਾਲਾ ਵਿਚ ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਪਹਿਲੀ ਵਰਕਰ ਕਨਵੈਨਸ਼ਨ ਦੌਰਾਨ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਕਾਂਗਰਸ ਨੇ ਪਹਿਲਾਂ ਵੀ ਕਿਸਾਨਾਂ ਦਾ ਡੱਟ ਕੇ ਸਾਥ ਦਿੱਤਾ ਸੀ ਤੇ ਹੁਣ ਵੀ ਸਮੁੱਚੀ ਧਿਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।

ਖੜਗੇ ਨੇ ਕਿਹਾ ਕਿ ਦੇਸ਼ ਵਿਚ ਕਈ ਰਾਜ ਅਜਿਹੇ ਹਨ ਜਿੱਥੇ 'ਇੰਡੀਆ' ਗੱਠਜੋੜ ਵਿਚ ਸ਼ਾਮਲ ਪਾਰਟੀਆਂ ਅਗਾਮੀ ਲੋਕ ਸਭਾ ਚੋਣਾਂ ਮਿਲ ਕੇ ਨਹੀਂ ਲੜ ਰਹੀਆਂ ਹਨ। ਉਨ੍ਹਾਂ ਪੰਜਾਬ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਜਿੱਥੇ 'ਇੰਡੀਆ' ਗੱਠਜੋੜ ਨਹੀਂ ਹੋ ਰਿਹਾ, ਉਥੇ ਵੀ ਕਾਂਗਰਸ ਪੂਰੀ ਮਜ਼ਬੂਤੀ ਨਾਲ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 'ਇੰਡੀਆ' ਗੱਠਜੋੜ ਤੇ ਕਾਂਗਰਸ ਮੋਦੀ ਸਰਕਾਰ ਖ਼ਿਲਾਫ਼ ਡੱਟ ਕੇ ਚੋਣ ਲੜੇਗੀ।

ਸ੍ਰੀ ਖੜਗੇ ਨੇ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਸੁਰੱਖਿਆ ਛਤਰੀ ਦਿੱਤੀ ਹੈ। ਪੰਜਾਬ ਨੇ ਦੇਸ਼ ਨੂੰ ਸਿਪਾਹੀ ਅਤੇ ਕਿਸਾਨ ਦਿੱਤੇ ਹਨ, ਪਰ ਮੋਦੀ ਸਰਕਾਰ ਨੇ 10 ਸਾਲਾਂ ਵਿਚ ਇਨ੍ਹਾਂ ਦੋਵਾਂ ਨੂੰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੁੜ ਦਿੱਲੀ ਵੱਲ ਕੂਚ ਕਰਨ ਦੀ ਤਿਆਰੀ ਵਿਚ ਹਨ। ਉਨ੍ਹਾਂ ਨੂੰ ਮੁੜ ਹਰਿਆਣਾ ਵਿਚ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਮੰਤਰੀਆਂ ਨੇ ਕਿਸਾਨਾਂ ਨੂੰ ਅਤਿਵਾਦੀ ਤੱਕ ਕਹਿ ਦਿੱਤਾ ਸੀ। ਹੁਣ ਤੱਕ ਮੋਦੀ ਸਰਕਾਰ ਨੇ ਤਿੰਨ ਖੇਤੀ ਬਿੱਲ ਰੱਦ ਨਹੀਂ ਕੀਤੇ ਹਨ, ਬਲਕਿ ਕੁਝ ਸਮੇਂ ਲਈ ਮੁਅੱਤਲ ਕੀਤੇ ਹਨ। ਖੜਗੇ ਨੇ ਕਿਹਾ ਕਿ ਜੇਕਰ 2024 ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਤਿੰਨੋਂ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਮੋਦੀ ਸਰਕਾਰ ਕਿਸਾਨਾਂ ਨੂੰ ਖਤਮ ਕਰਕੇ ਸਭ ਕੁਝ ਕਾਰਪੋਰੇਟਰ ਘਰਾਣਿਆਂ ਨੂੰ ਦੇਣਾ ਚਾਹੁੰਦੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਦੇ ਲੋਕ ਜੇਕਰ ਫੌਜ ਵਿਚ ਪੱਕੀ ਭਰਤੀ ਚਾਹੁੰਦੇ ਤਾਂ ਕੇਂਦਰ ਦੀ ਭਾਜਪਾ ਸਰਕਾਰ ਦਾ ਤਖਤਾ ਪਲਟਣਾ ਜ਼ਰੂਰੀ ਹੈ।

## ਕਤਰ ਦੀ ਜੇਲ੍ਹ 'ਚ ਬੰਦ 8 ਸਾਬਕਾ ਭਾਰਤੀ ਜਲ ਸੈਨਿਕ ਰਿਹਾਅ

**ਨਵੀਂ ਦਿੱਲੀ:** ਕਤਰ ਨੇ ਕਰੀਬ ਸਾਢੇ ਤਿੰਨ ਮਹੀਨੇ ਪਹਿਲਾਂ ਜਾਸੂਸੀ ਦੇ ਮਾਮਲੇ ਵਿਚ ਭਾਰਤੀ ਜਲ ਸੈਨਾ ਦੇ 8 ਸਾਬਕਾ ਕਰਮਚਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰਿਹਾਅ ਕੀਤੇ ਅੱਠ ਭਾਰਤੀਆਂ ਵਿਚੋਂ ਸੱਤ ਭਾਰਤ ਪਰਤ ਆਏ ਹਨ ਅਤੇ ਦੇਸ਼ ਆਪਣੇ ਨਾਗਰਿਕਾਂ ਦੀ ਰਿਹਾਈ ਅਤੇ ਉਨ੍ਹਾਂ ਦੀ ਘਰ ਵਾਪਸੀ ਲਈ ਮੰਤਰਾਲੇ ਨੇ ਕਤਰ ਦੇ ਅਮੀਰ ਦੀ ਸ਼ਲਾਘਾ ਕੀਤੀ ਹੈ। ਕਤਰ ਤੋਂ ਪਰਤਣ ਵਾਲੇ ਜਲ ਸੈਨਾ ਦੇ ਸਾਬਕਾ ਮੁਲਾਜ਼ਮ ਨੇ ਦੱਸਿਆ, 'ਅਸੀਂ ਬਹੁਤ ਖੁਸ਼ ਹਾਂ ਕਿ ਸੁਰੱਖਿਅਤ ਢੰਗ ਨਾਲ ਭਾਰਤ ਵਾਪਸ ਆ ਗਏ ਹਾਂ। ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦੇ ਹਾਂ ਕਿਉਂਕਿ ਇਹ ਉਨ੍ਹਾਂ ਦੇ ਨਿੱਜੀ ਦਖਲ ਕਾਰਨ ਹੀ ਸੰਭਵ ਹੋਇਆ ਹੈ।'

## ਸੰਯੁਕਤ ਕਿਸਾਨ ਮੋਰਚਾ ਫਰਵਰੀ ਦੇ ਅੰਤ 'ਚ ਕਰੇਗਾ ਦਿੱਲੀ ਕੂਚ: ਉਗਰਾਹਾਂ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਪੰਜ ਰੋਜ਼ਾ ਪੱਕੇ ਮੋਰਚਿਆਂ ਵਿਚ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇ ਗੂੰਜੇ। ਇਹ ਧਰਨੇ 16 ਜ਼ਿਲ੍ਹਿਆਂ ਤੋਂ ਵਧ ਕੇ 17 ਜ਼ਿਲ੍ਹਿਆਂ ਵਿਚ ਹੋ ਗਏ ਹਨ ਤੇ ਧਰਨਿਆਂ 'ਚ ਨੌਜਵਾਨਾਂ ਤੇ ਔਰਤਾਂ ਦੀ ਭਰਵੀਂ ਸ਼ਮੂਲੀਅਤ ਹੈ।

ਪਟਿਆਲਾ 'ਚ ਧਰਨੇ ਨੂੰ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨਾਂ ਦੇ ਮਸਲਿਆਂ ਤੇ ਸੰਘਰਸ਼ਾਂ ਨੂੰ ਅਣਗੌਲਿਆਂ ਕਰਨਾ ਸਰਕਾਰ ਨੂੰ ਮਹਿੰਗਾ ਪੈ ਸਕਦਾ ਹੈ। ਦੂਜੇ ਪਾਸੇ ਕਿਸਾਨੀ ਮੰਗਾਂ ਲਈ 'ਸੰਯੁਕਤ ਕਿਸਾਨ ਮੋਰਚਾ' (ਗ਼ੈਰ-ਸਿਆਸੀ) ਵੱਲੋਂ ਦਿੱਲੀ ਵੱਲ ਕੂਚ ਕਰਨ ਦੇ ਫ਼ੈਸਲੇ ਦੇ ਮੱਦੇਨਜ਼ਰ ਉਗਰਾਹਾਂ ਨੇ ਆਖਿਆ ਕਿ ਕਿਸਾਨੀ ਮੰਗਾਂ ਤੇ ਮਸਲਿਆਂ ਦੇ ਹੱਲ ਲਈ 'ਸੰਯੁਕਤ ਕਿਸਾਨ ਮੋਰਚਾ' ਵੀ ਫਰਵਰੀ ਦੇ ਅੰਤ 'ਚ ਦਿੱਲੀ ਵੱਲ ਕੂਚ ਕਰੇਗਾ। ਭਾਵੇਂ ਇਹ ਪ੍ਰੋਗਰਾਮ ਉਲੀਕਣ ਵਾਲੇ ਵੀ ਸਾਡੇ ਹੀ ਭਰਾ ਹਨ ਪਰ 32 ਜਥੇਬੰਦੀਆਂ ਨਾਲ ਸਬੰਧਤ 'ਸੰਯੁਕਤ ਕਿਸਾਨ ਮੋਰਚਾ' ਵੱਲੋਂ ਮੁੜ ਦਿੱਲੀ ਦੀਆਂ ਬਰੂਹਾਂ ਉਤੇ ਦਸਤਕ ਦੇਣ ਦਾ ਪ੍ਰੋਗਰਾਮ ਫਰਵਰੀ ਦੇ ਅਖੀਰ ਦਾ ਹੈ, ਜਿਸ ਕਰਕੇ ਸਾਡੀ ਜਥੇਬੰਦੀ 13 ਫਰਵਰੀ ਨੂੰ ਦਿੱਲੀ ਨਹੀਂ ਜਾ ਰਹੀ।" ਦਿੱਲੀ ਵਿਚ ਡੇਰੇ ਲਾਉਣ ਦੀ ਮਿਆਦ ਬਾਰੇ ਸਵਾਲ ਉਤੇ ਉਨ੍ਹਾਂ ਆਖਿਆ ਕਿ ਇਹ ਫ਼ੈਸਲਾ ਹਾਲੇ ਮੋਰਚੇ ਵੱਲੋਂ ਲਿਆ ਜਾਣਾ ਹੈ ਪਰ ਦਿੱਲੀ ਜਾਣ ਦਾ ਪ੍ਰੋਗਰਾਮ ਤੈਅ ਹੈ।

## ਖੇਡਾਂ 'ਚ ਮੱਲਾਂ ਮਾਰਨ ਵਾਲਿਆਂ ਨੂੰ ਮਿਲਣਗੀਆਂ ਨੌਕਰੀਆਂ: ਬੈਂਸ

**ਸ੍ਰੀ ਆਨੰਦਪੁਰ ਸਾਹਿਬ:** ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦਾ ਵਿਰਸਾ ਬਹੁਤ ਅਮੀਰ ਹੈ ਤੇ ਪੰਜਾਬੀਆਂ ਨੇ ਹਰ ਖੇਤਰ 'ਚ ਮੱਲਾਂ ਮਾਰੀਆਂ ਹਨ। ਜੇ ਖੇਡਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀਆਂ ਨੇ ਵਿਸ਼ਵ ਪੱਧਰ ਉਤੇ ਲੋਹਾ ਮਨਵਾਇਆ ਹੈ। ਇਹੀ ਕਾਰਨ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮਾਂਤਰੀ ਪੱਧਰ 'ਤੇ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਨੂੰ ਵੱਡੀਆਂ ਨੌਕਰੀਆਂ ਦਿੱਤੀਆਂ ਹਨ ਤੇ ਭਵਿੱਖ ਵਿਚ ਨੌਕਰੀਆਂ ਦੇਣ ਦਾ ਭਰੋਸਾ ਦਿੱਤਾ ਹੈ।

ਸ੍ਰੀ ਬੈਂਸ ਨੇ ਸਥਾਨਕ ਚਰਨ ਗੰਗਾ ਸਟੇਡੀਅਮ ਵਿਚ ਚੱਲ ਰਹੇ ਹਾਕੀ ਟੂਰਨਾਮੈਂਟ ਵਿਚ ਸ਼ਿਰਕਤ ਕੀਤੀ।

ਉਨ੍ਹਾਂ ਨੇ ਕਿਹਾ ਕਿ ਜਿਹੜੇ ਖੇਡ ਕਲੱਬ ਅਤੇ ਸੰਸਥਾਵਾਂ ਨੌਜਵਾਨਾਂ ਨੂੰ ਖੇਡ ਮੈਦਾਨਾਂ ਨਾਲ ਜੋੜ ਰਹੇ ਹਨ, ਉਨ੍ਹਾਂ ਦਾ ਸਮਾਜ ਦੀ ਭਲਾਈ ਅਤੇ ਸੇਧ ਦੇਣ ਵਿਚ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਹਾਕੀ ਕਲੱਬ ਸ੍ਰੀ ਆਨੰਦਪੁਰ ਸਾਹਿਬ ਵੱਲੋਂ ਇਸ ਤੀਜੇ ਹਾਕੀ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਬੰਧ ਕੀਤੇ ਗਏ।

## ਕਿਸਾਨ ਇਕ ਵਾਰ ਫਿਰ ਸੜਕਾਂ 'ਤੇ ਆਏ

*(ਪਹਿਲੇ ਸਫੇ ਦੀ ਬਾਕੀ)*

ਮਜਬੂਰ ਹੋ ਰਹੇ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਮੰਨ ਚੁੱਕੀ ਹੈ। ਉਨ੍ਹਾਂ ਨਾਲ 2021 ਵਿਚ ਅੰਦਕਿਸਾਨ ਇਕ ਵਾਰ ਫਿਰ ਸੜਕਾਂ 'ਤੇ ਆਏੋਲਨ ਨੂੰ ਵਾਪਸ ਲੈਣ ਸਮੇਂ ਲਿਖਤੀ ਵਾਅਦਾ ਕੀਤਾ ਸੀ ਪਰ ਸਰਕਾਰ ਹੁਣ ਮੁੱਕਰ ਗਈ ਹੈ।

ਇਸੇ ਸਾਲ ਅਪਰੈਲ-ਮਈ ਵਿਚ ਲੋਕ ਸਭਾ ਚੋਣਾਂ ਹੋਣੀਆਂ ਹਨ ਅਤੇ ਚੋਣਾਂ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਵੀ ਸਰਕਾਰ ਉਤੇ ਦਬਾਅ ਬਣਾਉਣ ਦੀ ਰਣਨਤੀ ਬਣਾਈ ਬੈਠੀਆਂ ਹਨ। ਸਰਕਾਰ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਇਸ ਲਈ ਸੰਘਰਸ਼ ਦੇ ਐਲਾਨ ਤੋਂ ਤੁਰੰਤ ਬਾਅਦ ਕੇਂਦਰੀ ਮੰਤਰੀਆਂ ਦਾ ਵਫ਼ਦ ਲਗਾਤਾਰ ਕਿਸਾਨਾਂ ਨੂੰ ਮਨਾਉਣ ਲਈ ਜੁਟਿਆ ਹੋਇਆ ਹੈ। ਐਤਕੀਂ 'ਦਿੱਲੀ ਚੱਲੋ' ਅੰਦੋਲਨ ਦਾ ਸੱਦਾ ਸੰਯੁਕਤ ਕਿਸਾਨ ਮੋਰਚੇ ਦਾ ਨਹੀਂ ਬਲਕਿ ਨਵੀਆਂ ਧਿਰਾਂ ਦਾ ਹੈ। ਕਿਸਾਨਾਂ ਵੱਲੋਂ ਜੰਤਰ ਮੰਤਰ ਉਤੇ ਅੰਦੋਲਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੋਰਚੇ ਵੱਲੋਂ ਪੰਜਾਬ 'ਚੋਂ ਤਕਰੀਬਨ ਤਿੰਨ ਹਜ਼ਾਰ ਟਰਾਲੀ ਦਿੱਲੀ ਲਿਜਾਣ ਦੀ ਤਿਆਰੀ ਕੀਤੀ ਗਈ ਹੈ। ਇਹ ਵੀ ਜਾਣਕਾਰੀ ਹੈ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਦਿੱਲੀ ਕੂਚ ਲਈ ਐਲਾਨ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸੰਘਰਸ਼ ਨੂੰ ਮਿਲ ਰਹੇ ਸਮਰਥਨ ਪਿੱਛੋਂ ਬਾਕੀ ਕਿਸਾਨ ਧਿਰਾਂ ਵੀ ਆਪੋ-ਆਪਣੇ ਪੱਧਰ ਉਤੇ ਰਣਨੀਤੀ ਬਣਾਉਣ ਵਿਚ ਜੁਟ ਗਈਆਂ ਹਨ। ਕਿਸਾਨ ਜਥੇਬੰਦੀਆਂ ਦੀ ਰਣਨੀਤੀ ਚੋਣ ਵਰ੍ਹੇ ਵਿਚ ਭਾਜਪਾ ਸਰਕਾਰ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਸਕਦੀ ਹੈ। ਇਸੇ ਲਈ ਸਰਕਾਰ ਕਿਸਾਨਾਂ ਨੂੰ ਮਨਾਉਣ ਲਈ ਪੂਰੀ ਵਾਹ ਲਾ ਰਹੀ ਹੈ।

## ਕਹਾਣੀਕਾਰ ਸੁਖਜੀਤ ਦਾ ਦੇਹਾਂਤ

ਮਾਛੀਵਾੜਾ: ਉਘੇ ਕਹਾਣੀਕਾਰ ਸੁਖਜੀਤ (62) ਦਾ ਦੇਹਾਂਤ ਹੋ ਗਿਆ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਕਾਰਨ ਪੀ.ਜੀ.ਆਈ.ਚੰਡੀਗੜ੍ਹ ਦਾਖਲ ਕਰਵਾਇਆ ਗਿਆ ਸੀ ਜਿੱਥੇ ਸੋਮਵਾਰ ਨੂੰ ਉਨ੍ਹਾਂ ਆਖਰੀ ਸਾਹ ਲਿਆ। ਉਨ੍ਹਾਂ ਦੇ ਚਾਰ ਕਹਾਣੀ ਸੰਗ੍ਰਹਿ 'ਰੰਗਾਂ ਦਾ ਮਨੋਵਿਗਿਆਨ', 'ਅੰਤਰਾ', 'ਹੁਣ ਮੈਂ ਰੇਪ ਇੰਜੁਆਏ ਕਰਦੀ ਹਾਂ' ਅਤੇ 'ਮੈਂ ਅਯਨਘੋਸ਼ ਨਹੀਂ' ਪ੍ਰਕਾਸ਼ਿਤ ਹੋਏ। 'ਮੈਂ ਅਯਨਘੋਸ਼ ਨਹੀਂ' ਕਹਾਣੀ ਸੰਗ੍ਰਹਿ 'ਤੇ ਉਨ੍ਹਾਂ ਨੂੰ ਪਿਛਲੇ ਸਾਲ ਵੱਕਾਰੀ ਸਾਹਿਤ ਅਕਾਦਮੀ ਇਨਾਮ ਮਿਲਿਆ ਸੀ। ਉਨ੍ਹਾਂ ਦੀ ਸਵੈ-ਜੀਵਨੀ 'ਮੈਂ ਜੈਸਾ ਹੂੰ... ਵੈਸਾ ਕਿਉਂ ਹੂੰ' ਵਾਹਵਾ ਚਰਚਿਤ ਹੋਈ।

## ਬਰਤਾਨੀਆ 'ਚ ਭਾਰਤੀ ਨੇ ਪਤਨੀ ਦੀ ਹੱਤਿਆ ਦਾ ਦੋਸ਼ ਕਬੂਲਿਆ

**ਲੰਡਨ:** ਬਰਤਾਨੀਆ ਵਿਚ ਇਕ 24 ਸਾਲਾ ਭਾਰਤੀ ਨੇ ਆਪਣੀ 19 ਸਾਲਾ ਪਤਨੀ ਦੀ ਹੱਤਿਆ ਦਾ ਦੋਸ਼ ਕਬੂਲ ਲਿਆ ਹੈ। ਉਸ ਨੇ ਇਹ ਵਾਰਦਾਤ ਦੱਖਣੀ ਲੰਡਨ ਦੇ ਇਕ ਘਰ ਵਿਚ ਪਿਛਲੇ ਸਾਲ ਕੀਤੀ ਸੀ। ਦੋਸ਼ੀ ਸਾਹਿਲ ਸ਼ਰਮਾ ਨੂੰ ਪੁਲਿਸ ਨੇ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਿਆ ਸੀ। ਉਸ ਉਤੇ ਪਿਛਲੇ ਸਾਲ 29 ਅਕਤੂਬਰ ਨੂੰ ਮਹਿਕ ਸ਼ਰਮਾ ਦੀ ਹੱਤਿਆ ਕਰਨ ਦਾ ਦੋਸ਼ ਸੀ। ਸਾਹਿਲ ਤੇ ਮਹਿਕ ਦੋਵੇਂ ਭਾਰਤੀ ਨਾਗਰਿਕ ਹਨ। ਸਾਹਿਲ ਨੂੰ ਸਜ਼ਾ 26 ਅਪਰੈਲ ਨੂੰ ਸੁਣਾਈ ਜਾਵੇਗੀ।

ਪੁਲਿਸ ਨੇ ਅਦਾਲਤ ਵਿਚ ਦੱਸਿਆ ਕਿ ਮਹਿਕ ਦੀ ਹੱਤਿਆ ਉਸ ਦੇ ਆਪਣੇ ਹੀ ਘਰ ਵਿਚ ਹੋਈ ਸੀ। ਅਦਾਲਤ ਵਿਚ ਪੁਲਿਸ ਨੇ ਨਾਲ ਹੀ ਦੱਸਿਆ ਕਿ ਸਾਹਿਲ ਨੇ ਘਟਨਾ ਮਗਰੋਂ ਖੁਦ ਹੀ 999 ਉਤੇ ਫੋਨ ਕਰ ਕੇ ਪੁਲਿਸ ਅਪਰੇਟਰ ਨੂੰ ਹੱਤਿਆ ਬਾਰੇ ਜਾਣਕਾਰੀ ਦਿੱਤੀ।

## ਲਖੀਮਪੁਰ ਖੀਰੀ ਹਿੰਸਾ: ਮਿਸ਼ਰਾ ਦੀ ਅੰਤ੍ਰਿਮ ਜ਼ਮਾਨਤ 'ਚ ਵਾਧਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਾਲ 2021 ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਅੰਤ੍ਰਿਮ ਜ਼ਮਾਨਤ ਵਧਾ ਦਿੱਤੀ ਹੈ। ਇਸ ਹਿੰਸਾ ਵਿਚ ਅੱਠ ਵਿਅਕਤੀਆਂ ਦੀ ਮੌਤ ਹੋਈ ਸੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੀ ਬੈਂਚ ਨੇ ਸੁਪਰੀਮ ਕੋਰਟ ਦੇ ਰਜਿਸਟਰ ਨੂੰ ਹੇਠਲੀ ਅਦਾਲਤ ਤੋਂ ਮਾਮਲੇ ਦੀ ਪ੍ਰਗਤੀ ਬਾਰੇ ਰਿਪੋਰਟ ਲੈਣ ਦਾ ਨਿਰਦੇਸ਼ ਦਿੱਤਾ ਅਤੇ ਸੁਣਵਾਈ ਮੁਲਤਵੀ ਕਰ ਦਿੱਤੀ। ਪਿਛਲੇ ਸਾਲ 26 ਸਤੰਬਰ ਨੂੰ ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਦੇ ਮੁੱਖ ਮੁਲਜ਼ਮ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਦੀਆਂ ਸ਼ਰਤਾਂ 'ਚ ਢਿੱਲ ਦਿੱਤੀ ਸੀ ਤਾਂ ਜੋ ਉਹ ਆਪਣੀ ਬਿਮਾਰ ਮਾਂ ਦੀ ਦੇਖਭਾਲ ਅਤੇ ਧੀ ਦੇ ਇਲਾਜ ਲਈ ਕੌਮੀ ਰਾਜਧਾਨੀ ਖੇਤਰ (ਐਨ.ਸੀ.ਆਰ.) ਜਾ ਸਕੇ।

## ਭਾਰਤ 'ਚ ਹੁਣ ਤਕਰੀਬਨ 97 ਕਰੋੜ ਵੋਟਰ: ਚੋਣ ਕਮਿਸ਼ਨ

**ਨਵੀਂ ਦਿੱਲੀ:** ਭਾਰਤੀ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਸ ਸਾਲ ਦੀਆਂ ਲੋਕ ਸਭਾ ਚੋਣਾਂ 'ਚ ਤਕਰੀਬਨ 97 ਕਰੋੜ ਭਾਰਤੀ ਵੋਟ ਪਾਉਣ ਦੇ ਹੱਕਦਾਰ ਹੋਣਗੇ। 18 ਤੋਂ 29 ਸਾਲ ਦੀ ਉਮਰ ਦੇ ਦੋ ਕਰੋੜ ਤੋਂ ਵਧ ਨੌਜਵਾਨ ਵੋਟਰਾਂ ਨੂੰ ਵੋਟਰ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

## ਸਿੱਟ ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਮੁੜ ਸੰਮਨ ਜਾਰੀ

**ਪਟਿਆਲਾ:** ਨਸ਼ਾ ਤਸਕਰੀ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਦੇ ਮੁਖੀ ਹਰਚਰਨ ਸਿੰਘ ਭੁੱਲਰ (ਡੀ.ਆਈ.ਜੀ. ਪਟਿਆਲਾ) ਨੇ ਕੇਸ ਦੇ ਮੁਲਜ਼ਮ ਤੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਇਕ ਵਾਰ ਫਿਰ ਸੰਮਨ ਜਾਰੀ ਕਰ ਕੇ ਪੁੱਛ-ਪੜਤਾਲ ਕਰਨ ਲਈ ਪੁਲਿਸ ਲਾਈਨ ਪਟਿਆਲਾ ਪਹੁੰਚਣ ਦੀ ਤਾਕੀਦ ਕੀਤੀ ਹੈ। ਇਸ ਦੌਰਾਨ ਹਰਚਰਨ ਭੁੱਲਰ ਦੀ ਅਗਵਾਈ ਹੇਠਾਂ ਐਸ.ਐਸ.ਪੀ. ਵਰੁਣ ਸ਼ਰਮਾ, ਐਸ.ਪੀ. (ਡੀ) ਯੋਗੇਸ਼ ਸ਼ਰਮਾ ਤੇ ਡੀ.ਐਸ.ਪੀ. ਜਸਵਿੰਦਰ ਟਿਵਾਣਾ ਸਣੇ ਛੇ ਮੈਂਬਰੀ ਟੀਮ ਦੂਜੀ ਵਾਰ ਅਕਾਲੀ ਆਗੂ ਕੋਲੋਂ ਪੁੱਛ-ਪੜਤਾਲ ਕਰੇਗੀ। ਇਸ ਤੋਂ ਪਹਿਲਾਂ ਇਹ ਟੀਮ ਜਨਵਰੀ ਵਿਚ ਮੁਲਜ਼ਮ ਕੋਲੋਂ ਪੁੱਛ-ਪੜਤਾਲ ਕਰ ਚੁੱਕੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ

ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 647ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ 23, 24 ਅਤੇ 25 ਫਰਵਰੀ 2024 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:




## ਸਮਾਗਮ ਦਾ ਵੇਰਵਾ

**23 ਫਰਵਰੀ 2024**
(ਸ਼ੁਕਰਵਾਰ)

ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

**25 ਫਰਵਰੀ 2024**
(ਐਤਵਾਰ)

ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ

ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।

ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)**
**12200 E. 131 Street Fishers, IN 46037-6621**
**Cell: 317-792-7121 Ph: 317-773-8446**

# ਚੌਧਰੀ ਚਰਨ ਸਿੰਘ, ਨਰਸਿਮ੍ਹਾ ਰਾਓ ਅਤੇ ਸਵਾਮੀਨਾਥਨ ਨੂੰ ਭਾਰਤ ਰਤਨ

**ਨਵੀਂ ਦਿੱਲੀ:** ਦੋ ਸਾਬਕਾ ਪ੍ਰਧਾਨ ਮੰਤਰੀਆਂ ਪੀ.ਵੀ. ਨਰਸਿਮ੍ਹਾ ਰਾਓ ਤੇ ਚੌਧਰੀ ਚਰਨ ਸਿੰਘ ਅਤੇ ਹਰੇ ਇਨਕਲਾਬ ਦੇ ਬਾਨੀ ਐਮ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਨਾਲ ਨਿਵਾਜੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਅਤੇ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਫ਼ੈਸਲਾ ਲਿਆ ਸੀ।

ਇਹ ਪਹਿਲੀ ਵਾਰ ਹੈ ਜਦੋਂ ਇਕ ਸਾਲ 'ਚ ਸਭ ਤੋਂ ਵੱਧ ਪੰਜ ਭਾਰਤ ਰਤਨ ਐਲਾਨੇ ਗਏ ਹਨ। ਇਸ ਤੋਂ ਪਹਿਲਾਂ 1999 'ਚ ਚਾਰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਸੀ। ਸ੍ਰੀ ਅਡਵਾਨੀ (96) ਹੀ ਇਕੋ ਇਕ ਹਸਤੀ ਹਨ ਜਿਨ੍ਹਾਂ ਨੂੰ ਮੌਜੂਦਾ ਵਰ੍ਹੇ ਜਿਊਂਦੇ ਜੀਅ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾਵੇਗਾ ਜਦਕਿ ਬਾਕੀ ਚਾਰ ਨੂੰ ਮਰਨ ਉਪਰੰਤ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਨਾਲ ਨਿਵਾਜਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦਾਰਵਾਦੀ ਨੀਤੀਆਂ ਅਪਣਾ ਕੇ ਅਰਥਚਾਰੇ ਦੀ ਨੁਹਾਰ ਬਦਲਣ ਵਾਲੇ ਪੀ.ਵੀ. ਨਰਸਿਮ੍ਹਾ ਰਾਓ, ਕਿਸਾਨੀ ਮੁੱਦਿਆਂ ਦੇ ਮੁਦੱਈ ਚਰਨ ਸਿੰਘ ਅਤੇ ਆਲਮੀ ਪੱਧਰ ਦੇ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਵੱਲੋਂ ਦੇਸ਼ ਲਈ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ। ਪੱਛਮੀ ਉੱਤਰ ਪ੍ਰਦੇਸ਼ ਦੇ ਜਾਟ ਆਗੂ ਅਤੇ 1979-80 'ਚ ਪ੍ਰਧਾਨ ਮੰਤਰੀ ਰਹੇ ਚਰਨ ਸਿੰਘ ਕਾਂਗਰਸ ਦੀ ਸਿਆਸਤ ਦੇ ਵਿਰੋਧੀ ਰਹੇ ਸਨ। ਸਾਲ 1991 ਤੋਂ 1996 ਤੱਕ ਪ੍ਰਧਾਨ ਮੰਤਰੀ ਰਹੇ ਕਾਂਗਰਸ ਆਗੂ ਨਰਸਿਮ੍ਹਾ ਰਾਓ ਨੂੰ ਆਰਥਿਕ ਸੁਧਾਰਾਂ ਲਈ ਯਾਦ ਕੀਤਾ ਜਾਂਦਾ ਹੈ।



ਮੋਦੀ ਨੇ ਕਿਹਾ ਕਿ ਇਹ ਭਾਜਪਾ ਸਰਕਾਰ ਦੀ ਖੁਸ਼ਕਿਸਮਤੀ ਹੈ ਕਿ ਚਰਨ ਸਿੰਘ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚਰਨ ਸਿੰਘ ਭਾਵੇਂ ਵਿਧਾਇਕ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਜਾਂ ਦੇਸ਼ ਦੇ ਗ੍ਰਹਿ ਮੰਤਰੀ ਰਹੇ ਪਰ ਉਨ੍ਹਾਂ ਹਮੇਸ਼ਾ ਰਾਸ਼ਟਰ ਨਿਰਮਾਣ 'ਚ ਯੋਗਦਾਨ ਪਾਇਆ ਅਤੇ ਉਹ ਐਮਰਜੈਂਸੀ ਖ਼ਿਲਾਫ਼ ਡਟ ਕੇ ਖੜ੍ਹੇ ਹੋਏ ਸਨ। ਚੌਧਰੀ ਚਰਨ ਸਿੰਘ ਨੂੰ ਭਾਰਤ ਰਤਨ ਦੇਣ ਦਾ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਪੋਤੇ ਜੈਯੰਤ ਸਿੰਘ ਦੀ ਅਗਵਾਈ ਹੇਠਲੀ ਪਾਰਟੀ ਆਰ.ਐਲ.ਡੀ. ਦੀ ਲੋਕ ਸਭਾ ਚੋਣਾਂ 'ਚ ਭਾਜਪਾ ਨਾਲ ਗੱਠਜੋੜ ਲਈ ਗੱਲਬਾਤ ਚੱਲ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੂੰ ਸ਼ਰਧਾਂਜਲੀ ਦਿੰਦਿਆਂ ਮੋਦੀ ਨੇ ਕਿਹਾ ਕਿ ਉਨ੍ਹਾਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ, ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਵਜੋਂ ਕੰਮ ਕਰਦਿਆਂ ਦੇਸ਼ ਦੀ ਖੁਸ਼ਹਾਲੀ ਤੇ ਵਿਕਾਸ ਦੀ ਮਜ਼ਬੂਤ ਨੀਂਹ ਰੱਖੀ ਸੀ। ਮੋਦੀ ਨੇ ਐੱਮ.ਐੱਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਉਨ੍ਹਾਂ ਕਿਸਾਨਾਂ ਦੀ ਭਲਾਈ ਲਈ ਇਤਿਹਾਸਕ ਯੋਗਦਾਨ ਪਾਇਆ ਹੈ।

## ਰਾਓ, ਚਰਨ ਸਿੰਘ ਅਤੇ ਸਵਾਮੀਨਾਥਨ ਹਮੇਸ਼ਾ 'ਭਾਰਤ ਦੇ ਰਤਨ' ਰਹਿਣਗੇ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਸਾਬਕਾ ਪ੍ਰਧਾਨ ਮੰਤਰੀਆਂ ਪੀ.ਵੀ. ਨਰਸਿਮ੍ਹਾ ਰਾਓ ਤੇ ਚਰਨ ਸਿੰਘ ਅਤੇ ਹਰੇ ਇਨਕਲਾਬ ਦੇ ਬਾਨੀ ਐਮ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਕਾਂਗਰਸ ਨੇ ਕਿਹਾ ਕਿ ਤਿੰਨੋਂ ਹਸਤੀਆਂ ਵੱਲੋਂ ਦੇਸ਼ ਲਈ ਪਾਏ ਗਏ ਯੋਗਦਾਨ ਕਾਰਨ ਉਹ ਹਮੇਸ਼ਾ ਲਈ 'ਭਾਰਤ ਦੇ ਰਤਨ' ਰਹਿਣਗੀਆਂ। ਉਂਜ ਵਿਰੋਧੀ ਧਿਰ ਨੇ ਭਾਜਪਾ ਸਰਕਾਰ ਉਤੇ ਵਰ੍ਹਦਿਆਂ ਕਿਹਾ ਹੈ ਕਿ ਉਹ ਫ਼ਸਲਾਂ ਦੀ ਖ਼ਰੀਦ ਲਈ ਸਵਾਮੀਨਾਥਨ ਫਾਰਮੂਲੇ 'ਤੇ ਆਧਾਰਿਤ ਐਮ.ਐਸ.ਪੀ. ਨੂੰ ਕਾਨੂੰਨੀ ਦਰਜਾ ਦੇਣ ਦੇ ਮੁੱਦੇ ਉਤੇ ਖਾਮੋਸ਼ ਹੈ। ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਸੰਸਦ ਦੇ ਬਾਹਰ ਕਿਹਾ ਕਿ ਉਹ ਤਿੰਨੋਂ ਹਸਤੀਆਂ ਨੂੰ ਭਾਰਤ ਰਤਨ ਦੇਣ ਦਾ ਸਵਾਗਤ ਕਰਦੇ ਹਨ।

# ਐਨ.ਆਈ.ਏ. ਵੱਲੋਂ ਜੰਮੂ ਕਸ਼ਮੀਰ 'ਚ 15 ਥਾਈਂ ਛਾਪੇ

**ਜੰਮੂ:** ਕੌਮੀ ਜਾਂਚ ਏਜੰਸੀ (ਏ.ਐਨ.ਆਈ.) ਨੇ ਅਤਿਵਾਦੀ ਫੰਡਿੰਗ ਮਾਮਲੇ ਸਬੰਧੀ ਇਥੇ ਪਾਬੰਦੀਸ਼ੁਦਾ ਸੰਗਠਨ ਜਮਾਤ-ਏ-ਇਸਲਾਮੀ (ਜੇ.ਈ.ਐਲ.) ਦੇ ਨੇਤਾਵਾਂ ਦੇ ਜੰਮੂ ਕਸ਼ਮੀਰ 'ਚ ਪੈਂਦੇ 15 ਟਿਕਾਣਿਆਂ ਉਤੇ ਛਾਪੇ ਮਾਰੇ। ਫੈਡਰਲ ਏਜੰਸੀ ਦੇ ਇਕ ਬੁਲਾਰੇ ਨੇ ਦੱਸਿਆ ਕਿ ਜੰਮੂ ਅਤੇ ਸ੍ਰੀਨਗਰ ਦੇ ਨਾਲ ਬਡਗਾਮ, ਕੁਲਗਾਮ ਅਤੇ ਦੱਖਣੀ ਕਸ਼ਮੀਰ ਦੇ ਅਨੰਤਨਾਗ ਵਿਚ ਛਾਪੇ ਮਾਰ ਕੇ ਜੇ.ਈ.ਐਲ. ਅਤੇ ਇਸ ਨਾਲ ਸਬੰਧਤ ਟਰੱਸਟ ਦੀਆਂ ਗਤੀਵਿਧੀਆਂ ਨਾਲ ਜੁੜੇ ਅਪਰਾਧਕ ਦਸਤਾਵੇਜ਼, ਡਿਜੀਟਲ ਉਪਕਰਨ ਅਤੇ 20 ਲੱਖ ਰੁਪਏ ਜ਼ਬਤ ਕੀਤੇ ਗਏ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਜੰਮੂ ਦੇ ਸ਼ਹੀਦੀ ਚੌਕ ਅਤੇ ਗੁੱਜਰ ਨਗਰ ਸਣੇ ਵੱਖ ਵੱਖ ਥਾਈਂ ਛਾਪੇ ਮਾਰੇ ਗਏ। ਇਸ ਦੌਰਾਨ ਇਕ ਨਿੱਜੀ ਸਕੂਲ ਤੇ ਉਸ ਦੇ ਚੇਅਰਮੈਨ ਦੀ ਰਿਹਾਇਸ਼ ਸਣੇ ਤਿੰਨ ਅਧਿਕਾਰੀਆਂ ਨਾਲ ਸਬੰਧਤ ਟਿਕਾਣਿਆਂ ਦੀ ਤਲਾਸ਼ੀ ਵੀ ਲਈ ਗਈ। ਉਨ੍ਹਾਂ ਦੱਸਿਆ ਕਿ ਕੁਲਗਾਮ ਜ਼ਿਲ੍ਹੇ 'ਚ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦੇ ਸਾਬਕਾ ਪ੍ਰਧਾਨ ਸ਼ੇਖ ਗੁਲਾਮ ਹਸਨ ਅਤੇ ਇਕ ਹੋਰ ਨੇਤਾ ਸਯਾਰ ਅਹਿਮਦ ਰੇਸ਼ੀ ਦੀਆਂ ਰਿਹਾਇਸ਼ਾਂ ਉਤੇ ਛਾਪਾ ਮਾਰਿਆ ਗਿਆ।

ਕੇਂਦਰ ਨੇ ਜਮਾਤ-ਏ-ਇਸਲਾਮੀ ਜੰਮੂ ਕਸ਼ਮੀਰ 'ਤੇ ਫਰਵਰੀ 2019 ਵਿਚ ਪੰਜ ਸਾਲ ਲਈ ਪਾਬੰਦੀ ਲਗਾ ਦਿੱਤੀ ਸੀ। ਏਜੰਸੀ ਦੇ ਬੁਲਾਰੇ ਨੇ ਦੱਸਿਆ ਕਿ ਐਨ.ਆਈ.ਏ. ਟੀਮਾਂ ਨੇ ਸ੍ਰੀਨਗਰ ਵਿਚ ਪੰਜ ਥਾਈਂ, ਬਡਗਾਮ ਵਿਚ ਤਿੰਨ, ਕੁਲਗਾਮ ਵਿਚ ਦੋ, ਅਨੰਤਨਾਗ ਵਿਚ ਇਕ ਅਤੇ ਜੰਮੂ 'ਚ ਚਾਰ ਥਾਈਂ ਛਾਪੇ ਮਾਰੇ। ਬੁਲਾਰੇ ਨੇ ਦੱਸਿਆ, "ਪਾਬੰਦੀਸ਼ੁਦਾ ਸੰਗਠਨ ਦੇ ਕਾਰਕੁਨ ਭਾਰਤ ਅਤੇ ਵਿਦੇਸ਼ਾਂ ਤੋਂ ਚੰਦੇ ਰਾਹੀਂ ਫੰਡ ਇਕੱਠੇ ਕਰਦੇ ਸਨ।" ਬੁਲਾਰੇ ਨੇ ਦੱਸਿਆ ਕਿ ਐਨ.ਆਈ.ਏ. ਨੇ ਇਸ ਮਾਮਲੇ ਸਬੰਧੀ ਚਾਰ ਮੁਲਜ਼ਮਾਂ ਨੂੰ ਚਾਰਜਸ਼ੀਟ ਕੀਤਾ ਸੀ, ਜਿਸ ਸਬੰਧੀ ਜਾਂਚ ਜਾਰੀ ਹੈ।

# ਹਮਲੇ 'ਚ ਜ਼ਖਮੀ ਭਾਰਤੀ ਮੂਲ ਦੇ ਆਈ.ਟੀ. ਮਾਹਿਰ ਦੀ ਮੌਤ

**ਵਾਸ਼ਿੰਗਟਨ:** ਇਥੋਂ ਦੇ ਇਕ ਰੇਸਤਰਾਂ ਦੇ ਬਾਹਰ ਕੁੱਟਮਾਰ ਕਾਰਨ ਜ਼ਖ਼ਮੀ ਹੋਏ ਭਾਰਤੀ ਮੂਲ ਦੇ 41 ਵਰ੍ਹਿਆਂ ਦੇ ਆਈ.ਟੀ. ਮਾਹਿਰ ਦੀ ਮੌਤ ਹੋ ਗਈ ਹੈ। ਅਮਰੀਕਾ 'ਚ ਪਿਛਲੇ ਕੁਝ ਮਹੀਨਿਆਂ ਵਿਚ ਭਾਰਤੀ ਮੂਲ ਦੇ ਸੱਤ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਪੀੜਤ ਦੀ ਪਛਾਣ ਅਲੈਗਜ਼ੈਂਡਰੀਆ ਦੇ ਵਸਨੀਕ ਵਿਵੇਕ ਤਨੇਜਾ ਵਜੋਂ ਹੋਈ ਹੈ।



ਤਨੇਜਾ 'ਡਾਇਨਮੋ ਟੈਕਨੋਲੌਜਿਸ' ਦਾ ਸਹਿ-ਬਾਨੀ ਸੀ ਅਤੇ ਉਹ ਸੰਘੀ ਸਰਕਾਰ ਤੋਂ ਠੇਕੇ ਲੈਣ ਦੇ ਨਾਲ ਉਨ੍ਹਾਂ ਨੂੰ ਸਲਾਹ-ਮਸ਼ਵਰੇ ਵੀ ਦਿੰਦਾ ਸੀ। ਉਸ ਉਤੇ ਵ੍ਹਾਈਟ ਹਾਊਸ ਤੋਂ ਸੱਤ ਬਲਾਕ ਦੂਰ ਫਿਫਟੀਂਥ ਸਟਰੀਟ ਨੌਰਥਵੈਸਟ ਦੇ 1100 ਬਲਾਕ 'ਚ 2 ਫਰਵਰੀ ਨੂੰ ਦੇਰ ਰਾਤ ਦੋ ਵਜੇ ਹਮਲਾ ਹੋਇਆ ਸੀ। ਪੁਲਿਸ ਜਦੋਂ ਮੌਕੇ ਉਤੇ ਪੁੱਜੀ ਤਾਂ ਉਨ੍ਹਾਂ ਨੂੰ ਤਨੇਜਾ ਸੜਕ ਕੰਢੇ ਉਤੇ ਗੰਭੀਰ ਰੂਪ 'ਚ ਜ਼ਖ਼ਮੀ ਹਾਲਤ 'ਚ ਮਿਲਿਆ ਸੀ ਜਿਥੋਂ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਸੀ। ਵਾਸ਼ਿੰਗਟਨ ਡੀ.ਸੀ. ਦੇ ਇਕ ਟੀਵੀ ਸਟੇਸ਼ਨ ਡਬਲਿਊ.ਯੂ.ਐਸ.ਏ. ਮੁਤਾਬਕ ਮੁੱਢਲੀ ਜਾਂਚ 'ਚ ਪਤਾ ਲੱਗਾ ਕਿ ਤਨੇਜਾ ਅਤੇ ਇਕ ਅਣਪਛਾਤੇ ਵਿਅਕਤੀ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਬਹਿਸ ਮਗਰੋਂ ਹੱਥੋਪਾਈ ਹੋ ਗਈ ਸੀ। ਮੁਲਜ਼ਮ ਨੇ ਤਨੇਜਾ ਨੂੰ ਜ਼ਮੀਨ ਉਤੇ ਸੁੱਟ ਕੇ ਉਸ ਦਾ ਸਿਰ ਫੁਟਪਾਥ 'ਤੇ ਮਾਰ ਦਿੱਤਾ ਸੀ। ਪੁਲਿਸ ਮੁਲਜ਼ਮ ਦੀ ਭਾਲ ਕਰ ਰਹੀ ਹੈ ਅਤੇ ਸੀ.ਸੀ.ਟੀ.ਵੀ. ਫੁਟੇਜ ਖੰਗਾਲੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਤਨੇਜਾ ਦਾ ਇਕ ਹੋਰ ਰੇਸਤਰਾਂ 'ਚ ਕਿਸੇ ਵਿਅਕਤੀ ਨਾਲ ਝਗੜਾ ਹੋਇਆ ਸੀ। ਜ਼ਿਕਰਯੋਗ ਹੈ ਕਿ ਇਸ ਹਫ਼ਤੇ ਦੇ ਸ਼ੁਰੂ 'ਚ ਸ਼ਿਕਾਗੋ ਵਿਚ ਭਾਰਤੀ ਵਿਦਿਆਰਥੀ ਸਈਅਦ ਮਜ਼ਾਹਿਰ ਅਲੀ ਉਤੇ ਲੁਟੇਰਿਆਂ ਨੇ ਹਮਲਾ ਕੀਤਾ ਸੀ।

# ਈ.ਪੀ.ਐਫ. ਉਤੇ ਵਿਆਜ ਦਰ 8.25 ਫੀਸਦੀ ਤੈਅ

**ਨਵੀਂ ਦਿੱਲੀ:** ਐਂਪਲਾਈਜ਼ ਪ੍ਰੌਵੀਡੈਂਟ ਫੰਡ ਆਰਗੇਨਾਈਜ਼ੇਸ਼ਨ (ਈ.ਪੀ.ਐਫ.ਓ.) ਨੇ ਸਾਲ 2023-24 ਲਈ ਈ.ਪੀ.ਐਫ. ਜਮ੍ਹਾਂ ਉਤੇ ਵਿਆਜ ਦਰ 8.25 ਫ਼ੀਸਦ ਤੈਅ ਕਰ ਦਿੱਤੀ ਹੈ। ਇਹ ਦਰ ਪਿਛਲੇ ਤਿੰਨ ਸਾਲਾਂ 'ਚ ਸਭ ਤੋਂ ਵੱਧ ਹੈ। ਈ.ਪੀ.ਐਫ.ਓ. ਨੇ ਪਿਛਲੇ ਸਾਲ ਮਾਰਚ 'ਚ 2022-23 ਲਈ ਈ.ਪੀ.ਐਫ. ਉਤੇ ਵਿਆਜ ਦਰ ਮਾਮੂਲੀ ਵਧਾ ਕੇ 8.15 ਫ਼ੀਸਦ ਕਰ ਦਿੱਤੀ ਸੀ ਜੋ 2021-22 'ਚ 8.10 ਫ਼ੀਸਦ ਸੀ। ਈ.ਪੀ.ਐਫ.ਓ. ਨੇ ਮਾਰਚ, 2022 'ਚ 2021-22 ਲਈ ਈ.ਪੀ.ਐਫ. ਉਤੇ ਛੇ ਕਰੋੜ ਗਾਹਕਾਂ ਲਈ ਵਿਆਜ ਦਰ ਘਟਾ ਕੇ 8.1 ਫ਼ੀਸਦ ਕਰ ਦਿੱਤੀ ਸੀ ਜੋ ਚਾਰ ਦਹਾਕਿਆਂ 'ਚ ਸਭ ਤੋਂ ਘੱਟ ਸੀ। ਈ.ਪੀ.ਐਫ. ਉਤੇ ਵਿਆਜ ਦਰ 2020-21 'ਚ ਸਾਢੇ 8 ਫ਼ੀਸਦ ਸੀ। ਸਾਲ 1977-78 ਲਈ ਈ.ਪੀ.ਐਫ. ਵਿਆਜ ਦਰ 8 ਫ਼ੀਸਦ ਸੀ। ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਭੁਪੇਂਦਰ ਯਾਦਵ ਦੀ ਚੇਅਰਮੈਨੀ ਹੇਠ ਈ.ਪੀ.ਐਫ.ਓ. ਦੇ ਸੈਂਟਰਲ ਬੋਰਡ ਆਫ਼ ਟਰੱਸਟੀਜ਼ ਦੀ 235ਵੀਂ ਮੀਟਿੰਗ 'ਚ 2023-24 ਲਈ ਵਿਆਜ ਦਰ ਵਧਾਉਣ ਦਾ ਫੈਸਲਾ ਲਿਆ ਗਿਆ।

## ਬੈਂਕ ਦੇ ਸੀ.ਈ.ਓ, ਪਤਨੀ ਤੇ ਪੁੱਤ ਦੀ ਮੌਤ

**ਕੈਲੀਫੋਰਨੀਆ:** ਦੱਖਣੀ ਕੈਲੀਫੋਰਨੀਆ ਦੇ ਮੋਹਾਵੀ ਰੇਗਿਸਤਾਨ ਵਿਚ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ ਨਾਇਜੀਰੀਆ ਦੇ ਸਭ ਤੋਂ ਵੱਡੇ ਬੈਂਕਾਂ ਵਿਚੋਂ ਇਕ ਦੇ ਸੀ.ਈ.ਓ, ਉਸ ਦੀ ਪਤਨੀ ਅਤੇ ਪੁੱਤਰ ਦੀ ਮੌਤ ਹੋ ਗਈ। ਇਹ ਹਾਦਸਾ ਰਾਤ 10 ਵਜੇ ਦੇ ਕਰੀਬ ਵਾਪਰਿਆ। ਇਸ ਵਿਚ ਸਵਾਰ ਛੇ ਲੋਕਾਂ ਵਿਚ ਐਕਸੈਸ ਬੈਂਕ ਦੇ ਸੀ.ਈ.ਓ. ਹਰਬਰਟ ਵਿਗਵੇ (57) ਵੀ ਸ਼ਾਮਲ ਸਨ। ਨਾਇਜੀਰਿਆਈ ਸਟਾਕ ਐਕਸਚੇਂਜ 'ਐਨ.ਜੀ.ਐਕਸ. ਗਰੁੱਪ' ਦੇ ਸਾਬਕਾ ਚੇਅਰਮੈਨ ਬੈਮੋਫਿਨ ਅਬਿਮਬੋਲਾ ਓਗੁਨਬੈਂਜੋ ਵੀ ਇਸ ਹਾਦਸੇ ਵਿਚ ਮਾਰੇ ਗਏ।

# ਭ੍ਰਿਸ਼ਟਾਚਾਰੀਆਂ ਦਾ 'ਅੰਮ੍ਰਿਤ ਕਾਲ' ਚੱਲ ਰਿਹਾ ਹੈ: ਰਾਹੁਲ ਗਾਂਧੀ

**ਨਵੀਂ ਦਿੱਲੀ:** ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਪ੍ਰਗਤੀ ਮੈਦਾਨ ਸੁਰੰਗ ਪ੍ਰੋਜੈਕਟ ਵਿਚ ਕਥਿਤ 'ਗੰਭੀਰ ਖਾਮੀਆਂ' ਨੂੰ ਲੈ ਕੇ ਮੋਦੀ ਸਰਕਾਰ ਉਤੇ ਵਰ੍ਹਦਿਆਂ ਦੋਸ਼ ਲਾਇਆ ਕਿ ਭ੍ਰਿਸ਼ਟਾਚਾਰੀਆਂ ਦਾ 'ਅੰਮ੍ਰਿਤ ਕਾਲ' ਚੱਲ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਜੂਨ 2022 ਨੂੰ ਪ੍ਰਗਤੀ ਮੈਦਾਨ ਇੰਟੀਗ੍ਰੇਟਿਡ ਟਰਾਂਜ਼ਿਟ ਕੌਰੀਡੋਰ ਪ੍ਰੋਜੈਕਟ ਦੇ ਹਿੱਸੇ ਵਜੋਂ 1.3 ਕਿਲੋਮੀਟਰ ਲੰਮੀ ਸੁਰੰਗ ਅਤੇ ਪੰਜ ਅੰਡਰਪਾਸਾਂ ਦਾ ਨੀਂਹ ਪੱਥਰ ਰੱਖਿਆ ਸੀ। ਇਸ ਦਾ ਮਕਸਦ ਸ਼ਹਿਰ ਦੇ ਪੂਰਬੀ ਹਿੱਸਿਆਂ ਅਤੇ ਸੈਟੇਲਾਈਟ ਕਸਬੇ ਨੋਇਡਾ ਤੇ ਗਾਜ਼ੀਆਬਾਦ ਵਿਚਾਲੇ ਸੰਪਰਕ ਸੁਖਾਲਾ ਬਣਾਉਣਾ ਹੈ। ਦਿੱਲੀ ਸਰਕਾਰ ਦੇ ਲੋਕ ਨਿਰਮਾਣ ਵਿਭਾਗ (ਪੀ.ਡਬਲਿਊ.ਡੀ.) ਨੇ ਪ੍ਰੋਜੈਕਟ ਵਿਚ ਕਥਿਤ 'ਗੰਭੀਰ ਖਾਮੀਆਂ' ਲਈ ਲਾਰਸਨ ਐਂਡ ਟਰਬੋ ਨੂੰ ਨੋਟਿਸ ਜਾਰੀ ਕਰ ਕੇ ਕੰਪਨੀ ਤੋਂ 500 ਰੁਪਏ ਦੀ 'ਹਰਜਾਨਾ ਰਾਸ਼ੀ' ਮੰਗੀ ਹੈ ਅਤੇ ਕੰਪਨੀ ਨੂੰ ਮੁਰੰਮਤ ਕਾਰਜ ਤੁਰਤ




ਸ਼ੁਰੂ ਕਰਨ ਦਾ ਨਿਰਦੇਸ਼ ਦਿੱਤਾ ਹੈ। ਲਾਰਸਨ ਐਂਡ ਟਰਬੋ ਨੇ ਕਿਹਾ ਕਿ ਉਸ ਨੇ ਪੀ.ਡਬਲਿਊ.ਡੀ. ਖ਼ਿਲਾਫ਼ 500 ਕਰੋੜ ਰੁਪਏ ਦਾ ਜਵਾਬੀ-ਦਾਅਵਾ ਕੀਤਾ ਹੈ। ਪ੍ਰੋਜੈਕਟ ਵਿਚ ਕਥਿਤ ਖਾਮੀਆਂ ਸਬੰਧੀ ਟਿੱਪਣੀ ਕਰਦਿਆਂ ਰਾਹੁਲ ਗਾਂਧੀ ਨੇ ਐਕਸ ਉਤੇ ਪੋਸਟ 'ਚ ਕਿਹਾ, "ਦੇਸ਼ ਵਿਚ ਭ੍ਰਿਸ਼ਟਾਚਾਰੀਆਂ ਦਾ 'ਅੰਮ੍ਰਿਤ ਕਾਲ' ਚੱਲ ਰਿਹਾ ਹੈ। ਲਗਭਗ 777 ਕਰੋੜ ਰੁਪਏ ਖਰਚ ਕੇ ਬਣਾਈ ਗਈ ਪ੍ਰਗਤੀ ਮੈਦਾਨ ਸੁਰੰਗ ਸਿਰਫ ਇਕ ਸਾਲ ਵਿਚ ਹੀ ਵਰਤੋਂ ਦੇ ਯੋਗ ਨਹੀਂ ਰਹੀ। ਪ੍ਰਧਾਨ ਮੰਤਰੀ ਹਰ ਵਿਕਾਸ ਪ੍ਰੋਜੈਕਟ ਉਤੇ 'ਪਲਾਨਿੰਗ' ਦਾ ਜਗ੍ਹਾ 'ਮਾਡਲਿੰਗ' ਕਰ ਰਹੇ ਹਨ।

# ਲੋਕ ਸਭਾ ਚੋਣਾਂ ਤੋਂ ਪਹਿਲਾਂ ਸੀ.ਏ.ਏ. ਲਾਗੂ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖਿਆ ਹੈ ਕਿ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਲਾਗੂ ਕਰਨ ਦੇ ਨਿਯਮ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਜਾਰੀ ਕੀਤੇ ਜਾਣਗੇ ਅਤੇ ਲਾਭਪਾਤਰੀਆਂ ਨੂੰ ਭਾਰਤੀ ਨਾਗਰਿਕਤਾ ਦੇਣ ਦੀ ਪ੍ਰਕਿਰਿਆ ਇਸ ਤੋਂ ਬਾਅਦ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ।

ਮੋਦੀ ਸਰਕਾਰ ਸੀ.ਏ.ਏ. ਤਹਿਤ ਬੰਗਲਾਦੇਸ਼, ਪਾਕਿਸਤਾਨ ਤੇ ਅਫ਼ਗਾਨਿਸਤਾਨ ਵਿਚ ਤਸ਼ੱਦਦ ਦੇ ਸ਼ਿਕਾਰ ਉਨ੍ਹਾਂ ਗ਼ੈਰ ਮੁਸਲਿਮ ਸ਼ਰਨਾਰਥੀਆਂ (ਹਿੰਦੂ, ਸਿੱਖ, ਜੈਨੀ, ਬੋਧੀ, ਪਾਰਸੀ ਤੇ ਈਸਾਈ) ਨੂੰ ਭਾਰਤੀ ਨਾਗਰਿਕਤਾ ਦੇਣਾ ਚਾਹੁੰਦੀ ਹੈ ਜੋ 31 ਦਸੰਬਰ 2014 ਤੱਕ ਭਾਰਤ ਆਏ ਸਨ। ਸ਼ਾਹ ਨੇ ਇਹ ਦਾਅਵਾ ਵੀ ਕੀਤਾ ਕਿ ਆਮ ਚੋਣਾਂ 'ਚ ਭਾਜਪਾ ਨੂੰ 370 ਤੇ ਉਸ ਦੀ ਅਗਵਾਈ ਹੇਠਲੇ ਐਨ.ਡੀ.ਏ. ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ ਅਤੇ ਕੇਂਦਰ "ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੇਗੀ।

ਸ਼ਾਹ ਨੇ ਈ.ਟੀ. ਨਾਓ ਗਲੋਬਲ ਬਿਜ਼ਨਸ ਸੰਮੇਲਨ 2024 ਨੂੰ ਸੰਬੋਧਨ ਕਰਦਿਆਂ ਕਿਹਾ, 'ਸੀ.ਏ.ਏ. ਦੇਸ਼ ਦਾ ਕਾਨੂੰਨ ਹੈ ਅਤੇ ਇਸ ਦਾ ਨੋਟੀਫਿਕੇਸ਼ਨ ਜ਼ਰੂਰ ਜਾਰੀ ਹੋਵੇਗਾ। ਇਸ ਨੂੰ ਚੋਣਾਂ ਤੋਂ ਪਹਿਲਾਂ ਜਾਰੀ ਕੀਤਾ ਜਾਵੇਗਾ। ਇਸ ਬਾਰੇ ਕਿਸੇ ਨੂੰ ਭਰਮ ਨਹੀਂ ਹੋਣਾ ਚਾਹੀਦਾ।' ਉਨ੍ਹਾਂ ਕਿਹਾ ਕਿ ਗੁਆਂਢੀ ਮੁਲਕਾਂ ਦੇ ਤਸ਼ੱਦਦ ਦੇ ਸ਼ਿਕਾਰ ਘੱਟ ਗਿਣਤੀਆਂ ਨੂੰ ਭਾਰਤੀ ਨਾਗਰਿਕਤਾ ਦੇਣਾ ਕਾਂਗਰਸ ਲੀਡਰਸ਼ਿਪ ਦਾ ਵੀ ਵਾਅਦਾ ਸੀ। ਸ਼ਾਹ ਨੇ ਕਿਹਾ, 'ਜਦੋਂ ਵੰਡ ਹੋਈ ਤਾਂ ਹਿੰਦੂ, ਬੋਧੀ, ਈਸਾਈ, ਸਾਰੇ ਉਥੇ ਧਾਰਮਿਕ ਤਸ਼ੱਦਦ ਦਾ



ਸਾਹਮਣਾ ਕਰਨ ਮਗਰੋਂ ਭਾਰਤ ਆਉਣਾ ਚਾਹੁੰਦੇ ਸਨ। ਉਨ੍ਹਾਂ (ਕਾਂਗਰਸ) ਇਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣ ਦਾ ਵਾਅਦਾ ਕੀਤਾ ਸੀ ਅਤੇ ਕਿਹਾ ਸੀ ਕਿ ਤੁਹਾਡਾ ਸਾਰਿਆਂ ਦਾ ਸਵਾਗਤ ਹੈ। ਪਰ (ਕਾਂਗਰਸ) ਨੇਤਾ ਆਪਣੇ ਬਿਆਨ ਤੋਂ ਪਿੱਛੇ ਹਟ ਗਏ।'

ਗ੍ਰਹਿ ਮੰਤਰੀ ਨੇ ਕਿਹਾ ਕਿ ਉਹ ਇਹ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਸੀ.ਏ.ਏ. ਕਿਸੇ ਦੀ ਨਾਗਰਿਕਤਾ ਖੋਹਣ ਦਾ ਕਾਨੂੰਨ ਨਹੀਂ ਹੈ। ਉਨ੍ਹਾਂ ਕਿਹਾ, 'ਸਾਡੇ ਮੁਸਲਿਮ ਭਰਾਵਾਂ ਨੂੰ ਸੀ.ਏ.ਏ. ਦੇ ਮੁੱਦੇ ਉਤੇ ਭੜਕਾਇਆ ਜਾ ਰਿਹਾ ਹੈ। ਸੀ.ਏ.ਏ. ਰਾਹੀਂ ਕਿਸੇ ਦੀ ਨਾਗਰਿਕਤਾ ਨਹੀਂ ਖੋਹੀ ਜਾ ਸਕਦੀ ਕਿਉਂਕਿ ਇਸ ਕਾਨੂੰਨ 'ਚ ਅਜਿਹੀ ਕੋਈ ਮੱਦ ਨਹੀਂ ਹੈ। ਸੀ.ਏ.ਏ. ਉਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਬਣਾਇਆ ਗਿਆ ਹੈ ਜੋ ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਧਾਰਮਿਕ ਤਸ਼ੱਦਦ ਦਾ ਸਾਹਮਣਾ ਕਰਕੇ ਆਏ ਹਨ। ਇਸ ਕਾਨੂੰਨ ਦਾ ਕਿਸੇ ਨੂੰ ਵਿਰੋਧ ਨਹੀਂ ਕਰਨਾ ਚਾਹੀਦਾ।'

ਜ਼ਿਕਰਯੋਗ ਹੈ ਕਿ 2019 'ਚ ਸੰਸਦ ਵੱਲੋਂ ਸੀ.ਏ.ਏ. ਪਾਸ ਕੀਤੇ ਜਾਣ ਤੇ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਮਗਰੋਂ ਦੇਸ਼ ਦੇ ਕੁਝ ਹਿੱਸਿਆਂ ਵਿਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਸਨ। ਇਸ ਸਬੰਧੀ ਅਧਿਕਾਰੀਆਂ ਨੇ ਕਿਹਾ ਕਿ ਨਿਯਮ ਤਿਆਰ ਹਨ ਤੇ ਆਨਲਾਈਨ ਪੋਰਟਲ ਵੀ ਤਿਆਰ ਹੈ ਕਿਉਂਕਿ ਸਾਰੀ ਪ੍ਰਕਿਰਿਆ ਆਨਲਾਈਨ ਹੋਵੇਗੀ। ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ, 'ਅਸੀਂ (ਸਾਬਕਾ ਰਾਜ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਸੰਵਿਧਾਨ) ਧਾਰਾ 370 ਰੱਦ ਕਰ ਦਿੱਤੀ ਹੈ। ਇਸ ਲਈ ਸਾਨੂੰ ਭਰੋਸਾ ਹੈ ਕਿ ਦੇਸ਼ ਦੀ ਜਨਤਾ ਭਾਜਪਾ ਨੂੰ 370 ਸੀਟਾਂ ਤੇ ਐਨ.ਡੀ.ਏ. ਨੂੰ 400 ਤੋਂ ਵੱਧ ਸੀਟਾਂ ਉਤੇ ਜਿਤਾ ਕੇ ਆਪਣਾ ਆਸ਼ੀਰਵਾਦ ਦੇਵੇਗੀ।'

# ਨਾਂਦੇੜ: ਗੁਰਦੁਆਰਾ ਐਕਟ ਵਿਚ ਸੋਧ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ 1956 ਵਿਚ ਕੀਤੀ ਗਈ ਸੋਧ ਖ਼ਿਲਾਫ਼ ਨਾਂਦੇੜ ਵਿਚ ਸਿੱਖ ਭਾਈਚਾਰੇ ਨੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰ ਕੇ ਸੋਧ ਵਾਪਸ ਲੈਣ ਦੀ ਮੰਗ ਕੀਤੀ। ਪ੍ਰਦਰਸ਼ਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਤਖ਼ਤ ਸਾਹਿਬਾਨ ਵੱਲੋਂ ਪ੍ਰਤੀਨਿਧ ਸ਼ਾਮਲ ਹੋਏ। ਰੋਸ ਵਜੋਂ ਨਾਂਦੇੜ ਵਿਚ ਸਿੱਖ ਭਾਈਚਾਰੇ ਨੇ ਆਪਣੀਆਂ ਦੁਕਾਨਾਂ ਤੇ ਕਾਰੋਬਾਰ ਵੀ ਬੰਦ ਰੱਖੇ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਗਏ ਸੱਦੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸਿੱਖ ਵਫ਼ਦ ਹਜ਼ੂਰ ਸਾਹਿਬ ਪੁੱਜਿਆ ਅਤੇ ਰੋਸ ਵਿਖਾਵੇ ਵਿਚ ਸ਼ਮੂਲੀਅਤ ਕੀਤੀ। ਵਫ਼ਦ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾਕਟਰ ਦਲਜੀਤ ਸਿੰਘ ਚੀਮਾ, ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਮੈਂਬਰ ਅਜਮੇਰ ਸਿੰਘ ਖੇੜਾ ਤੇ ਹੋਰ ਸ਼ਾਮਲ ਸਨ।

ਸਰਕਾਰ ਦੀ ਇਸ ਕਾਰਵਾਈ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਤੋਂ ਪਹਿਲਾਂ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਗਈ, ਜਿਸ ਵਿਚ ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਸਮੇਤ ਪੰਜ ਪਿਆਰਿਆਂ ਤੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਸਨ। ਬਾਅਦ ਵਿਚ ਸਿੱਖ ਸੰਗਤ ਵੱਲੋਂ ਰੋਸ ਮਾਰਚ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਰੋਸ ਮਾਰਚ ਦੌਰਾਨ ਸੰਗਤ ਵੱਲੋਂ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕੀਤਾ ਗਿਆ ਅਤੇ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ ਗਈ। ਸੰਗਤ ਮਾਰਚ ਕਰਦੀ ਹੋਈ ਨਾਂਦੇੜ ਦੇ ਡਿਪਟੀ ਕਮਿਸ਼ਨਰ ਦਫ਼ਤਰ ਪੁੱਜੀ, ਜਿੱਥੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪ ਕੇ ਸੋਧ ਵਾਪਸ ਲੈਣ ਦੀ ਮੰਗ ਕੀਤੀ ਗਈ। ਵੇਰਵਿਆਂ ਮੁਤਾਬਕ ਐਕਟ ਵਿਚ ਸੋਧ ਕਰਦਿਆਂ ਸਰਕਾਰ ਵੱਲੋਂ ਨਾਮਜ਼ਦ ਸੱਤ ਮੈਂਬਰਾਂ ਦੀ ਗਿਣਤੀ ਵਧਾ ਕੇ 12 ਕਰ ਦਿੱਤੀ ਗਈ ਹੈ ਅਤੇ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੇ ਚਾਰ ਮੈਂਬਰਾਂ ਦੀ ਗਿਣਤੀ ਘਟਾ ਕੇ ਦੋ ਮੈਂਬਰ ਕਰ ਦਿੱਤੀ ਗਈ ਹੈ। ਨਵੇਂ ਬਿੱਲ ਮੁਤਾਬਕ ਚੀਫ ਖ਼ਾਲਸਾ ਦੀਵਾਨ ਤੇ ਹਜ਼ੂਰੀ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਬੋਰਡ 'ਚੋਂ ਮਨਫੀ ਕਰ ਦਿੱਤਾ ਗਿਆ ਹੈ। ਨਵੇਂ ਬਿੱਲ ਮੁਤਾਬਕ ਹੁਣ 17 ਮੈਂਬਰੀ ਬੋਰਡ ਵਿਚ ਸਰਕਾਰ ਵੱਲੋਂ ਨਾਮਜ਼ਦ 12 ਮੈਂਬਰ ਹੋਣਗੇ। ਇਸੇ ਤਰ੍ਹਾਂ ਤਿੰਨ ਮੈਂਬਰ ਚੋਣ ਜਿੱਤ ਕੇ ਆਉਣਗੇ ਅਤੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰ ਸਕੇਗੀ।




## ਸਿੱਖ ਗੁਰਧਾਮਾਂ ਉਤੇ ਕਬਜ਼ਾ ਕਰਨ ਦੀ ਕਾਰਵਾਈ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਦੇ ਢਾਂਚੇ 'ਚ ਛੇੜਛਾੜ ਸਿੱਖ ਗੁਰਧਾਮਾਂ ਉਤੇ ਕਬਜ਼ਾ ਕਰਨ ਦੀ ਕਾਰਵਾਈ ਹੈ, ਜਿਸ ਖ਼ਿਲਾਫ਼ ਸਿੱਖ ਜਗਤ ਅੰਦਰ ਵੱਡੇ ਰੋਸ ਦੀ ਲਹਿਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਦੇ ਐਕਟ 'ਚ ਮਨਮਰਜ਼ੀ ਨਾਲ ਸੋਧ ਕਰਨ ਨੂੰ ਸਿੱਖ ਧਰਮ 'ਚ ਸਿੱਧਾ ਦਖ਼ਲ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸਿੱਖ ਪੰਥ ਆਪਣੇ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖ਼ਲ ਬਰਦਾਸ਼ਤ ਨਹੀਂ ਕਰ ਸਕਦਾ।

## ਮਾਮਲਾ ਸੰਯੁਕਤ ਰਾਸ਼ਟਰ 'ਚ ਲਿਜਾਣ ਦਾ ਫੈਸਲਾ

**ਅੰਮ੍ਰਿਤਸਰ:** ਅਮਰੀਕਾ ਵਿਚਲੀਆਂ ਸਿੱਖ ਸੰਸਥਾਵਾਂ ਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ-1956 ਵਿਚ ਸੋਧ ਕਰ ਕੇ ਸਿੱਖ ਜਥੇਬੰਦੀਆਂ ਦੀ ਨੁਮਾਇੰਦਗੀ ਘੱਟ ਕਰਨ ਲਈ ਮਹਾਰਾਸ਼ਟਰ ਸਰਕਾਰ ਦੀ ਨਿਖੇਧੀ ਕੀਤੀ ਹੈ। ਜਥੇਬੰਦੀਆਂ ਨੇ ਇਹ ਮਾਮਲਾ ਸੰਯੁਕਤ ਰਾਸ਼ਟਰ ਆਫਿਸ ਆਫ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ ਕੋਲ ਰੱਖਣ ਦਾ ਐਲਾਨ ਕੀਤਾ ਹੈ। ਜਥੇਬੰਦੀਆਂ ਦੇ ਪ੍ਰਤੀਨਿਧ ਹਿੰਮਤ ਸਿੰਘ, ਡਾ. ਪ੍ਰਿਤਪਾਲ ਸਿੰਘ ਤੇ ਹਰਜਿੰਦਰ ਸਿੰਘ ਨੇ ਕਿਹਾ ਕਿ ਮਹਾਰਾਸ਼ਟਰ ਮੰਤਰੀ ਮੰਡਲ ਦਾ ਫੈਸਲਾ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਸਰਕਾਰੀ ਦਖਲਅੰਦਾਜ਼ੀ ਵਧਾਉਣ ਦਾ ਅਗਲਾ ਕਦਮ ਹੈ। ਇਸ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ।

## ਬਠਿੰਡਾ ਜੇਲ੍ਹ ਤੋਂ ਗੈਂਗਸਟਰ ਰਾਜਾ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ

**ਬਸੀ ਪਠਾਣਾਂ:** ਮੰਡੀ ਗੋਬਿੰਦਗੜ੍ਹ ਦੇ ਇਕ ਲੋਹਾ ਕਾਰੋਬਾਰੀ ਤੋਂ ਲੱਖਾਂ ਰੁਪਏ ਦੀ ਲੁੱਟ ਦੇ ਮਾਮਲੇ ਵਿਚ ਬਸੀ ਪਠਾਣਾਂ ਪੁਲਿਸ ਵੱਲੋਂ ਬਠਿੰਡਾ ਜੇਲ੍ਹ 'ਚ ਬੰਦ ਗੈਂਗਸਟਰ ਰਾਜੀਵ ਰਾਜਾ ਨੂੰ ਪ੍ਰੋਡਕਸ਼ਨ ਵਾਰੰਟ ਉਤੇ ਲਿਆਂਦਾ ਗਿਆ ਹੈ। ਜਾਣਕਾਰੀ ਅਨੁਸਾਰ 19 ਜਨਵਰੀ ਨੂੰ ਹਥਿਆਰਬੰਦਾਂ ਵੱਲੋਂ ਮੰਡੀ ਗੋਬਿੰਦਗੜ੍ਹ ਦੇ ਲੋਹਾ ਕਾਰੋਬਾਰੀ ਦੇ ਗੋਦਾਮ 'ਚ ਚੌਕੀਦਾਰ ਨੂੰ ਬੰਦੀ ਬਣਾ ਕੇ ਲੱਖਾਂ ਰੁਪਏ ਦੀ ਨਕਦੀ ਲੁੱਟ ਲਈ ਗਈ ਸੀ ਜਿਸ ਤੋਂ ਬਾਅਦ ਪੁਲਿਸ ਵੱਲੋਂ ਜਸਵੰਤ ਸਿੰਘ ਉਰਫ ਜੱਸਾ ਸਣੇ ਬਸੀ ਪਠਾਣਾਂ ਦੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਡੀ.ਐਸ.ਪੀ. ਮੋਹਿਤ ਸਿੰਗਲਾ ਨੇ ਦੱਸਿਆ ਕਿ ਜਸਵੰਤ ਸਿੰਘ ਨੇ ਪੁੱਛਗਿੱਛ ਦੌਰਾਨ ਖ਼ੁਲਾਸਾ ਕੀਤਾ ਸੀ ਕਿ ਉਸ ਨੂੰ ਹਥਿਆਰ ਰਾਜੀਵ ਰਾਜਾ ਵੱਲੋਂ ਮੁਹੱਈਆ ਕਰਵਾਇਆ ਗਿਆ ਸੀ ਜਿਸ ਕਾਰਨ ਰਾਜੀਵ ਰਾਜਾ ਨੂੰ ਪੁੱਛ-ਪੜਤਾਲ ਲਈ ਲਿਆਂਦਾ ਗਿਆ ਹੈ।

# ਬੋਰਡ 'ਚ ਸਿਰਫ਼ ਸਿੱਖ ਮੈਂਬਰ ਲੈਣ ਵਾਲਾ ਬਿਆਨ ਤਰਕਸੰਗਤ ਨਹੀਂ: ਧਾਮੀ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਸਬੰਧੀ ਐਕਟ ਵਿਚ ਕੀਤੀ ਗਈ ਸੋਧ ਬਾਰੇ ਮਹਾਰਾਸ਼ਟਰ ਸਰਕਾਰ ਵੱਲੋਂ ਦਿੱਤੇ ਗਏ ਸਪਸ਼ਟੀਕਰਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਦੇ ਮਾਮਲੇ ਵਿਚ ਮਹਾਰਾਸ਼ਟਰ ਸਰਕਾਰ ਦੀ ਅੜੀ ਨੂੰ ਸਿੱਖ ਭਾਵਨਾਵਾਂ ਦੀ ਅਣਦੇਖੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੁਣ ਇਹ ਕਹਿਣਾ ਕਿ ਬੋਰਡ ਵਿਚ ਸਿਰਫ ਸਿੱਖ ਮੈਂਬਰ ਹੀ ਲਏ ਜਾਣਗੇ, ਕਿਸੇ ਤਰ੍ਹਾਂ ਤਰਕਸੰਗਤ ਨਹੀਂ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਸਵਾਲ ਕੀਤਾ ਕਿ ਜਿਹੜੀਆਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਕਟੌਤੀ ਕੀਤੀ ਜਾ ਰਹੀ ਹੈ, ਕੀ ਉਨ੍ਹਾਂ ਵੱਲੋਂ ਨਾਮਜ਼ਦ ਮੈਂਬਰ ਸਿੱਖ ਨਹੀਂ ਸਨ?



ਉਨ੍ਹਾਂ ਕਿਹਾ ਕਿ ਸਰਕਾਰ ਦਾ ਸਪੱਸ਼ਟੀਕਰਨ ਸਿਰਫ਼ ਗੁਮਰਾਹ ਕਰਨ ਵਾਲਾ ਹੈ। ਸੱਚਾਈ ਇਹ ਹੈ ਕਿ ਸਰਕਾਰ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਸਿੱਖ ਮਾਮਲਿਆਂ 'ਚ ਇਸ ਤਰ੍ਹਾਂ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦਾ ਅਹਿਮ ਤਖ਼ਤ ਹੈ, ਜਿੱਥੋਂ ਦੇ ਪ੍ਰਬੰਧ ਅਤੇ ਸੇਵਾ ਸੰਭਾਲ ਲਈ 1956 ਵਿਚ ਬਣਾਏ ਗਏ ਐਕਟ ਨੂੰ ਖੰਡਤ ਕਰਨ ਅਤੇ ਤੋੜਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਹ ਹਰ ਪੱਖ ਤੋਂ ਸੋਚ ਵਿਚਾਰ ਕੇ ਹੀ ਕਾਇਮ ਕੀਤਾ ਗਿਆ ਸੀ। ਇਸ ਵਿਚ ਸਥਾਨਕ ਸਿੱਖਾਂ, ਨੁਮਾਇੰਦਾ ਸਿੱਖ ਸੰਸਥਾਵਾਂ, ਸਿੱਖ ਮੈਂਬਰ ਪਾਰਲੀਮੈਂਟ ਤੋਂ ਇਲਾਵਾ ਸਰਕਾਰ ਦੇ ਵੀ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਭੇਜਿਆ ਗਿਆ ਹੈ, ਜਿਸ 'ਤੇ ਉਨ੍ਹਾਂ ਨੂੰ ਤੁਰਤ ਕਾਰਵਾਈ ਕਰਨੀ ਚਾਹੀਦੀ ਹੈ।

## ਮਰਿਆਦਾ ਮਾਮਲਾ: ਕੋਲਕਾਤਾ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਅਯੋਗ ਕਰਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਇਕ ਆਦੇਸ਼ ਜਾਰੀ ਕਰਦਿਆਂ ਕੋਲਕਾਤਾ ਦੇ ਗੁਰਦੁਆਰਾ ਬੜਾ ਸਿੱਖ ਸੰਗਤ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤਜਿੰਦਰ ਸਿੰਘ ਵਾਲੀਆ ਨੂੰ ਰਹਿਤ ਮਰਿਆਦਾ ਦੀ ਉਲੰਘਣਾ ਦੇ ਦੋਸ਼ ਹੇਠ ਅਯੋਗ ਕਰਾਰ ਦਿੱਤਾ। ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਇਸ ਸਬੰਧ ਵਿਚ ਗੁਰਦੁਆਰਾ ਬੜਾ ਸਿੱਖ ਸੰਗਤ ਕੋਲਕਾਤਾ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਇਕ ਪੱਤਰ ਭੇਜ ਕੇ ਆਪਣੇ ਇਸ ਆਦੇਸ਼ ਬਾਰੇ ਜਾਣੂ ਕਰਵਾਇਆ ਗਿਆ। ਪੱਤਰ ਵਿਚ ਉਨ੍ਹਾਂ ਲਿਖਿਆ ਕਿ ਇਤਿਹਾਸਕ ਗੁਰਦੁਆਰਾ ਬੜਾ ਸਿੱਖ ਸੰਗਤ ਦੀ ਮੌਜੂਦਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤਜਿੰਦਰ ਸਿੰਘ ਵਾਲੀਆ 'ਤੇ ਗੰਭੀਰ ਦੋਸ਼ ਲੱਗੇ ਹਨ। ਇਸ ਸਬੰਧੀ ਸੰਗਤ ਦੀਆਂ ਸ਼ਿਕਾਇਤਾਂ ਤੋਂ ਬਾਅਦ ਪੜਤਾਲ ਕਰਵਾਈ ਗਈ ਹੈ ਤੇ ਪੜਤਾਲੀਆ ਰਿਪੋਰਟ ਵਿਚ ਉਸ ਨੂੰ ਰਹਿਤ ਮਰਿਆਦਾ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਪ੍ਰਧਾਨ ਵੱਲੋਂ ਕੋਲਕਾਤਾ ਸ਼ਹਿਰ 'ਚ ਸ਼ਰਾਬ ਦੇ ਕਈ ਠੇਕੇ ਅਤੇ ਹੁੱਕਾ ਬਾਰ ਚਲਾਏ ਜਾ ਰਹੇ ਹਨ। ਜੋ ਕਿ ਸਿੱਖ ਰਹਿਤ ਮਰਿਆਦਾ ਦੀ ਘੋਰ ਉਲੰਘਣਾ ਹੈ। ਜਥੇਦਾਰ ਨੇ ਆਖਿਆ ਕਿ ਜਾਂਚ ਰਿਪੋਰਟ ਨੂੰ ਵਿਚਾਰਨ ਮਗਰੋਂ ਤਜਿੰਦਰ ਸਿੰਘ ਵਾਲੀਆ ਨੂੰ ਕਿਸੇ ਵੀ ਅਹੁਦੇ ਉਤੇ ਸੇਵਾ ਕਰਨ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕੋਲਕਾਤਾ ਦੀ ਸਮੂਹ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੱਤਾ ਹੈ ਕਿ ਉਹ ਪ੍ਰਧਾਨ ਦੇ ਅਹੁਦੇ ਵਾਸਤੇ ਕਿਸੇ ਯੋਗ ਵਿਅਕਤੀ ਨੂੰ ਨਿਯੁਕਤ ਕਰੇ ਅਤੇ ਇਸ ਸਬੰਧੀ ਰਿਪੋਰਟ ਇਕ ਹਫਤੇ 'ਚ ਵਿਚ ਸ੍ਰੀ ਅਕਾਲ ਤਖ਼ਤ ਨੂੰ ਭੇਜੀ ਜਾਵੇ।

# ਕੇਂਦਰੀ ਅਜਾਇਬ ਘਰ 'ਚ ਸਿੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸਥਾਪਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ 8 ਸਿੱਖ ਸ਼ਖ਼ਸੀਅਤਾਂ ਦੀਆ ਤਸਵੀਰਾਂ ਸਥਾਪਿਤ ਕੀਤੀਆਂ ਹਨ। ਇਨ੍ਹਾਂ 'ਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਸਿੰਘ, ਜਥੇਦਾਰ ਮਾਨ ਸਿੰਘ ਹੰਭੋ, ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਜਥੇਦਾਰ ਰਤਨ ਸਿੰਘ ਜਫ਼ਰਵਾਲ, ਬੱਬਰ ਅਕਾਲੀ ਜਰਨੈਲ ਸਿੰਘ ਕਾਲਰੇ, ਬਾਬਾ ਜੰਗ ਸਿੰਘ ਸੰਪ੍ਰਦਾ ਮੁਖੀ ਬੁੰਗਾ ਮਸਤੂਆਣਾ, ਬਾਬਾ ਚੰਦਾ ਸਿੰਘ ਮਹੰਤ, ਸਿੱਖ ਇਤਿਹਾਸਕਾਰ ਸਵਰਨ ਸਿੰਘ ਚੂਸਲੇਵੜ੍ਹ ਤੇ ਕਥਾਵਾਚਕ ਗਿਆਨੀ ਦਲੀਪ ਸਿੰਘ ਦੀਆਂ ਤਸਵੀਰਾਂ ਸ਼ਾਮਲ ਹਨ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਤੇ ਮੈਂਬਰ ਭਾਈ ਮਨਜੀਤ ਸਿੰਘ ਨੇ ਨਿਭਾਈ।

ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਸਿੱਖ ਮਿਸ਼ਨਰੀ ਕਾਲਜ ਦੀ ਸਥਾਪਨਾ ਕਰਕੇ ਕੌਮ ਨੂੰ ਅਨੇਕਾਂ ਪ੍ਰਚਾਰਕ ਦਿੱਤੇ। ਜਥੇਦਾਰ ਮਾਨ ਸਿੰਘ ਹੰਭੋ ਨੇ ਕਈ ਮੋਰਚਿਆਂ ਵਿਚ ਸ਼ਾਮਲ ਹੋ ਕੇ ਗ੍ਰਿਫ਼ਤਾਰੀ ਦਿੱਤੀ ਤੇ ਜੇਲ੍ਹ ਕੱਟੀ। ਉਹ 20 ਸਾਲ ਸ਼੍ਰੋਮਣੀ ਕਮੇਟੀ ਮੈਂਬਰ ਵੀ ਰਹੇ। ਇਸੇ ਤਰ੍ਹਾਂ ਜਥੇਦਾਰ ਰਤਨ ਸਿੰਘ ਜਫ਼ਰਵਾਲ ਨੇ ਵੀ ਪੰਜਾਬੀ ਸੂਬਾ ਮੋਰਚਾ ਤੇ ਧਰਮ ਯੁੱਧ ਮੋਰਚੇ ਦੌਰਾਨ ਜੇਲ੍ਹ ਕੱਟੀ। ਬੱਬਰ ਅਕਾਲੀ ਜਰਨੈਲ ਸਿੰਘ ਕਾਲਰੇ ਨੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਦੌਰਾਨ ਬੱਬਰ ਅਕਾਲੀ ਲਹਿਰ ਵਿਚ ਅਹਿਮ ਯੋਗਦਾਨ ਪਾਇਆ।



# ਹੇਮਕੁੰਟ ਸਾਹਿਬ ਵਿਚ ਛੇ-ਛੇ ਫੁੱਟ ਤੱਕ ਬਰਫ ਪਈ

**ਅੰਮ੍ਰਿਤਸਰ:** ਉਤਰਾਖੰਡ ਵਿਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ ਉਤੇ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਪਿਛਲੇ ਦਿਨੀਂ ਹੋਈ ਭਾਰੀ ਬਰਫਬਾਰੀ ਦੌਰਾਨ 6-6 ਫੁੱਟ ਤੱਕ ਬਰਫ਼ ਪੈਣ ਦਾ ਅਨੁਮਾਨ ਹੈ। ਮੈਨੇਜਮੈਂਟ ਟਰੱਸਟ ਦੀ ਟੀਮ ਗੁਰੂਘਰ ਦਾ ਜਾਇਜ਼ਾ ਲੈਣ ਗਈ ਸੀ ਜੋ ਬਰਫ਼ ਕਾਰਨ ਗੁਰਦੁਆਰਾ ਗੋਬਿੰਦ ਘਾਟ ਤੱਕ ਹੀ ਪਹੁੰਚ ਸਕੀ। ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੁਖੀ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਸਬੰਧੀ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਕਰਮਚਾਰੀ ਬੀਤੇ ਦਿਨੀਂ ਸਥਿਤੀ ਦਾ ਜਾਇਜ਼ਾ ਲੈਣ ਗਏ ਸਨ ਪਰ ਉਹ ਗੁਰਦੁਆਰਾ ਹੇਮਕੁੰਟ ਸਾਹਿਬ ਤੋਂ 6 ਕਿਲੋਮੀਟਰ ਹੇਠਾਂ ਗੁਰਦੁਆਰਾ ਗੋਬਿੰਦ ਧਾਮ ਤੱਕ ਹੀ ਪੁੱਜ ਸਕੇ ਜਿੱਥੇ ਇਸ ਵੇਲੇ ਤਿੰਨ ਤੋਂ ਚਾਰ ਫੁੱਟ ਤੱਕ ਬਰਫ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਗੋਬਿੰਦ ਘਾਟ ਤੋਂ 7 ਕਿਲੋਮੀਟਰ ਦੂਰ ਸਮੁੱਚੇ ਰਸਤੇ ਵਿਚ ਬਰਫ ਪਈ ਹੋਈ ਹੈ। ਹੈਲੀਪੈਡ ਤੇ ਉਸ ਦੇ ਨਾਲ ਲਗਦਾ ਸਾਰਾ ਖੇਤਰ ਵੀ ਬਰਫ ਨਾਲ ਢਕਿਆ ਹੋਇਆ ਹੈ।



ਉਨ੍ਹਾਂ ਦੱਸਿਆ ਕਿ ਗੁਰਦੁਆਰਾ ਗੋਬਿੰਦ ਧਾਮ ਤੋਂ ਅੱਗੇ ਹੇਮ ਗੰਗਾ ਅਤੇ ਪੁਸ਼ਪਾ ਨਦੀ ਦੇ ਉੱਪਰ ਪੂਰੀ ਤਰ੍ਹਾਂ ਗਲੇਸ਼ੀਅਰ ਬਣਿਆ ਹੋਇਆ ਹੈ ਜਿਸ ਨੂੰ ਪਾਰ ਕਰ ਕੇ ਉਹ ਅੱਗੇ ਨਹੀਂ ਵਧ ਸਕੇ। ਉਨ੍ਹਾਂ ਦਾ ਅਨੁਮਾਨ ਹੈ ਕਿ ਜੇ ਗੁਰਦੁਆਰਾ ਗੋਬਿੰਦ ਧਾਮ ਵਿੱਚ ਇਸ ਵੇਲੇ ਤਿੰਨ ਤੋਂ ਚਾਰ ਫੁੱਟ ਤੱਕ ਬਰਫ ਹੈ ਤਾਂ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਛੇ ਤੋਂ ਸੱਤ ਫੁੱਟ ਤੱਕ ਬਰਫ ਪਈ ਹੋਵੇਗੀ। ਉਨ੍ਹਾਂ ਕਿਹਾ ਕਿ ਗਲੇਸ਼ੀਅਰਾਂ ਦੇ ਘੱਟ ਰਹੇ ਆਕਾਰ ਵਾਸਤੇ ਇਹ ਬਰਫਬਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜੇ ਇਸ ਵੇਲੇ ਹੋਰ ਬਰਫਬਾਰੀ ਹੁੰਦੀ ਹੈ ਤਾਂ ਯਾਤਰਾ ਦੀ ਤਿਆਰੀ ਵੇਲੇ ਰਸਤੇ ਤਿਆਰ ਕਰਨ ਸਮੇਂ ਮੌਸਮ ਖੁੱਲ੍ਹ ਜਾਵੇਗਾ ਅਤੇ ਭਾਰਤੀ ਫ਼ੌਜ ਦੇ ਜਵਾਨਾਂ ਨੂੰ ਰਸਤੇ ਤਿਆਰ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਵੇਗੀ। ਇਸ ਨਾਲ ਯਾਤਰਾ ਵੀ ਸਮੇਂ 'ਤੇ ਸ਼ੁਰੂ ਕੀਤੀ ਜਾ ਸਕੇਗੀ। ਗੁਰਦੁਆਰਾ ਗੋਬਿੰਦ ਘਾਟ ਦੀ ਪ੍ਰਬੰਧਕੀ ਕਮੇਟੀ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਗੁਰਦੁਆਰਾ ਗੋਬਿੰਦ ਘਾਟ ਤੋਂ ਗੁਰਦੁਆਰਾ ਗੋਬਿੰਦ ਧਾਮ ਦੇ ਰਸਤੇ ਵਿਚ ਆਉਂਦੇ ਪੁਲ ਅਤੇ ਰਸਤੇ ਦੀ ਮੁਰੰਮਤ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ।

# ਐਨ.ਆਰ.ਆਈਜ਼ ਦੀਆਂ ਜ਼ਮੀਨਾਂ ਦੱਬਣ ਵਾਲਿਆਂ ਖਿਲਾਫ ਸਖਤੀ ਦੀ ਤਿਆਰੀ

**ਮੋਗਾ:** ਪੰਜਾਬ ਸਰਕਾਰ ਐਨ.ਆਰ.ਆਈ. ਪਰਿਵਾਰਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਕਰਨ ਦੇ ਰੌਂਅ ਵਿਚ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਬੁੱਘੀਪੁਰਾ ਤੇ ਤਖਾਣਵੱਧ ਪੁੱਜ ਕੇ ਵਿਭਾਗ ਨੂੰ ਮਿਲੀਆਂ ਸ਼ਿਕਾਇਤਾਂ ਸਬੰਧੀ ਹਕੀਕਤ 'ਚ ਜਾਇਜ਼ਾ ਲਿਆ ਤੇ ਐਸ.ਡੀ.ਐਮ. ਨੂੰ ਹਦਾਇਤ ਦਿੱਤੀ ਕਿ ਐਨ.ਆਰ.ਆਈ. ਪਰਿਵਾਰਾਂ ਦੇ ਮਸਲੇ ਨਿਬੇੜਨ ਲਈ ਡਿਪਟੀ ਕਮਿਸ਼ਨਰ ਨੂੰ 21 ਫਰਵਰੀ ਤੱਕ ਰਿਪੋਰਟ ਭੇਜੀ ਜਾਵੇ।



ਜਾਣਕਾਰੀ ਅਨੁਸਾਰ ਕੈਬਨਿਟ ਮੰਤਰੀ ਨੇ ਬੁੱਘੀਪੁਰਾ ਚੌਕ ਨੇੜੇ ਤਿੰਨ ਐਨ.ਆਰ.ਆਈ. ਭਰਾਵਾਂ ਦੀ 9 ਏਕੜ ਜ਼ਮੀਨ ਉਤੇ ਕਲੋਨਾਈਜ਼ਰ ਵੱਲੋਂ ਕੀਤੇ ਕਥਿਤ ਕਬਜ਼ੇ ਸਬੰਧੀ ਐਸ.ਡੀ.ਐਮ. ਨੂੰ ਹਦਾਇਤ ਦਿੱਤੀ ਹੈ ਕਿ ਦੋਵੇਂ ਧਿਰਾਂ ਨੂੰ ਸਾਹਮਣੇ ਬਿਠਾ ਕੇ ਕਾਨੂੰਨ ਅਨੁਸਾਰ ਰਜਿਸਟਰੀ ਆਦਿ ਕਰਵਾ ਕੇ ਮਸਲਾ ਨਿਬੇੜਿਆ ਜਾਵੇ। ਇਸੇ ਤਰ੍ਹਾਂ ਪਿੰਡ ਤਖਾਣਵੱਧ ਵਿਚ ਪੰਚਾਇਤ ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਐਨ.ਆਰ.ਆਈ. ਲਾਲ ਸਿੰਘ ਤੇ ਉਨ੍ਹਾਂ ਦੀ ਧੀ ਕਮਲਜੀਤ ਕੌਰ ਦੀ ਜ਼ਮੀਨ ਨਾਲ ਲੱਗਦੀ ਹੱਡਾਰੋੜੀ ਦੀ ਜ਼ਮੀਨ ਉਤੇ ਨਾਜਾਇਜ਼ ਖਣਨ ਕਰਵਾਉਣ ਮਗਰੋਂ ਉਸ ਵਿਚ ਪਾਣੀ ਭਰਨ ਕਾਰਨ ਸ਼ਿਕਾਇਤਕਰਤਾ ਦੇ ਖੇਤਾਂ ਦੀ ਜ਼ਮੀਨ ਖੁਰਨ ਦੇ ਮਾਮਲੇ ਦਾ ਨਿਬੇੜਾ ਕਰਵਾ ਕੇ 21 ਫਰਵਰੀ ਤੱਕ ਡੀ.ਸੀ. ਨੂੰ ਰਿਪੋਰਟ ਭੇਜਣ ਲਈ ਕਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਹੀ ਅਰਥਾਂ ਵਿਚ ਰੰਗਲੇ ਪੰਜਾਬ ਦੀ ਕਲਪਨਾ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਇਸ ਲਈ ਸਰਕਾਰ ਪਰਵਾਸੀ ਭਾਈਚਾਰੇ ਦੀਆਂ ਸਮੱਸਿਆਵਾਂ ਦਾ ਮਿਥੇ ਸਮੇਂ ਵਿਚ ਨਿਪਟਾਰਾ ਕਰਨ ਲਈ ਵਿਸ਼ੇਸ਼ ਪਾਲਿਸੀ ਤਿਆਰ ਕਰ ਰਹੀ ਹੈ।

ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਉਨ੍ਹਾਂ ਦਾ ਹੈ ਤੇ ਸਰਕਾਰ ਉਨ੍ਹਾਂ ਦੀਆਂ ਜ਼ਮੀਨਾਂ, ਕਾਰੋਬਾਰ ਅਤੇ ਜਾਨ-ਮਾਲ ਦੀ ਰਾਖੀ ਕਰਨ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਮੋਗਾ ਜ਼ਿਲ੍ਹੇ ਦੇ ਐਨ.ਆਰ.ਆਈਜ਼. ਦੀ ਮਿਲਣੀ 22 ਫਰਵਰੀ ਨੂੰ ਫਿਰੋਜ਼ਪੁਰ ਵਿਚ ਹੋਵੇਗੀ। ਜ਼ਿਕਰਯੋਗ ਹੈ ਕਿ ਮੂਲ ਰੂਪ ਵਿਚ ਪਿੰਡ ਤਖਾਣਵੱਧ ਦੇ ਰਹਿਣ ਵਾਲੇ ਐਨ.ਆਰ.ਆਈ. ਲਾਲ ਸਿੰਘ ਢਿੱਲੋਂ ਦੀ ਧੀ ਕਮਲਜੀਤ ਕੌਰ ਢਿੱਲੋਂ ਨੇ ਸ਼ਿਕਾਇਤ ਦਿੱਤੀ ਹੈ ਕਿ ਪੰਚਾਇਤ ਨੇ ਹੱਡਾ ਰੋੜੀ ਦੀ ਜ਼ਮੀਨ 'ਚੋਂ ਬਿਨਾ ਮਨਜ਼ੂਰੀ ਤੋਂ ਜੇ.ਸੀ.ਬੀ. ਮਸ਼ੀਨਾ ਨਾਲ 30 ਤੋਂ 35 ਫੁੱਟ ਮਿੱਟੀ ਪੱਟੀ ਤੇ ਮਗਰੋਂ ਇਹ ਖੱਡ ਪਾਣੀ ਨਾਲ ਭਰ ਦਿੱਤੀ। ਇਸ ਕਾਰਨ ਨਾਲ ਲੱਗਦੀ ਉਨ੍ਹਾਂ ਦੀ ਜ਼ਮੀਨ ਨੂੰ ਥਾਂ-ਥਾਂ ਤੋਂ ਖੋਰਾ ਲੱਗ ਰਿਹਾ ਹੈ ਤੇ ਜ਼ਮੀਨ ਬਰਬਾਦ ਹੋ ਰਹੀ ਹੈ। ਮਾਲ ਰਿਕਾਰਡ ਵਿਚ ਹੱਡਾ ਰੋੜੀ ਲਈ 2 ਕਨਾਲ ਜ਼ਮੀਨ ਦਾ ਰਿਕਾਰਡ ਹੈ, ਪਰ ਨਾਜਾਇਜ਼ ਖਣਨ ਹੋਣ ਕਰਕੇ ਅਸਲ ਵਿਚ ਇਸ ਦੀ ਹੋਂਦ ਖਤਮ ਹੋ ਗਈ ਹੈ।

ਜਾਣਕਾਰੀ ਅਨੁਸਾਰ ਪਿੰਡ ਬੁੱਘੀਪੁਰਾ ਦੇ ਐਨ.ਆਰ.ਆਈ. ਪਰਮਜੀਤ ਸਿੰਘ ਗਿੱਲ ਸਣੇ ਤਿੰਨ ਭਰਾਵਾਂ ਨੇ ਸ਼ਿਕਾਇਤ ਦਿੱਤੀ ਹੈ ਕਿ ਉਨ੍ਹਾਂ 28 ਜਨਵਰੀ 2021 ਨੂੰ ਆਪਣੀ 12 ਏਕੜ ਜ਼ਮੀਨ ਦਾ ਸੌਦਾ ਕੀਤਾ ਸੀ, ਜਿਸ ਦੀ ਰਜਿਸਟਰੀ ਕਰਵਾਉਣ ਦੀ ਪਹਿਲੀ ਮਿਆਦ 31 ਦਸੰਬਰ 2022 ਲੰਘਣ ਮਗਰੋਂ ਤਰੀਕ ਅੱਗੇ ਵਧਾ ਲਈ ਸੀ। ਇਸ ਦੌਰਾਨ ਖਰੀਦਦਾਰ ਨੇ ਤਿੰਨ ਏਕੜ ਜ਼ਮੀਨ ਦੀ ਰਜਿਸਟਰੀ ਕਰਵਾਈ, ਪਰ ਕਬਜ਼ਾ 12 ਏਕੜ ਉਤੇ ਕਰ ਲਿਆ। ਨਾ ਉਹ 9 ਏਕੜ ਜ਼ਮੀਨ ਦੀ ਰਜਿਸਟਰੀ ਕਰਵਾ ਰਹੇ ਹਨ ਤੇ ਨਾ ਹੀ ਕਬਜ਼ਾ ਛੱਡ ਰਹੇ ਹਨ।

## ਕੁੜੀ ਨੇ ਲੁਟੇਰੇ ਦੇ ਘਰ ਜਾ ਕੇ ਵਾਪਸ ਲਿਆਂਦਾ ਫੋਨ

**ਬਠਿੰਡਾ:** ਸਥਾਨਕ ਸ਼ਹਿਰ ਦੀ ਇਕ ਲੜਕੀ ਨੇ ਆਪਣੇ ਲੁੱਟੇ ਗਏ ਫੋਨ ਦੀ ਲੋਕੇਸ਼ਨ ਦਾ ਪਿੱਛਾ ਕਰਕੇ ਲੁਟੇਰਿਆਂ ਦੇ ਘਰ ਦਾ ਪਤਾ ਲਗਾਇਆ ਤੇ ਉਨ੍ਹਾਂ ਨਾਲ ਲੜਾਈ ਕਰਕੇ ਆਪਣਾ ਫੋਨ ਵਾਪਸ ਲੈਣ ਦੀ ਬਹਾਦਰੀ ਦਿਖਾਈ ਹੈ। ਇਹ ਘਟਨਾ ਹੰਸ ਰੋਡ ਬਠਿੰਡਾ ਦੀ ਹੈ, ਜਿਥੇ ਚਾਰ ਦਿਨ ਪਹਿਲਾਂ ਲੜਕੀ ਦਾ ਮੋਬਾਈਲ ਫੋਨ ਖੋਹਿਆ ਗਿਆ ਸੀ। ਲੜਕੀ ਦੇ ਪਿਤਾ ਨੇ ਇਸ ਦੀ ਐਸ.ਐਸ.ਪੀ. ਨੂੰ ਸ਼ਿਕਾਇਤ ਦਿੱਤੀ ਸੀ, ਪਰ ਪੁਲਿਸ ਵੱਲੋਂ ਫ਼ੋਨ ਦੀ ਬਰਾਮਦਗੀ ਨਾ ਕਰਵਾ ਸਕਣ ਉਤੇ ਲੜਕੀ ਨੇ ਆਪਣੇ ਪੱਧਰ 'ਤੇ ਫੋਨ ਦੀ ਲੋਕੇਸ਼ਨ ਪਤਾ ਲਗਾਈ। ਪ੍ਰਾਪਤ ਜਾਣਕਾਰੀ ਅਨੁਸਾਰ ਅਪੋਲੋ ਹਸਪਤਾਲ ਦਿੱਲੀ 'ਚ ਤਾਇਨਾਤ 24 ਸਾਲਾ ਨਿਕਿਤਾ ਸ਼ਰਮਾ ਕਿਸੇ ਦੀ ਕਾਲ ਸੁਣਨ ਮਗਰੋਂ ਜਦੋਂ ਫੋਨ ਆਪਣੇ ਪਰਸ ਵਿਚ ਪਾਉਣ ਲੱਗੀ ਤਾਂ ਉਸ ਵੇਲੇ ਦਾਅ ਲਾ ਕੇ ਬੈਠਾ ਲੁਟੇਰਾ ਉਸ ਦਾ ਫੋਨ ਝਪਟ ਕੇ ਫਰਾਰ ਹੋ ਗਿਆ।



ਨਿਕਿਤਾ ਨੇ ਫੌਰੀ 112 ਨੰਬਰ ਉਤੇ ਕਾਲ ਕੀਤੀ ਤੇ ਨੇੜਲੀ ਕੈਨਾਲ ਕਲੋਨੀ ਥਾਣੇ 'ਚ ਵੀ ਗਈ। ਨਿਕਿਤਾ ਦੇ ਪਿਤਾ ਤੇ ਹਿੰਦੀ ਅਖਬਾਰ ਦੇ ਪੱਤਰਕਾਰ ਪ੍ਰਦੀਪ ਸ਼ਰਮਾ ਅਨੁਸਾਰ ਨਿਕਿਤਾ ਆਪਣੇ ਪੱਧਰ ਉਤੇ ਆਧੁਨਿਕ ਤਕਨੀਕ ਦੇ ਸਹਾਰੇ ਲੁਟੇਰੇ ਦੀ ਪਛਾਣ ਕਰਕੇ ਉਸ ਦੇ ਘਰ ਤੱਕ ਪੁੱਜ ਗਈ ਪਰ ਉਨ੍ਹਾਂ ਕਿਸੇ ਟਕਰਾਅ ਤੋਂ ਬਚਦਿਆਂ ਆਪਣੀ ਬੇਟੀ ਨੂੰ ਕਾਨੂੰਨ ਹੱਥ ਵਿਚ ਲੈਣ ਤੋਂ ਰੋਕਿਆ। ਇਸ ਮਗਰੋਂ ਪ੍ਰਦੀਪ ਸ਼ਰਮਾ ਆਪਣੇ ਪੱਤਰਕਾਰ ਸਾਥੀਆਂ ਨਾਲ ਐਸ.ਐਸ.ਪੀ. ਦਫ਼ਤਰ ਪੁੱਜੇ ਤੇ ਸ਼ਿਕਾਇਤ ਦਰਜ ਕਰਵਾਈ। ਇਸ ਮੌਕੇ ਪੁਲਿਸ ਅਧਿਕਾਰੀ ਨੇ ਕਾਰਵਾਈ ਦਾ ਭਰੋਸਾ ਦਿਵਾ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ। ਲੰਮਾ ਸਮਾਂ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕੀਤੀ ਹੈ ... 

## ਭਗਵੰਤ ਨੇ ਸਰਕਾਰ ਦੀ ਵਾਗਡੋਰ ਕੇਜਰੀਵਾਲ ਹੱਥ ਸੌਂਪੀ: ਸੁਖਬੀਰ

**ਤਰਨ ਤਾਰਨ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵੱਲੋਂ ਸ਼ੁਰੂ ਕੀਤੀ 'ਪੰਜਾਬ ਬਚਾਓ ਯਾਤਰਾ' ਦੌਰਾਨ ਸਰਹੱਦੀ ਖੇਤਰ ਦੇ ਵਿਧਾਨ ਸਭਾ ਹਲਕਾ ਪੱਟੀ ਅਤੇ ਖੇਮਕਰਨ ਦੇ ਲੋਕਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ 'ਆਪ' ਸਰਕਾਰ 'ਤੇ ਸਰਹੱਦੀ ਪੱਟੀ 'ਚ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ 'ਚ ਨਾਕਾਮ ਰਹਿਣ ਦਾ ਦੋਸ਼ ਲਾਇਆ।

ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਸਰਹੱਦੀ ਪੱਟੀ ਵਾਸਤੇ ਵਿਸ਼ੇਸ਼ ਪੈਕੇਜ ਲੈਣ ਦਾ ਯਤਨ ਕਰੇਗਾ ਤਾਂ ਜੋ ਇਥੇ ਉਦਯੋਗਿਕ ਇਕਾਈਆਂ ਸਥਾਪਤ ਕਰਨ ਅਤੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣਗੇ। ਬਾਦਲ ਨੇ 'ਆਪ' ਸਰਕਾਰ ਉਤੇ ਸਰਹੱਦੀ ਪੱਟੀ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਇਲਾਕੇ ਦੇ ਲੋਕਾਂ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਹੈ ਕਿ ਸਰਹੱਦੀ ਸਕੂਲਾਂ ਵਿਚ ਅਧਿਆਪਕ ਨਹੀਂ ਹਨ ਤੇ ਡਿਸਪੈਂਸਰੀਆਂ ਸਿਰਫ ਕਾਗ਼ਜ਼ਾਂ ਵਿਚ ਚੱਲ ਹੀ ਰਹੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਹੱਦੀ ਇਲਾਕੇ ਦੇ ਵਿਧਾਇਕ ਕਥਿਤ ਗ਼ੈਰ-ਕਾਨੂੰਨੀ ਖਣਨ 'ਚ ਲੱਗੇ ਹੋਏ ਹਨ ਤੇ ਸਮਾਜ ਭਲਾਈ ਕਾਰਜ ਕਰਨ ਦੀ ਥਾਂ ਉਹ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਰਡਰ ਬੈਲਟ ਵਿੱਚ ਹਮੇਸ਼ਾ ਹੀ ਸਿੱਖਿਆ, ਸਿਹਤ ਤੇ ਖੇਡਾਂ ਸਬੰਧੀ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਦਾ ਹਮਾਇਤੀ ਰਿਹਾ ਹੈ ਅਤੇ ਸੂਬੇ 'ਚ ਸੱਤਾ ਵਿਚ ਆਉਣ ਉਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਇਲਾਕੇ ਵਿਕਾਸ ਦੀ ਯੋਜਨਾ ਉਲੀਕੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰ ਪਿੰਡਾਂ ਤੋਂ ਚਲਾਉਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੇ ਸਰਕਾਰ ਦੀ ਵਾਗਡੋਰ ਅਰਵਿੰਦ ਕੇਜਰੀਵਾਲ ਦੇ ਹੱਥ ਸੌਂਪ ਦਿੱਤੀ।

## ਭਾਨਾ ਸਿੱਧੂ ਦੇ ਪਰਿਵਾਰਕ ਮੈਂਬਰਾਂ ਸਣੇ 200 ਖਿਲਾਫ ਕੇਸ ਦਰਜ

**ਧਨੌਲਾ:** ਧਨੌਲਾ ਪੁਲਿਸ ਵੱਲੋਂ ਭਾਨਾ ਸਿੱਧੂ ਦੇ ਪਰਿਵਾਰਕ ਮੈਂਬਰਾਂ ਸਮੇਤ ਲਗਭਗ 150 ਤੋਂ 200 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਅਤੇ ਭੰਨ-ਤੋੜ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤੇ ਗਏ ਹਨ।

ਜ਼ਿਕਰਯੋਗ ਹੈ ਭਾਨਾ ਸਿੱਧੂ ਦੀ ਗ੍ਰਿਫ਼ਤਾਰੀ ਸਬੰਧੀ ਵੱਖ-ਵੱਖ ਜਥੇਬੰਦੀਆਂ ਵੱਲੋਂ ਬੀਤੀ 3 ਫਰਵਰੀ ਨੂੰ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਘੇਰਨ ਦਾ ਐਲਾਨ ਕੀਤਾ ਗਿਆ ਸੀ ਜਿਸ ਤਹਿਤ ਰਵਾਨਾ ਹੋਣ ਮੌਕੇ ਬਡਬਰ ਟੌਲ ਪਲਾਜ਼ਾ ਉਤੇ ਭਾਨਾ ਸਿੱਧੂ ਦੇ ਸਮਰਥਕਾਂ ਅਤੇ ਜਥੇਬੰਦੀਆਂ ਦਰਮਿਆਨ ਮਾਹੌਲ ਗਰਮਾ ਗਿਆ ਸੀ। ਇਸ ਸਬੰਧਤ ਕਾਰਵਾਈ ਕਰਦਿਆਂ ਧਨੌਲਾ ਪੁਲਿਸ ਵੱਲੋਂ 3 ਫਰਵਰੀ ਨੂੰ ਐਫ.ਆਈ.ਆਰ ਦਰਜ ਕੀਤੀ ਗਈ ਹੈ।

ਦਰਜ ਐਫ.ਆਈ.ਆਰ. ਅਨੁਸਾਰ ਪੁਲਿਸ ਦੇ ਸਮਝਾਉਣ ਦੇ ਬਾਵਜੂਦ ਭੀੜ ਨੂੰ ਵਾਰ-ਵਾਰ ਪੁਲਿਸ ਉਤੇ ਹਮਲਾ ਕਰਨ ਲਈ ਉਕਸਾਉਣ ਤੇ ਅਣਪਛਾਤੇ ਵਿਅਕਤੀ ਵੱਲੋਂ ਡਿਊਟੀ ਉਤੇ ਤਾਇਨਾਤ ਸਹਾਇਕ ਥਾਣੇਦਾਰ ਜਗਦੀਪ ਸਿੰਘ ਸੀ.ਆਈ.ਏ. ਬਰਨਾਲਾ ਉਤੇ ਕਿਰਪਾਨ ਨਾਲ ਜਾਨਲੇਵਾ ਹਮਲਾ ਕਰਨ ਬਾਰੇ ਲਿਖਿਆ ਹੈ। ਮੁਲਜ਼ਮਾਂ ਵਿਚ ਭਾਨਾ ਸਿੱਧੂ ਦਾ ਪਿਤਾ ਬਿੱਕਰ ਸਿੰਘ, ਭਰਾ ਅਮਨਾ ਸਿੰਘ, ਭੈਣਾਂ ਕਿਰਨਪਾਲ ਕੌਰ ਤੇ ਸੁਖਪਾਲ ਕੌਰ, ਸਰਬਜੀਤ ਸਿੰਘ ਸਰਪੰਚ ਵਾਸੀਆਨ ਕੋਟਦੱਨਾ, ਪੰਚ ਰਣਜੀਤ ਸਿੰਘ, ਕੁਲਵਿੰਦਰ ਸਿੰਘ ਖਾਲਸਤਾਨੀ ਵਾਸੀ ਕੱਟੂ, ਲੱਖਾ ਸਿਧਾਣਾ, ਗੁਰਵਿੰਦਰ ਸਿੰਘ ਉਰਫ ਗੰਗ, ਸੁਖਪਾਲ ਸਿੰਘ, ਗੁਰਵਿੰਦਰ ਸਿੰਘ ਉਰਫ ਗਿੱਲ, ਬਲਜਿੰਦਰ ਸਿੰਘ ਉਰਫ ਕਿੱਦਾ, ਪ੍ਰਿਤਪਾਲ ਸਿੰਘ ਵਾਸੀਆਨ ਕੋਟਦੁੱਨਾ, ਗੁਰਮੁੱਖ ਸਿੰਘ ਵਾਸੀ ਧਨੌਲਾ, ਜੱਸੀ ਨਿਹੰਗ ਵਾਸੀ ਧਨੌਲਾ, ਅਮਰੀਕ ਸਿੰਘ ਵਾਸੀ ਭੈਣੀ ਜੱਸਾ ਤੇ 150-200 ਅਣਪਛਾਤੇ ਵਿਅਕਤੀ ਸ਼ਾਮਲ ਹਨ।

## ਲਾਰੈਂਸ ਗਰੋਹ ਦੇ ਅੱਠ ਮੈਂਬਰ ਹਥਿਆਰਾਂ ਸਣੇ ਗ੍ਰਿਫਤਾਰ ਕੀਤੇ

**ਜਲੰਧਰ:** ਸਥਾਨਕ ਕਮਿਸ਼ਨਰੇਟ ਪੁਲਿਸ ਨੇ ਫਿਰੌਤੀ, ਧਮਕੀਆਂ ਅਤੇ ਹੋਰ ਅਪਰਾਧਕ ਸਰਗਰਮੀਆਂ 'ਚ ਸ਼ਾਮਲ ਲਾਰੈਂਸ ਬਿਸ਼ਨੋਈ ਗੈਂਗ ਦੇ ਅੱਠ ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ 27 ਜਨਵਰੀ ਨੂੰ ਕਰਮਾ ਫੈਸ਼ਨ ਸ਼ੋਅਰੂਮ ਦੇ ਮਾਲਕ ਦੀ ਦੁਕਾਨ ਅੱਗੇ ਰੌਂਦ ਵਿਚ ਧਮਕੀ ਪੱਤਰ ਰੱਖ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ।



ਇਸ ਸਬੰਧੀ ਥਾਣਾ ਡਿਵੀਜ਼ਨ 4 ਜਲੰਧਰ ਵਿਚ ਐਫ.ਆਈ.ਆਰ. ਦਰਜ ਕਰ ਕੇ ਮਾਮਲੇ ਦੀ ਜਾਂਚ ਵਿੱਢੀ ਗਈ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਗਰੋਹ ਦੇ ਮੈਂਬਰਾਂ ਨੇ ਯੋਜਨਾਬੱਧ ਤਰੀਕੇ ਨਾਲ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਸੀ ਜਿਸ ਦੀ ਵਰਤੋਂ ਕਰ ਕੇ ਫਿਰੌਤੀ ਮੰਗੀ ਜਾਂਦੀ ਸੀ। ਪੁਲਿਸ ਕਮਿਸ਼ਨਰ ਮੁਤਾਬਕ ਪੁਲਿਸ ਨੇ ਤਫ਼ਤੀਸ਼ ਦੇ ਆਧਾਰ ਉਤੇ 8 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਛਾਣ ਸੰਜੇ ਬਾਵਾ ਵਾਸੀ ਮੁਹੱਲਾ ਕਰਾਰ ਖਾਂ, ਦੀਪਕ ਕੁਮਾਰ ਉਰਫ਼ ਦੀਪਕ ਵਾਸੀ ਰਤਨ ਨਗਰ, ਅਭਿਸ਼ੇਕ ਗਿੱਲ ਵਾਸੀ ਗੁਰਦੇਵ ਨਗਰ ਤੋਂ ਇਲਾਵਾ ਗਜਿੰਦਰ ਰਾਜਪੁਰ ਉਰਫ ਗੱਜੂ, ਰਾਧੇ, ਪੱਪੂ, ਮਨੋਜ ਤੇ ਦੀਪਕ ਕੁਮਾਰ ਉਰਫ਼ ਦੀਪਕ ਸਾਰੇ ਵਾਸੀ ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਵਜੋਂ ਹੋਈ ਹੈ।

ਸਵਪਨ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਸਾਰੇ ਗੈਂਗਸਟਰਾਂ ਨੂੰ ਧੋਬੀ ਘਾਟ ਨੇੜੇ ਟੀਵੀ ਟਾਵਰ ਜਲੰਧਰ ਤੋਂ ਕਾਬੂ ਕੀਤਾ ਗਿਆ ਹੈ ਜਿਨ੍ਹਾਂ ਕੋਲੋਂ ਇਕ ਪਿਸਤੌਲ 30 ਬੋਰ, ਇਕ ਪਿਸਤੌਲ 32 ਬੋਰ, ਇਕ ਦੇਸੀ ਕੱਟਾ 315 ਬੋਰ, 4 ਮੈਗਜ਼ੀਨ, 10 ਕਾਰਤੂਸ, ਇਕ ਸਪਲੈਂਡਰ ਮੋਟਰਸਾਈਕਲ ਅਤੇ ਦੋ ਸਕੂਟਰ (ਐਕਟਿਵਾ) ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਮਨੋਜ ਇਨ੍ਹਾਂ ਗੈਂਗਸਟਰਾਂ ਦਾ ਸਰਗਨਾ ਹੈ। ਇਨ੍ਹਾਂ ਗੈਂਗਸਟਰਾਂ ਦੀਆਂ ਕਾਰਵਾਈਆਂ ਕੌਮੀ ਸਰਹੱਦਾਂ ਤੋਂ ਪਾਰ ਫੈਲੀਆਂ ਹੋਈਆਂ ਸਨ ਤੇ ਇਨ੍ਹਾਂ ਦੇ ਸਬੰਧ ਮੌਜੂਦਾ ਸਮੇਂ ਇੰਗਲੈਂਡ ਵਿਚ ਰਹਿੰਦੇ ਸੂਰਜ ਨਾਲ ਸਨ। ਉਨ੍ਹਾਂ ਮੁਤਾਬਕ ਇਹ ਗਰੋਹ ਲੋਕਾਂ ਤੋਂ ਪੈਸੇ ਕਢਵਾਉਣ ਲਈ ਫੋਨ ਕਾਲਾਂ ਅਤੇ ਪੱਤਰਾਂ ਦੀ ਵਰਤੋਂ ਕਰਦਾ ਸੀ। ਫੋਨ ਕਾਲਾਂ ਲਈ ਵਰਤੇ ਜਾਂਦੇ ਅੰਤਰਰਾਸ਼ਟਰੀ ਨੰਬਰ ਬਾਰੇ ਵੇਰਵੇ ਪ੍ਰਾਪਤ ਕਰਨ ਉਤੇ ਜਾਂਚ ਪਹਿਲਾਂ ਹੀ ਚੱਲ ਰਹੀ ਹੈ। ਇਨ੍ਹਾਂ ਦਾ ਕੋਈ ਪਿਛਲਾ ਅਪਰਾਧਕ ਰਿਕਾਰਡ ਨਹੀਂ ਹੈ। ਪੁਲਿਸ ਨੂੰ ਕੁਝ ਖਾਤਾ ਨੰਬਰ ਵੀ ਮਿਲੇ ਹਨ, ਜਿਨ੍ਹਾਂ ਬਾਰੇ ਜਾਂਚ ਜਾਰੀ ਹੈ।

### ਮੂਸੇਵਾਲਾ ਕਤਲ ਮਾਮਲੇ 'ਚ ਮੁਲਜ਼ਮਾਂ ਨੇ ਪੇਸ਼ੀ ਭੁਗਤੀ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਨਸਾ ਦੀ ਅਦਾਲਤ ਵਿਚ 22 ਜਣਿਆਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਅਤੇ ਮੁਲਜ਼ਮ ਨਸੀਬਦੀਨ ਤੇ ਪਵਨ ਬਿਸ਼ਨੋਈ ਨੇ ਨਿੱਜੀ ਤੌਰ ਉਤੇ ਪੇਸ਼ੀ ਭੁਗਤੀ, ਜਦਕਿ ਸਚਿਨ ਥਾਪਨ ਨੂੰ ਪੇਸ਼ ਨਹੀਂ ਕੀਤਾ ਜਾ ਸਕਿਆ। ਦੂਜੇ ਪਾਸੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਅਦਾਲਤ ਵਿਚ ਅਰਜ਼ੀ ਲਾ ਕੇ ਲਾਰੈਂਸ ਬਿਸ਼ਨੋਈ ਦੀ ਇਕ ਨਿੱਜੀ ਚੈੱਨਲ ਉਤੇ ਚੱਲੀ ਇੰਟਰਵਿਊ ਦੇ ਮਾਮਲੇ ਵਿਚ ਹੁਣ ਤੱਕ ਦੀ ਕੀਤੀ ਕਾਰਵਾਈ ਅਤੇ ਉਸ ਨੂੰ ਜਾਂਚ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ ਹੈ। ਕੇਸ ਦੀ ਅਗਲੀ ਪੇਸ਼ੀ 23 ਫਰਵਰੀ ਨੂੰ ਰੱਖੀ ਗਈ ਹੈ। ਪੇਸ਼ੀ ਤੋਂ ਬਾਅਦ ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਅਦਾਲਤ ਵਿਚ ਅਰਜ਼ੀ ਲਾ ਕੇ ਮੰਗ ਕੀਤੀ ਹੈ ਕਿ ਐਸ.ਐਸ.ਪੀ. ਅਤੇ ਜਾਂਚ ਅਧਿਕਾਰੀ ਦੱਸਣ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਨਿੱਜੀ ਚੈੱਨਲ ਉਤੇ ਚੱਲੀ ਇੰਟਰਵਿਊ ਦੇ ਮਾਮਲੇ ਵਿਚ ਹੁਣ ਤੱਕ ਕੀ ਕੀਤਾ ਗਿਆ ਹੈ।

### ਮੁਹਾਲੀ 'ਚ ਮੁਕਾਬਲੇ ਮਗਰੋਂ ਮੁਲਜ਼ਮ ਕਾਬੂ

**ਮੁਹਾਲੀ:** ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਦੀ ਟੀਮ ਨੇ ਸੈਕਟਰ-71 ਵਿਚ ਮੁਕਾਬਲੇ ਮਗਰੋਂ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਦੌਰਾਨ ਮੁਲਜ਼ਮ ਦੇ ਪੈਰ ਵਿਚ ਗੋਲੀ ਲੱਗੀ ਹੈ ਜਿਸ ਮਗਰੋਂ ਉਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਮੁਲਜ਼ਮ ਦੀ ਪਛਾਣ ਰਾਜਨ ਭੱਟੀ ਵਜੋਂ ਦੱਸੀ ਗਈ ਹੈ ਪਰ ਸਪੈਸ਼ਲ ਅਪਰੇਸ਼ਨ ਸੈੱਲ ਤੇ ਮੁਹਾਲੀ ਪੁਲਿਸ ਵੱਲੋਂ ਮੁਲਜ਼ਮ ਦੀ ਪਛਾਣ ਬਾਰੇ ਹਾਲੇ ਕੋਈ ਪੁਸ਼ਟੀ ਨਹੀਂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਮੁਲਜ਼ਮ ਖ਼ਿਲਾਫ਼ ਐਨ.ਡੀ.ਪੀ.ਐਸ. ਅਤੇ ਅਸਲਾ ਐਕਟ ਤਹਿਤ ਦੋ ਵੱਖ-ਵੱਖ ਅਪਰਾਧਕ ਮਾਮਲੇ ਦਰਜ ਹਨ ਤੇ ਇਸ ਸਬੰਧੀ ਉਹ ਲੰਬੇ ਸਮੇਂ ਤੋਂ ਪੁਲਿਸ ਨੂੰ ਲੋੜੀਂਦਾ ਸੀ।

# ਗੋਇੰਦਵਾਲ ਸਾਹਿਬ ਥਰਮਲ ਪਲਾਂਟ ਪੰਜਾਬੀਆਂ ਨੂੰ ਸਮਰਪਿਤ

**ਤਰਨ ਤਾਰਨ:** ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਹਮਰੁਤਬਾ ਅਰਵਿੰਦ ਕੇਜਰੀਵਾਲ ਨੇ ਲੋਕ ਭਲਾਈ ਅਤੇ ਵਿਕਾਸ ਦੇ ਏਜੰਡੇ ਨੂੰ ਕੌਮੀ ਪੱਧਰ ਉੱਤੇ ਕੇਂਦਰ ਵਿਚ ਲਿਆਉਣ ਲਈ 'ਆਪ' ਨੂੰ ਮਜ਼ਬੂਤ ਕਰਨ ਲਈ ਲੋਕਾਂ ਦੇ ਪੂਰਨ ਸਮਰਥਨ ਅਤੇ ਸਹਿਯੋਗ ਦੀ ਮੰਗ ਕੀਤੀ ਹੈ। ਗੋਇੰਦਵਾਲ ਸਾਹਿਬ ਦਾ ਥਰਮਲ ਪਲਾਂਟ ਲੋਕਾਂ ਨੂੰ ਸਮਰਪਿਤ ਕਰਨ ਉਪਰੰਤ ਇਲਾਕੇ ਦੇ ਪਿੰਡ ਸ਼ੇਰੋਂ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਲੋਕਾਂ ਨੂੰ ਭਾਰਤੀ ਰਾਜਨੀਤੀ ਦੇ ਕੇਂਦਰ ਵਿਚ ਲਿਆਉਣ ਦਾ ਸਿਹਰਾ ਅਰਵਿੰਦ ਕੇਜਰੀਵਾਲ ਨੂੰ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਜਾਇਦਾਦਾਂ ਚਹੇਤਿਆਂ ਨੂੰ ਵੇਚਣ ਦੇ ਰੁਝਾਨ ਦੇ ਉਲਟ ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਦਾ ਇਤਿਹਾਸਕ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਸੂਬਾ ਸਰਕਾਰ ਸੂਬੇ ਦੇ ਬਾਕੀ ਬਚੇ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਵੀ ਖਰੀਦ ਲਏਗੀ। ਸ੍ਰੀ ਮਾਨ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਜਿਹੜੇ ਲੋਕ ਹੁਣ ਪੰਜਾਬ ਬਚਾਓ ਯਾਤਰਾ ਦੇ ਰਾਹ ਪੈ ਰਹੇ ਹਨ, ਉਨ੍ਹਾਂ ਨੇ ਆਪਣੇ ਲੰਮੇ ਕਾਰਜਕਾਲ ਦੌਰਾਨ ਸੂਬੇ ਨੂੰ ਲੁੱਟਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਬੇਰਹਿਮੀ ਨਾਲ ਸੂਬੇ ਨੂੰ ਬਰਬਾਦ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਖਾਸ ਕਰਕੇ ਕਾਂਗਰਸ ਅਤੇ ਅਕਾਲੀਆਂ ਨੇ ਲੋਕਾਂ ਦਾ ਪੂਰਾ ਸਮਰਥਨ ਗੁਆ ਲਿਆ ਹੈ।



ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਲੋਕ ਸਭਾ ਚੋਣਾਂ ਵਿਚ 'ਆਪ' ਨੂੰ ਪੂਰਨ ਸਮਰਥਨ ਅਤੇ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਇਹ ਲੋਕਾਂ ਅਤੇ ਸੂਬੇ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਵਿਚ ਮਦਦ ਕਰੇਗਾ। ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਸਾਨਾਂ ਵੱਲੋਂ ਦਿੱਤੇ 'ਦਿੱਲੀ ਚਲੋ' ਦੇ ਸੱਦੇ ਦੇ ਹਵਾਲੇ ਨਾਲ ਅਫਸੋਸ ਪ੍ਰਗਟਾਇਆ ਕਿ ਹਰਿਆਣਾ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਰੋਕਣ ਲਈ ਕੰਡਿਆਲੀ ਤਾਰ ਲਗਾ ਰਹੀ ਹੈ।

'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿਚ ਪਹਿਲੀ ਵਾਰ ਸੂਬਾ ਸਰਕਾਰ ਨੇ ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ 90 ਫੀਸਦ ਘਰਾਂ ਨੂੰ ਪਹਿਲਾਂ ਹੀ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਇਸ ਪਲਾਂਟ ਨਾਲ ਹੁਣ ਹੋਰ ਸੈਕਟਰਾਂ ਨੂੰ ਵੀ ਸਬਸਿਡੀ ਆਧਾਰਤ ਬਿਜਲੀ ਮਿਲੇਗੀ। ਉਨ੍ਹਾਂ ਸੂਬੇ ਵਿਚ ਵੱਖ-ਵੱਖ ਲੋਕ ਪੱਖੀ ਯੋਜਨਾਵਾਂ ਦੇ 8000 ਕਰੋੜ ਰੁਪਏ ਰੋਕਣ ਲਈ ਕੇਂਦਰ ਸਰਕਾਰ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਸੂਬੇ ਨਾਲ ਸਰਾਸਰ ਬੇਇਨਸਾਫ਼ੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

## ਕੇਂਦਰ ਨੇ ਪੰਜਾਬ ਦੇ ਫੰਡ ਰੋਕੇ: ਭਗਵੰਤ ਮਾਨ

**ਤਰਨ ਤਾਰਨ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮ ਆਦਮੀ ਦੀ ਭਲਾਈ ਲਈ ਲਏ ਗਏ ਸਾਰੇ ਲੋਕ ਪੱਖੀ ਫੈਸਲੇ ਕੇਂਦਰ ਸਰਕਾਰ ਨੂੰ ਹਜ਼ਮ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੌਮੀ ਸਿਹਤ ਮਿਸ਼ਨ ਤਹਿਤ ਆਮ ਆਦਮੀ ਕਲੀਨਿਕਾਂ ਲਈ ਫੰਡ ਰੋਕੇ ਗਏ ਹਨ ਅਤੇ ਕੇਂਦਰ ਸਰਕਾਰ ਵੱਲੋਂ ਸੂਬੇ ਨੂੰ ਪੇਂਡੂ ਖੇਤਰਾਂ ਵਿਚ ਸੜਕਾਂ ਬਣਾਉਣ ਤੋਂ ਰੋਕਣ ਲਈ 5500 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਵੀ ਰੋਕ ਦਿੱਤੇ ਗਏ ਹਨ।

# ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਮਿਲੇਗਾ ਮੌਸਮੀ ਫਲ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਮਿਡ-ਡੇਅ ਮੀਲ ਸਕੀਮ ਤਹਿਤ ਮੌਸਮੀ ਫਲ ਮਿਲੇਗਾ। ਸਰਕਾਰ ਨੇ ਹਫਤੇ 'ਚੋਂ ਇਕ ਦਿਨ ਪੰਜਾਬ ਦਾ ਮੌਸਮੀ ਫਲ ਬੱਚਿਆਂ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਸਿੱਖਿਆ ਵਿਭਾਗ ਨੇ ਸਕੂਲ ਮੁਖੀਆਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਜਾਰੀ ਕਰ ਕੇ ਹਰ ਸੋਮਵਾਰ ਬੱਚਿਆਂ ਨੂੰ ਮੌਸਮੀ ਫ਼ਲ ਦੇਣ ਦੀ ਹਦਾਇਤ ਕੀਤੀ ਹੈ। ਪੰਜਾਬ ਹੁਣ ਉਨ੍ਹਾਂ ਸੂਬਿਆਂ ਵਿਚ ਸ਼ਾਮਿਲ ਹੋ ਗਿਆ ਜਿੱਥੇ ਬੱਚਿਆਂ ਨੂੰ ਫ਼ਲ ਦੇਣ ਦੀ ਪਹਿਲ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸਕੂਲੀ ਬੱਚਿਆਂ ਨੂੰ ਪਹਿਲੀ ਜਨਵਰੀ ਤੋਂ ਕੇਲਾ ਦੇਣਾ ਸ਼ੁਰੂ ਕੀਤਾ ਗਿਆ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੌਸਮੀ ਫਲ ਦੇਣ ਦੇ ਫ਼ੈਸਲੇ ਨੂੰ ਹਰੀ ਝੰਡੀ ਦਿੱਤੀ ਹੈ। ਪੰਜਾਬ ਵਿਚ ਬਾਗਵਾਨਾਂ ਦੀ ਫ਼ਸਲ ਰੁਲਣ ਤੋਂ ਬਚਾਉਣ ਅਤੇ ਬਾਗਵਾਨੀ ਨੂੰ ਉਤਸ਼ਾਹਿਤ ਕਰਨ ਲਈ ਇਹ ਤਜਰਬਾ ਕੀਤਾ ਜਾ ਰਿਹਾ ਹੈ। ਪੰਜਾਬ ਮਿੱਡ-ਡੇਅ ਮੀਲ ਸੁਸਾਇਟੀ ਵੱਲੋਂ ਪੱਤਰ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਹਰ ਸਕੂਲੀ ਬੱਚੇ ਨੂੰ ਦੁਪਹਿਰ ਦੇ ਖਾਣੇ 'ਚ ਹਰ ਸੋਮਵਾਰ ਮੌਸਮੀ ਫ਼ਲ ਦੇਣ ਦਾ ਫ਼ੈਸਲਾ ਸਕੂਲ ਮੁਖੀ/ਪ੍ਰਿੰਸੀਪਲ ਆਪਣੇ ਪੱਧਰ ਉਤੇ ਲਾਗੂ ਕਰਨ। ਪ੍ਰਤੀ ਵਿਦਿਆਰਥੀ ਮੌਸਮੀ ਫ਼ਲ 'ਤੇ ਪੰਜ ਤੋਂ ਛੇ ਰੁਪਏ ਖਰਚ ਕੀਤੇ ਜਾਣੇ ਹਨ।



ਫ਼ਲਾਂ ਵਿਚ ਮੌਸਮ ਦੇ ਹਿਸਾਬ ਨਾਲ ਕਿੰਨੂ, ਅਮਰੂਦ, ਬੇਰ, ਅੰਬ ਅਤੇ ਲੀਚੀ ਦੇਣ ਦਾ ਫ਼ੈਸਲਾ ਲਿਆ ਗਿਆ ਹੈ। ਅਬੋਹਰ ਦੇ ਇਲਾਕੇ ਵਿਚ ਇਨ੍ਹਾਂ ਦਿਨਾਂ ਵਿਚ ਬਾਗਵਾਨ ਕਿੰਨੂ ਦਾ ਭਾਅ ਡਿੱਗਣ ਕਰ ਕੇ ਪਰੇਸ਼ਾਨੀ ਵਿਚ ਹਨ। ਉਨ੍ਹਾਂ ਲਈ ਇਹ ਫ਼ੈਸਲਾ ਰਾਸ ਬਣ ਸਕਦਾ ਹੈ। ਪੰਜਾਬ ਵਿਚ ਇਸ ਵੇਲੇ 19,120 ਸਰਕਾਰੀ ਸਕੂਲਾਂ ਵਿਚ ਪ੍ਰੀ-ਨਰਸਰੀ ਤੋਂ ਅੱਠਵੀਂ ਕਲਾਸ ਤੱਕ ਦੇ 18.35 ਲੱਖ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਪਰੋਸਿਆ ਜਾ ਰਿਹਾ ਹੈ।

## ਸਕੂਲਾਂ 'ਚੋਂ ਐਲੂਮੀਨੀਅਮ ਦੇ ਭਾਂਡੇ ਹਟਾਏ ਜਾਣਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਮਿਡ-ਡੇਅ ਮੀਲ ਲਈ ਸਟੀਲ ਜਾਂ ਪਿੱਤਲ ਦੇ ਭਾਂਡੇ ਵਰਤੇ ਜਾਣ ਦੀ ਵਿਉਂਤ ਹੈ ਜਦਕਿ ਐਲੂਮੀਨੀਅਮ ਦੇ ਭਾਂਡੇ ਸਕੂਲਾਂ 'ਚੋਂ ਹਟਾਏ ਜਾਣਗੇ। ਮਿਡ-ਡੇਅ ਮੀਲ ਸੁਸਾਇਟੀ ਨੇ ਪੰਜਾਬ ਯੂਨੀਵਰਸਿਟੀ ਤੋਂ ਇਸ ਸਕੀਮ ਦਾ ਸੋਸ਼ਲ ਆਡਿਟ ਕਰਾਇਆ ਹੈ ਜਿਸ ਦੀ ਸਿਫਾਰਸ਼ 'ਤੇ ਉਪਰੋਕਤ ਸਮੇਤ ਕਈ ਨਵੇਂ ਕਦਮ ਚੁੱਕੇ ਜਾ ਰਹੇ ਹਨ। ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਨਾਲ ਸਿੱਖਿਆ ਵਿਭਾਗ ਪੰਜਾਬ ਦੀ ਮੀਟਿੰਗ ਨਵੀਂ ਦਿੱਲੀ 'ਚ 23 ਫਰਵਰੀ ਨੂੰ ਤੈਅ ਹੋਈ ਹੈ ਜਿਸ ਵਿਚ ਮਿਡ-ਡੇਅ ਮੀਲ 'ਚ ਸੁਧਾਰ ਤੇ ਬਦਲਾਓ ਲਈ ਕੇਂਦਰੀ ਫੰਡਾਂ ਦੀ ਮੰਗ ਕੀਤੀ ਜਾਣੀ ਹੈ। ਸੂਤਰ ਦੱਸਦੇ ਹਨ ਕਿ ਕੇਂਦਰੀ ਸਨਅਤ ਮੰਤਰਾਲੇ ਨੇ ਵੀ ਮਨੁੱਖੀ ਸਿਹਤ ਦੇ ਨਜ਼ਰੀਏ ਤੋਂ ਐਲੂਮੀਨੀਅਮ ਦੇ ਭਾਂਡਿਆਂ ਤੋਂ ਗੁਰੇਜ਼ ਕਰਨ ਵਾਸਤੇ ਕਿਹਾ ਹੈ।

## ਪੰਜਾਬ ਬਚਾਉਣ ਵਾਲੇ ਸੂਬੇ ਨੂੰ ਨਿਘਾਰ ਤੱਕ ਕਿਉਂ ਲੈ ਗਏ: ਖੁੱਡੀਆਂ

**ਬਠਿੰਡਾ:** ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ਼੍ਰੋਮਣੀ ਅਕਾਲੀ ਦਲ ਉਤੇ ਵਰ੍ਹਦਿਆਂ ਕਿਹਾ ਕਿ ਪਹਿਲਾਂ ਇਸ ਨੂੰ ਪੰਥਕ ਧਿਰ ਵਜੋਂ ਵੇਖਿਆ ਜਾਂਦਾ ਸੀ ਜੋ ਬਹੁਤੀ ਵਾਰ 'ਪੰਥ ਬਚਾਓ' ਦੀ ਗੱਲ ਕਰਦੀ ਸੀ ਪਰ ਹੁਣ 'ਪੰਜਾਬ ਬਚਾਓ' ਵੱਲ ਤੁਰ ਪਈ ਹੈ।

ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਨੂੰ ਇਸ ਥਾਂ ਉਤੇ ਲੈ ਕੇ ਕੌਣ ਆਇਆ? ਪੰਜਾਬ ਬਚਾਉਣ ਦੀ ਜੇ ਬਹੁਤੀ ਚਿੰਤਾ ਸੀ ਤਾਂ ਪਹਿਲਾਂ ਹੀ ਪੰਜਾਬ ਨੂੰ ਬਚਾ ਕੇ ਰੱਖ ਲੈਂਦੇ। ਬਠਿੰਡਾ ਲੋਕ ਸਭਾ ਸੀਟ ਤੋਂ 'ਆਪ' ਵੱਲੋਂ ਚੋਣ ਲੜਨ ਦੀ ਚੱਲ ਰਹੀ ਚਰਚਾ ਨੂੰ ਸ੍ਰੀ ਖੁੱਡੀਆਂ ਨੇ ਇਹ ਕਹਿ ਕੇ ਠੱਲ੍ਹਣ ਦੀ ਕੋਸ਼ਿਸ਼ ਕੀਤੀ ਕਿ ਹਾਲੇ ਤੱਕ ਅਜਿਹੀ ਕੋਈ ਗੱਲ ਨਹੀਂ ਹੈ। ਕੁਝ ਦਿਨਾਂ ਤੱਕ ਫ਼ੈਸਲਾ ਹੋ ਜਾਵੇਗਾ।

# ਮੁੱਖ ਮੰਤਰੀ ਦੀ ਕੋਠੀ ਘੇਰਨ ਜਾ ਰਹੇ ਬੇਰੁਜ਼ਗਾਰ ਪੁਲਿਸ ਨੇ ਰੋਕੇ

**ਸੰਗਰੂਰ:** ਬੇਰੁਜ਼ਗਾਰ ਸਾਂਝੇ ਮੋਰਚਾ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕਰਨ ਜਾਂਦੇ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਕਾਫੀ ਖਿੱਚ-ਧੂਹ ਹੋਈ। ਇਸ ਦੌਰਾਨ ਪ੍ਰਦਰਸ਼ਨਕਾਰੀ ਬੈਰੀਕੇਡ ਤੋੜ ਕੇ ਅੱਗੇ ਵਧਣਾ ਚਾਹੁੰਦੇ ਸਨ, ਜਦਕਿ ਮੌਕੇ ਉਤੇ ਤਾਇਨਾਤ ਪੁਲਿਸ ਮੁਲਾਜ਼ਮ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਰਹੇ ਸਨ। ਇਸ ਮੌਕੇ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਈ ਖਿੱਚ-ਧੂਹ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਉਸੇ ਥਾਂ ਧਰਨਾ ਆਰੰਭ ਦਿੱਤਾ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਬੇਰੁਜ਼ਗਾਰ ਸਾਂਝਾ ਮੋਰਚੇ ਦੀ ਅਗਵਾਈ ਹੇਠ ਬੀਐੱਡ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ, ਓਵਰਏਜ ਬੇਰੁਜ਼ਗਾਰ ਯੂਨੀਅਨ, ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰਜ਼ ਯੂਨੀਅਨ, ਬੀਐੱਡ ਮੈਥ-ਸਾਇੰਸ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਅਤੇ ਆਰਟ ਐਂਡ ਕਰਾਫਟ ਟੈੱਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ ਕਾਰਕੁਨ ਸਥਾਨਕ ਮਿਲਕ ਪਲਾਂਟ ਨੇੜੇ ਇਕੱਤਰ ਹੋਏ। ਇਸ ਮਗਰੋਂ ਉਨ੍ਹਾਂ ਰੋਸ ਮਾਰਚ ਕਰਦਿਆਂ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਵਧਣਾ ਸ਼ੁਰੂ ਕੀਤਾ ਜਿੱਥੇ ਕਲੋਨੀ ਦੇ ਮੁੱਖ ਗੇਟ ਨੇੜੇ ਪਹੁੰਚਣ 'ਤੇ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਜਬਰੀ ਅੱਗੇ ਵਧਣਾ ਚਾਹਿਆ ਜਿਸ ਕਰ ਕੇ ਪੁਲਿਸ ਤੇ ਉਨ੍ਹਾਂ ਵਿਚਾਲੇ ਧੱਕਾ-ਮੁੱਕੀ ਹੋਈ।



ਇਸ ਮੌਕੇ ਲਗਾਏ ਧਰਨੇ ਨੂੰ ਸੰਬੋਧਨ ਕਰਦਿਆਂ ਬੇਰੁਜ਼ਗਾਰ ਸਾਂਝੇ ਮੋਰਚੇ ਦੇ ਸੂਬਾਈ ਆਗੂਆਂ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਚੋਣਾਂ ਵੇਲੇ ਕੀਤੇ ਵਾਅਦਿਆਂ ਤੋਂ ਭੱਜ ਚੁੱਕੀ ਹੈ। ਇਕ ਪਾਸੇ ਸਰਕਾਰ ਪਿੰਡ-ਪਿੰਡ ਕੈਂਪ ਲਾ ਕੇ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਜਦਕਿ ਆਪਣੀਆਂ ਸਮੱਸਿਆਵਾਂ ਹੱਲ ਕਰਾਉਣ ਲਈ ਮੁੱਖ ਮੰਤਰੀ ਦੇ ਦੁਆਰ ਉਤੇ ਪੁੱਜਣ ਵਾਲਿਆਂ ਨੂੰ ਪੁਲਿਸ ਦੀ ਮਦਦ ਨਾਲ ਰੋਕ ਦਿੱਤਾ ਜਾਂਦਾ ਹੈ।

## ਕਾਂਗਰਸ ਤੇ 'ਆਪ' ਨੂੰ ਦਿੱਲੀ ਵਾਲਿਆਂ ਦੇ ਹੁਕਮਾਂ ਮੁਤਾਬਕ ਚੱਲਣਾ ਪੈਂਦੈ: ਸੁਖਬੀਰ

**ਮੁਹਾਲੀ:** 'ਇੰਡੀਆ' ਗੱਠਜੋੜ ਦੇ ਮੁੱਦੇ ਉਤੇ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰ ਕਾਂਗਰਸ ਵਿਚਾਲੇ ਚੋਣ ਸਮਝੌਤੇ ਬਾਰੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਦੋਵੇਂ ਪਾਰਟੀਆਂ ਇਕ ਸਿੱਕੇ ਦੇ ਦੋ ਪਹਿਲੂ ਹਨ। ਪਹਿਲਾਂ ਕਾਂਗਰਸ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆਂਦਾ, ਹੁਣ 'ਆਪ' ਦੇ ਰਾਜ ਵਿੱਚ ਵਿਕਾਸ ਪੱਖੋਂ ਪੰਜਾਬ ਪਿੱਛੇ ਚਲਾ ਗਿਆ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਸ. ਬਾਦਲ ਨੇ 'ਆਪ' ਤੇ ਕਾਂਗਰਸ ਨੂੰ ਮੌਕਾਪ੍ਰਸਤ ਦੱਸਦਿਆਂ ਕਿਹਾ ਕਿ ਵਿਧਾਨ ਸਭਾ ਅਤੇ ਸਟੇਜਾਂ ਉਤੇ ਇਕ-ਦੂਜੇ ਨੂੰ ਗਾਲ੍ਹਾਂ ਕੱਢਣ ਵਾਲੇ ਪੰਜਾਬ ਦੇ ਆਗੂ ਚੋਣਾਂ ਵਿਚ ਜੱਫੀਆਂ ਪਾਉਣ ਨੂੰ ਫਿਰਦੇ ਹਨ; ਇਨ੍ਹਾਂ ਮੌਕਾਪ੍ਰਸਤਾਂ ਦੇ ਗੱਠਜੋੜ ਨਾਲ ਸੂਬਾ ਹੋਰ ਤਬਾਹ ਹੋਵੇਗਾ। ਸੁਖਬੀਰ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀਆਂ ਸੂਬੇ ਦੇ ਵਿਕਾਸ ਲਈ ਖੁਦ ਫੈਸਲੇ ਲੈਂਦੀਆਂ ਹਨ ਜਦਕਿ ਕਾਂਗਰਸ ਅਤੇ 'ਆਪ' ਨੂੰ ਦਿੱਲੀ ਵਾਲਿਆਂ ਦੇ ਹੁਕਮਾਂ ਮੁਤਾਬਕ ਚੱਲਣਾ ਪੈਂਦਾ ਹੈ। ਭਾਜਪਾ ਨਾਲ ਗੱਠਜੋੜ ਬਾਰੇ ਸਿਆਸੀ ਹਲਕਿਆਂ ਵਿਚ ਉਠ ਰਹੀਆਂ ਕਿਆਸਅਰਾਈਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਉਹ ਪਿਛਲੇ 15 ਦਿਨਾਂ ਤੋਂ 'ਪੰਜਾਬ ਬਚਾਓ' ਯਾਤਰਾ 'ਤੇ ਹਨ ਅਤੇ ਇਸ ਬਾਰੇ ਹਾਲੇ ਤੱਕ ਉਨ੍ਹਾਂ ਦੀ ਕਿਸੇ ਨਾਲ ਕੋਈ ਗੱਲ ਨਹੀਂ ਹੋਈ ਹੈ।

# ਕਾਂਗਰਸ ਦੀਆਂ ਸਰਕਾਰਾਂ ਨੇ ਟਕਸਾਲੀ ਆਗੂ ਅਣਗੌਲੇ ਕੀਤੇ: ਨਵਜੋਤ ਸਿੱਧੂ

**ਪਟਿਆਲਾ:** ਸਮਰਾਲਾ ਵਿਚ ਕਾਂਗਰਸ ਵੱਲੋਂ ਕਰਵਾਈ ਗਈ ਕਨਵੈਨਸ਼ਨ ਵਿਚ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਹੀਂ ਪੁੱਜੇ ਪਰ ਉਨ੍ਹਾਂ ਇਸ ਕਨਵੈਨਸ਼ਨ ਤੋਂ ਪਹਿਲਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਲਗਾਤਾਰ ਤਿੰਨ ਪੋਸਟਾਂ ਸ਼ੇਅਰ ਕਰਦਿਆਂ ਸ੍ਰੀ ਖੜਗੇ ਦਾ ਸਵਾਗਤ ਕੀਤਾ ਹੈ।

ਆਪਣੀ ਪਹਿਲੀ ਪੋਸਟ ਵਿਚ ਸ੍ਰੀ ਸਿੱਧੂ ਨੇ ਕਾਂਗਰਸ ਪ੍ਰਧਾਨ ਦਾ ਪੰਜਾਬ ਆਉਣ ਉਤੇ ਸਵਾਗਤ ਕਰਦਿਆਂ ਕਿਹਾ, ''ਅਸੀਂ ਖੜਗੇ ਸਾਹਿਬ ਦਾ ਮਹਾਨ ਗੁਰੂਆਂ ਦੀ ਪਵਿੱਤਰ ਧਰਤੀ ਉਤੇ ਨਿੱਘਾ ਸਵਾਗਤ ਕਰਦੇ ਹਾਂ। ਕਾਂਗਰਸ ਦਾ ਹਰੇਕ ਵਰਕਰ ਅੱਜ ਉਨ੍ਹਾਂ ਕੋਲੋਂ ਮਾਰਗਦਰਸ਼ਨ ਦੀ ਆਸ ਕਰਦਾ ਹੈ ਅਤੇ ਸਭ ਤੋਂ ਪੁਰਾਣੀ ਪਾਰਟੀ ਦੇ ਸੁਪਰੀਮ ਕਮਾਂਡਰ ਹੋਣ ਦੇ ਨਾਤੇ ਉਨ੍ਹਾਂ ਦੀ ਇੱਛਾ ਸਾਡੀ ਕਮਾਂਡ ਹੋਵੇਗੀ।' ਇਸ ਦੇ ਨਾਲ ਹੀ ਕੁਝ ਸਮੇਂ ਬਾਅਦ ਇਕ ਹੋਰ ਪੋਸਟ ਸ਼ੇਅਰ ਕਰਦਿਆਂ ਸ੍ਰੀ ਸਿੱਧੂ ਨੇ ਆਪਣੇ ਵਿਰੋਧੀਆਂ ਨੂੰ ਮੁਆਫ਼ ਕਰਨ ਦੀ ਗੱਲ ਵੀ ਆਖੀ। ਸ਼ਾਇਰਾਨਾ ਅੰਦਾਜ਼ ਵਿਚ ਸਾਂਝੀ ਕੀਤੀ ਇਸ ਪੋਸਟ ਵਿਚ ਸਿੱਧੂ ਨੇ ਕਿਹਾ, 'ਦੋਸਤ ਅਹਬਾਬ ਨੇ ਹਰ ਸਲੂਕ ਮੇਰੀ ਉਮੀਦ ਕੇ ਖ਼ਿਲਾਫ਼ ਕੀਆ, ਅਬ ਮੈਂ ਇੰਤਕਾਮ ਲੇਤਾ ਹੂੰ, ਜਾਓ ਤੁਮਹੇ ਮੁਆਫ਼ ਕੀਆ।' ਆਪਣੀ ਤੀਸਰੀ ਪੋਸਟ ਵਿਚ ਨਵਜੋਤ ਸਿੱਧੂ ਨੇ ਸੀਨੀਅਰ ਕਾਂਗਰਸੀ ਆਗੂਆਂ 'ਤੇ ਨਿਸ਼ਾਨਾ ਸੇਧਦਿਆਂ ਇਕ ਪੁਰਾਣੀ ਵੀਡੀਓ ਸਾਂਝੀ ਕੀਤੀ ਹੈ ਜਿਸ ਵਿਚ ਸਿੱਧੂ ਨੇ ਕਿਹਾ ਹੈ, ''2002/2007 ਅਤੇ 2017/2022 ਤੱਕ ਸਰਕਾਰ ਵਿਚ 8000 ਤੋਂ ਵੱਧ ਉੱਚ ਅਹੁਦੇ (ਹਰ ਕਾਰਜਕਾਲ ਵਿਚ ਚਾਰ ਹਜ਼ਾਰ) ਸਿਰਫ਼ 3 ਫ਼ੀਸਦ ਕਾਂਗਰਸੀ ਵਰਕਰਾਂ ਕੋਲ ਗਏ ਅਤੇ ਬਾਕੀ ਪ੍ਰਭਾਵਸ਼ਾਲੀ ਵੱਡੇ ਅਧਿਕਾਰੀਆਂ, ਵਿਧਾਇਕਾਂ ਦੇ ਰਿਸ਼ਤੇਦਾਰਾਂ ਨੇ ਹੜੱਪ ਲਏ।



# ਨਾਂਦੇੜ ਮਾਮਲਾ: ਔਜਲਾ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਨਾਲ ਸਬੰਧਤ ਐਕਟ ਵਿਚ ਕੀਤੀ ਸੋਧ ਦੇ ਮਾਮਲੇ ਵਿਚ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਭੇਜਿਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਧਾਰਮਿਕ ਸਥਾਨਾਂ ਤੇ ਸਿੱਖ ਕੌਮ ਦੇ ਮਸਲਿਆਂ ਵਿਚ ਦਖਲਅੰਦਾਜ਼ੀ ਬਿਲਕੁਲ ਬੰਦ ਕਰ ਦੇਣ। ਇਸ ਤੋਂ ਇਲਾਵਾ ਸ੍ਰੀ ਔਜਲਾ ਨੇ ਦਿੱਲੀ ਵਿਚ ਅਬਚਲ ਨਗਰ ਨਾਂਦੇੜ ਸਾਹਿਬ ਦੇ ਮੈਂਬਰ ਪਾਰਲੀਮੈਂਟ ਤੇ ਉੱਥੋਂ ਦੇ ਵਿਧਾਇਕਾਂ ਨਾਲ ਇਸ ਸਬੰਧੀ ਮੁਲਾਕਾਤ ਵੀ ਕੀਤੀ। ਉਨ੍ਹਾਂ ਪੱਤਰ ਦੇ ਕੇ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਦਖ਼ਲ ਬੰਦ ਕਰਵਾਉਣ। ਇਸ ਸਿੱਖ ਵਿਰੋਧੀ ਬਿੱਲ ਅਤੇ ਗੁਰਧਾਮਾਂ ਵਿਚ ਸਿਆਸੀ ਦਖ਼ਲ ਦੇ ਵਿਰੋਧ ਵਿਚ ਸ੍ਰੀ ਔਜਲਾ ਨੇ ਲੋਕ ਸਭਾ ਮੈਂਬਰ ਨਾਂਦੇੜ ਪ੍ਰਤਾਪਰਾਓ ਪਾਟਿਲ ਚਿਖਾਲੀਕਰ ਨੂੰ ਮੰਗ ਪੱਤਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਅਪੀਲ ਕੀਤੀ ਕਿ ਉਹ ਮਹਾਰਾਸ਼ਟਰ ਸਰਕਾਰ ਕੋਲ ਇਹ ਮੁੱਦਾ ਉਠਾਉਣ। ਇਸ ਮੌਕੇ ਸ਼ਿਰਡੀ ਤੋਂ ਲੋਕ ਸਭਾ ਮੈਂਬਰ ਸਦਾਸ਼ਿਵ ਲੋਖੰਡੇ ਜੋ ਕਿ ਨਾਂਦੇੜ ਤੋਂ ਵਿਧਾਇਕ ਰਹਿ ਚੁੱਕੇ ਹਨ, ਨੂੰ ਵੀ ਇਸ ਮਾਮਲੇ ਵਿਚ ਸੋਧ ਵਾਪਸ ਕਰਵਾਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਕੋਲੋਂ ਮੰਗ ਕੀਤੀ ਕਿ ਸਿੱਖ ਮਾਮਲਿਆਂ ਵਿਚ ਸਰਕਾਰੀ ਦਖ਼ਲ ਬੰਦ ਕੀਤਾ ਜਾਵੇ। ਸ੍ਰੀ ਔਜਲਾ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ ਜਿਸ ਕਾਰਨ ਅੱਜ ਪੂਰੇ ਵਿਸ਼ਵ ਦੀ ਸਿੱਖ ਕੌਮ ਵਿਚ ਇਸ ਪ੍ਰਤੀ ਕਾਫ਼ੀ ਰੋਸ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 17 ਫਰਵਰੀ, 2024

# ਅੰਦੋਲਨ ਅਤੇ ਸਿਆਸਤ

ਕਰੋਨਾ ਮਹਾਮਾਰੀ ਦੌਰਾਨ ਉਠੇ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਇਕ ਵਾਰ ਫਿਰ ਸੜਕਾਂ 'ਤੇ ਉਤਰ ਆਏ ਹਨ। ਉਦੋਂ ਮੋਦੀ ਸਰਕਾਰ ਨੇ ਕਰੋਨਾ ਮਹਾਮਾਰੀ ਕਾਰਨ ਲੌਕਡਾਊਨ ਦਾ ਸਹਾਰਾ ਲੈਂਦਿਆਂ ਤਿੰਨ ਖੇਤੀ ਆਰਡੀਨੈਂਸ ਜਾਰੀ ਕਰ ਦਿੱਤੇ ਸਨ ਜੋ ਬਾਅਦ ਵਿਚ ਖੇਤੀ ਕਾਨੂੰਨ ਬਣਾ ਦਿੱਤੇ ਗਏ। ਸਰਕਾਰ ਨੂੰ ਲਗਦਾ ਸੀ ਕਿ ਲੌਕਡਾਊਨ ਕਾਰਨ ਇਹ ਆਰਡੀਨੈਂਸ ਆਰਾਮ ਨਾਲ ਹੀ ਪਾਸ ਕਰਵਾ ਲਏ ਜਾਣਗੇ ਪਰ ਉਦੋਂ ਜਿਸ ਤਰ੍ਹਾਂ ਦਾ ਮਿਸਾਲੀ ਅੰਦੋਲਨ ਪਹਿਲਾਂ ਪੰਜਾਬ, ਫਿਰ ਹਰਿਆਣਾ ਅਤੇ ਇਸ ਤੋਂ ਬਾਅਦ ਉਤਰ ਪ੍ਰਦੇਸ਼ ਤੇ ਮੁਲਕ ਦੇ ਹੋਰ ਹਿੱਸਿਆਂ ਵਿਚੋਂ ਉਠਿਆ, ਉਸ ਨੇ ਇਹ ਤਿੰਨ ਖੇਤੀ ਕਾਨੂੰਨ ਹੀ ਵਾਪਸ ਨਹੀਂ ਕਰਵਾਏ ਸਗੋਂ ਸਰਕਾਰ ਨੂੰ ਉਸ ਵਕਤ ਕਿਸਾਨਾਂ ਦੀਆਂ ਹੋਰ ਲਟਕਦੀਆਂ ਮੰਗਾਂ ਲਈ ਵੀ ਹਾਮੀ ਭਰਨੀ ਪਈ। ਅਸਲ ਵਿਚ, ਉਸ ਵਕਤ ਉਤਰ ਪ੍ਰਦੇਸ਼ ਤੇ ਪੰਜਾਬ ਸਮੇਤ ਪੰਜ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਹੋਣੀਆਂ ਸਨ ਅਤੇ ਮੋਦੀ ਸਰਕਾਰ ਲਈ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਬਹੁਤ ਅਹਿਮੀਅਤ ਰੱਖਦੀਆਂ ਸਨ, ਇਸ ਲਈ ਕਸੂਤੀ ਹਾਲਤ ਵਿਚ ਫਸੀ ਮੋਦੀ ਸਰਕਾਰ ਨੇ ਉਸ ਵਕਤ ਕਿਸਾਨਾਂ ਦਾ ਆਖਿਆ ਸਾਰਾ ਕੁਝ ਮੰਨ ਲਿਆ। ਉਂਝ, ਬਾਅਦ ਵਿਚ ਮੰਗਾਂ ਬਾਰੇ ਖਾਮੋਸ਼ੀ ਧਾਰ ਲਈ। ਉਸ ਵਕਤ ਕੁਝ ਕਿਸਾਨ ਜਥੇਬੰਦੀਆਂ ਉਦੋਂ ਤੱਕ ਅੰਦੋਲਨ ਖਤਮ ਕਰਨ ਦੇ ਹੱਕ ਵਿਚ ਨਹੀਂ ਸਨ ਜਦੋਂ ਤੱਕ ਸਭ ਕੁਝ ਲਾਗੂ ਨਹੀਂ ਹੋ ਜਾਂਦਾ ਪਰ ਇਸ ਮਸਲੇ 'ਤੇ ਸਾਰੀਆਂ ਕਿਸਾਨ ਜਥੇਬੰਦੀਆਂ ਇਕਮਤ ਨਾ ਹੋ ਸਕੀਆਂ। ਕੁਝ ਆਗੂ ਤਾਂ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਲੈਣ ਲਈ ਬਹੁਤ ਕਾਹਲੇ ਪਏ ਹੋਏ ਸਨ। ਸਿੱਟੇ ਵਜੋਂ ਜਿਨ੍ਹਾਂ ਕਿਸਾਨ ਮੰਗਾਂ ਲਈ ਸਰਕਾਰ ਨੇ ਹਾਮੀ ਭਰੀ ਸੀ, ਉਸ ਬਾਬਤ ਕੁਝ ਖਾਸ ਨਹੀਂ ਹੋ ਸਕਿਆ।

ਦੇਖਿਆ ਜਾਵੇ ਤਾਂ ਕਿਸਾਨਾਂ ਦੀਆਂ ਇਹ ਮੰਗਾਂ ਮੂਲ ਰੂਪ ਵਿਚ ਹੱਕੀ ਹੀ ਹਨ ਅਤੇ ਇਨ੍ਹਾਂ ਉਤੇ ਤੁਰੰਤ ਅਮਲ ਕਰਨ ਵਿਚ ਹਰਜ਼ ਵੀ ਕੋਈ ਨਹੀਂ ਪਰ ਮੋਦੀ ਸਰਕਾਰ ਨੇ ਅੜੀ ਫੜੀ ਹੋਈ ਹੈ। ਕਿਸਾਨਾਂ ਦੀ ਸਭ ਤੋਂ ਵੱਡੀ ਮੰਗ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਦੇਣ ਲਈ ਕਾਨੂੰਨ ਬਣਾਉਣਾ ਹੈ। ਕੇਂਦਰ ਸਰਕਾਰ ਹਰ ਸਾਲ 23 ਫਸਲਾਂ 'ਤੇ ਐਮ.ਐਸ.ਪੀ. ਐਲਾਨਦੀ ਹੈ ਪਰ ਸਰਕਾਰੀ ਮੰਡੀਆਂ ਵਿਚ ਸਿਰਫ ਦੋ ਫਸਲਾਂ- ਕਣਕ ਤੇ ਚੌਲ, ਦੀ ਖਰੀਦ ਹੀ ਐਮ.ਐਸ.ਪੀ. 'ਤੇ ਹੁੰਦੀ ਹੈ। ਸਰਕਾਰ ਵਾਰ-ਵਾਰ ਤਰਕ ਦਿੰਦੀ ਹੈ ਕਿ ਇਹ ਕਣਕ ਅਤੇ ਚੌਲਾਂ ਵਾਂਗ ਸਾਰੀਆਂ ਫਸਲਾਂ ਖਰੀਦ ਨਹੀਂ ਸਕਦੀ। ਇਸ ਬਾਰੇ ਕਿਸਾਨਾਂ ਦਾ ਜਵਾਬ ਹੈ ਕਿ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾ ਦਿੱਤਾ ਜਾਵੇ ਤਾਂ ਕਿ ਐਮ.ਐਸ.ਪੀ. ਤੋਂ ਘੱਟ ਰੇਟ 'ਤੇ ਫਸਲ ਖਰੀਦਣ ਵਾਲੇ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਕਿਸਾਨਾਂ ਦਾ ਆਖਣਾ ਹੈ ਕਿ ਜੇ ਐਮ.ਐਸ.ਪੀ. ਗਰੰਟੀ ਕਾਨੂੰਨ ਨਹੀਂ ਬਣਾਇਆ ਜਾਂਦਾ ਤਾਂ 23 ਫਸਲਾਂ ਦੇ ਐਮ.ਐਸ.ਪੀ. ਐਲਾਨਣ ਦੀ ਤੁਕ ਹੀ ਕੋਈ ਨਹੀਂ ਰਹਿ ਜਾਂਦੀ। ਕਿਸਾਨਾਂ ਦੀਆਂ ਹੋਰ ਮੁੱਖ ਮੰਗਾਂ ਵਿਚ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨਾ, ਲਖੀਮਪੁਰ ਖੀਰੀ ਦੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ, ਬਿਜਲੀ ਸੋਧ ਬਿੱਲ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫੀ, ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ ਦੀ ਵਾਪਸੀ ਆਦਿ ਮੰਗਾਂ ਸ਼ਾਮਲ ਹਨ।

ਅਸਲ ਵਿਚ, ਮੋਦੀ ਸਰਕਾਰ ਖੇਤੀ ਖੇਤਰ ਨੂੰ ਕਾਰਪੋਰੇਟ ਦੇ ਹਵਾਲੇ ਕਰਨ ਬਾਰੇ ਧਾਰੀ ਬੈਠੀ ਹੈ। ਤਿੰਨ ਖੇਤੀ ਕਾਨੂੰਨ ਲਿਆਉਣ ਦਾ ਮਕਸਦ ਵੀ ਇਹੀ ਸੀ। ਕਾਰਪੋਰੇਟ ਖੇਤਰ ਦੇ ਮੋਹਰੀਆਂ ਨੂੰ ਖੇਤੀ ਖੇਤਰ ਵਿਚ ਵੱਡਾ ਮੁਨਾਫਾ ਦਿਖਾਈ ਦੇ ਰਿਹਾ ਹੈ। ਲੌਕਡਾਊਨ ਵਾਲੇ ਸਮੇਂ ਦੌਰਾਨ ਜਦੋਂ ਭਾਰਤ ਦਾ ਹਰ ਖੇਤਰ ਆਮ ਨਾਲੋਂ ਕਿਤੇ ਜ਼ਿਆਦਾ ਪਛੜ ਗਿਆ ਸੀ ਤਾਂ ਸਿਰਫ ਖੇਤੀ ਖੇਤਰ ਹੀ ਅਜਿਹਾ ਖੇਤਰ ਸੀ ਜਿਸ ਵਿਚ ਵਾਧਾ ਦਰ ਦਰਜ ਕੀਤੀ ਗਈ ਸੀ। ਇਹ ਹੁਣ ਵੱਡਾ ਸਵਾਲ ਹੈ ਕਿ ਕਿਸਾਨ ਜਥੇਬੰਦੀਆਂ ਕਿੰਨੀ ਦੇਰ ਤੱਕ ਕੇਂਦਰ ਸਰਕਾਰ ਨੂੰ ਇਸ ਪਾਸੇ ਤੁਰਨ ਤੋਂ ਰੋਕ ਸਕਦੀਆਂ ਹਨ। ਅੱਜ ਭਾਵੇਂ ਮੁੱਖ ਵਿਰੋਧੀ ਧਿਰ ਕਾਂਗਰਸ, ਕਿਸਾਨਾਂ ਦੇ ਹੱਕ ਵਿਚ ਖਲੋਣ ਦੇ ਦਾਅਵੇ ਕਰਦੀ ਹੈ ਪਰ ਇਹ ਕਾਂਗਰਸ ਹੀ ਸੀ ਜਿਸ ਨੇ 1991 ਵਿਚ ਨਵੀਆਂ ਆਰਥਿਕ ਨੀਤੀਆਂ ਭਾਰਤ ਵਿਚ ਲਾਗੂ ਕੀਤੀਆਂ ਸਨ। ਹੁਣ ਕੇਂਦਰੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਇਹ ਨੀਤੀਆਂ ਵਧ-ਚੜ੍ਹ ਕੇ ਲਾਗੂ ਕਰ ਰਹੀ ਹੈ ਸਗੋਂ ਇਸ ਨੇ ਤਾਂ ਸੱਤਾ ਰਾਹੀਂ ਹਰ ਸੰਸਥਾ ਉਤੇ ਕਬਜ਼ਾ ਤੱਕ ਕਰ ਲਿਆ ਹੈ। ਦੂਜੇ ਬੰਨੇ, ਅੰਦੋਲਨ ਚਲਾ ਰਹੀਆਂ ਧਿਰਾਂ ਵੀ ਬਹੁਤ ਸਾਰੇ ਮਾਮਲਿਆਂ 'ਤੇ ਇਕਮਤ ਨਹੀਂ। ਹੁਣ ਦਿੱਲੀ ਕੂਚ ਵਾਲੀਆਂ ਧਿਰਾਂ ਵੱਖਰੀਆਂ ਹਨ ਅਤੇ ਸੰਯੁਕਤ ਕਿਸਾਨ ਮੋਰਚਾ ਜੋ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਹੋਂਦ ਵਿਚ ਆਇਆ ਸੀ, ਨੇ ਅੰਦੋਲਨ ਬਾਰੇ ਫੈਸਲਾ ਅਜੇ ਕਰਨਾ ਹੈ। ਤਿੰਨ ਸਾਲ ਪਹਿਲਾਂ ਕਿਸਾਨ ਅੰਦੋਲਨ ਇਸ ਕਰ ਕੇ ਇਤਿਹਾਸਕ ਹੋ ਨਿੱਬੜਿਆ ਸੀ ਕਿਉਂਕਿ ਇਸ ਅੰਦਰ ਸਭ ਧਿਰਾਂ ਸ਼ਾਮਿਲ ਹੋਈਆਂ ਸਨ ਅਤੇ ਕੇਂਦਰ ਸਰਕਾਰ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਾਰੀਆਂ ਧਿਰਾਂ ਮੋਟੇ ਰੂਪ ਵਿਚ ਇਕਜੁਟ ਹੀ ਰਹੀਆਂ ਸਨ ਪਰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਹ ਏਕਤਾ ਖਿੰਡ-ਪੁੰਡ ਗਈ ਅਤੇ ਕਿਸਾਨ ਅੰਦੋਲਨ ਦੇ ਨਤੀਜੇ ਉਹ ਨਹੀਂ ਨਿੱਕਲ ਸਕੇ ਜਿਨ੍ਹਾਂ ਦੀ ਆਸ ਕੀਤੀ ਜਾ ਰਹੀ ਸੀ। ਇਸੇ ਕਰ ਕੇ ਹੁਣ ਸਾਰੀਆਂ ਧਿਰਾਂ ਨੂੰ ਇਕ ਵਾਰ ਫਿਰ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਏਕਾ ਕਰਨਾ ਚਾਹੀਦਾ ਹੈ। ਰਲ ਕੇ ਚਲਾਏ ਅੰਦੋਲਨ ਨਾਲ ਹੀ ਕੇਂਦਰ ਸਰਕਾਰ ਨੂੰ ਆਪਣੀਆਂ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਕਿਸਾਨ ਅੰਦੋਲਨ ਦੇ ਸੰਚਾਲਕ ਇਸ ਮਾਮਲੇ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ ਅਤੇ ਬੀਤੀਆਂ ਗਲਤੀਆਂ ਅਤੇ ਪ੍ਰਾਪਤੀਆਂ ਤੋਂ ਸਬਕ ਅਤੇ ਸੇਧ ਲੈ ਕੇ ਅਗਲਾ ਕਦਮ ਵਧਾ ਸਕਦੇ ਹਨ। ਕੁਝ ਮਹੀਨਿਆਂ ਨੂੰ ਲੋਕ ਸਭਾ ਚੋਣਾਂ ਹੋਣੀਆਂ ਹਨ ਅਤੇ ਭਾਰਤੀ ਜਨਤਾ ਪਾਰਟੀ ਬਹੁਤਾ ਜੋਖਮ ਉਠਾ ਨਹੀਂ ਸਕੇਗੀ। ਅੰਦੋਲਨਕਾਰੀਆਂ ਨੂੰ ਇਹ ਸਾਰਾ ਕੁਝ ਧਿਆਨ ਵਿਚ ਰੱਖ ਕੇ ਰਣਨੀਤੀ ਘੜਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੰਜਾਬ ਦੀ ਵੰਗਾਰ!

ਲੜਿਆ ਪੋਰਸ ਸੀ ਵਿਚ ਮੈਦਾਨ ਆ ਕੇ, ਜੇਤੂ ਦੁਨੀਆਂ ਦੇ ਤਾਈਂ ਲਲਕਾਰਿਆ ਸੀ।
'ਤੈਂ ਕੀ ਦਰਦ ਨਾ ਆਇਆ' ਫੁਰਮਾਏ ਕੇ ਜੀ, ਬਾਬੇ ਬਾਬਰ ਤਾਈਂ ਫਿਟਕਾਰਿਆ ਸੀ।
ਤਾਣ ਛਾਤੀਆਂ ਭਿੜਿਆ ਸੀ ਖਾਲਸਾ ਜੀ, ਨਾਦਰ ਸ਼ਾਹਾਂ ਨੂੰ ਏਥੋਂ ਨਕਾਰਿਆ ਸੀ।
ਮੁਦਕੀ ਅਤੇ ਸਭਰਾਵਾਂ ਪਏ ਦੱਸਦੇ ਨੇ, ਸ਼ਾਮ ਸਿੰਘ ਜਿਹਾ ਸ਼ੇਰ ਭਬਕਾਰਿਆ ਸੀ।
ਅਮਲਾਂ ਵਾਸਤੇ ਸ਼ਬਦ ਹੁਣ ਲੱਭਦੇ ਨਾ, ਅਣਖਾਂ ਭਰੀ ਵਿਰਾਸਤ ਦੇ ਮੈਨ੍ਹਿਆਂ 'ਚੋਂ।
ਅੱਕ-ਥੱਕ ਪੰਜਾਬ ਇਉਂ ਸੋਚਦਾ ਏ, ਕਦੋਂ ਉਠੂ ਕੋਈ ਸੂਰਮਾ ਐਨਿਆਂ 'ਚੋਂ!

# ਮੇਅਰ ਵਾਲੀ ਚੋਣ ਨੇ ਭਾਰਤੀ ਚੋਣ ਪ੍ਰਣਾਲੀ ਦਾ ਭਾਂਡਾ ਭੰਨਿਆ

**ਚੰਡੀਗੜ੍ਹ ਨਗਰ ਨਿਗਮ ਲਈ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਪ੍ਰਕਿਰਿਆ ਦੌਰਾਨ ਜੋ ਗੁਲ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਖਿਲਾਏ ਹਨ, ਉਸ ਨੇ ਭਾਰਤ ਦੀ ਚੋਣ ਪ੍ਰਣਾਲੀ 'ਤੇ ਵੱਡਾ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਇਸ ਬਾਰੇ ਵਿਸਥਾਰ ਸਹਿਤ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਚੰਡੀਗੜ੍ਹ ਆਬਾਦੀ ਪੱਖੋਂ ਭਾਵੇਂ ਭਾਰਤ ਦਾ ਦਰਮਿਆਨਾ ਜਿਹਾ ਸ਼ਹਿਰ ਹੈ ਪਰ ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਵਸਾਏ ਇਸ ਸ਼ਹਿਰ ਦੀ ਰਾਜਨੀਤਕ ਅਹਿਮੀਅਤ ਦਿੱਲੀ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ। ਚੰਡੀਗੜ੍ਹ ਦੇ ਮੇਅਰ ਚੋਣ ਪਿਛਲੇ ਮਹੀਨਿਆਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦਰਅਸਲ ਚੰਡੀਗੜ੍ਹ ਦੇ ਕੌਂਸਲਰ ਹਰ ਸਾਲ ਆਪਣੇ ਵਿਚੋਂ ਮੇਅਰ ਦੀ ਚੋਣ ਕਰਦੇ ਹਨ ਪਰ ਲੰਘੀ 30 ਜਨਵਰੀ ਨੂੰ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦੀ ਚੋਣ ਦੌਰਾਨ ਹੋਏ ਘਪਲੇ ਨੇ ਪੂਰੇ ਦੇਸ਼ ਦਾ ਧਿਆਨ ਖਿੱਚਿਆ।

ਚੰਡੀਗੜ੍ਹ ਨਗਰ ਨਿਗਮ ਵਿਚ 35 ਮੈਂਬਰ ਲੋਕਾਂ ਵੱਲੋਂ ਚੁਣੇ ਜਾਂਦੇ ਹਨ, 9 ਕੌਂਸਲਰ ਚੰਡੀਗੜ੍ਹ ਦੇ ਪ੍ਰਸ਼ਾਸਕ ਤੇ ਪੰਜਾਬ ਦੇ ਰਾਜਪਾਲ ਵੱਲੋਂ ਨਾਮਜ਼ਦ ਕੀਤੇ ਜਾਂਦੇ ਹਨ, ਜਦਕਿ ਇੱਕ ਵੋਟ ਚੰਡੀਗੜ੍ਹ ਦੇ ਸੰਸਦ ਮੈਂਬਰ ਦੀ ਹੁੰਦੀ ਹੈ। ਰਾਜਪਾਲ ਵੱਲੋਂ ਨਾਮਜ਼ਦ ਕੀਤੇ ਮੈਂਬਰਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੁੰਦਾ ਹੈ; ਇਸ ਲਈ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ 36 ਵੋਟਾਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਭਾਜਪਾ ਦੇ 15 (14+1) ਮੈਂਬਰ ਹਨ; ਆਮ ਆਦਮੀ ਪਾਰਟੀ ਦੇ 13, ਕਾਂਗਰਸ ਦੇ 7 ਅਤੇ ਇੱਕ ਕੌਂਸਲਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਬੰਧਿਤ ਹੈ।

'ਇੰਡੀਆ' ਗੱਠਜੋੜ ਦਾ ਅਹਿਮ ਹਿੱਸਾ 'ਆਪ' ਅਤੇ ਕਾਂਗਰਸ ਵੱਲੋਂ ਚੰਡੀਗੜ੍ਹ ਦੇ ਮੇਅਰ ਦੀ ਚੋਣ ਇਕੱਠੇ ਲੜੀ ਜਾ ਰਹੀ ਸੀ ਜਿਸ ਕਾਰਨ ਇਹਨਾਂ ਦੀਆਂ 36 ਵਿਚੋਂ 20 ਵੋਟਾਂ ਬਣਦੀਆਂ ਸਨ ਤੇ ਜਿੱਤਣਾ ਸੁਭਾਵਿਕ ਹੀ ਸੀ ਪਰ ਭਾਜਪਾ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਦੇਸ਼ ਵਿਚ ਇਹ ਸੰਕੇਤ ਨਹੀਂ ਦੇਣਾ ਚਾਹੁੰਦੀ ਸੀ ਕਿ ਦੇਸ਼ ਦੇ ਕਿਸੇ ਵੀ ਖੂੰਜੇ ਵਿਚ 'ਇੰਡੀਆ' ਗੱਠਜੋੜ ਭਾਜਪਾ ਨੂੰ ਹਰਾਉਣ ਦੀ ਹੈਸੀਅਤ ਵਿਚ ਹੈ, ਇਸ ਲਈ ਭਾਜਪਾ ਨੇ ਚੰਡੀਗੜ੍ਹ ਚੋਣ ਜਿੱਤਣ ਦੀ ਹਰ ਸੰਭਵ/ਅਸੰਭਵ ਕੋਸ਼ਿਸ਼ ਕੀਤੀ।

ਸਭ ਤੋਂ ਪਹਿਲਾਂ ਭਾਜਪਾ ਨੇ ਚੰਡੀਗੜ੍ਹ ਦੇ ਕੌਂਸਲਰ ਆਪਣੇ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ, ਇੱਕ-ਦੋ ਥਾਂ ਉਹ ਸਫਲ ਵੀ ਰਹੇ। ਫਿਰ ਵੀ ਬਹੁਮਤ ਦੇ ਅੰਕੜੇ ਨੇੜੇ ਨਾ ਪਹੁੰਚਣ ਕਾਰਨ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਬਿਮਾਰੀ ਦਾ 'ਬਹਾਨਾ' ਬਣਾ ਕੇ 18 ਜਨਵਰੀ ਦੀ ਚੋਣ ਮੁਲਤਵੀ ਕਰ ਦਿੱਤੀ ਗਈ। ਚੋਣ ਮੁਲਤਵੀ ਕਰਨ ਵਿਰੁੱਧ ਜਦੋਂ 'ਆਪ' ਹਾਈ ਕੋਰਟ ਵਿਚ ਚਲੀ ਗਈ ਅਤੇ ਅਦਾਲਤ ਨੇ ਚੋਣ ਲਈ 30 ਜਨਵਰੀ ਦੀ ਤਰੀਕ ਤੈਅ ਕਰ ਦਿੱਤੀ ਤਾਂ ਉਹੀ ਬਿਮਾਰ ਪ੍ਰੀਜ਼ਾਈਡਿੰਗ ਅਫਸਰ ਅਨਿਲ ਮਸੀਹ 'ਤੰਦਰੁਸਤ' ਹੋ ਗਿਆ।

ਹੈਰਾਨੀਜਨਕ ਹੈ ਕਿ ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿਚ ਪ੍ਰੀਜ਼ਾਈਡਿੰਗ ਅਫ਼ਸਰ ਉਸ ਵਿਵਾਦਿਤ ਵਿਅਕਤੀ ਅਨਿਲ ਮਸੀਹ ਨੂੰ ਬਣਾਇਆ ਗਿਆ ਜਿਸ ਨੂੰ ਕੌਂਸਲਰ ਵੀ ਰਾਜਪਾਲ ਵੱਲੋਂ ਨਾਮਜ਼ਦ ਕੀਤਾ ਗਿਆ ਸੀ। 'ਇੰਡੀਆ' ਗੱਠਜੋੜ ਦਾ ਉਮੀਦਵਾਰ ਜਿੱਤ ਰਿਹਾ ਸੀ ਪਰ ਪ੍ਰੀਜ਼ਾਈਡਿੰਗ ਅਫ਼ਸਰ ਨੇ ਭਾਜਪਾ ਵਿਰੋਧੀ ਧਿਰਾਂ 'ਆਪ' ਅਤੇ ਕਾਂਗਰਸ ਦੇ ਕੌਂਸਲਰਾਂ ਦੀਆਂ 8 ਵੋਟਾਂ ਰੱਦ ਕਰ ਕੇ ਭਾਜਪਾ ਉਮੀਦਵਾਰ ਨੂੰ ਜੇਤੂ ਕਰਾਰ ਦੇ ਦਿੱਤਾ। ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਜਿਸ ਤਰ੍ਹਾਂ ਗੈਰ-ਜਮਹੂਰੀ ਢੰਗ ਨਾਲ ਇਕਤਰਫਾ ਐਲਾਨ ਕਰ ਕੇ ਭਾਜਪਾ ਉਮੀਦਵਾਰ ਨੂੰ ਜੇਤੂ ਐਲਾਨਿਆ ਗਿਆ, ਉਹ ਭਾਰਤੀ ਚੋਣ ਪ੍ਰਣਾਲੀ 'ਤੇ ਹੀ ਸਵਾਲੀਆ ਨਿਸ਼ਾਨ ਲਾਉਂਦਾ ਹੈ। ਪ੍ਰੀਜ਼ਾਈਡਿੰਗ ਅਫ਼ਸਰ ਦੀਆਂ ਸੀ.ਸੀ.ਟੀ.ਵੀ. ਵਿਚ ਕੈਦ ਹੋਈਆਂ ਹਰਕਤਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਭਾਜਪਾ ਨੂੰ ਜਿਤਾਉਣ ਲਈ ਘਪਲਾ ਕਰ ਰਿਹਾ ਹੈ। ਵਾਇਰਲ ਵੀਡੀਓ ਵਿਚ ਉਹ ਕੈਮਰੇ ਵੱਲ ਝਾਕ ਕੇ ਪੈੱਨ ਨਾਲ ਖੁਦ ਟਿੱਕ ਮਾਰ ਕਰਦਾ ਨਜ਼ਰ ਆ ਰਿਹਾ ਹੈ।

ਭਾਜਪਾ ਹਕੂਮਤ ਦੇ ਇਸ਼ਾਰੇ ਤਹਿਤ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਕੀਤੀ ਇਸ ਕਾਰਵਾਈ ਖਿਲਾਫ 'ਆਪ' ਦੇ ਮੇਅਰ ਅਹੁਦੇ ਲਈ ਉਮੀਦਵਾਰ ਕੁਲਦੀਪ ਕੁਮਾਰ ਨੇ ਹਾਈ ਕੋਰਟ ਦਾ ਰੁਖ ਕੀਤਾ ਤਾਂ ਹਾਈ ਕੋਰਟ ਨੇ ਪਟੀਸ਼ਨ ਕਰਤਾ ਦੀ ਚੋਣ ਪ੍ਰਕਿਰਿਆ ਉੱਤੇ ਅਗਲੇ ਹੁਕਮਾਂ ਤੱਕ ਰੋਕ ਲਾਉਣ ਦੀ ਮੰਗ ਨੂੰ ਖਾਰਜ ਕਰਦਿਆਂ ਤਿੰਨ ਹਫ਼ਤਿਆਂ ਲਈ ਸੁਣਵਾਈ ਟਾਲ ਦਿੱਤੀ ਸੀ ਲੇਕਿਨ ਸੁਪਰੀਮ ਕੋਰਟ ਜਾਣ ਤੋਂ ਬਾਅਦ ਸੁਪਰੀਮ ਕੋਰਟ ਦੇ ਬੈਂਚ ਨੇ ਤੁਰੰਤ ਸੁਣਵਾਈ ਸ਼ੁਰੂ ਕਰ ਦਿੱਤੀ। ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਕੀਤੀ ਜਾ ਰਹੀ ਨੰਗੀ-ਚਿੱਟੀ ਛੇੜ-ਛਾੜ ਦਾ ਵੀਡੀਓ ਦੇਖਣ ਉਪਰੰਤ ਚੀਫ ਜਸਟਿਸ ਨੇ ਟਿੱਪਣੀ ਕੀਤੀ ਕਿ ਇਹ ਲੋਕਤੰਤਰ ਨਾਲ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਪ੍ਰੀਜ਼ਾਈਡਿੰਗ ਅਫ਼ਸਰ ਨੇ ਵੋਟਾਂ ਨੂੰ ਖੁਦ ਖਰਾਬ ਕੀਤਾ ਸੀ, ਅਸੀਂ ਹੈਰਾਨ ਹਾਂ। ਕੀ ਇਸ ਤਰ੍ਹਾਂ ਚੋਣਾਂ ਹੁੰਦੀਆਂ ਹਨ? ਇਹ ਲੋਕਤੰਤਰ ਦੀ ਹੱਤਿਆ ਹੈ।

ਭਾਵੇਂ ਕੇਸ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਲੋਕਤੰਤਰ ਦੀ ਹੱਤਿਆ ਨਹੀਂ ਹੋਣ ਦੇਣਗੇ ਤੇ ਪ੍ਰੀਜ਼ਾਈਡਿੰਗ ਅਫ਼ਸਰ 'ਤੇ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ ਪਰ ਹਕੀਕਤ ਇਹ ਹੈ ਕਿ ਅਜੇ ਤੱਕ ਪ੍ਰੀਜ਼ਾਈਡਿੰਗ ਅਫ਼ਸਰ ਖਿਲਾਫ ਕਿਸੇ ਵੀ ਕਿਸਮ ਦੀ ਕੋਈ ਕਾਰਵਾਈ ਨਹੀਂ ਹੋਈ ਹੈ।

ਸੁਪਰੀਮ ਕੋਰਟ ਨੇ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਚੰਗੀ ਗੱਲ ਹੈ, ਕੇਸ ਦੀ ਸੁਣਵਾਈ ਦੌਰਾਨ ਤਲਖ ਟਿੱਪਣੀਆਂ ਕੀਤੀਆਂ, ਇਹ ਉਸ ਤੋਂ ਵੀ ਚੰਗੀ ਗੱਲ ਹੈ ਪਰ ਇਹ ਵੀ ਸੱਚ ਹੈ ਕਿ ਕਈ ਕੇਸਾਂ ਵਿਚ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਹੋਰ ਹੁੰਦੀਆਂ ਹਨ ਤੇ ਕੇਸ ਦਾ ਫੈਸਲਾ ਹੋਰ ਹੁੰਦਾ ਹੈ। ਸਾਡੇ ਲਈ ਇਹ ਸਵਾਲ ਕਾਫੀ ਅਹਿਮ ਹੈ ਕਿ ਕੀ ਪ੍ਰਜ਼ਾਈਡਿੰਗ ਅਫ਼ਸਰ ਅਨਿਲ ਮਸੀਹ ਨੇ ਇਹ ਸਾਰਾ 'ਘਪਲਾ' ਖੁਦ ਕੀਤਾ ਜਾਂ ਉਸ ਤੋਂ ਕਰਾਇਆ ਗਿਆ ਸੀ? ਸਾਫ ਹੈ ਕਿ ਅਨਿਲ ਮਸੀਹ ਬਗੈਰ ਕਿਸੇ ਸਰਪ੍ਰਸਤੀ ਤੋਂ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਕਰ ਸਕਦਾ। ਇਹ ਕਹਿਣਾ ਕੋਈ ਅਤਕਥਨੀ ਨਹੀਂ ਹੈ ਕਿ ਉਸ ਨੇ ਇਹ ਸਭ ਭਾਜਪਾ ਹਕੂਮਤ ਦੀ ਸ਼ਹਿ 'ਤੇ ਕੀਤਾ ਹੈ ਲੇਕਿਨ ਉਸ ਦਾ ਕੁੱਢਰ ਢੰਗ ਭਾਜਪਾ ਦਾ ਕਿਰਦਾਰ ਨੰਗਾ ਕਰ ਗਿਆ। ਸ਼ਾਇਦ ਇਸੇ ਕਾਰਨ ਭਾਜਪਾ ਲੀਡਰਸ਼ਿਪ ਦੇ ਇਸੇ ਗੁੱਸੇ ਸ਼ਿਕਾਰ ਬਣੇ ਪੰਜਾਬ ਦੇ ਗਵਰਨਰ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਅਚਾਨਕ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਵੈਸੇ ਭਾਜਪਾ ਵੱਲੋਂ ਚੰਡੀਗੜ੍ਹ ਵਿਚ ਕੀਤਾ ਗਿਆ ਇਸ ਤਰ੍ਹਾਂ ਦਾ 'ਅਭਿਆਸ' ਕੋਈ ਪਹਿਲੀ ਕਾਰਵਾਈ ਨਹੀਂ ਹੈ ਬਲਕਿ ਇਸ ਤੋਂ ਪਹਿਲਾਂ ਵੀ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਵਿਚ ਭਾਜਪਾ ਇਸ ਤਰ੍ਹਾਂ ਦੀ ਜੋੜ-ਤੋੜ ਦੀ ਨੀਤੀ ਰਾਹੀਂ ਆਪਣੀਆਂ ਸਰਕਾਰਾਂ ਸਥਾਪਤ ਕਰ ਚੁੱਕੀ ਹੈ। ਭਾਜਪਾ ਨੇ ਖਰੀਦੋ-ਫਰੋਖਤ ਰਾਹੀਂ ਸੂਬਿਆਂ ਵਿਚ ਆਪਣੀਆਂ ਸਰਕਾਰਾਂ ਬਣਾਈਆਂ ਹਨ।

ਚੰਡੀਗੜ੍ਹ ਮੇਅਰ ਦੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਇੱਕੋ-ਇੱਕ ਕੌਂਸਲਰ ਨੇ ਭਾਜਪਾ ਉਮੀਦਵਾਰ ਨੂੰ ਵੋਟ ਪਾਈ ਹੈ ਜਿਸ ਤੋਂ ਅਕਾਲੀ ਦਲ (ਬਾਦਲ) ਦੀ ਭਾਜਪਾ ਨਾਲ ਸਾਂਝ ਭਿਆਲੀ ਜੱਗ ਜ਼ਾਹਿਰ ਹੁੰਦੀ ਹੈ। ਸਾਨੂੰ ਪੰਜਾਬੀਆਂ ਨੂੰ ਸੁਖਬੀਰ ਸਿੰਘ ਬਾਦਲ ਅਤੇ ਉਸ ਦੇ ਸਾਥੀਆਂ ਤੋਂ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਗੱਲ ਕਰਨ ਵਾਲਾ, ਸੰਘੀ ਢਾਂਚੇ ਦਾ ਮੁਦੱਈ ਅਕਾਲੀ ਦਲ ਭਾਜਪਾ ਦਾ ਜੋਟੀਦਾਰ ਕਿਵੇਂ ਬਣ ਗਿਆ? ਸਵਾਲ ਬਣਦਾ ਹੈ ਕਿ ਕਿਸਾਨ ਅੰਦੋਲਨ ਦੌਰਾਨ ਭਾਜਪਾ ਦਾ ਸਾਥ ਛੱਡਣ ਦਾ ਦਾਅਵਾ ਕਰਨ ਵਾਲਾ ਅਕਾਲੀ ਦਲ ਚੰਡੀਗੜ੍ਹ ਵਿਚ ਭਾਜਪਾ ਨੂੰ ਵੋਟ ਕਿਵੇਂ ਪਾ ਗਿਆ?

ਹਕੀਕਤ ਇਹ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਭਾਰਤ ਦੀ ਚੋਣ ਪ੍ਰਣਾਲੀ ਹੀ ਦੋਸ਼ ਪੂਰਨ ਹੈ। ਇੱਥੇ ਚੋਣਾਂ ਸੱਤਾ ਉਤੇ ਕਬਜ਼ਾ ਕਰਨ ਲਈ ਹਰ ਹਰਬਾ ਵਰਤ ਕੇ ਜਿੱਤੀਆਂ ਜਾਂਦੀਆਂ ਹਨ। ਚੋਣਾਂ 'ਚ ਜਮਹੂਰੀ ਕਦਰਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਗੈਰ ਬਹੁ-ਗਿਣਤੀ ਦੀਆਂ ਵੋਟਾਂ ਹਾਸਲ ਕਰਨ ਲਈ ਘੱਟ ਗਿਣਤੀਆਂ ਨੂੰ ਨੁੱਕਰੇ ਲਾਇਆ ਜਾਂਦਾ ਹੈ। ਭਾਜਪਾ ਦਾ ਏਜੰਡਾ ਸਾਫ ਹੈ ਕਿ ਉਹ ਕੇਂਦਰੀਕ੍ਰਿਤ ਹਿੰਦੂ ਰਾਸ਼ਟਰ ਬਣਾਉਣ ਵਾਲੇ ਪਾਸੇ ਵਧ ਰਹੀ ਹੈ। ਯੂਰਪ ਸਮੇਤ ਦੁਨੀਆ ਦਾ ਇਤਿਹਾਸ ਦੱਸਦਾ ਹੈ ਕਿ ਫਾਸ਼ੀਵਾਦੀ ਹਕੂਮਤ ਵੋਟਾਂ ਰਾਹੀਂ ਸੱਤਾ ਹਥਿਆਉਂਦੀ ਹੈ ਅਤੇ ਸੱਤਾ ਹਾਸਲ ਕਰਨ ਤੋਂ ਬਾਅਦ ਚੋਣ ਧਾਂਦਲੀਆਂ/ਧੱਕੇਸ਼ਾਹੀਆਂ ਰਾਹੀਂ ਸੱਤਾ ਵਿਚ ਬਣੇ ਰਹਿਣਾ ਲੋਚਦੀ ਹੈ। ਭਾਜਪਾ ਇਹੋ ਕੁਝ ਕਰ ਰਹੀ ਹੈ ਕਿ ਜਿੱਥੇ ਉਸ ਨੂੰ ਲੱਗਦਾ ਹੈ ਕਿ ਉਹ ਚੋਣਾਂ ਜਿੱਤਣ ਦੀ ਹਾਲਤ ਵਿਚ ਨਹੀਂ ਹੈ, ਉੱਥੇ ਉਹ ਚੋਣ ਧਾਂਦਲੀਆਂ ਜਾਂ ਚੁਣੇ ਹੋਏ ਨੁਮਾਇੰਦਿਆਂ ਦੀ ਖਰੀਦੋ-ਫਰੋਖਤ ਦਾ ਰਾਹ ਅਖਤਿਆਰ ਕਰਦੀ ਹੈ। ਭਾਜਪਾ ਨੂੰ ਪਤਾ ਸੀ ਕਿ ਉਹ ਜੰਮੂ ਕਸ਼ਮੀਰ ਵਿਚ ਚੋਣਾਂ ਨਹੀਂ ਜਿੱਤ ਸਕਦੇ; ਇਸ ਕਰ ਕੇ ਉਹਨਾਂ ਜੰਮੂ ਕਸ਼ਮੀਰ ਨੂੰ ਯੂ.ਟੀ. ਦੇ ਰੂਪ ਵਿਚ ਵੰਡ ਦਿੱਤਾ ਅਤੇ ਕਈ ਸਾਲ ਤੋਂ ਉਥੇ ਚੋਣਾਂ ਹੀ ਨਹੀਂ ਕਰਵਾਈਆਂ ਗਈਆ ਹਨ। ਜਿੱਥੇ ਇਨ੍ਹਾਂ ਵਿਚੋਂ ਕੋਈ ਦਾਅ ਵੀ ਨਹੀਂ ਚੱਲਦਾ, ਉੱਥੇ ਕੇਂਦਰੀ ਏਜੰਸੀਆਂ ਰਾਹੀਂ ਮੁੱਖ ਮੰਤਰੀ ਤੱਕ ਗ੍ਰਿਫਤਾਰ ਕਰਵਾਏ ਜਾ ਰਹੇ ਹਨ।

ਅਸਲ ਵਿਚ ਭਾਰਤ ਵੱਖ-ਵੱਖ ਕੌਮਾਂ, ਧਰਮਾਂ, ਜਾਤਾਂ ਦਾ ਸਮੂਹ ਹੈ, ਇਸ ਲਈ ਇੱਥੇ ਰਾਜਾਂ ਨੂੰ ਵੱਧ ਅਧਿਕਾਰ ਤੇ ਸੰਘੀ ਢਾਂਚਾ ਬਹੁਤ ਜ਼ਰੂਰੀ ਹੈ। ਪਹਿਲਾਂ ਕਾਂਗਰਸ ਨੇ ਸੰਘੀ ਢਾਂਚੇ ਦਾ ਗਲਾ ਘੁੱਟਿਆ ਤੇ ਹੁਣ ਜਦ ਤੋਂ ਭਾਜਪਾ ਨੇ 'ਸੱਤਾ' ਸੰਭਾਲੀ ਹੈ ਤਦ ਤੋਂ ਰਾਜਾਂ ਨੂੰ ਮਿਲੇ ਚੁਣਵੇਂ ਅਧਿਕਾਰ ਵੀ ਖੋਹ ਕੇ ਸਾਰੀਆਂ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਇਸੇ ਕਰ ਕੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਹਾਸਲ ਕਰਨ ਲਈ ਭਾਜਪਾ ਨੇ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। 'ਇੱਕ ਦੇਸ਼ ਇੱਕ ਚੋਣ' ਦੀ ਨੀਤੀ ਵੀ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ ਹੀ ਹੈ ਜੋ ਸੰਘੀ ਢਾਂਚੇ ਦੇ ਵਿਰੁੱਧ ਹੈ।

ਜਿਵੇਂ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੌਰਾਨ ਸ਼ਰੇਆਮ ਧੱਕੇਸ਼ਾਹੀ ਕੀਤੀ ਗਈ ਹੈ, ਜੰਮੂ ਕਸ਼ਮੀਰ ਵਿਚ ਵੋਟਾਂ ਨਹੀਂ ਪੁਆਈਆਂ ਜਾ ਰਹੀਆਂ, ਉਸ ਤੋਂ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜੇ ਭਾਜਪਾ ਮੁੜ ਸੱਤਾ 'ਤੇ ਕਾਬਜ਼ ਹੁੰਦੀ ਹੈ ਤਾਂ ਸੰਭਾਵਨਾ ਹੈ ਕਿ ਉਸ ਤੋਂ ਬਾਅਦ ਇਹ ਫਾਸ਼ੀਵਾਦੀ ਹਕੂਮਤ ਵੋਟਾਂ ਪੁਆਉਣ ਤੋਂ ਹੀ ਭੱਜ ਸਕਦੀ ਹੈ।

**ਭਾਰਤੀ ਹੁਕਮਰਾਨਾਂ ਉੱਪਰ ਕਾਰਪੋਰੇਟ 'ਵਿਕਾਸ ਮਾਡਲ' ਦਾ ਭੂਤ ਇਸ ਕਦਰ ਸਵਾਰ ਹੈ ਕਿ ਇਨ੍ਹਾਂ ਨੂੰ ਪੌਣ-ਪਾਣੀ ਅਤੇ ਚੌਗਿਰਦੇ ਦੀ ਤਬਾਹੀ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਨੇ ਤਾਂ ਜੀ.ਡੀ.ਪੀ. (ਕੁਲ ਘਰੇਲੂ ਉਪਜ) ਦੇ ਅੰਕੜਿਆਂ ਦੀ ਧੋਖਾਧੜੀ ਨੂੰ ਇਹ ਸਾਬਤ ਕਰਨ ਲਈ ਵਰਤਣਾ ਹੈ ਕਿ ਦੇਖੋ ਸਾਡੀ ਅਗਵਾਈ ਹੇਠ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ ਬਣਨ ਵੱਲ ਛਾਲਾਂ ਮਾਰ ਕੇ ਵਧ ਰਿਹਾ ਹੈ। ਇਸੇ ਵਿਨਾਸ਼ਕਾਰੀ ਨੀਤੀ ਦਾ ਨਤੀਜਾ ਹੈ ਕਿ 2014 ਅਤੇ 2023 ਦਰਮਿਆਨ ਮੁਲਕ ਦੀ 144000 ਹੈਕਟੇਅਰ ਤੋਂ ਵਧੇਰੇ ਜੰਗਲਾਂ ਦੀ ਜ਼ਮੀਨ ਖਣਨ, ਸੜਕਾਂ, ਟਰਾਂਸਮਿਸ਼ਨ ਲਾਈਨਾਂ ਅਤੇ ਹੋਰ ਬੁਨਿਆਦੀ ਢਾਂਚਾ ਉਸਾਰਨ ਲਈ ਦੇ ਦਿੱਤੀ ਗਈ।**

# ਲੋਕ ਹਿਤਾਂ ਦੀ ਕੀਮਤ 'ਤੇ ਲੱਗ ਰਹੇ ਕਾਰਪੋਰੇਟ ਪ੍ਰੋਜੈਕਟ






*ਵੱਡੇ ਕਾਰਪੋਰੇਟ ਅਡਾਨੀ ਦੇ ਪ੍ਰੋਜੈਕਟ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ ਅਤੇ (ਸੱਜੇ) ਕੋਲੇ ਦੀ ਖਦਾਨ ਖਿਲਾਫ ਡਟੇ ਹੋਏ ਆਦਿਵਾਸੀ।*

ਭਗਵਾ ਹਕੂਮਤ ਵੱਲੋਂ ਮੁਲਕ ਦੇ ਅਵਾਮ ਨੂੰ ਫਿਰਕੂ ਮੁੱਦਿਆਂ ਵਿਚ ਉਲਝਾ ਕੇ ਅਤੇ 'ਅੰਮ੍ਰਿਤ ਮਹਾ ਕਾਲ' ਵਰਗੇ ਜੁਮਲੇ ਪ੍ਰਚਾਰ ਕੇ ਆਰਥਿਕ ਤਬਾਹੀ ਅਤੇ ਦਿਨੋ-ਦਿਨ ਵਧ ਰਹੀ ਨਾਬਰਾਬਰੀ ਨੂੰ ਸ਼ਾਤਰਾਨਾ ਮੁਹਾਰਤ ਨਾਲ ਲੁਕੋਇਆ ਜਾ ਰਿਹਾ ਹੈ। ਇਸ ਦੌਰਾਨ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਅਜਿਹੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਜਾ ਰਹੀ ਹੈ ਜੋ ਵਾਤਾਵਰਨ ਅਤੇ ਲੋਕਾਂ ਦੇ ਜੀਵਨ ਗੁਜ਼ਾਰੇ ਦੇ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਵਸੀਲਿਆਂ ਦੀ ਤਬਾਹੀ ਕਰਨ ਪੱਖੋਂ ਬੇਹੱਦ ਘਾਤਕ ਹਨ। ਸਰਕਾਰੀ ਦਸਤਾਵੇਜ਼ ਅਤੇ ਮਾਹਿਰਾਂ ਦੇ ਅਨੁਮਾਨ ਦੱਸਦੇ ਹਨ ਕਿ 2022 ਦੇ ਅੰਤ ਤੇ 2023 ਦੇ ਸ਼ੁਰੂ 'ਚ ਅਡਾਨੀ ਗਰੀਨ ਐਨਰਜੀ ਲਿਮਟਿਡ ਦੇ ਤਿੰਨ ਅਜਿਹੇ ਵੱਡੇ ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਮੁੱਢਲੀ ਪ੍ਰਵਾਨਗੀ ਦਿੱਤੀ ਗਈ ਜਿਨ੍ਹਾਂ ਨਾਲ ਪੁਰਾਤਨ ਜੰਗਲਾਂ ਅਤੇ ਵਣ-ਜੀਵਨ ਦੇ ਤਬਾਹ ਹੋ ਜਾਣ ਦਾ ਖ਼ਤਰਾ ਹੈ।

ਕੇਂਦਰੀ ਵਾਤਾਵਰਨ, ਜੰਗਲਾਤ ਅਤੇ ਪੌਣ-ਪਾਣੀ ਬਦਲਾਅ ਮੰਤਰਾਲੇ ਨੇ ਇਸ ਕੰਪਨੀ ਨੂੰ ਇਹ ਲਾਭ ਕਾਨੂੰਨੀ ਰੈਗੂਲੇਸ਼ਨਾਂ ਦੀ ਵਿਆਖਿਆ ਇਸ ਤਰੀਕੇ ਨਾਲ ਕਰ ਕੇ ਪਹੁਚਾਇਆ ਜਿਸ ਦੀ ਇਜਾਜ਼ਤ ਕਾਨੂੰਨ ਨਹੀਂ ਦਿੰਦਾ। ਚੌਗਿਰਦੇ 'ਚ ਘਾਤਕ ਬਦਲਾਅ ਦੇ ਲਿਹਾਜ਼ ਨਾਲ ਸੰਵੇਦਨਸ਼ੀਲ ਮੰਨੇ ਜਾਂਦੇ ਇਲਾਕਿਆਂ ਵਿਚ ਅਜਿਹੇ ਪ੍ਰੋਜੈਕਟਾਂ ਨੂੰ ਮੁੱਢਲੀ ਕਲੀਅਰੈਂਸ ਖ਼ਤਰੇ ਦੀ ਘੰਟੀ ਹੈ। ਕੰਪਨੀ ਦੇ ਦਸਤਾਵੇਜ਼ਾਂ ਅਨੁਸਾਰ ਅਜਿਹੇ ਇਲਾਕਿਆਂ ਵਿਚ ਜੰਗਲਾਂ ਦੀ 150 ਹੈਕਟੇਅਰ ਜ਼ਮੀਨ ਨੂੰ ਚਾਰ ਡੈਮਾਂ, ਪਹੁੰਚ ਸੜਕਾਂ, ਮਜ਼ਦੂਰਾਂ ਦੀ ਰਿਹਾਇਸ਼ ਅਤੇ ਹੋਰ ਬੁਨਿਆਦੀ ਢਾਂਚਾ ਉਸਾਰਨ ਲਈ ਵਰਤਿਆ ਜਾਣਾ ਹੈ। ਇਸ ਦਾ ਅਸਰ ਸਿਰਫ਼ ਇਨ੍ਹਾਂ ਤਿੰਨ ਪ੍ਰੋਜੈਕਟਾਂ ਹੇਠ ਆਉਣ ਵਾਲੇ ਮਹਾਰਾਸ਼ਟਰ ਦੇ ਚਾਰ ਜ਼ਿਲ੍ਹਿਆਂ- ਪੁਣੇ, ਸਤਾਰਾ, ਕੋਹਲਾਪੁਰ ਤੇ ਰਾਏਗੜ੍ਹ, ਵਿਚ ਹੀ ਨਹੀਂ ਪਵੇਗਾ ਸਗੋਂ ਇਸ ਕਾਨੂੰਨੀ ਵਿਆਖਿਆ ਨਾਲ ਪੱਛਮੀ ਘਾਟ ਖੇਤਰ ਦੇ ਹੋਰ ਸੰਵੇਦਨਸ਼ੀਲ ਇਲਾਕਿਆਂ ਵਿਚ ਹੋਰ ਹਾਈਡ੍ਰੋਪਾਵਰ ਪ੍ਰੋਜੈਕਟਾਂ ਦਾ ਰਾਹ ਵੀ ਖੁੱਲ੍ਹੇਗਾ। ਬੇਸ਼ੱਕ ਇਹ ਅੰਤਮ ਮਨਜ਼ੂਰੀ ਨਹੀਂ ਹੈ ਪਰ ਜੇ ਇਨ੍ਹਾਂ ਤਿੰਨ ਪ੍ਰੋਜੈਕਟਾਂ ਨੂੰ ਮੁੱਢਲੀ ਪ੍ਰਵਾਨਗੀ ਮੁਕੰਮਲ ਮਨਜ਼ੂਰੀ 'ਚ ਬਦਲਦੀ ਹੈ ਤਾਂ ਇਸ ਕਾਰਪੋਰੇਟ ਸਮੂਹ ਦੀ ਅਜਿਹੇ ਹਾਈਡ੍ਰੋਪ੍ਰੋਜੈਕਟਾਂ ਦੀ ਵੱਡ-ਅਕਾਰੀ ਯੋਜਨਾ ਨੂੰ ਬਹੁਤ ਵੱਡਾ ਹੁਲਾਰਾ ਮਿਲੇਗਾ।

ਅਡਾਨੀ ਗਰੀਨ ਐਨਰਜੀ ਲਿਮਟਿਡ ਦੀ ਯੋਜਨਾ ਮਹਾਰਾਸ਼ਟਰ ਵਿਚ ਆਪਣੀ ਪਣ-ਬਿਜਲੀ ਪੈਦਾਵਾਰ ਦੀ ਮੌਜੂਦਾ ਜ਼ੀਰੋ ਸਮਰੱਥਾ ਨੂੰ 11000 ਮੈਗਾਵਾਟ ਤੱਕ ਵਧਾਉਣ ਅਤੇ ਇਸ ਖ਼ਾਤਰ 60000 ਕਰੋੜ ਪੂੰਜੀ ਨਿਵੇਸ਼ ਕਰਨ ਦੀ ਹੈ। ਜੁਲਾਈ 2022 'ਚ ਕੰਪਨੀ ਮਹਾਰਾਸ਼ਟਰ ਰਾਜ ਸਰਕਾਰ ਨਾਲ ਪੰਜ ਪੰਪ ਸਟੋਰੇਜ ਪ੍ਰੋਜੈਕਟ ਲਗਾਉਣ ਲਈ 60000 ਕਰੋੜ ਰੁਪਏ ਦੇ ਇਕਰਾਰਨਾਮੇ ਪਹਿਲਾਂ ਹੀ ਕਰ ਚੁੱਕੀ ਹੈ ਜਿਨ੍ਹਾਂ ਵਿਚੋਂ ਤਿੰਨਾਂ ਦਾ ਜ਼ਿਕਰ ਉਪਰ ਆਇਆ ਹੈ। ਇਹ ਸਪਸ਼ਟ ਹੈ ਕਿ ਬਾਕੀ ਦੋ ਵੀ ਪੱਛਮੀ ਘਾਟ ਵਿਚ ਲੱਗਣਗੇ।

ਯਾਦ ਰਹੇ ਕਿ ਪੱਛਮੀ ਘਾਟ ਖੇਤਰ ਦਾ 50000 ਸਕੇਅਰ ਕਿਲੋਮੀਟਰ ਤੋਂ ਵੱਧ ਇਲਾਕਾ ਚੌਗਿਰਦਾ ਤਬਦੀਲੀਆਂ ਪੱਖੋਂ ਸੰਵੇਦਨਸ਼ੀਲ ਸ਼੍ਰੇਣੀ 'ਚ ਰੱਖਿਆ ਗਿਆ ਹੈ। ਜਿਸ ਦਾ ਭਾਵ ਹੈ ਕਿ ਇਨ੍ਹਾਂ ਇਲਾਕਿਆਂ ਵਿਚ ਪਾਏ ਜਾਂਦੇ ਪਸ਼ੂ-ਪੰਛੀ ਅਤੇ ਪੌਦਿਆਂ ਦੀਆਂ ਨਸਲਾਂ ਦੁਰਲੱਭ, ਖ਼ਾਸ ਤੌਰ 'ਤੇ ਵਡਮੁੱਲੀਆਂ ਹਨ ਜਿਨ੍ਹਾਂ ਵਿਚ ਮਨੁੱਖੀ ਸਰਗਰਮੀ ਨਾਲ ਘਾਤਕ ਖ਼ਲਲ ਪੈਂਦਾ ਹੈ। ਪੱਛਮੀ ਘਾਟ ਹਿਮਾਲਿਆ ਪਰਬਤ ਤੋਂ ਵੀ ਪੁਰਾਤਨ ਪਰਬਤ-ਮਾਲਾ ਹੈ ਜਿਸ ਦਾ ਪਿਛੋਕੜ 150 ਮਿਲੀਅਨ ਸਾਲ ਪਿੱਛੇ ਜੁਰਾਸਿਕ ਯੁਗ ਤੱਕ ਚਲਿਆ ਜਾਂਦਾ ਹੈ। ਹੁਕਮਰਾਨ ਚਹੇਤੇ ਕਾਰਪੋਰੇਟਾਂ ਨੂੰ ਖ਼ੁਸ਼ ਕਰਨ ਲਈ ਇਸ ਨੂੰ ਵੀ ਦਾਅ 'ਤੇ ਲਾ ਰਹੇ ਹਨ।

ਭਾਰਤ ਦੇ ਪੱਛਮੀ ਸਮੁੰਦਰੀ ਕੰਢੇ ਉੱਪਰ 1500 ਕਿੱਲੋਮੀਟਰ ਤੱਕ ਫੈਲੇ 'ਪੱਛਮੀ ਘਾਟ' ਦੱਖਣੀ-ਪੱਛਮੀ ਮਾਨਸੂਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਭਾਰਤ ਦੇ ਸੱਤਾਂ ਵਿਚੋਂ ਤਿੰਨ ਵੱਡੀਆਂ ਨਦੀਆਂ ਦੇ ਪਾਣੀ ਦਾ ਸਰੋਤ ਹਨ। ਇਹ ਨਦੀਆਂ ਮੁਲਕ ਦੀ ਚੌਥਾ ਹਿੱਸਾ ਵਸੋਂ ਨੂੰ ਪਾਣੀ ਮੁਹੱਈਆ ਕਰਦੀਆਂ ਹਨ।

ਜਿਹੜੇ 'ਪੰਪ ਸਟੋਰੇਜ ਪ੍ਰੋਜੈਕਟ' ਦੇ ਤਕਨੀਕੀ ਨਾਮ ਵਾਲੇ ਤਿੰਨ ਹਾਈਡ੍ਰੋਪਾਵਰ ਪ੍ਰੋਜੈਕਟ ਲਗਾਏ ਜਾਣ ਦੀ ਯੋਜਨਾ ਹੈ, ਉਨ੍ਹਾਂ ਨੂੰ ਭਾਰਤ ਦੇ ਵਾਤਾਵਰਨ ਕਾਨੂੰਨਾਂ 'ਚ 'ਲਾਲ' ਸ਼੍ਰੇਣੀ 'ਚ ਰੱਖਿਆ ਗਿਆ ਹੈ ਭਾਵ ਅਜਿਹੇ ਪ੍ਰੋਜੈਕਟ ਪੱਛਮੀ ਘਾਟ ਵਰਗੇ ਸੰਵੇਦਨਸ਼ੀਲ ਇਲਾਕਿਆਂ ਵਿਚ ਲਗਾਏ ਨਹੀਂ ਜਾ ਸਕਦੇ। ਕਿਉਂਕਿ ਕੇਂਦਰ ਪ੍ਰਦੂਸ਼ਨ ਕੰਟਰੋਲ ਬੋਰਡ ਅਨੁਸਾਰ ਇਹ ਅਜਿਹੀ ਸਨਅਤ ਹੈ ਜਿਸ ਨਾਲ ਅਤਿ ਜ਼ਿਆਦਾ ਪ੍ਰਦੂਸ਼ਨ ਦੀ ਗੁੰਜਾਇਸ਼ ਹੁੰਦੀ ਹੈ। ਬੇਸ਼ੱਕ ਇਹ ਪ੍ਰੋਜੈਕਟ ਕੋਲਾ-ਖਣਨ ਪ੍ਰੋਜੈਕਟਾਂ ਜਿੰਨਾ ਪ੍ਰਦੂਸ਼ਨ ਪੈਦਾ ਨਹੀਂ ਕਰਦੇ, ਪਰ ਮਾਹਰਾਂ ਅਨੁਸਾਰ ਇਹ ਜੰਗਲਾਂ ਅਤੇ ਪੌਣ-ਪਾਣੀ ਦਾ ਜੋ ਨੁਕਸਾਨ ਕਰਦੇ ਹਨ ਉਸ ਨੂੰ ਪਹਿਲੀ ਹਾਲਤ 'ਚ ਲਿਆਉਣਾ ਸੰਭਵ ਨਹੀਂ ਹੁੰਦਾ।

ਹੁਣ ਸਵਾਲ ਇਹ ਹੈ ਕਿ ਵਾਤਾਵਰਨ ਮੰਤਰਾਲੇ ਨੇ ਇਹ ਮੁੱਢਲੀ ਪ੍ਰਵਾਨਗੀ ਆਖ਼ਿਰਕਾਰ ਕਿਸ ਆਧਾਰ 'ਤੇ ਦਿੱਤੀ? ਦਸਤਾਵੇਜ਼ ਦੱਸਦੇ ਹਨ ਕਿ ਅੰਦਰੂਨੀ ਗੱਲਬਾਤ ਵਿਚ ਮੰਤਰਾਲੇ ਦੇ ਅਧਿਕਾਰੀਆਂ ਦੀ ਦਲੀਲ ਸੀ ਕਿ ਪੱਛਮੀ ਘਾਟ ਵਰਗੇ ਸੰਵੇਦਨਸ਼ੀਲ ਖੇਤਰ ਵਿਚ ਵੱਡੇ ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਨਿਯਮਤ ਕਰਨ ਵਾਲੇ ਮੌਜੂਦਾ ਰੈਗੂਲੇਸ਼ਨ 'ਸਵੈਵਿਰੋਧੀ' ਹਨ। ਦਰਅਸਲ, ਇਸ ਮੰਤਰਾਲੇ ਦੇ ਨਵੰਬਰ 2013 ਦੇ ਨਿਰਦੇਸ਼ ਤਹਿਤ ਲਾਲ ਸ਼੍ਰੇਣੀ ਪ੍ਰੋਜੈਕਟਾਂ ਦੀ ਮਨਾਹੀ ਕੀਤੀ ਗਈ ਸੀ ਪਰ ਉਸੇ ਸਾਲ ਦੇ ਦਸੰਬਰ ਮਹੀਨੇ ਇਕ 'ਆਫ਼ਿਸ ਮੀਮੋ' ਵਿਚ ਅਜਿਹੇ ਸੰਵੇਦਨਸ਼ੀਲ ਇਲਾਕਿਆਂ ਵਿਚ ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਤਾਂ ਉਤਸ਼ਾਹਤ ਕੀਤਾ ਗਿਆ ਸੀ ਪਰ ਲਾਲ ਸ਼੍ਰੇਣੀ ਦੇ ਪ੍ਰੋਜੈਕਟਾਂ ਦੀ ਮਨਾਹੀ ਕੀਤੀ ਗਈ ਸੀ।

ਇਸ ਦੇ ਬਾਵਜੂਦ ਵਾਤਾਵਰਨ ਮੰਤਰਾਲੇ ਦੇ ਅਧਿਕਾਰੀਆਂ ਨੇ ਨਵੰਬਰ 2022 'ਚ ਉਪਰੋਕਤ ਆਫ਼ਿਸ ਮੀਮੋ ਅਤੇ ਪਹਿਲਾਂ ਲੱਗ ਚੁੱਕੇ ਦੋ ਪ੍ਰੋਜੈਕਟਾਂ (ਜਿਨ੍ਹਾਂ ਵਿਚੋਂ ਇਕ 2017 'ਚ ਕਰਨਾਟਕਾ ਵਿਚ ਅਤੇ ਦੂਜਾ 2020 'ਚ ਤਾਮਿਲਨਾਡੂ ਵਿਚ ਲਗਾਇਆ ਗਿਆ) ਦੀਆਂ ਮਿਸਾਲਾਂ ਦਾ ਹਵਾਲਾ ਦੇ ਕੇ ਅਡਾਨੀ ਦੇ ਤਿੰਨ ਵਿਚੋਂ ਇਕ ਪ੍ਰੋਜੈਕਟ ਨੂੰ ਮੁੱਢਲੀ ਪ੍ਰਵਾਨਗੀ ਦੇ ਦਿੱਤੀ। ਮਾਹਰਾਂ ਅਨੁਸਾਰ ਇਸ ਮੀਮੋ ਦੀ ਕੋਈ ਕਾਨੂੰਨੀ ਵੁੱਕਤ ਨਹੀਂ ਹੈ।

ਪਰ ਭਾਰਤੀ ਹੁਕਮਰਾਨਾਂ ਉੱਪਰ ਕਾਰਪੋਰੇਟ 'ਵਿਕਾਸ ਮਾਡਲ' ਦਾ ਭੂਤ ਇਸ ਕਦਰ ਸਵਾਰ ਹੈ ਕਿ ਇਨ੍ਹਾਂ ਨੂੰ ਪੌਣਪਾਣੀ ਅਤੇ ਚੌਗਿਰਦੇ ਦੀ ਤਬਾਹੀ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਨੇ ਤਾਂ ਜੀ.ਡੀ.ਪੀ. (ਕੁਲ ਘਰੇਲੂ ਉਪਜ) ਦੇ ਅੰਕੜਿਆਂ ਦੀ ਧੋਖਾਧੜੀ ਨੂੰ ਇਹ ਸਾਬਤ ਕਰਨ ਲਈ ਵਰਤਣਾ ਹੈ ਕਿ ਦੇਖੋ ਸਾਡੀ ਅਗਵਾਈ ਹੇਠ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ ਬਣਨ ਵੱਲ ਛਾਲਾਂ ਮਾਰਕੇ ਵਧਦਾ ਜਾ ਰਿਹਾ ਹੈ। ਇਸੇ ਵਿਨਾਸ਼ਕਾਰੀ ਨੀਤੀ ਦਾ ਨਤੀਜਾ ਹੈ ਕਿ 2014 ਅਤੇ 2023 ਦਰਮਿਆਨ ਮੁਲਕ ਦੀ 144000 ਹੈਕਟੇਅਰ ਤੋਂ ਵਧੇਰੇ ਜੰਗਲਾਂ ਦੀ ਜ਼ਮੀਨ ਖਣਨ, ਸੜਕਾਂ, ਟਰਾਂਸਮਿਸ਼ਨ ਲਾਈਨਾਂ ਅਤੇ ਹੋਰ ਬੁਨਿਆਦੀ ਢਾਂਚਾ ਉਸਾਰਨ ਲਈ ਦੇ ਦਿੱਤੀ ਗਈ। ਇਸ ਵਿਚੋਂ ਕੇਂਦਰ ਸਰਕਾਰ ਨੇ ਹਾਈਡ੍ਰੋਪਾਵਰ ਪ੍ਰੋਜੈਕਟਾਂ ਲਈ 6600 ਹੈਕਟੇਅਰ ਤੋਂ ਵਧੇਰੇ ਜੰਗਲੀ ਖੇਤਰ ਨੂੰ ਸਾਫ਼ ਕਰਨ ਜਾਂ ਪਾਣੀ ਦੇ

> ***ਜਦੋਂ ਤੱਕ ਸਥਾਨਕ ਪ੍ਰਭਾਵਿਤ ਲੋਕਾਂ ਤੋਂ ਇਲਾਵਾ ਬਾਕੀ ਮੁਲਕ ਦੇ ਅਵਾਮ ਇਸ ਵਿਨਾਸ਼ਕਾਰੀ ਮਾਡਲ ਬਾਰੇ ਜਾਗਰੂਕ ਹੋ ਕੇ ਇਨ੍ਹਾਂ ਵਿਰੋਧ ਸੜਕਾਂ ਉੱਪਰ ਨਹੀਂ ਆਉਂਦੇ, ਚੌਗਿਰਦੇ ਅਤੇ ਪੌਣ-ਪਾਣੀ ਦੀ ਤਬਾਹੀ ਕਰਨ 'ਤੇ ਤੁੱਲੇ ਇਸ ਨਾਪਾਕ ਗੱਠਜੋੜ ਨੂੰ ਪਿੱਛੇ ਧੱਕਣਾ ਸੰਭਵ ਨਹੀਂ ਹੈ।***

ਹੇਠ ਲੈ ਆਉਣ ਨੂੰ ਮਨਜ਼ੂਰੀ ਦਿੱਤੀ। ਸਿਰਫ਼ 2019-2020 'ਚ ਹੀ ਹਕੂਮਤ ਨੇ 4634 ਹੈਕਟੇਅਰ ਬਾਰੇ ਅਜਿਹੀ ਮਨਜ਼ੂਰੀ ਦਿੱਤੀ ਜੋ ਪੰਦਰਾਂ ਸਾਲ 'ਚ ਸਭ ਤੋਂ ਉੱਚੀ ਦਰ ਹੈ। ਇਨ੍ਹਾਂ ਮਨਜ਼ੂਰੀਆਂ ਤੋਂ ਪਤਾ ਲੱਗਦਾ ਹੈ ਕਿ ਕਾਰਪੋਰੇਟ ਘਰਾਣੇ 'ਆਰਥਕ ਸੁਧਾਰਾਂ ਦੇ ਦੂਜੇ ਪੜਾਅ' ਨੂੰ ਅੰਜਾਮ ਦੇਣ ਲਈ ਮੋਦੀ ਵਰਗੀ 'ਲੋਹ-ਪੁਰਸ਼' ਤਾਕਤ ਨੂੰ ਸੱਤਾ ਵਿਚ ਲਿਆਉਣ ਲਈ ਐਨੇ ਤਾਹੂ ਕਿਉਂ ਸਨ।

ਇਨ੍ਹਾਂ ਪ੍ਰੋਜੈਕਟਾਂ ਨੂੰ 'ਕਲੀਨ ਐਨਰਜੀ' ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਕੀ ਇਹ ਸੱਚਮੁੱਚ 'ਕਲੀਨ' ਹਨ? ਜਿਨ੍ਹਾਂ ਸੁਤੰਤਰ ਵਾਤਾਵਰਨ ਪ੍ਰੇਮੀਆਂ ਨੇ ਇਸ ਖੇਤਰ 'ਚ ਅਧਿਐਨ ਦਾ ਕੰਮ ਕੀਤਾ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹਾ ਬਿਲਕੁਲ ਨਹੀਂ ਹੈ। ਜੰਗਲੀ ਜੀਵਾਂ ਦੀ ਸੰਭਾਲ ਨਾਲ ਸੰਬੰਧਤ ਮਾਹਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਮੁੱਲ ਉਸਾਰੀ ਦੇ ਦੌਰਾਨ ਇਨ੍ਹਾਂ ਵਡਮੁੱਲੇ ਜੰਗਲਾਂ ਵਿਚਲੀ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਨਸਲਾਂ ਦੀ ਤਬਾਹੀ ਅਤੇ ਕੁਦਰਤੀ ਚੌਗਿਰਦੇ ਦੀ ਬਰਬਾਦੀ ਦੇ ਰੂਪ 'ਚ ਚੁਕਾਉਣਾ ਪਵੇਗਾ ਕਿਉਂਕਿ ਜਿਨ੍ਹਾਂ ਇਲਾਕਿਆਂ ਵਿਚ ਇਹ ਪ੍ਰੋਜੈਕਟ ਲਗਾਏ ਜਾਣ ਦਾ ਵਿਚਾਰ ਹੈ, ਉਹ ਪੱਛਮੀ ਘਾਟਾਂ ਵਿਚਲੇ ਉੱਥਲ-ਪੁੱਥਲ ਤੋਂ ਬਚੇ ਆਖ਼ਰੀ ਜੰਗਲਾਂ ਵਿਚੋਂ ਹਨ। ਕੰਪਨੀ ਦੇ ਆਪਣੇ ਦਸਤਾਵੇਜ਼ਾਂ ਵਿਚ ਵੀ ਮਹੱਤਵਪੂਰਨ ਵਾਤਾਵਰਨ ਸਰੋਕਾਰਾਂ ਦੀ ਚਰਚਾ ਕੀਤੀ ਗਈ ਹੈ।

ਵਾਤਾਵਰਨ ਮੰਤਰਾਲੇ ਦੀ ਕਾਨੂੰਨ ਦੀ ਮਨਮਰਜ਼ੀ ਦੀ ਵਿਆਖਿਆ ਤਾਂ ਸਵਾਲਾਂ ਦੇ ਘੇਰੇ 'ਚ ਹੈ ਹੀ। ਕਾਨੂੰਨੀ ਮਾਹਰਾਂ ਅਨੁਸਾਰ 'ਹਵਾਲਾ ਸ਼ਰਤਾਂ ਤੈਅ ਕਰਨ' ਦੀ ਤਾਂ ਗੱਲ ਛੱਡੋ, ਕਾਨੂੰਨ ਅਨੁਸਾਰ ਤਾਂ ਵਾਤਾਵਰਨ ਮੰਤਰਾਲੇ ਨੂੰ ਅਰਜੀ ਨੂੰ ਪ੍ਰੋਸੈੱਸ ਕਰਨ ਦਾ ਵੀ ਅਧਿਕਾਰ ਨਹੀਂ ਹੈ। ਇਹ ਵੀ ਗੌਰਤਲਬ ਹੈ ਕਿ ਵਿਰੋਧ ਮਹਿਜ਼ ਵਾਤਾਵਰਨ ਪ੍ਰੇਮੀਆਂ ਦੇ ਵੱਲੋਂ ਹੀ ਨਹੀਂ ਹੈ। ਸਥਾਨਕ ਕਿਸਾਨਾਂ ਅਤੇ ਇਕ ਵਿਧਾਇਕ ਦੇ ਵਿਰੋਧ ਕਾਰਨ ਕੰਪਨੀ ਨੂੰ ਪਟਗਾਓਂ ਪ੍ਰੋਜੈਕਟ ਲਈ ਡੈਮ 'ਚੋਂ ਪਾਣੀ ਵਰਤਣ ਦੀ ਯੋਜਨਾ ਬਦਲਣੀ ਪਈ ਹੈ। ਅਜੇ ਇਹ ਸਪਸ਼ਟ ਨਹੀਂ ਕਿ ਕੰਪਨੀ ਨੇ ਇਸ ਪ੍ਰੋਜੈਕਟ ਲਈ ਨਵਾਂ ਜਲ-ਭੰਡਾਰ, ਪਾਵਰਹਾਊਸ ਅਤੇ ਹੋਰ ਸਹਾਇਕ ਢਾਂਚਾ ਉਸਾਰਨ ਦੀ ਯੋਜਨਾ ਰੱਦ ਕੀਤੀ ਹੈ ਜਾਂ ਨਹੀਂ।

ਕਾਰਪੋਰੇਟ ਹਿਤਾਂ ਦਾ ਅਜਿਹੇ ਮਹੱਤਵਪੂਰਨ ਖੇਤਰਾਂ ਵਿਚ ਕਿਸ ਤਰ੍ਹਾਂ ਦਾ ਦਖ਼ਲ ਹੈ, ਇਸ ਦੀ ਮਿਸਾਲ ਕੇਂਦਰ ਸਰਕਾਰ ਵੱਲੋਂ ਅਡਾਨੀ ਗਰੀਨ ਐਨਰਜੀ ਦੇ ਸਲਾਹਕਾਰ ਜਨਾਰਧਨ ਚੌਧਰੀ ਦੀ ਕੇਂਦਰੀ ਵਾਤਾਵਰਨ ਮੰਤਰਾਲੇ ਦੇ ਮਾਹਿਰ ਸਲਾਹਕਾਰ ਗਰੁੱਪ 'ਚ ਨਿਯੁਕਤੀ ਹੈ। ਇਹ ਕਮੇਟੀ ਮੁਲਕ ਪੱਧਰ 'ਤੇ ਦਰਿਆਈ ਘਾਟੀ ਅਤੇ ਹਾਈਡ੍ਰੋਪਾਵਰ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੰਦੀ ਹੈ ਅਤੇ ਇਸ ਅੱਗੇ ਅਡਾਨੀ ਦੇ ਛੇ ਪ੍ਰੋਜੈਕਟ ਵਿਚਾਰ-ਅਧੀਨ ਹਨ। ਰੌਲ਼ਾ ਪੈ ਜਾਣ ਕਾਰਨ ਮੰਤਰਾਲੇ ਨੂੰ ਕਹਿਣਾ ਪਿਆ ਕਿ ਉਸ ਨੇ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸਪਸ਼ਟ ਤੌਰ 'ਤੇ ਚੌਧਰੀ ਦੀ ਨਿਯੁਕਤੀ ਅਡਾਨੀ ਗਰੁੱਪ ਨਾਲ ਉਸ ਦੇ ਸੰਬੰਧ ਅਤੇ ਹਿਤਾਂ ਦੇ ਟਕਰਾਅ ਦੇ ਬੇਹੱਦ ਮਹੱਤਵਪੂਰਨ ਪੱਖ ਨੂੰ ਨਜ਼ਰਅੰਦਾਜ਼ ਕਰਕੇ ਕੀਤੀ ਗਈ ਸੀ।

ਚਾਹੇ ਦੇਸ਼ ਦੇ ਅੰਦਰ ਹੈ ਜਾਂ ਵਿਦੇਸ਼ ਵਿਚ, ਅਡਾਨੀ ਦੇ ਪ੍ਰੋਜੈਕਟ ਹਮੇਸ਼ਾ ਵਿਵਾਦਾਂ 'ਚ ਘਿਰੇ ਰਹਿੰਦੇ ਹਨ। ਛੱਤੀਸਗੜ੍ਹ ਵਿਚ ਕਾਂਗਰਸ ਅਤੇ ਭਾਜਪਾ ਇਕ ਦੂਜੇ ਉੱਪਰ ਕਾਰਪੋਰੇਟਾਂ ਦੀ ਸੇਵਾ ਦੇ ਦੋਸ਼ ਲਗਾ ਰਹੀਆਂ ਹਨ। ਭਾਜਪਾ ਨੇ ਮੁੜ ਸੱਤਾ 'ਚ ਆਉਂਦੇ ਸਾਰ ਇਸ ਕਾਰਪੋਰੇਟ ਸਮੂਹ ਦੇ ਖਣਨ ਪ੍ਰੋਜੈਕਟ ਲਈ ਹਸਦੇਵ ਅਰੰਡ ਖੇਤਰ ਵਿਚ ਜੰਗਲਾਂ ਦੀ ਮੁੜ ਕਟਾਈ ਸ਼ੁਰੂ ਕਰਵਾ ਦਿੱਤੀ। ਇਸ ਪ੍ਰੋਜੈਕਟ ਦਾ ਸਥਾਨਕ ਲੋਕ ਇਕ ਦਹਾਕੇ ਤੋਂ ਵਿਰੋਧ ਕਰਦੇ ਆ ਰਹੇ ਸਨ। ਇਹੀ ਪਹਿਲਾਂ ਕਾਂਗਰਸ ਨੇ ਸੱਤਾ ਵਿਚ ਆ ਕੇ ਕੀਤਾ ਸੀ। ਜਾਅਲੀ ਗ੍ਰਾਮ ਸਭਾਵਾਂ ਰਾਹੀਂ ਸਥਾਨਕ ਲੋਕਾਂ ਨੂੰ ਪ੍ਰੋਜੈਕਟ ਲਗਾਏ ਜਾਣ ਨਾਲ ਸਹਿਮਤ ਦਿਖਾਇਆ ਗਿਆ। ਝਾਰਖੰਡ ਦੇ ਬਰਕਾਗਾਓਂ ਬਲਾਕ ਵਿਚ ਅਡਾਨੀ ਸਮੂਹ ਦੇ ਕੋਲਾ ਖਣਨ ਪ੍ਰੋਜੈਕਟ ਨੂੰ ਸਥਾਨਕ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਿਸ ਨਾਲ 500 ਹੈਕਟੇਅਰ ਜ਼ਰਖ਼ੇਜ਼ ਜ਼ਮੀਨ ਅਤੇ ਜੰਗਲ ਤਬਾਹ ਹੋ ਜਾਣ ਦਾ ਖ਼ਤਰਾ ਹੈ। ਉੜੀਸਾ ਦੇ ਸੁੰਦਰਗੜ੍ਹ ਦੇ ਹੇਮਗੀਰ ਬਲਾਕ ਵਿਚ ਸਥਾਨਕ ਲੋਕ ਬੀਜਾਹਨ ਕੋਲਾ ਖਾਣ ਦਾ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ। ਉੜੀਸਾ ਦੇ ਰਾਇਗੜ੍ਹ ਜ਼ਿਲ੍ਹੇ ਵਿਚ 100 ਪਿੰਡਾਂ ਦੇ ਆਦਿਵਾਸੀ ਬਾਕਸਾਈਟ ਖਾਣਾਂ ਵਿਰੁੱਧ ਡੱਟੇ ਹੋਏ ਹਨ ਅਤੇ ਅੰਦੋਲਨਕਾਰੀਆਂ ਨੂੰ ਲਗਾਤਾਰ ਬੇਕਿਰਕ ਜਬਰ ਤੋਂ ਇਲਾਵਾ ਯੂ.ਏ.ਪੀ.ਏ. ਲਗਾ ਕੇ ਦਹਿਸ਼ਤਜ਼ਦਾ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ, ਹੋਰ ਵੀ ਬਹੁਤ ਸਾਰੇ ਕਾਰਪੋਰੇਟ ਪ੍ਰੋਜੈਕਟ ਹਨ, ਚਾਹੇ ਉਹ ਅਡਾਨੀ ਦੇ ਹਨ ਜਾਂ ਕਿਸੇ ਹੋਰ ਕਾਰਪੋਰੇਟ ਸਮੂਹ ਦੇ, ਜਿਨ੍ਹਾਂ ਨੂੰ ਅਵਾਮ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਨਵਰੀ 2023 'ਚ ਹਿੰਡਨਬਰਗ ਰਿਪੋਰਟ ਨੇ ਅਡਾਨੀ ਗਰੁੱਪ ਵੱਲੋਂ ਸਟਾਕ ਮਾਰਕੀਟ 'ਚ ਕੀਤੀਆਂ ਹੇਰਾਫੇਰੀਆਂ ਅਤੇ ਜਾਅਲਸਾਜ਼ੀਆਂ ਦਾ ਖ਼ੁਲਾਸਾ ਕਰਕੇ ਕਾਰਪੋਰੇਟ+ਹਕੂਮਤ ਗੱਠਜੋੜ ਦਾ ਘਿਨਾਉਣਾ ਚਿਹਰਾ ਨੰਗਾ ਕੀਤਾ ਸੀ। ਪਰ ਜਦੋਂ ਤੱਕ ਸਥਾਨਕ ਪ੍ਰਭਾਵਿਤ ਲੋਕਾਂ ਤੋਂ ਇਲਾਵਾ ਬਾਕੀ ਮੁਲਕ ਦੇ ਅਵਾਮ ਇਸ ਵਿਨਾਸ਼ਕਾਰੀ ਮਾਡਲ ਬਾਰੇ ਜਾਗਰੂਕ ਹੋ ਕੇ ਇਨ੍ਹਾਂ ਵਿਰੋਧ ਸੜਕਾਂ ਉੱਪਰ ਨਹੀਂ ਆਉਂਦੇ, ਚੌਗਿਰਦੇ ਅਤੇ ਪੌਣ-ਪਾਣੀ ਦੀ ਤਬਾਹੀ ਕਰਨ 'ਤੇ ਤੁੱਲੇ ਇਸ ਨਾਪਾਕ ਗੱਠਜੋੜ ਨੂੰ ਪਿੱਛੇ ਧੱਕਣਾ ਸੰਭਵ ਨਹੀਂ ਹੈ।

# ਸਿੱਖ ਪੰਥ ਵਿਚ ਫੈਲੀਆਂ ਗਲਤ ਧਾਰਨਾਵਾਂ ਅਤੇ ਸਿਰਦਾਰ ਕਪੂਰ ਸਿੰਘ

***ਸਿੱਖ ਹਲਕਿਆਂ ਅੰਦਰ ਸਿਰਦਾਰ ਕਪੂਰ ਸਿੰਘ ਦਾ ਥਾਂ ਨਿਆਰਾ ਅਤੇ ਨਿਵੇਕਲਾ ਹੈ। ਉਨ੍ਹਾਂ ਦੀ ਲਿਖੀ ਕਿਤਾਬ 'ਸਾਚੀ ਸਾਖੀ' ਅਤੇ ਹੋਰ ਰਚਨਾਵਾਂ ਅਕਸਰ ਚਰਚਾ ਵਿਚ ਰਹਿੰਦੀਆਂ ਹਨ। ਆਪਣੀਆਂ ਰਚਨਾਵਾਂ ਵਿਚ ਉਨ੍ਹਾਂ ਨੇ ਉਹ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਬਾਰੇ ਇਤਿਹਾਸ ਦੇ ਪੰਨੇ ਅਜੇ ਤੱਕ ਖਾਮੋਸ਼ ਹਨ। ਐਸ.ਐਸ. ਆਜ਼ਾਦ ਅਤੇ ਕਰਮ ਬਰਸਟ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਮੁੱਦਿਆਂ ਬਾਰੇ ਚਰਚਾ ਛੇੜੀ ਹੈ ਜੋ ਸਿੱਖਾਂ ਅਤੇ ਪੰਜਾਬ ਨਾਲ ਜੁੜੇ ਕਈ ਮਸਲਿਆਂ ਬਾਰੇ ਵਿਵਾਦ ਦਾ ਕਾਰਨ ਬਣਦੇ ਰਹੇ ਹਨ। ਇਸ ਦਿਲਚਸਪ ਲੇਖ ਵਿਚ ਲੇਖਕਾਂ ਨੇ ਇਨ੍ਹਾਂ ਮਸਲਿਆਂ ਦੀਆਂ ਪਰਤਾਂ ਫਰੋਲਣ ਦਾ ਯਤਨ ਕੀਤਾ ਹੈ।***

ਸਿਰਦਾਰ ਕਪੂਰ ਸਿੰਘ ਤੋਂ ਲੈ ਕੇ ਅਨੇਕ ਸਿੱਖ ਲੇਖਕਾਂ ਵੱਲੋਂ ਅਕਸਰ ਇਹ ਪ੍ਰਚਾਰਿਆ ਜਾਂਦਾ ਆ ਰਿਹਾ ਹੈ ਕਿ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ 'ਆਜ਼ਾਦ ਖ਼ਿਤਾ ਭਾਵ ਸਿੱਖ ਹੋਮਲੈਂਡ' ਦੇਣ ਦਾ ਵਾਅਦਾ ਕੀਤਾ ਸੀ।

ਇਕ ਦਾਅਵਾ ਇਉਂ ਹੈ:

ਸਿੱਖ ਸੰਗਤ ਵੱਲੋਂ 19 ਜਨਵਰੀ 1922 ਨੂੰ ਕੁੰਜੀਆਂ ਦਾ ਮੋਰਚਾ ਜਿੱਤਣ ਤੋਂ ਬਾਅਦ ਅਗਲੇ ਦਿਨ ਬਾਬਾ ਖੜਕ ਸਿੰਘ ਦੀ ਹਾਜ਼ਰੀ ਵਿਚ ਨਹਿਰੂ ਨੇ 20 ਜਨਵਰੀ 1922 ਨੂੰ ਕਿਹਾ ਸੀ ਕਿ "ਅਜ਼ਾਦ ਭਾਰਤ ਦੇ ਸੰਵਿਧਾਨ ਵਿਚ ਸਿੱਖਾਂ ਵਿਰੁੱਧ ਜਾਣ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਵਿਵਸਥਾ ਨਹੀਂ ਹੋਵੇਗੀ। ਸਿੱਖ ਉੱਤਰੀ ਭਾਰਤ ਵਿਚ ਅਜ਼ਾਦੀ ਦਾ ਨਿੱਘ ਮਾਣਨ ਲਈ ਆਜ਼ਾਦ ਹੋਣਗੇ।"

ਦੂਜਾ ਕਿਹਾ ਜਾਂਦਾ ਹੈ ਕਿ ਉਸੇ ਹੀ ਮੰਚ ਤੋਂ

**ਐਸ ਐਸ ਆਜ਼ਾਦ**
**ਫੋਨ: 788-874-3450**
**ਕਰਮ ਬਰਸਟ**
**ਫੋਨ: +91-94170-73831**

ਮਹਾਤਮਾ ਗਾਂਧੀ ਨੇ ਕਿਹਾ ਸੀ "ਮੈਂ ਬਚਨ ਦਿੰਦਾ ਹਾਂ ਅਤੇ ਕਾਂਗਰਸ ਦਾ ਮਤਾ ਵੀ ਭਰੋਸਾ ਦਿਵਾਉਂਦਾ ਹੈ ਕਿ ਕਿਸੇ ਵੱਲੋਂ ਪੂਰੇ ਸਿੱਖ ਭਾਈਚਾਰੇ ਨੂੰ ਕੁਝ ਬੁਰਾ ਭਲਾ ਕਹਿਣਾ ਤਾਂ ਦੂਰ ਦੀ ਗੱਲ ਹੈ, ਇੱਥੇ (ਭਾਵ ਅਜ਼ਾਦ ਭਾਰਤ ਵਿਚ) ਇਕ ਇਕੱਲਾ ਸਿੱਖ ਵੀ ਨਿਰਾਸ਼ ਨਹੀਂ ਹੋਵੇਗਾ।"

ਮਹਾਤਮਾ ਗਾਂਧੀ ਤਾਂ ਕੁੰਜੀਆਂ ਦੇ ਮੋਰਚੇ ਸਮੇਂ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੀ ਨਹੀਂ ਸੀ। ਫੇਰ ਉਸਨੇ ਪ੍ਰੈੱਸ ਕਾਨਫਰੰਸ ਕਰ ਕੇ ਵਾਅਦੇ ਕੀਹਦੇ ਨਾਲ ਕਰ ਲਏ?

ਸਿੱਖ ਲੇਖਕਾਂ ਦੇ ਇਹ ਦਾਅਵੇ ਨਿਰੇ ਝੂਠ ਦਾ ਪੁਲੰਦਾ ਹਨ। ਜਿਸ ਦਿਨ ਚਾਬੀਆਂ ਦਾ ਮੋਰਚਾ ਜਿੱਤਿਆ ਗਿਆ ਸੀ ਤਾਂ ਉੱਥੇ ਨਹਿਰੂ ਅਤੇ ਗਾਂਧੀ ਦੋਵੇਂ ਹੀ ਮੌਜੂਦ ਨਹੀਂ ਸਨ। ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਸਿਰਫ ਇਕ ਤਾਰ ਭੇਜ ਕੇ ਮੁਬਾਰਕਵਾਦ ਦਿੱਤੀ ਸੀ, "ਭਾਰਤ ਦੀ ਪਹਿਲੀ ਫੈਸਲਾਕੁਨ ਲੜਾਈ ਜਿੱਤੀ ਗਈ ਹੈ।"

ਅੱਗੇ ਦਾਅਵਾ ਕੀਤਾ ਜਾਂਦਾ ਹੈ ਕਿ ਨਹਿਰੂ ਨੇ 6 ਜੁਲਾਈ 1946 ਨੂੰ ਕਲਕੱਤੇ ਰੈਲੀ ਵਿਚ ਭਾਸ਼ਣ ਕਰਦਿਆਂ ਵਾਅਦਾ ਕੀਤਾ ਸੀ ਕਿ: "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਨਮਾਨ ਦੇ ਹੱਕਦਾਰ ਹਨ। ਮੈਨੂੰ ਉੱਤਰ ਵਿਚ ਕੋਈ ਵੀ ਇੱਕ ਖੇਤਰ ਜਾਂ ਇੱਕ ਰਾਜਕੀ ਵਿਵਸਥਾ ਹੋਣ ਵਿਚ ਕੁਝ ਵੀ ਗਲਤ ਨਹੀਂ ਲੱਗਦਾ ਜਿੱਥੇ ਸਿੱਖ ਆਪਣੀ ਆਜ਼ਾਦੀ ਦੀ ਲੋਅ ਦਾ ਅਨੁਭਵ ਕਰ ਸਕਦੇ ਹੋਣ " (ਕਈਆਂ ਨੇ ਇਸਦਾ ਅਨੁਵਾਦ "ਅਜ਼ਾਦੀ ਦਾ ਨਿੱਘ ਮਾਣਨ" ਵਜੋਂ ਕੀਤਾ ਹੈ।

ਅਗਲਾ ਨਹਿਰੂ ਵੀ 6 ਜੁਲਾਈ 1946 ਨੂੰ ਕਲਕੱਤੇ ਵਿਚ ਨਹੀਂ ਸੀ। ਸਗੋਂ ਉਸ ਸਮੇਂ ਵਿਧਾਨ ਘੜਨੀ ਸਭਾ ਨੂੰ ਲੈ ਕੇ ਬੰਬਈ ਵਿਚ (6-8 ਜੁਲਾਈ 1946) ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੀ ਅਤਿ ਇਤਿਹਾਸਕ ਮੀਟਿੰਗ ਸੀ। ਨਹਿਰੂ ਇਸ ਮੀਟਿੰਗ ਦਾ ਕਰਤਾ ਧਰਤਾ ਸੀ।

ਮੀਟਿੰਗ ਤੋਂ ਬਾਅਦ 8 ਜੁਲਾਈ 1946 ਨੂੰ ਉਸਨੇ ਬੰਬਈ ਵਿਚ ਕੌਮੀ ਤੇ ਕੌਮਾਂਤਰੀ ਮੀਡੀਆ ਅੱਗੇ ਪ੍ਰੈੱਸ ਕਾਨਫਰੰਸ ਕੀਤੀ ਅਤੇ ਇਕ ਅਧਿਕਾਰਤ/ਪਰਵਾਨਤ ਪ੍ਰੈੱਸ ਬਿਆਨ ਵੀ ਜਾਰੀ ਕੀਤਾ। ਇਸ ਬਿਆਨ ਵਿਚ ਸਿੱਖਾਂ ਦਾ ਜ਼ਿਕਰ ਤੱਕ ਵੀ ਨਹੀਂ ਹੈ।

ਸਾਚੀ ਸਾਖੀ ਕਿਤਾਬ ਦੇ ਲਿਖਾਰੀ ਸਿਰਦਾਰ ਕਪੂਰ ਸਿੰਘ ਜਿਹੜੇ ਸਿੱਖ ਹੋਮ ਲੈਂਡ ਦੀ ਵਕਾਲਤ ਕਰਦੇ ਹੋਏ ਇਸ ਕਿਤਾਬ ਵਿਚ ਵੱਖ ਵੱਖ ਵਿਸ਼ਿਆਂ ਨੂੰ ਲੈ ਕੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੇ ਨਾਲ ਨਾਲ ਹਰ ਘਟਨਾਕ੍ਰਮ ਦੇ ਗਵਾਹ ਵਜੋਂ ਪੇਸ਼ ਹੁੰਦੇ ਹਨ। ਜਦੋਂ ਕਿ ਉਹ ਮਨਘੜਤ ਕਥਾਵਾਂ ਨੂੰ ਸੱਚੀਆਂ ਸਾਬਤ ਕਰਨ ਲਈ ਹਰ ਥਾਂ ਹਾਜ਼ਰ ਨਾਜ਼ਰ ਦਿਖਾਈ ਦਿੰਦੇ ਹਨ। "ਆਖ ਦਮੋਦਰ ਅੱਖੀ ਡਿੱਠਾ" ਤੇ "ਉਹ ਕਿਹੜੀ ਗਲੀ ਜਿਥੇ ਭਾਗੋ ਨਹੀਂ ਖੜੀ" ਵਰਗੀਆਂ ਕਹਾਵਤਾਂ ਮੁਤਾਬਕ ਵਿਵਹਾਰ ਕਰਦੇ ਦਿਖਾਈ ਦਿੰਦੇ ਹਨ।

ਸਿਰਦਾਰ ਕਪੂਰ ਸਿੰਘ ਦੀ ਵਿਡੰਬਨਾ ਇਹ ਹੈ ਕਿ ਉਹ ਬਰਤਾਨੀਆ ਦੀ ਭਾਰਤੀ ਸਰਕਾਰ ਦੇ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਨੂੰ 1947 ਵਿਚ ਕੁੱਝ ਸਭਾ ਸੋਸਾਇਟੀਆਂ ਵਲੋਂ ਦਸ ਹਜ਼ਾਰ ਰੁਪਏ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਸਹਾਇਤਾ ਕਰਨ ਲਈ ਦਿੱਤੇ ਗਏ ਸਨ, ਜਿਨ੍ਹਾਂ ਨੂੰ ਸਿਰਦਾਰ ਕਪੂਰ ਸਿੰਘ ਨੇ ਰਾਹਤ ਪਾਣ ਵਾਲੇ ਸ਼ਰਨਾਰਥੀਆਂ ਦੀਆਂ ਬਗੈਰ ਪਰਚੀਆਂ ਕੱਟੇ ਦਸ ਹਜ਼ਾਰ ਰੁਪਏ ਖਰਚ ਕਰਨ ਦਾ ਦੋਸ਼ ਲੱਗਿਆ ਸੀ। ਦੂਜਾ ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਨੇ ਉਚ ਅਧਿਕਾਰੀਆਂ ਦੀ ਆਗਿਆ ਬਗੈਰ ਸ਼ਿਵਰਲੈਟ ਕਾਰ ਖਰੀਦ ਲਈ ਸੀ। ਤੀਜਾ ਉਨ੍ਹਾਂ 'ਤੇ ਆਮ ਜਨਤਾ ਤੇ ਉਚ ਅਧਿਕਾਰੀਆਂ ਨਾਲ ਕੁਰਖਤ ਰਵੱਈਏ ਦਾ ਦੋਸ਼ ਲਗਾ ਸੀ। ਸਿਰਦਾਰ ਕਪੂਰ ਸਿੰਘ ਉਪਰ ਉਪਰੋਕਤ ਦੋਸ਼ਾਂ ਨੂੰ ਲੈ ਕੇ ਮੁਕੱਦਮਾ ਚਲਾਇਆ ਗਿਆ ਜਿਸ ਵਿਚ ਉਹ ਹਾਰ ਗਏ। ਸੁਪਰੀਮ ਕੋਰਟ ਵਿਚ ਆਪਣਾ ਪੱਖ ਰੱਖਣ ਲਈ ਰਿਪੋਰਟ ਤਿਆਰ ਕੀਤੀ ਅਤੇ ਉਥੋਂ ਵੀ ਹਾਰ ਗਏ। ਇਸ ਦਾ ਸਿੱਧਾ ਦੋਸ਼ ਉਹ ਜਵਾਹਰ ਲਾਲ ਨਹਿਰੂ ਤੇ ਪੰਜਾਬ ਦੇ ਗਵਰਨਰ ਗੋਪੀ ਚੰਦ ਭਾਰਗਵ ਉਪਰ ਇਹ ਕਹਿ ਕੇ ਮੜ੍ਹਦੇ ਹਨ ਕਿ ਉਹ ਸਿੱਖ ਵਿਰੋਧੀ ਸਨ ਤੇ ਸਿੱਖਾਂ ਨੂੰ ਹਿੰਦੂ ਲਾਬੀ ਦਾ ਗੁਲਾਮ ਬਣਾਉਣਾ ਚਾਹੁੰਦੇ ਸਨ। ਇਸ ਕੇਸ ਵਿਚੋਂ ਬਰੀ ਹੋਣ ਲਈ ਉਹ ਸਿੱਖ ਲੀਡਰਾਂ ਤਕ ਪਹੁੰਚ ਕਰਦੇ ਹਨ। ਮਾਸਟਰ ਤਾਰਾ ਸਿੰਘ ਨਾਲ ਮਿਲਣ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਮਾਸਟਰ ਤਾਰਾ ਸਿੰਘ ਦੀ ਕਾਂਗਰਸ ਸਰਕਾਰ ਤੇ ਅਫ਼ਸਰਸ਼ਾਹੀ ਤਕ ਪਹੁੰਚ ਸੀ। ਫੇਰ ਉਹ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਆਪਣੇ ਕੱਟੜਪੰਥੀ ਸਿੱਖ ਹਿਤੈਸ਼ੀ ਹੋਣ ਦਾ ਪਿਛੋਕੜ ਸਿੱਖ ਆਗੂਆਂ ਅੱਗੇ "ਸਾਚੀ ਸਾਖੀ" ਕਿਤਾਬ ਰਾਹੀਂ ਪੇਸ਼ ਕਰਦੇ ਹਨ। ਜਦੋਂਕਿ ਉਨ੍ਹਾਂ ਵਿਦਿਆਰਥੀ ਜੀਵਨ ਤੋਂ ਲੈ ਕੇ ਡੀ ਸੀ ਬਣਨ ਤਕ ਕਿਸੇ ਅਕਾਲੀ ਮੋਰਚੇ ਜਾਂ ਐਜੀਟੇਸ਼ਨ ਵਿਚ ਹਿੱਸਾ ਨਹੀਂ ਲਿਆ ਨਾ ਹੀ ਕਿਸੇ ਕਿਸਮ ਦੀ ਸਹਾਇਤਾ ਕੀਤੀ। ਅਕਾਲੀ ਲੀਡਰਸ਼ਿਪ ਨਾਲ ਉਨ੍ਹਾਂ ਦਾ ਮੇਲ ਜੋਲ 1950 ਤੋਂ ਬਾਅਦ ਹੁੰਦਾ ਹੈ। ਅਕਾਲੀ ਦਲ ਉਨ੍ਹਾਂ ਨੂੰ 1962 ਵਿਚ ਐਮ ਪੀ ਤੇ ਗੁਰਨਾਮ ਸਿੰਘ ਦੀ ਅਕਾਲੀ ਸਰਕਾਰ ਬਣਨ ਸਮੇਂ ਐਮ ਐਲ ਏ ਬਣਾ ਦਿੰਦਾ ਹੈ। ਐਮ ਪੀ ਚੋਣ ਉਹ ਸਵਤੰਤਰ ਪਾਰਟੀ ਦੀ ਟਿਕਟ ਤੋਂ ਲੜਦੇ ਹਨ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਕੋਲ ਮਾਨਤਾ ਨਹੀਂ ਸੀ। ਪੰਜਾਬੀ ਸੂਬਾ ਬਣਨ ਸਮੇਂ 1966 ਵਿਚ ਜੋ ਪਾਰਲੀਮੈਂਟ ਹਾਊਸ ਵਿਚ ਭਾਸ਼ਣ ਕਰਦੇ ਹਨ। ਉਹ ਪੰਜਾਬੀ ਸੂਬੇ ਦੀ ਮੁਖਾਲਫਤ ਕਰਦਾ ਹੋਇਆ ਸਿੱਖ ਹੋਮ ਲੈਂਡ ਦੀ ਵਕਾਲਤ ਕਰਦਾ ਹੈ, ਜਿਸ ਵਿਚ ਉਹ ਕਾਂਗਰਸ ਲੀਡਰਾਂ ਵਲੋਂ ਵਾਅਦਾ ਖ਼ਿਲਾਫੀ ਕਰਨ ਦੀਆਂ 8 ਮਨਘੜਤ ਸਾਖੀਆਂ ਪੇਸ਼ ਕਰਦੇ ਹਨ ਜਿਨ੍ਹਾਂ ਉਪਰ ਕਾਂਗਰਸੀ ਵਿਧਾਇਕ ਠਹਾਕੇ ਮਾਰ ਕੇ ਹੱਸਦੇ ਹਨ ਤੇ "ਸਿੱਖ ਹੋਮ ਲੈਂਡ" ਮਾਰਕਾ ਸਪੀਚ ਨੂੰ ਦਰਕਿਨਾਰ ਕਰ ਕੇ ਪੰਜਾਬੀ ਸੂਬਾ ਬਣਨ ਦਾ ਮਤਾ ਪਾਸ ਕਰ ਦਿੰਦੇ ਹਨ। ਅਸਲ ਵਿਚ ਸਿਰਦਾਰ ਕਪੂਰ ਸਿੰਘ ਪੰਜਾਬੀ ਫਾਰਸੀ ਦੀ ਐਮ ਏ ਪਾਸ ਕਰ ਕੇ ਇੰਗਲੈਂਡ ਚਲੇ ਗਏ ਉਥੇ 1930 ਤੋਂ 1933 ਤੱਕ ਸਿਵਲ ਮਨੋਵਿਗਿਆਨ ਦੀ ਡਿਗਰੀ ਹਾਸਲ ਕੀਤੀ ਸੀ। ਉਨ੍ਹਾਂ ਨੇ ਆਈ ਸੀ ਐਸ ਪਾਸ ਨਹੀਂ ਕੀਤੀ ਸੀ। ਬਰਤਾਨਵੀ ਸਰਕਾਰ ਦੇ ਖ਼ੁਸ਼ਾਮਦੀ ਹੋਣ ਕਾਰਨ ਡੀਸੀ ਬਣ ਗਏ ਸਨ। ਉਨ੍ਹਾਂ ਦੇ ਅੱਖੜ ਸਭਾਅ ਤੇ ਸ਼ਰਾਬ ਪੀਣ ਤੇ ਅਕਾਲੀ ਲੀਡਰਾਂ ਦੀ ਲਾਹਪਾਹ ਕਰਨ ਬਾਰੇ ਹਰਪਾਲ ਸਿੰਘ ਪੰਨੂੰ ਦੱਸਦੇ ਹਨ, ਜੋ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਦਾ ਵਿਦਿਆਰਥੀ ਹੋਣ ਸਮੇਂ ਲਗਾਤਾਰ ਮਿਲਦੇ ਰਹਿੰਦੇ ਸਨ। ਪ੍ਰੋਫੈਸਰ ਹਰਪਾਲ ਸਿੰਘ ਪਨੂੰ ਖਾਲਿਸਤਾਨੀ ਲਹਿਰ ਵੇਲੇ ਗ੍ਰਿਫ਼ਤਾਰ ਹੋਏ ਅਤੇ ਤਸ਼ੱਦਦ ਸਹਿ ਕੇ ਮੁਸ਼ਕਲ ਨਾਲ ਛੁੱਟੇ ਸੀ।

### 1. ਆਖ ਦਮੋਦਰ ਅੱਖੀ ਡਿੱਠਾ ਹਾਲ ਸੁਣਾਵਾਂ :

ਸਿਰਦਾਰ ਕਪੂਰ ਸਿੰਘ ਵਿਦਿਆਰਥੀ ਹੋਣ ਸਮੇਂ ਕਾਂਗਰਸ ਦਾ ਵਫ਼ਾਦਾਰ ਵਾਲੰਟੀਅਰ ਸਾਬਤ ਕਰਨ ਦੀ ਮਨਘੜਤ ਸਾਖੀ ਪੇਸ਼ ਕਰਦੇ ਲਿਖਦੇ ਹਨ "ਸੰਨ 1929 ਵਿਚ ਕਾਂਗਰਸ ਦਾ ਸਲਾਨਾ ਸਮਾਗਮ ਲਹੌਰ ਦੇ ਰਾਵੀ ਕੰਢੇ ਹੋਇਆ ਤਾਂ 26/27 ਜਨਵਰੀ ਦੀ ਅੱਧੀ ਰਾਤ ਨੂੰ ਜਵਾਹਰਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਪੂਰਨ ਸਵਰਾਜ ਦਾ ਮਤਾ ਪੇਸ਼ ਕੀਤਾ ਗਿਆ। ਇਹਨਾਂ ਸਤਰਾਂ ਦਾ ਲਿਖਾਰੀ ਉਸ ਹਿਮਰਿਤੂ ਦੀ ਕੜਕਦੀ ਰਾਤ ਉਥੇ ਕੌਮੀ ਵਲੰਟੀਅਰ ਦੇ ਰੂਪ ਵਿਚ ਮੌਜੂਦ ਸੀ।" (ਸਾਚੀ ਸਾਖੀ ਕਿਤਾਬ ਪੰਨਾ 70) ਅਸਲ ਸਚਾਈ ਇਹ ਹੈ ਕਿ ਕਾਂਗਰਸ ਪਾਰਟੀ ਦਾ ਸਾਲਾਨਾ ਸਮਾਗਮ ਲਾਹੌਰ ਵਿਖੇ 19 ਦਸੰਬਰ ਨੂੰ ਸ਼ੁਰੂ ਹੁੰਦਾ ਹੈ ਤੇ 31 ਦਸੰਬਰ 1929 ਨੂੰ ਖਤਮ ਹੋ ਜਾਂਦਾ ਹੈ, ਜਿਸ ਦੀ ਪ੍ਰਧਾਨਗੀ ਜਵਾਹਰ ਲਾਲ ਨਹਿਰੂ ਕਰਦੇ ਹਨ। ਤਿੰਨ ਮਤਿਆਂ ਦੇ ਖਰੜੇ ਤਿਆਰ ਕੀਤੇ ਜਾਂਦੇ ਹਨ। ਪੂਰਨ ਆਜ਼ਾਦੀ ਹਾਸਲ ਕਰਨਾ, ਦੂਜਾ ਨਾਮਿਲਵਰਤਨ ਅੰਦੋਲਨ



ਚਲਾਉਣਾ, ਚਰਖਾ ਕੱਤਣ, ਬਦੇਸੀ ਵਸਤਾਂ ਤੇ ਕੱਪੜੇ ਦਾ ਬਾਈਕਾਟ, ਕਾਲਜਾਂ ਯੂਨੀਵਰਸਿਟੀਆਂ, ਕੋਰਟਾਂ ਮਿਊਂਸਪਲਟੀਆਂ, ਵਿਧਾਨ ਸਭਾਵਾਂ ਦਾ ਬਾਈਕਾਟ, ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨਾ। ਜਦੋਂ ਗਰਮ ਦਲ ਧੜਾ ਲੋੜ ਪੈਣ ਉੱਤੇ ਹਥਿਆਰਬੰਦ ਕ੍ਰਾਂਤੀ ਕਰਨ ਦੇ ਪੱਖ ਵਿਚ ਸੀ। ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ, ਮੋਤੀ ਲਾਲ ਨਹਿਰੂ ਅਤੇ ਡਾ. ਕਿਚਲੂ ਇਸ ਦੇ ਪੱਖ ਵਿਚ ਤੇ ਗਾਂਧੀ ਜੀ ਵਿਰੋਧ ਵਿਚ ਸੀ। ਜੇਕਰ ਵੋਟਾਂ ਪੈਂਦੀਆਂ ਤਾ ਨਹਿਰੂ ਸੁਭਾਸ਼ ਜਿੱਤ ਜਾਂਦੇ ਲੇਕਿਨ ਮਹਾਤਮਾ ਗਾਂਧੀ ਰੁਸ ਕੇ ਸਰਬਸੰਮਤੀ ਨਾਲ ਮਤੇ ਪਾਸ ਕਰਨ ਅਤੇ ਦਬਾਅ ਪਾਉਣ 'ਚ ਸਫਲ ਹੋ ਗਏ। ਤੀਜਾ ਮਤਾ ਸੀ ਰਾਸ਼ਟਰੀ ਝੰਡੇ ਵਿਚਕਾਰ ਚਰਖੇ ਦਾ ਚਿੰਨ੍ਹ ਤੇ 26 ਜਨਵਰੀ ਨੂੰ ਦੇਸ਼ ਪੱਧਰ ਉਪਰ ਆਜ਼ਾਦੀ ਦਿਵਸ ਮਨਾਇਆ ਜਾਵੇਗਾ। ਮਹਾਤਮਾ ਗਾਂਧੀ 24 ਦਸੰਬਰ ਨੂੰ ਸ਼ਾਮਲ ਹੋਏ ਉਸ ਦਿਨ ਲਾਜਪਤ ਰਾਏ ਹਾਲ ਦਾ ਉਦਘਾਟਨ ਕੀਤਾ। 30 ਦਸੰਬਰ ਨੂੰ ਸਰਬ ਸੰਮਤੀ ਨਾਲ ਦਿਨੇ ਤਿੰਨ ਮਤੇ ਪਾਸ ਕੀਤੇ ਗਏ। 31 ਦਸੰਬਰ ਅੱਧੀ ਰਾਤ ਨੂੰ ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਹੋਰਾਂ ਨੇ ਰਾਵੀ ਕੰਢੇ ਰਾਤ ਨੂੰ ਝੰਡਾ ਝੁਲਾ ਦਿੱਤਾ। ਸਵੇਰੇ ਪਤਾ ਲੱਗਣ ਉਤੇ ਮਹਾਤਮਾ ਗਾਂਧੀ ਬਹੁਤ ਗੁੱਸੇ ਹੋਏ। ਇਕ ਜਨਵਰੀ ਨੂੰ ਮਹਾਤਮਾ ਗਾਂਧੀ, ਨਹਿਰੂ, ਸੁਭਾਸ਼ ਹੋਰੀਂ ਸਾਲਾਨਾ ਸੈਸ਼ਨ ਸਮਾਪਤ ਕਰ ਕੇ ਚਲਦੇ ਬਣੇ। (ਪੜ੍ਹੋ ਮਹਾਤਮਾ ਗਾਂਧੀ ਸਲੈਕਟ ਵਰਕਸ 6.ਪੰਨਾ 137 ਤੋਂ 142) ਲੇਕਿਨ ਸਿਰਦਾਰ ਕਪੂਰ ਸਿੰਘ 26-27 ਜਨਵਰੀ ਨੂੰ ਲਾਹੌਰ ਰਾਵੀ ਕੰਢੇ ਵਾਲੰਟੀਅਰ ਬਣ ਕੇ ਘੁੰਮ ਰਿਹਾ ਸੀ!! ਜਦੋਂ ਕਿ ਕਾਂਗਰਸ ਨੇ 26 ਜਨਵਰੀ 1930 ਨੂੰ ਕਿਤੇ ਵੀ ਆਜ਼ਾਦੀ ਦਿਵਸ ਨਹੀਂ ਮਨਾਇਆ ਸੀ।

### 2. ਗੁਰੂ ਗੋਬਿੰਦ ਸਿੰਘ ਨੂੰ ਭੁਲੜ ਦੇਸ਼ ਭਗਤ ਕਹਿਣ ਦੀ ਸਾਖੀ :

ਇਸ ਮਨਘੜਤ ਸਾਖੀ ਵਿਚ ਲਿਖਦੇ ਹਨ "ਮਾਰਚ 1942 ਦੇ ਅੰਤਲੇ ਦਿਨ ਸਨ -ਭਾਵ 26/27 ਮਾਰਚ - ਅਤੇ ਮੈਂ ਤੇ ਮੇਰੀ ਸਿੰਘਣੀ ਗਾਂਧੀ ਜੀ ਦੇ ਵਾਰਧਾ ਆਸ਼ਰਮ ਗਏ ਹੋਏ ਸੀ .... ਗਾਂਧੀ ਜੀ ਨੇ ਅਸਾਂ ਨੂੰ ਆਪਣੀ ਕੁਟੀਆ ਵਿਚ ਬੁਲਾ ਲਿਆ .. ਦੋ ਤਿੰਨ ਘੰਟੇ ਗਲਾਂ ਕਰਦੇ ਰਹੇ।" (ਸਾਚੀ ਸਾਖੀ ਪੰਨੇ 92, 93)

ਜਦੋਂ ਕਿ ਉਸ ਸਮੇਂ ਗਾਂਧੀ ਜੀ ਦਿੱਲੀ ਵਿਚ ਸਨ। ਉਹ 23 ਤੋਂ 25 ਮਾਰਚ ਤਕ ਕ੍ਰਿਪਸ ਮਿਸ਼ਨ ਨੂੰ ਮਿਲਦੇ ਹਨ ਉਸ ਤੋਂ ਬਾਅਦ 13 ਅਪ੍ਰੈਲ 1942 ਨੂੰ ਵਾਪਸ ਆਸ਼ਰਮ ਆਉਂਦੇ ਹਨ। ਉਹ ਕ੍ਰਿਪਸ ਮਿਸ਼ਨ ਦਾ ਬਾਈਕਾਟ ਕਰਦੇ ਹਨ ਤੇ 27 ਮਾਰਚ 1942 ਕ੍ਰਿਪਸ ਮਿਸ਼ਨ ਇੰਗਲੈਂਡ ਪਰਤ ਜਾਂਦਾ ਹੈ। ਇਹ ਨਿਰੋਲ ਗਾਂਧੀ ਜੀ ਨੂੰ ਮਿਲਣ ਦੀ ਝੂਠੀ ਕਹਾਣੀ ਹੈ। (ਪੜ੍ਹੋ ਗਾਂਧੀ ਜੀ ਦੀ ਸਮੁੱਚੀ ਕਿਰਤ ਜਿਲਦ 1941 ਤੋਂ ਦਸੰਬਰ 1942) ਇਸ ਕਥਾ ਵਿਚ ਗਾਂਧੀ ਜੀ ਨਾਲ ਮਨਘੜਤ ਗੱਲਾਂ ਕਰਦੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ "ਮੈਂ ਗਿਲਾ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਅਖ਼ਬਾਰ ਯੰਗ ਇੰਡੀਆ ਵਿਚ "ਭੁੱਲੜ ਦੇਸ਼ ਭਗਤ" ਕਿਉਂ ਕਿਹਾ ਗਿਆ ਹੈ। ਗਾਂਧੀ ਜੀ ਨੇ ਕੇਵਲ ਵੱਡੀ ਅਵੱਗਿਆ ਹੀ ਨਹੀਂ ਕੀਤੀ ਹੈ ਸਗੋਂ ਆਪਣੇ ਬਿਬੇਕ-ਭਰੰਸ ਹੋਣ ਦਾ ਸਬੂਤ ਵੀ ਦਿੱਤਾ ਹੈ ਅਤੇ ਸਿੱਖਾਂ ਦੇ ਦਿਲ ਦੁਖਾਏ ਹਨ"। ਇਸ ਤੋਂ ਅੱਗੇ ਲਿਖਦੇ ਹਨ "ਗੁਰੂ ਗੋਬਿੰਦ ਸਿੰਘ ਦੇਸ਼ ਭਗਤ ਉਕਾ ਹੀ ਨਹੀਂ ਸੀ ਕਿਉਂਜੁ ਭਗਉਤੀ ਦੀ ਪੂਜਾ ਭਗਤੀ ਸਿੱਖੀ ਵਿਚ ਮਨਾਂ ਹੈ' ਗਰਧਪ ਪਰੀਤ ਭਸਮ ਸੰਗਿ ਹੋਇ' ਅਤੇ ਕੇਵਲ ਦੇਸ਼ ਕਾਲ ਰਹਿਤ ਅਕਾਲ ਪੁਰਖ ਦੀ ਭਗਤੀ ਹੀ ਪ੍ਰਵਾਨ ਹੈ। ਇਸ ਲਈ ਉਨ੍ਹਾਂ ਨੂੰ ਭੁੱਲੜ ਦੇਸ਼ ਭਗਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।" (ਉਹੀ ਕਿਤਾਬ ਪੰਨਾ 93) ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਇਹ ਸਵਾਲ ਸੰਨ 1932 ਵਿਚ ਕਿਉਂ ਨਹੀਂ ਕੀਤਾ ਜਿੱਥੇ ਗਾਂਧੀ ਜੀ ਨੂੰ ਬ੍ਰਿਟਿਸ਼ ਦੀ ਕੈਂਬਰਿਜ ਯੂਨੀਵਰਸਿਟੀ ਵਿਚ ਹੋਈ ਮੁਲਾਕਾਤ ਸਮੇਂ ਮਿਲੇ ਸੀ? ਅਸਲ ਵਿਚ ਇਹ ਮਸਲਾ ਮਦਰਾਸ ਕਾਂਗਰਸ ਦੇ ਸਾਲਾਨਾ ਸੈਸ਼ਨ ਮਦੁਰਾਈ 1927 ਦਾ ਹੈ ਜਿਸ ਵਿਚ ਕ੍ਰਾਂਤੀਕਾਰੀ ਨੇਤਾਵਾਂ ਨੇ ਸ਼ਹੀਦ ਭਗਤ ਸਿੰਘ ਤੇ ਗਣੇਸ਼ ਸ਼ੰਕਰ ਅਤੇ ਸਚਿੰਦਰਨਾਥ ਸਨਿਆਲ ਵਰਗੇ ਗਦਰੀ ਵਿਦਿਆਰਥੀ ਰਾਹੀਂ ਇਕ ਲੰਬਾ ਖ਼ਤ ਲਿਖ ਕੇ ਪੁੱਛਿਆ ਸੀ ਕਿ 'ਤੁਸੀਂ ਅਹਿੰਸਾ ਵਿਚ ਵਿਸ਼ਵਾਸ ਰਖਦੇ ਹੋ ਫੇਰ ਸ਼ਿਵਾ ਜੀ ਮਰਹੱਟਾ, ਕ੍ਰਿਸ਼ਨ ਭਗਵਾਨ, ਮਹਾਰਾਣਾ ਪ੍ਰਤਾਪ, ਗੁਰੂ ਗੋਬਿੰਦ ਸਿੰਘ, ਗੈਰੀ ਬਾਲਡੀ, ਜਾਰਜ ਵਾਸ਼ਿੰਗਟਨ ਤੇ ਲੈਨਿਨ ਨੂੰ ਕੀ ਸਮਝਦੇ ਹੋ ਜਿਨ੍ਹਾਂ ਕ੍ਰਾਂਤੀ ਲਈ ਹਥਿਆਰ ਉਠਾਏ ਸਨ? ਕੀ ਉਹ ਦੇਸ਼ ਭਗਤ ਨਹੀਂ ਸਨ?

ਬਹੁਤ ਸਾਰੇ ਸਿੱਖ ਪ੍ਰਚਾਰਕਾਂ ਅਤੇ ਲੇਖਕਾਂ ਨੇ ਇਕ ਗੱਲ ਜ਼ੋਰ-ਸ਼ੋਰ ਨਾਲ ਪ੍ਰਚਾਰੀ ਹੋਈ ਹੈ ਕਿ ਮਹਾਤਮਾ ਗਾਂਧੀ ਨੇ ਦਸਮ ਪਿਤਾ ਨੂੰ "ਭਟਕਿਆ ਹੋਇਆ ਰਹਿਬਰ" (ਕਈ ਲਿਖਦੇ ਹਨ ਕਿ "ਭਟਕਿਆ ਹੋਇਆ ਦੇਸ-ਭਗਤ" ਕਿਹਾ ਸੀ।

ਉਹ ਇਸ ਬਿਆਨ ਨੂੰ ਹਿੰਦੂ ਲੀਡਰਾਂ ਦੀ ਸਿੱਖ ਵਿਰੋਧੀ ਮਾਨਸਿਕਤਾ ਵਜੋ ਪੇਸ਼ ਕਰਦੇ ਹਨ।

ਜੇਕਰ ਇਸ ਟਿੱਪਣੀ ਦੇ ਪਿਛੋਕੜ ਵਿਚ ਜਾਇਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹ ਟਿੱਪਣੀ ਗਾਂਧੀ ਦੇ ਕਿਸੇ ਬਿਆਨ ਵਿਚੋਂ ਨਹੀਂ ਸਗੋਂ 'ਯੰਗ ਇੰਡੀਆ ਅਖਬਾਰ' ਦੇ 9 ਅਪ੍ਰੈਲ 1925 ਦੇ ਲੇਖ ਵਿਚ ਅੰਕਿਤ ਮਿਲਦੀ ਹੈ।

ਇਸ ਲੇਖ ਦਾ ਪ੍ਰਸੰਗ ਉੱਘੇ ਗਦਰੀ ਦੇਸ ਭਗਤ ਸਚਿੰਦਰਨਾਥ ਸਾਨਿਆਲ ਦੀ ਗਾਂਧੀ ਨਾਲ ਹਿੰਸਾ ਬਨਾਮ ਹਿੰਸਾ ਦੇ ਸਵਾਲ ਉਪਰ ਹੋਈ ਵਿਚਾਰ ਚਰਚਾ ਨਾਲ ਜੁੜਿਆ ਹੋਇਆ ਹੈ।

ਸਾਨਿਆਲ ਨੇ ਗਾਂਧੀ ਨੂੰ ਉਤੇਜਿਤ ਕਰਨ ਲਈ ਕੁਝ ਸਵਾਲ ਰੱਖੇ ਸਨ:

1. ਕੀ ਗੁਰੂ ਗੋਬਿੰਦ ਸਿੰਘ ਭਟਕੇ ਹੋਏ ਦੇਸ਼ ਭਗਤ ਸਨ ਕਿਉਂਕਿ ਉਹ ਨੇਕ ਉਦੇਸ਼ ਲਈ ਯੁੱਧ ਵਿਚ ਵਿਸ਼ਵਾਸ ਰੱਖਦੇ ਸਨ?

2. ਤੁਸੀਂ ਵਾਸ਼ਿੰਗਟਨ, ਗੈਰੀਬਾਲਡੀ ਅਤੇ ਲੈਨਿਨ ਬਾਰੇ ਕੀ ਕਹਿਣਾ ਚਾਹੋਗੇ?

3. ਤੁਸੀਂ ਕਮਲ ਪਾਸ਼ਾ ਅਤੇ ਡੀ ਵਲੇਰਾ ਬਾਰੇ ਕੀ ਸੋਚਦੇ ਹੋ?

4. ਤੁਸੀਂ ਸ਼ਿਵਾਜੀ ਅਤੇ ਰਾਣਾ ਪ੍ਰਤਾਪ ਵਰਗੇ ਨੇਕ ਅਤੇ ਬਲੀਦਾਨ ਕਰਨ ਵਾਲੇ ਡਾਕਟਰਾਂ ਨੂੰ ਕੀ ਕਹਿਣਾ ਚਾਹੋਗੇ ਜਿਨ੍ਹਾਂ ਨੇ ਖੁਦ ਨੂੰ ਜ਼ਹਿਰ ਦੇਣ ਦੀ ਤਜਵੀਜ਼ ਦਿੱਤੀ ਸੀ ਜਦੋਂ ਉਨ੍ਹਾਂ ਨੂੰ ਤਾਜ਼ੇ ਅੰਗੂਰਾਂ ਦਾ ਜੂਸ ਦੇਣਾ ਚਾਹੀਦਾ ਸੀ?

5. ਕੀ ਤੁਸੀਂ ਕ੍ਰਿਸ਼ਨ (ਭਗਵਾਨ) ਨੂੰ ਯੂਰਪੀਅਨ ਕਹਿਣਾ ਪਸੰਦ ਕਰੋਗੇ ਕਿਉਂਕਿ ਉਹ ਦੁਸ਼ਟਾਂ ਦੇ ਵਿਨਾਸ਼ ਵਿਚ ਵੀ ਵਿਸ਼ਵਾਸ ਕਰਦਾ ਸੀ?

ਇਨ੍ਹਾਂ ਸਵਾਲਾਂ ਦੇ ਵਿਸਥਾਰ ਵਿਚ ਜਵਾਬ ਦਿੰਦਿਆਂ ਗਾਂਧੀ ਨੇ ਉਪਰੋਕਤ ਵਰਣਨ ਕੀਤੇ ਮਹਾਨ ਲੋਕਾਂ ਲਈ ਸਤਿਕਾਰਯੋਗ ਭਾਸ਼ਾ ਹੀ ਵਰਤੀ ਸੀ ਪਰ ਨਾਲ ਇੰਨਾ ਹੀ ਕਿਹਾ ਸੀ ਕਿ:

"ਉਹਨਾਂ ਸ਼ਖਸੀਅਤਾਂ ਦੀ ਅਜੋਕੇ ਇਨਕਲਾਬੀਆਂ ਨਾਲ ਤੁਲਨਾ ਕਰਨੀ ਵਾਜਬ ਨਹੀਂ ਹੈ ਜੋ ਕਿ ਆਪਣੇ ਉਦੇਸ਼ਾਂ ਬਾਰੇ ਹੀ ਸਪਸ਼ਟ ਨਹੀਂ ਹਨ।

ਫੇਰ ਵੀ ਜੇ ਮੈਨੂੰ ਇਸ ਗੱਲ ਦਾ ਇਕ ਟੁੱਕ ਜਵਾਬ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਮੈਂ ਆਪਣੀ ਅਹਿੰਸਾ ਦੀ ਵਿਚਾਰਧਾਰਾ 'ਤੇ ਕਾਇਮ ਰਹਿੰਦਿਆਂ ਇੰਨਾ ਹੀ ਕਹਿਣਾ ਚਾਹਾਂਗਾ ਕਿ ਜੇਕਰ ਮੈਂ ਉਹਨਾਂ ਸਾਰੇ ਹੀ ਮਹਾਨ ਵਿਅਕਤੀਆਂ ਦਾ ਸਮਕਾਲੀ ਹੁੰਦਾ ਤਾਂ ਮੈਂ ਉਹਨਾਂ ਨੂੰ ਭਟਕੇ ਹੋਏ (ਭੁੱਲੜ) ਦੇਸ ਭਗਤ ਕਹਿਣਾ ਸੀ।"

ਸਿੱਖ ਪ੍ਰਚਾਰਕਾਂ ਨੇ ਬਹੁਤ ਵੱਡੇ ਪ੍ਰਸੰਗ ਵਿਚ ਕਹੀ ਹੋਈ ਗੱਲ ਵਿਚੋਂ ਸਿਰਫ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਅਲੱਗ ਕਰ ਕੇ ਇਸ ਤਰ੍ਹਾਂ ਪੇਸ਼ ਕਰ ਦਿੱਤਾ ਹੈ ਕਿ ਗਾਂਧੀ ਸਿੱਖਾਂ ਦਾ ਜਨਮ-ਜਾਤ ਵਿਰੋਧੀ ਸੀ।

ਸਾਡੇ ਗਾਂਧੀ ਨਾਲ ਸੈਂਕੜੇ ਮਤਭੇਦ ਹੋ ਸਕਦੇ ਹਨ ਪਰ ਉਸਦੀ ਕਿਸੇ ਵਿਸ਼ੇਸ਼ ਪ੍ਰਸੰਗ ਵਿਚ ਕਹੀ ਗੱਲ ਨੂੰ ਤੋੜ ਮਰੋੜ ਕੇ ਸਿੱਖ ਗੁਰੂਆਂ ਜਾਂ ਸਿੱਖਾਂ ਦੇ ਵਿਰੋਧ ਵਿਚ ਪੇਸ਼ ਕਰਨਾ ਬੌਧਿਕ ਮੰਦਭਾਵਨਾ ਦੀ ਨਿਸ਼ਾਨੀ ਹੈ।

ਅਕਾਲੀ ਲੀਡਰਾਂ ਨੇ 1929 ਵਿਚ ਮਿਲ ਕੇ ਇਸ ਗੱਲ ਬਾਰੇ ਸਖ਼ਤ ਇਤਰਾਜ਼ ਕੀਤਾ ਸੀ। ਇਸ ਬਾਰੇ ਗਾਂਧੀ ਜੀ ਗੋਲਮੋਲ ਜਵਾਬ ਦਿੰਦੇ ਕਹਿੰਦੇ ਸਿੱਖ ਗੁਰੂਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਗੁਰੂ ਗੋਬਿੰਦ ਸਿੰਘ ਜੀ ਸਮੇਤ ਪਰ ਮੈਂ ਅਹਿੰਸਾ ਵਿਚ ਵਿਸ਼ਵਾਸ ਕਰਦਾ ਹਾਂ ਉਹ ਵੀ ਅਹਿੰਸਾ ਵਿਚ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਵਿਸ਼ਵਾਸ ਰੱਖਦੇ ਸਨ। ਫੇਰ ਸਿਖਾਂ ਦੇ ਕਿਰਪਾਨ ਪਹਿਨਣ ਬਾਰੇ ਪੁੱਛਿਆ ਕਿ ਇਸ ਨੂੰ ਹਿੰਸਕ ਮੰਨਦੇ ਹੋ? ਗਾਂਧੀ ਜੀ ਕਹਿੰਦੇ ਇਸ ਬਾਰੇ ਮੈਨੂੰ ਕੋਈ ਇਤਰਾਜ਼ ਨਹੀਂ। ਇਸ ਬਾਰੇ ਮਾਸਟਰ ਤਾਰਾ ਸਿੰਘ ਦੀ ਕਿਤਾਬ "ਮੇਰੀ ਯਾਦ" ਤੇ ਲਿਖਤਾਂ ਪੜ੍ਹ ਕੇ ਪਤਾ ਲਗਦਾ ਹੈ। ਪਰ ਸਿਰਦਾਰ ਕਪੂਰ ਸਿੰਘ ਆਪਣੀ ਮਨਘੜਤ ਕਹਾਣੀ ਲਿਖਦਾ ਹੋਇਆ ਦਸਦਾ ਹੈ "ਸਿੱਖ ਮੱਤ ਇਸਲਾਮ ਦਾ ਵਿਰੋਧੀ ਹੋਣਾ ਤਾਂ ਇਕ ਪਾਸੇ ਰਿਹਾ, ਉਹ ਇਸਲਾਮ ਦੇ ਮਹਾਨ ਮੁੱਢਲੇ ਤੇ ਮੂਲਿਕ ਸਿਧਾਂਤ ਕਿ ਮਾਨੁਸੀ ਧਰਮ ਦਾ ਸਾਰੰਸ਼ ਸਵੈ-ਇੱਛਾ ਨੂੰ ਈਸ਼ਵਰੀ ਇੱਛਾ ਨਾਲ ਇਕਸਾਰ ਕਰਨਾ ਹੈ, ਦੀ ਭਰਪੂਰ ਪੁਸ਼ਟੀ ਕਰਦਾ ਹੈ"। (ਸਾਚੀ ਸਾਖੀ ਪੰਨਾ 93) ਉਹ ਆਵਦੇ ਗਾਂਧੀ ਮਹਾਤਮਾ ਨਾਲ ਕਲਪਤ ਸੰਵਾਦ ਰਾਹੀਂ ਯੱਕੜ ਮਾਰ ਕੇ ਸਿੱਖ ਮਤ ਨਾਲ ਖਿਲਵਾੜ ਕਰਨ ਲਗਦਾ ਹੈ। ਸਿੱਖ ਧਰਮ ਤੇ ਇਸਲਾਮ ਧਰਮ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਸਿੱਖ ਧਰਮ ਵਿਚ ਰੱਬ ਨੂੰ ਨਿਰੰਕਾਰ, ਅਕਾਲ ਮੂਰਤ ਅਜੂਨੀ ਸੈਭੰ ਦਸਿਆ ਹੈ ਜਦੋਂਕਿ ਕੁਰਾਨ ਸ਼ਰੀਫ਼ ਵਿਚ ਅਲਾਹ ਨੂੰ ਮਹਾ ਮਾਨਵੀ ਸਰੂਪ ਵਿਚ ਚਿਤਵਿਆ ਗਿਆ ਹੈ। ਕੁਰਾਨ ਸ਼ਰੀਫ਼ ਦੀਆਂ ਆਇਤਾਂ ਮੁਤਾਬਕ ਇਸਲਾਮ ਧਰਮ ਨੂੰ ਨਾ ਮੰਨਣ ਵਾਲੇ ਕਾਫਰ ਹਨ। ਤਲਵਾਰ ਦੇ ਜ਼ੋਰ ਉਨ੍ਹਾਂ ਨੂੰ ਇਸਲਾਮ ਕਬੂਲ ਕਰਵਾਉਣਾ ਹੈ ਜੇਕਰ ਇਸਲਾਮ ਕਬੂਲ ਨਹੀਂ ਕਰਦੇ ਤਾਂ ਮੌਤ ਦੇ ਘਾਟ ਉਤਾਰਨਾ ਹੈ। ਸਿੱਖ ਧਰਮ ਵਿਚ ਮਾਨੁਸ ਕੀ ਜ਼ਾਤ ਸਭੈ ਏਕੋ ਪਹਿਚਾਨਬੋ ਦਰਜ ਹਨ। ਗਾਂਧੀ ਮਹਾਤਮਾ ਨਾਲ ਕਲਪਿਤ ਸੰਵਾਦ ਕਰਦੇ ਸਿੱਖਾਂ ਨੂੰ ਦਖੂਦਾਣੇ ਦਿੰਦੇ ਕਪੂਰ ਸਿੰਘ ਲਿਖਦੇ ਹਨ "ਚਲਾਇਮਾਨ ਕੂਟਨੀਤੀ, ਨੈਸ਼ਨਲਿਜ਼ਮ ਦਾ ਮੱਤ, ਸਿੱਖੀ ਧਰਮ ਦਾ ਲਕਸ਼ ਨਹੀਂ ਹੈ ਤੇ ਨਾ ਹੀ ਹੋ ਸਕਦਾ ਹੈ। ਇਹ ਨੈਸ਼ਨਲਿਜ਼ਮ ਬੜਾ ਤੰਗ ਦਿਲ ਅਨਿਆਇਸੀਲ ਤੇ ਸੀਮਤ ਧਰਮ ਹੈ। ਇਸ ਤੋਂ ਉਪਰੰਤ ਲਿਖਿਆ ਹੈ ਵੀਹਵੀਂ ਸਦੀ ਵਿਚ ਵੀ ਹਜ਼ਾਰ ਵਰ੍ਹਿਆਂ ਤੋਂ ਗੁਲਾਮ ਚਲੇ ਆ ਰਹੇ ਲੋਕ ਪੂਰਨ ਰਾਜਸਤਾ ਲਈ ਹਾਬੜੇ ਹੋਏ ਫਿਰਦੇ ਹਨ। "ਨੈਸ਼ਨਲਿਜ਼ਮ" ਦੇਸ਼ਭਗਤੀ ਅਦਿ ਅਹਿੰਦੂ ਅਸ਼ੁੱਧ ਬਿਰਤੀਆਂ ਧਾਰਨ ਕਰ ਰਹੇ ਹਨ ਅਤੇ ਇਸ ਵਹਿਣ ਵਿਚ ਮਹਾਨ ਸਿੱਖ ਧਰਮ ਨੂੰ ਵੀ ਭ੍ਰਿਸ਼ਟ ਕਰ ਰਹੇ ਹਨ।" (ਉਹੀ ਪੰਨਾ 94) "ਅਜਕਲ ਨੈਸ਼ਨਾਲਿਸਟ ਸਿੱਖ ਅਸਲ ਵਿਚ ਖੁਦਕੁਸ਼ੀ ਹੈ।" (ਉਹੀ ਪੰਨਾ 84) ਇਹ ਲਫਜ਼ ਸਰਦਾਰ ਸ਼ਿਵਦੇਵ ਸਿੰਘ ਦੇ ਮੂੰਹ ਵਿਚ ਪਾਏ ਗਏ ਹਨ।

ਅੱਗੇ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਆਸ਼ਰਮ ਵਿਚ ਮਿਲਣ ਦਾ ਸੰਵਾਦ ਰਚਾਉਂਦਾ ਹੈ "ਮੈ ਵੇਖਿਆ ਰਾਜਕੁਮਾਰੀ (ਅੰਮ੍ਰਿਤ ਕੌਰ) ਜੀ ਨੇ ਸੱਜੀ ਬਾਂਹ ਵਿਚ ਲੋਹੇ ਦਾ ਕੜਾ ਜਿਹੋ ਜਿਹਾ ਸਿੱਖ ਪਾਉਂਦੇ ਹਨ ਪਹਿਰਿਆ ਹੋਇਆ ਹੈ।" (ਸਾਚੀ ਸਾਖੀ ਪੰਨਾ 95)

ਸਿਰਦਾਰ ਕਪੂਰ ਸਿੰਘ ਜੀ ਨੂੰ ਇੰਨਾ ਵੀ ਪਤਾ ਨਹੀਂ ਕਿ ਰਾਜਕੁਮਾਰੀ ਅੰਮ੍ਰਿਤ ਕੌਰ ਦਾ ਜਨਮ ਕਪੂਰਥਲਾ ਦੇ ਰਾਜੇ ਦੇ ਛੋਟੇ ਲੜਕੇ ਹਰਨਾਮ ਸਿੰਘ ਦੇ ਘਰ ਲਖਨਊ ਉੱਤਰ ਪ੍ਰਦੇਸ਼ ਵਿਚ ਹੋਇਆ ਸੀ। ਉਹ ਇਸਾਈ ਧਰਮ ਅਪਣਾ ਕੇ ਅੰਗਰੇਜ਼ ਹਕੂਮਤ ਦੀ ਖ਼ਿਦਮਤ ਕਰਨ ਲਈ ਪੰਜਾਬ ਤੋਂ ਉਤਰ ਪ੍ਰਦੇਸ਼ ਚਲੇ ਗਏ ਸਨ। ਬ੍ਰਿਟਿਸ਼ ਹਕੂਮਤ ਨੇ ਹਰਨਾਮ ਸਿੰਘ ਨੂੰ ਅਵਧ ਰਿਆਸਤਾਂ ਦਾ ਮੈਨੇਜਰ ਬਣਾ ਦਿੱਤਾ ਸੀ। ਰਾਜਕੁਮਾਰੀ ਅੰਮ੍ਰਿਤ ਕੌਰ ਪਰੋਟੈਂਸਟਿਟ ਕ੍ਰਿਸ਼ਚੀਅਨ ਸੀ। ਉਨ੍ਹਾਂ ਦੇ ਪਿਤਾ ਕਾਂਗਰਸ ਲੀਡਰਾਂ ਦੇ ਨਾਲ ਵੀ ਮੇਲ ਮਿਲਾਪ ਰੱਖਦੇ ਸਨ, ਸੋ ਰਾਜਕੁਮਾਰੀ ਅੰਮ੍ਰਿਤ ਕੌਰ ਗਾਂਧੀ ਦੇ ਆਸ਼ਰਮ ਚਲੀ ਗਈ ਸੀ। ਕਈ ਵਾਰ ਜੇਲ੍ਹ ਗਈ। ਉਸਨੂੰ 1937 ਵਿਚ ਗ੍ਰਿਫ਼ਤਾਰ ਕੀਤਾ ਗਿਆ। ਉਸ ਤੋਂ ਪਹਿਲਾਂ ਆਸ਼ਰਮ ਵਿਚ ਰਾਜਕੁਮਾਰੀ ਦੇ ਖਾਨਦਾਨ ਤੇ ਠਾਠ-ਬਾਠ ਨੂੰ ਲੈ ਕੇ ਜ਼ਬਰਦਸਤ ਵਿਰੋਧ ਵੀ ਹੋਇਆ ਸੀ। ਉਸ ਤੋਂ ਬਾਅਦ ਉਹ ਆਸ਼ਰਮ ਠਹਿਰਨ ਦੀ ਥਾਂ ਸ਼ਿਮਲੇ (ਹਿਮਾਚਲ ਪ੍ਰਦੇਸ਼) ਚਲੀ ਗਈ ਸੀ। ਉਸ ਦੇ ਭਰਾ ਨੇ ਉਸ ਨੂੰ ਸ਼ਿਮਲੇ ਵਿਲੇ ਮਹਿਲ ਖਰੀਦ ਕੇ ਦਿੱਤਾ ਸੀ। 1940 ਵਿਚ ਗਾਂਧੀ ਜੀ ਵੀ ਵਾਇਸਰਾਏ ਨਾਲ ਮੁਲਾਕਾਤ ਸਮੇਂ ਰਾਜਕੁਮਾਰੀ ਅੰਮ੍ਰਿਤ ਕੌਰ ਕੋਲ ਵਿਲੈ ਪੈਲਸ ਠਹਿਰੇ ਸਨ। 1942 ਵਿਚ ਉਥੇ ਉਨ੍ਹਾਂ ਨੂੰ ਹਾਊਸ ਅਰੈਸਟ ਕੀਤਾ ਗਿਆ ਸੀ। ਆਜ਼ਾਦੀ ਤੋਂ ਬਾਅਦ ਉਸਨੇ ਦਿੱਲੀ ਏਮਜ਼ ਹਸਪਤਾਲ ਬਣਾਇਆ ਤੇ ਸਿਹਤ ਮੰਤਰੀ ਬਣੀ ਸੀ। ਸੋ ਸਿਰਦਾਰ ਕਪੂਰ ਸਿੰਘ ਵਲੋਂ ਅੰਮ੍ਰਿਤ ਕੌਰ ਨੂੰ ਮਿਲਣ ਦੀ ਸਾਖੀ ਝੂਠ ਦਾ ਪਲੰਦਾ ਹੈ।

### 3. ਵਲਾਇਤ ਵਿਚ ਨੇਤਾ ਮਿਲਾਪ ਸਾਖੀ:

ਸਿਰਦਾਰ ਕਪੂਰ ਸਿੰਘ ਜਿਨਾਹ, ਗਾਂਧੀ ਤੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਨਾਲ ਮਿਲਣ ਦੀਆਂ ਮਨਘੜਤ ਸਾਖੀਆਂ ਪੇਸ਼ ਕਰਦੇ ਹਨ। ਕਹਿੰਦੇ "ਜੁਲਾਈ 1931 ਵਿਚ ਜਦੋਂ ਦੂਜੀ ਰਾਊਂਡ ਟੇਬਲ ਕਾਨਫਰੰਸ ਦੇ ਮੈਂਬਰ ਵਲਾਇਤ ਜਾਣ ਵਾਲੇ ਜਹਾਜ ਉਪਰ ਚੜੇ ਤਾਂ ਮੈਂ ਵੀ ਨਾਲ ਹੀ ਵਲਾਇਤ ਪੜਨ ਜਾਣ ਲਈ ਜਹਾਜ਼ ਚੜਿਆ। ਮਿਸਟਰ ਜਿਨਾਹ ਓਦੋਂ ਮੇਰੇ ਹਮਸਫਰ ਸਨ। ਉਸ ਤੋਂ ਪਿਛੋਂ ਮੈਂ ਉਨ੍ਹਾਂ ਨੂੰ ਕਈ ਵਾਰ ਮਿਲਿਆ।" (ਸਾਚੀ ਸਾਖੀ ਪੰਨਾ 75, 76) ਜਦੋਂ ਕਿ ਅਸਲੀਅਤ ਇਹ ਹੈ ਕਿ ਮਿਸਟਰ ਜਿਨਾਹ 1929 ਤੋਂ ਵਲਾਇਤ ਵਿਚ ਵਕਾਲਤ ਕਰਦੇ ਆ ਰਹੇ ਸਨ। ਫੇਰ ਕੈਂਬਰਿਜ ਯੂਨੀਵਰਸਿਟੀ ਵਿਚ ਭਾਸ਼ਣ ਲਈ ਜਿਨਾਹ ਸਾਹਿਬ ਜਾਂਦੇ ਹਨ ਉਥੇ ਮਿਲਦੇ ਹਨ। ਉਸ ਨੂੰ ਸ਼ਾਮੀ ਹੋਟਲ ਵਿਚ ਮਿਲ਼ਦੇ ਹਨ। (ਉਹੀ ਕਿਤਾਬ ਪੰਨਾ 77) ਜਦੋਂ ਕਿ ਜਿਨਾਹ ਸਾਹਿਬ ਪੱਕੇ ਤੌਰ ਉੱਤੇ ਕੋਰਟ ਕੰਪਲੈਕਸ ਵਿਚ ਰਹਿ ਰਹੇ ਸਨ। ਹੋਟਲ ਵਿਚ ਠਹਿਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਕੈਂਬਰਿਜ ਵਿਚ ਗਾਂਧੀ ਜੀ ਲੈਕਚਰ ਦੇਣ ਪਹੁੰਚਦੇ ਹਨ। ਸਿਰਦਾਰ ਕਪੂਰ ਸਿੰਘ ਨੂੰ ਇਸ਼ਾਰਾ ਕਰ ਕੇ ਸਟੇਜ ਉਪਰ ਬੁਲਾ ਲੈਂਦੇ ਹਨ। ਮੈਂ ਇਕ ਸਿੱਖ ਰਹਿਤ ਮਰਯਾਦਾ 'ਚ ਰਹਿਣ ਕਰਕੇ ਗੱਲਾਂਬਾਤਾਂ ਕਰਦੇ ਹਨ (ਉਹੀ ਕਿਤਾਬ ਪੰਨਾ 82) ਸਭ ਨੂੰ ਪਤਾ ਹੈ ਕਿ ਗਾਂਧੀ ਜੀ ਨੂੰ ਇੰਗਲਿਸ਼ ਬੋਲਣ ਵਿਚ ਮੁਸ਼ਕਲ ਆਉਂਦੀ ਸੀ। ਉਹ ਕੋਈ ਭਾਸ਼ਣ ਕਰਨ ਗਏ ਹੀ ਨਹੀਂ। ਫੇਰ ਕਪੂਰ ਸਿੰਘ ਲਿਖਦੇ ਹਨ ਕਿ ਗਾਂਧੀ ਜੀ ਇਕੱਲੇ ਰਾਊਂਡ ਟੇਬਲ ਕਾਨਫਰੰਸ 'ਚ ਸ਼ਾਮਲ ਹੋਣ ਗਏ ਸੀ ਜਦੋਂ ਕਿ ਗਾਂਧੀ ਜੀ ਨਾਲ ਤੇਜ ਬਹਾਦਰ ਸਪਰੂ, ਵੀ ਐਮ ਸਿਰੀ ਨਿਵਾਸ, ਮੁਹੰਮਦ ਜਫਰ ਉਲਾਖਾਨ ਤੇ ਮੀਰਾਂ ਬੇਨ ਸ਼ਾਮਲ ਸਨ।

ਉਸੇ ਪੰਨੇ 82 ਉੱਤੇ ਲਿਖਦੇ ਹਨ ਕਿ ਮਹਾਤਮਾ ਗਾਂਧੀ ਜਦ ਸੰਨ 1931 ਦੇ ਅੰਤ ਵਿਚ ਹਿੰਦੋਸਤਾਨ ਵਾਪਸ ਖਾਲੀ ਹੱਥ ਪਹੁੰਚੇ ਤਾਂ ਅਗੇ ਮੁਲਕ ਵਿਚ ਰਾਮ ਰੌਲਾ ਪਿਆ ਹੋਇਆ ਸੀ। ਜਦੋਂ ਕਿ ਗਾਂਧੀ ਜੀ ਦੂਜੀ ਗੋਲਮੇਜ਼ ਕਾਨਫਰੰਸ ਸਮੇਂ 1932 ਵਿਚ ਜਾਂਦੇ ਹਨ ਤੇ 1933 ਵਿਚ ਵਾਪਸ ਪਰਤਦੇ ਹਨ।

### 4. ਸਰਦਾਰ ਬਹਾਦਰ ਸ਼ਿਵਦੇਵ ਸਿੰਘ ਨਾਲ ਸੰਵਾਦ:

ਇਹ ਵੀ ਮਨਘੜਤ ਕਥਾ ਕੁਥਾਵੇਂ ਜੋੜ ਲਈ ਹੈ ਜਦੋਂ ਕਿ ਉਹ ਸ਼ਿਵਦੇਵ ਸਿੰਘ ਬਾਰੇ ਜਾਣਦੇ ਨਹੀਂ ਹਨ। ਉਸ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ "ਸੰਨ 1932 ਜਨਵਰੀ ਦੇ ਪਹਿਲੇ ਹਫਤੇ ਦੀ ਗੱਲ ਹੈ ਕਿ ਮੈਂ ਲੰਦਨ ਗਿਆ ਹੋਇਆ ਸੀ ਕਿ ਮੈਨੂੰ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਉਬਾਰਾ (ਉਬਾਰਾਏ) ਜਿਹੜੇ ਕਿ ਉਨ੍ਹਾਂ ਦਿਨਾਂ ਵਿਚ ਸੈਕ੍ਰੇਟਰੀ ਆਫ ਸਟੇਟ ਦੀ ਇੰਡੀਆ ਕੌਂਸਲ ਦੇ ਮੈਂਬਰ ਸਨ" (ਸਾਚੀ ਸਾਖੀ ਪੰਨਾ 83) ਪਹਿਲਾ ਨੁਕਤਾ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਉਬਾਰਾਏ ਸੈਕ੍ਰੇਟਰੀ ਆਫ ਸਟੇਟ ਕੌਂਸਲ ਦੇ ਮੈਂਬਰ 1924 ਤੋਂ 1929 ਤਕ ਰਹੇ। ਸੋ 1932 ਵਿਚ ਕੌਂਸਲ ਮੈਂਬਰ ਸਰਦਾਰ ਬੂਟਾ ਸਿੰਘ ਸਨ। ਦੂਜਾ ਨੁਕਤਾ ਸਿਰਦਾਰ ਕਪੂਰ ਸਿੰਘ ਸ਼ਿਵਦੇਵ ਸਿੰਘ ਬਾਰੇ ਲਿਖਦੇ ਹਨ "ਤੁਸੀਂ ਐਥੇ ਬੈਠੇ ਹੋ ਤੇ ਲੀਡਰ ਹੋ ਕੁਛ ਕਰੋ ਕਹਿਣ ਲਗੇ ਭਾਈ ਹੁਣ ਅਸਾਂ ਨੂੰ।" ਚੀਫੀਏ ਕਹਿੰਦੇ ਹਨ ਤੇ ਸਿੱਖ ਸੰਗਤਾਂ ਸਾਨੂੰ ਝੋਲੀ ਚੁੱਕ ਕਹਿੰਦੀਆਂ ਹਨ" (ਉਹੀ ਪੰਨਾ) ਜਦੋਂ ਕਿ ਸ਼ਿਵਦੇਵ ਸਿੰਘ ਉਬਰਾਏ ਚੀਫੀਆ ਨਹੀਂ ਸਗੋਂ ਸੈਂਟਰ ਸਿੱਖ ਲੀਗ ਦਾ ਮੈਂਬਰ ਸੀ। ਜੋ ਬਾਬਾ ਖੜਕ ਸਿੰਘ ਹੋਰਾਂ ਨੇ ਬਣਾਈ ਸੀ। ਇਨ੍ਹਾਂ ਨੇ ਸਾਈਮਨ ਕਮਿਸ਼ਨ ਦੀ ਡਟ ਕੇ ਹਮਾਇਤ ਕੀਤੀ ਸੀ। ਕੌਂਸਲ ਦੀ 1929 ਦੀ ਮੀਟਿੰਗ ਵਿਚ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਉਬਰਾਏ ਸਾਈਮਨ ਕਮਿਸ਼ਨ ਦੇ ਹੱਕ ਵਿਚ ਖੜਦੇ ਹਨ ਤੇ ਵਿਰੋਧੀ ਮਤ ਰੱਖਣ ਵਾਲੇ ਕਾਂਗਰਸੀ ਕੌਂਸਲਰ ਲਾਲਾ ਰਾਮ ਸਰਨ ਦਾਸ ਦਾ ਵਿਰੋਧ ਕਰਦੇ ਹਨ। ਉਸ ਵਲੋਂ ਸਿੱਖਾਂ ਲਈ ਹੋਮਲੈਂਡ ਤਾਂ ਕੀ ਬ੍ਰਿਟਿਸ਼ ਭਾਰਤੀ ਸਰਕਾਰ ਦੇ ਵਾਇਸਰਾਏ ਦੇ ਝੋਲੀਚੁੱਕ ਬਣੇ ਹੋਏ ਸੀ। ਸੈਕਰੇਟਰੀ ਸਟੇਟ ਕੌਂਸਲ ਦਾ ਹੈੱਡ ਵਾਇਸਰਾਏ ਹੁੰਦਾ ਸੀ ਜਿਸ ਕੋਲ ਅੰਤਿਮ ਫ਼ੈਸਲਾ ਕਰਨ ਜਾਂ ਰੱਦ ਕਰਨ ਦੇ ਅਧਿਕਾਰ ਸਨ। ਪੰਨਾ 84 ਉਪਰ ਲਿਖਦੇ ਹੋਏ ਇਹ ਸ਼ਬਦ ਸ਼ਿਵਦੇਵ ਸਿੰਘ ਤੋਂ ਅਖਵਾਉਂਦੇ ਹਨ "ਅੱਜਕਲ੍ਹ ਦੀ ਨੈਸ਼ਨਲਿਸਟ ਸਿੱਖੀ ਅਸਲ ਵਿਚ ਖੁਦਕੁਸ਼ੀ ਹੈ।" ਨੈਸ਼ਨਲਿਸਟ ਸਿੱਖ ਗਦਰੀ ਬਾਬਿਆਂ, ਬੱਬਰ ਅਕਾਲੀ ਤੇ ਕਾਂਗਰਸ ਪੱਖੀ ਆਜ਼ਾਦੀ ਹਾਸਲ ਕਰਨ ਵਾਲੇ ਸਿੱਖਾਂ ਨੂੰ ਆਖਿਆ ਹੈ। ਅਕਾਲੀ ਜੋ ਕਹਿੰਦੇ ਹਨ ਕਿ ਦੇਸ਼ ਦੀ ਆਜ਼ਾਦੀ ਹਾਸਲ ਕਰਨ ਲਈ ਨੱਬੇ ਪ੍ਰਤੀਸ਼ਤ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ। ਸਿਰਦਾਰ ਕਪੂਰ ਸਿੰਘ ਕੂੜ ਕਥਾਵਾਂ ਲਿਖ ਕੇ ਨੈਸ਼ਨਲਿਸਟ ਸਿੱਖਾਂ ਨੂੰ ਖੁਦਕੁਸ਼ੀ ਕਰਨ ਵਾਲੇ ਦਸਕੇ ਦੱਖੂਦਾਣੇ ਦੇਣ ਲਗਾ ਹੈ। ਸ਼ਿਵਦੇਵ ਸਿੰਘ ਉਬਰਾਏ ਤੋਂ ਅਖਵਾ ਰਿਹਾ ਹੈ "ਅੰਗਰੇਜ਼ ਆਪ ਰਾਜ ਭਾਗ ਵੰਡ ਵੰਡਾ ਕੇ ਕਾਰਣ ਵਸ ਚਲੇ ਜਾਣਗੇ। ਇਸ ਲਈ ਸਿੱਖ ਤੇ ਮੁਸਲਮਾਨ ਜੋ ਵੀ ਲੈ ਸਕਦੇ ਹਨ ਉਹ ਅੰਗਰੇਜ਼ਾਂ ਨਾਲ ਸੁਲਾਹ ਸਫਾਈ ਕਰ ਕੇ ਹੀ ਸੁਖੈਨ ਢੰਗ ਨਾਲ ਲੈ ਸਕਦੇ ਹਨ।" ( ਪੰਨਾ 84) ਸਿਰਦਾਰ ਕਪੂਰ ਸਿੰਘ ਖੁਦ ਹੀ ਆਪਣੇ ਆਪ ਨੂੰ ਬ੍ਰਿਟਿਸ਼ ਹਕੂਮਤ ਦਾ ਝੋਲੀਚੁੱਕ ਸਾਬਤ ਕਰ ਰਿਹਾ ਹੈ। ਜਦੋਂ ਕਿ ਉਹ 1932 ਵਿਚ ਸਰਦਾਰ ਸ਼ਿਵਦੇਵ ਸਿੰਘ ਨੂੰ ਮਿਲਿਆ ਤੱਕ ਨਹੀਂ ਸੀ।

### 5. ਲਾਲਾ ਲਾਜਪਤ ਰਾਏ ਬਾਰੇ ਕੂੜ ਪ੍ਰਚਾਰ:

ਸਿਰਦਾਰ ਕਪੂਰ ਸਿੰਘ ਲਿਖਦੇ ਹਨ "ਅਕਤੂਬਰ ਦਾ ਅੰਤ ਹੋਵੇਗਾ ਕਿ ਉਹ ਵੀ ਆਪਣੇ ਦੋ ਜਮਾਤੀਆਂ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ (ਲਾਹੌਰ) ਉੱਤੇ ਤਮਾਸ਼ਾ ਦੇਖਣ ਗਿਆ। ਐਜੀਟੇਸ਼ਨ ਨੂੰ (ਤਮਾਸ਼ਾ ਦਸਦਾ ਹੈ) ਅਗੇ ਕੋਈ ਦੋ ਕੁ ਸੌ ਆਦਮੀ ਸਨ ਜਿਨ੍ਹਾਂ ਵਿਚ ਕਿ ਲਾਲਾ ਲਾਜਪਤ ਰਾਏ ਤੇ ਪੰਡਤ ਮਦਨ ਮੋਹਨ ਮੌਲੀਵੀਯ ਸਨ। ਲਾਲਾ ਲਾਜਪਤ ਰਾਏ ਦੇ ਹੱਥ ਵਿਚ ਛੱਤਰੀ ਖੋਹਲੀ ਹੋਈ ਸੀ ... ਇਸ ਸਤਰਾਂ ਦਾ ਲਿਖਾਰੀ... ਘੁਸੜਕੇ ਲਾਲਾ ਲਾਜਪਤ ਰਾਏ ਦੇ ਕੋਲ ਜਾ ਖਲੋਤੇ ਸੀ।" ਪੁਲਿਸ ਨੇ ਲਾਠੀ ਚਾਰਜ ਕਰਤਾ ਹਮੈਲਟਿਨ ਹਾਰਡਿੰਗ ਅਗੇ ਵਧਿਆ" ਉਸ ਸਮੇਂ ਇਕ ਵਾਰ ਉਸ ਦੀ ਬੈਂਤ ਲਾਲਾ ਜੀ ਦੀ ਛੱਤਰੀ ਦੇ ਉਤਲੇ ਪਾਸੇ ਲਗੀ।" "ਅਸੀ ਸਾਰੇ ਘਰ ਮੁੜ ਆਏ।" (ਸਾਚੀ ਸਾਖੀ ਪੰਨਾ 62,63) ਇਸ ਤੋਂ ਅੱਗੇ ਲਿਖਦੇ ਹਨ ਕਿ ਲਾਲਾ ਲਾਜਪਤ ਰਾਏ ਦੀ ਮੌਤ ਲਾਠੀਆਂ ਦੀਆਂ ਸੱਟਾਂ ਨਾਲ ਨਹੀਂ ਸਗੋਂ ਦਿਲ ਦਾ ਦੌਰਾ ਪੈਣ ਕਾਰਨ ਹੋਈ ਸੀ।

ਸਿਰਦਾਰ ਕਪੂਰ ਸਿੰਘ ਮੁਤਾਬਿਕ ਲਾਲਾ ਲਾਜਪਤ ਰਾਏ ਨਾਲ ਮਦਨ ਮੋਹਨ ਮਾਲਵੀਯਾ ਸਨ। ਜਦੋਂਕਿ ਮਦਨ ਮੋਹਨ ਮਾਲਵੀਆ ਪਰਾਗਰਾਜ ਉਤਰ ਪ੍ਰਦੇਸ਼ ਦੇ ਕਾਂਗਰਸੀ ਨੇਤਾ ਸਨ। ਉਹ ਮੁਜ਼ਾਹਰੇ 'ਚ ਸ਼ਾਮਲ ਹੀ ਨਹੀਂ ਸੀ। ਦੂਜਾ ਮੁਜ਼ਾਹਰੇ ਦੀ ਅਗਵਾਈ ਕਾਲੇ ਝੰਡੇ ਲੈ ਕੇ ਲਾਲਾ ਲਾਜਪਤ ਰਾਏ ਡਾ. ਸਤਪਾਲ , ਮੌਲਾਨਾ ਜਾਫਰ ਅਲੀ ਕਰ ਰਹੇ ਸਨ। ਜਦੋਂ ਜਲੂਸ ਸਟੇਸ਼ਨ ਨਜ਼ਦੀਕ ਲੰਡਾ ਬਾਜ਼ਾਰ ਕੋਲ ਪਹੁੰਚਿਆ ਉਥੇ ਰੋਕ ਕੇ ਲਾਠੀਚਾਰਜ ਕੀਤਾ ਗਿਆ। ਲਾਲਾ ਲਾਜਪਤ ਰਾਏ ਦੇ ਸਿਰ, ਬਾਂਹਾਂ ਤੇ ਛਾਤੀ ਉਪਰ ਸੱਟਾਂ ਦੇ ਨਿਸ਼ਾਨ ਸਨ। ਉਸ ਦੇ ਨਾਲ ਡਾਕਟਰ ਸਤਪਾਲ ਤੇ ਡਾਕਟਰ ਮੁਹੰਮਦ ਆਲਮ ਜ਼ਖਮੀ ਹੋਏ ਸਨ। (ਪੜ੍ਹੋ - ਸਾਈਮਨ ਕਮਿਸ਼ਨ ਅਤੇ ਲਾਲਾ ਲਾਜਪਤ ਰਾਏ ਇਕ ਮੁਲੰਕਣ ਵੱਲੋਂ ਐਸ ਆਰ ਬਖਸੀ 1989)

ਦੂਜਾ ਲਾਜਪਤ ਰਾਏ ਛੱਤਰੀ ਤਾਣੀ ਨਹੀਂ ਸੀ ਖੜਾ। ਉਸ ਦੇ ਹੱਥ ਵਿਚ ਤੁਰਨ ਲਈ ਖੂੰਡੀ ਫੜੀ ਹੋਈ ਸੀ। ਭਲਾਂ ਸਰਦੀ ਦੇ ਮਹੀਨੇ ਛੱਤਰੀ ਕਿਉਂ ਚੁੱਕਣੀ ਹੈ?

ਤੀਜਾ ਅੰਗਰੇਜ਼ ਸਰਕਾਰ ਦੇ ਦਬਾਅ ਕਾਰਨ ਸਰਕਾਰੀ ਰਿਪੋਰਟ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਦਰਸਾਈ ਹੈ ਤੇ ਗੰਭੀਰ ਦਿਲ ਤੇ ਸਿਰ ਉਪਰ ਲੱਗੀਆਂ ਸੱਟਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਸੀ। ਉਸ ਦਿਨ ਜਲਸੇ ਵਿਚ ਸਾਹਿਤਕਾਰ ਯਸ਼ਪਾਲ, ਸੁਖਦੇਵ ਤੇ ਭਗਵਤੀ ਚਰਨ ਸ਼ਾਮਲ ਸਨ ਜਿਨ੍ਹਾਂ ਨੇ ਲਾਲਾ ਲਾਜਪਤ ਰਾਏ ਤੇ ਹੋਰ ਜ਼ਖਮੀਆਂ ਨੂੰ ਸੰਭਾਲਿਆ। ਇਸ ਬਾਰੇ ਯਸ਼ਪਾਲ ਨੇ ਕਿਤਾਬ ਸਿੰਹ ਅਵਲੋਕਨ ਭਾਗ ਪਹਿਲਾ ਵਿਚ ਵਿਸਥਾਰ ਨਾਲ ਲਿਖਿਆ ਜੋ ਕਪੂਰ ਸਿੰਘ ਦੇ ਝੂਠ ਨੂੰ ਨੰਗਾ ਕਰਦਾ ਹੈ।

### 6. ਸ਼ਹੀਦ ਭਗਤ ਸਿੰਘ ਬਾਰੇ ਝੂਠ ਦਾ ਪਲੰਦਾ:

ਸਿਰਦਾਰ ਕਪੂਰ ਸਿੰਘ ਸਾਂਡਰਸ ਦੇ ਕਤਲ ਬਾਰੇ ਅੱਖੀਂ ਡਿੱਠੇ ਹੋਣ ਦੀ ਡੀਂਗ ਮਾਰਦਾ ਹੈ "ਦਸੰਬਰ ਦੇ ਅੰਤਲੇ ਦਿਨ ਸਨ ਮੈਂ ਤੇ ਕੁੱਝ ਹੋਰ ਵਿਦਿਆਰਥੀ ਗਵਰਨਮੈਂਟ ਕਾਲਜ ਦੇ ਨਿਊ ਹੋਸਟਲ ਦੀ ਧੁਰ ਛੱਤ ਉਤੇ ਬੈਠੇ ਪੜ੍ਹ ਰਹੇ ਸੀ" ਅਗੇ "ਠਾਹ ਠਾਹ ਦੋ ਗੋਲੀਆਂ ਚਲਾਈਆਂ ਤੇ ਪੁਲਿਸ ਦੇ ਦਫ਼ਤਰੋਂ ਇਕ ਅੰਗਰੇਜ਼ ਨਿਕਲਕੇ ਆਪਣੇ ਮੋਟਰਸਾਈਕਲ ਉਤੇ ਚੜ੍ਹਨ ਲਗਾ ਮਰਕੇ ਭੋਇ ਉਤੇ ਡਿਗਦਾ ਅਸੀਂ ਡਿੱਠਾ। ਫੇਰ ਇਕ ਸਿੱਖ ਪੁਲਸੀਆ ਡੀ ਏ ਵੀ ਕਾਲਜ ਤੇ ਡੀਏਵੀ ਹੋਸਟਲ ਵਾਲੀ ਕੰਧ ਦੇ ਖੂੰਜੇ ਨੂੰ ਨਸਾ ਤਾਂ ਜੋ ਗੋਲੀ ਚਲਾਉਣ ਵਾਲੇ ਨੂੰ ਫੜ ਲਵੇ। ਠਾਹ ਕਰਕੇ ਗੋਲੀ ਉਸ ਨੂੰ ਵੀ ਵੱਜੀ ਤੇ ਉਹ ਵੀ ਮਰਕੇ ਭੋਇੰ ਉਤੇ ਡਿੱਗਾ।" ਇਉਂ ਭਗਤ ਸਿੰਘ ਨੇ ਯਾ ਉਸ ਦੇ ਕਿਸੇ ਸਾਥੀ ਨੇ ਸਾਂਡਰਸ ਨੂੰ ਸਕਾਟ ਦੇ ਭੁਲਖੇ ਕਤਲ ਕਰ ਦਿੱਤਾ ਤੇ ਚੰਨਣ ਸਿੰਘ ਨੂੰ ਇਸ ਅਪਰਾਧ ਵਿਚ ਕਿ ਉਸ ਨੇ ਆਪਣੇ ਸਾਥੀ ਅਫਸਰ ਦੇ ਕਾਤਲ ਨੂੰ ਫੜਨ ਦਾ ਯਤਨ ਕਰਨ ਦੀ ਧਰਮ ਪਾਲਣਾ ਕਿਉਂ ਕੀਤੀ"। (ਸਾਚੀ ਸਾਖੀ ਪੰਨਾ 66)

ਪਹਿਲੀ ਗੱਲ ਸਾਂਡਰਸ ਦਾ ਕਤਲ 17 ਦਸੰਬਰ 1928 ਸ਼ਾਮ 4.30 ਦੇ ਕਰੀਬ ਹੋਇਆ ਸੀ ਨਾ ਕਿ 28 ਦਸੰਬਰ ਨੂੰ। ਦੂਜੀ ਗੱਲ ਦਸੰਬਰ ਮਹੀਨੇ ਸੂਰਜ ਸਵਾ ਪੰਜ ਵਜੇ ਛਿਪ ਜਾਂਦਾ ਹੈ। ਸਰਦੀ ਹੋਣ ਕਰਕੇ ਹੋਸਟਲ ਦੀ ਛੱਤ ਉਤੇ ਕੀ ਕਰਨ ਚੜ੍ਹੇ ਸਨ? ਹੈਰਾਨੀ ਦੀ ਗੱਲ ਇਹ ਕਿ ਅਨਾਰਕਲੀ ਪੁਲਿਸ ਸਟੇਸ਼ਨ (ਜਿੱਥੇ ਸਾਂਡਰਸ ਮਾਰਿਆ ਸੀ) ਤੋਂ ਗੌਰਮਿੰਟ ਕਾਲਜ ਲਾਹੌਰ ਦੇ ਨਵੇਂ ਹੋਸਟਲ ਦੀ ਦੂਰੀ ਕਰੀਬ ਹੁਣ ਵੀ ਇਕ ਕਿਲੋਮੀਟਰ (900 ਮੀਟਰ) ਦੇ ਕਰੀਬ ਹੈ। ਇੰਨੀ ਦੂਰ ਤੋਂ ਸਿਰਦਾਰ ਕਪੂਰ ਸਿੰਘ ਨੇ ਰਿਵਾਲਵਰ ਦੀਆਂ ਗੋਲੀਆਂ ਦੀ ਆਵਾਜ਼ ਕਿਵੇਂ ਸੁਣ ਲਈ ਤੇ ਸਾਂਡਰਸ ਕਤਲ ਹੁੰਦਾ ਕਿਵੇਂ ਦੇਖ ਲਿਆ? ਇਕ ਸਿੱਖ ਸਕਾਲਰ ਨੂੰ ਐਡੇ ਵੱਡੇ ਗੱਪ ਮਾਰਨੇ ਸੋਭਾ ਨਹੀਂ ਦਿੰਦੇ। ਤੀਜੀ ਗੱਲ ਸਿਰਦਾਰ ਕਪੂਰ ਸਿੰਘ ਨੂੰ ਦੋ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ ਜਦੋਂ ਕਿ ਪਹਿਲੀ ਗੋਲੀ ਰਾਜਗੁਰੂ ਨੇ ਮਾਰੀ ਤੇ ਡਿੱਗੇ ਪਏ ਸਾਂਡਰਸ ਦੇ 7 ਗੋਲੀਆਂ ਭਗਤ ਸਿੰਘ ਨੇ ਮਾਰੀਆਂ ਸਨ। ਉਨ੍ਹਾਂ 8 ਗੋਲੀਆਂ ਦੀ ਪੁਸ਼ਟੀ ਸਾਂਡਰਸ ਦੀ ਮ੍ਰਿਤਕ ਦੇਹ ਦੀ ਪੋਸਟਮਾਰਟਮ ਰਿਪੋਰਟ ਕਰਦੀ ਹੈ। ਚੌਥੀ ਗੱਲ ਹੁਣ ਵੀ ਕਾਲਜ ਦੇ ਹੋਸਟਲਾਂ ਦੀ ਸਿਖਰਲੀ ਮੰਜ਼ਿਲ ਉਪਰ ਵਿਦਿਆਰਥੀਆਂ ਨੂੰ ਚੜ੍ਹਨ ਦੀ ਇਜਾਜ਼ਤ ਨਹੀਂ ਹੁੰਦੀ। ਸੋ ਇਹ ਨਿਰਾ ਗੱਪ ਹੈ ਕਿ ਠੰਢ ਵਿਚ ਸ਼ਾਮ ਨੂੰ ਹੋਸਟਲ ਦੀ ਸਿਖਰਲੀ ਮੰਜ਼ਿਲ ਉਪਰ ਚੜ੍ਹ ਕੇ ਸਾਂਡਰਸ ਦਾ ਕਤਲ ਹੁੰਦਾ ਦੇਖਣਾ। ਪੰਜਵੀਂ ਗੱਲ ਹੋਸਟਲ ਦੀ ਛੱਤ ਉੱਤੇ ਚੜ੍ਹੇ ਕਰੀਬ ਇਕ ਕਿਲੋਮੀਟਰ ਦੂਰੀ ਤੋਂ ਮੂੰਹ ਹਨੇਰੇ ਡੀ ਏ ਵੀ ਕਾਲਜ ਦੇ ਹੋਸਟਲ ਦੇ ਕੌਰਨਰ ਦੇ ਨੇੜੇ ਹਵਾਲਦਾਰ ਚੰਨਣ ਸਿੰਘ ਨੂੰ ਕਿਵੇਂ ਦੇਖ ਲਿਆ? ਭਗਤ ਸਿੰਘ, ਰਾਜਗੁਰੂ ਤੇ ਚੰਦਰ ਸ਼ੇਖਰ ਆਜ਼ਾਦ ਦਾ ਪਿੱਛਾ ਇਕ ਗੋਰਾ ਪੁਲੀਸ ਅਫ਼ਸਰ ਫਰਨਜ ਕਰਦਾ ਨਜ਼ਰ ਨਹੀਂ ਪਿਆ। ਛੇਵੀਂ ਗੱਲ ਪਿੱਛਾ ਕਰਦੇ ਚੰਨਣ ਸਿੰਘ ਨੂੰ ਚੰਦਰ ਸ਼ੇਖਰ ਤੇ ਭਗਤ ਸਿੰਘ ਨੇ ਦੋ-ਤਿੰਨ ਵਾਰ ਪਿੱਛੇ ਮੁੜਨ ਬਾਰੇ ਆਖਿਆ ਜਦੋਂ ਨਾ ਹਟਿਆ ਤਾਂ ਚੰਦਰ ਸ਼ੇਖਰ ਨੇ ਉਸ ਦੇ ਪੱਟ 'ਚ ਗੋਲੀ ਮਾਰੀ। ਉਸ ਨੂੰ ਮੌਕੇ ਉਤੇ ਕਿਸੇ ਨੇ ਚੁੱਕਿਆ ਨਹੀਂ ਜ਼ਿਆਦਾ ਖ਼ੂਨ ਵਹਿਣ ਕਰਕੇ ਮੌਤ ਹੋਈ ਉਸ ਦੀ ਡਾਕਟਰੀ ਪੋਸਟ ਮਾਰਟਮ ਰਿਪੋਰਟ ਵਿਚ ਦਰਜ ਹੈ। ਚੰਨਣ ਸਿੰਘ ਸਿੱਖ ਹੌਲਦਾਰ ਮਾਰਨ ਦਾ ਦੋਸ਼ ਭਗਤ ਸਿੰਘ ਉਪਰ ਮੜ੍ਹਨਾ ਵੀ ਗਲਤ ਹੈ। ਉਨ੍ਹਾਂ ਦਾ ਪਿੱਛਾ ਭਾਵੇਂ ਹਿੰਦੂ, ਮੁਸਲਿਮ ਜਾਂ ਅੰਗਰੇਜ਼ ਪੁਲਸੀਆ ਕਰਦਾ ਉਨ੍ਹਾਂ ਨੂੰ ਆਪਣੀ ਹਿਫਾਜ਼ਤ ਲਈ ਮਾਰਨਾ ਹੀ ਪੈਣਾ ਸੀ। ਇੱਥੇ ਸਿੱਖ ਧਰਮ ਨੂੰ ਘੁਸੇੜ ਕੇ ਸਿੱਖਾਂ ਨੂੰ ਸ਼ਹੀਦ ਭਗਤ ਸਿੰਘ ਵਿਰੁੱਧ ਭੜਕਾਉਣ ਦੀ ਸਿੰਗੜੀ ਜਾਣ-ਬੁੱਝ ਕੇ ਛੇੜੀ ਗਈ ਹੈ। ਇਸ ਦੇ ਨਾਲ ਭਗਤ ਸਿੰਘ ਨੂੰ ਸ਼ਹੀਦ ਨਾ ਮੰਨਣ ਲਈ ਧਾਰਮਿਕ ਦਲੀਲਾਂ ਦੇ ਕੇ ਰੱਦ ਕਰਨਾ ਗਲਤ ਬਿਆਨੀ ਹੈ ਜਦਕਿ ਸਾਰੀਆਂ ਕੌਮਾਂ ਦੇਸ ਲਈ ਲੜਨ ਮਰਨ ਵਾਲੇ ਸੂਰਬੀਰਾਂ ਨੂੰ ਸ਼ਹਾਦਤਾਂ ਦਾ ਦਰਜਾ ਦਿੰਦੀਆਂ ਹਨ। ਪਰ ਕਪੂਰ ਸਿੰਘ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਸ਼ ਭਗਤ ਮੰਨਣ ਤੋਂ ਇਨਕਾਰੀ ਹੈ। ਇਸ ਤੋਂ ਅੱਗੇ ਸਿਰਦਾਰ ਕਪੂਰ ਸਿੰਘ ਭਾਈ ਰਣਧੀਰ ਸਿੰਘ ਦੀਆਂ ਚਿੱਠੀਆਂ ਵਾਲੀ ਕਿਤਾਬ ਨੂੰ ਆਧਾਰ ਬਣਾ ਕੇ ਲਿਖਦਾ ਹੈ ਕਿ 'ਭਗਤ ਸਿੰਘ ਭਾਈ ਰਣਧੀਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਣ ਨੂੰ ਤਿਆਰ ਸੀ ਪਰ ਅੰਗਰੇਜ਼ੀ ਸਰਕਾਰ ਨੇ ਕੋਈ ਨੀਤੀ ਵਿਚਾਰ ਕੇ ਪੂਰੀ ਨਾ ਹੋਣ ਦਿੱਤੀ ਇਸ ਲਈ "ਭਗਤ ਸਿੰਘ ਨੇ ਅੰਤਿਮ ਦਿਨਾਂ ਵਿਚ ਅੰਮ੍ਰਿਤ ਛਕ ਕੇ ਆਪਣੇ ਪਿਓ ਤੇ ਚਾਚੇ ਦੇ ਕਰਦਾਰ, ਸੰਸਕਾਰਾਂ ਨੂੰ ਬਹੁਤੀ ਗੌਰਵਤਾ ਨਾ ਦੇ ਕੇ ਆਪਣੇ ਪ੍ਰਾਚੀਨ ਪੂਰਵਜਾਂ ਨਾਲ ਆਪਣੇ ਪੱਕੇ ਸਬੰਧ ਸਥਾਪਿਤ ਕਰਨ ਦੀ ਤੀਬਰ ਇੱਛਾ ਤੋਂ ਇਹ ਅਨਮਾਨ ਲਗਦਾ ਹੈ।" (ਸਾਚੀ ਸਾਖੀ ਪੰਨਾ 66,67 ) ਜਦੋਂ ਕਿ ਭਾਈ ਰਣਧੀਰ ਸਿੰਘ ਦੀ ਕਿਤਾਬ ਜੇਲ ਚਿੱਠੀਆਂ ਵਿਚ ਇਹ ਦਰਸਾਇਆ ਹੈ ਕਿ 'ਤੂੰ ਆਪਣੀ ਅਖਬਾਰਾਂ ਵਿਚ ਫੋਕੀ ਪ੍ਰਸਿੱਧੀ ਤੇ ਵੱਡਿਆਈ ਹੋਣ ਕਰਕੇ ਰੱਬ ਨੂੰ ਭੁੱਲ ਗਿਆ ਹੈ। ਯਾਦ ਰਖਣਾ ਜਦੋਂ ਮੌਤ ਨੇੜੇ ਆਈ ਤੂੰ ਰੱਬ ਨੂੰ ਯਾਦ ਕਰੇਂਗਾ। ਸ਼ਹੀਦ ਭਗਤ ਨੇ ਕਿਹਾ ਮੈਂ ਸਾਰੀ ਉਮਰ ਰੱਬ ਨੂੰ ਨਹੀਂ ਮੰਨਿਆ ਤੇ ਨਾਂ ਮੈਨੂੰ ਕਿਸੇ ਅਖੋਤੀ ਸਵਰਗ ਦੀ ਲਾਲਸਾ ਹੈ ਮੈਂ ਫ਼ਾਂਸੀ ਚੜ੍ਹਨ ਸਮੇਂ ਕਿਸੇ ਸਰਬਸ਼ਕਤੀਮਾਨ ਨੂੰ ਯਾਦ ਨਹੀ ਕਰਾਂਗਾ'। (ਪੜ੍ਹੋ ਮੈਂ ਨਾਸਤਿਕ ਕਿਉਂ ਹਾਂ?) ਸਿਰਦਾਰ ਕਪੂਰ ਸਿੰਘ ਪੰਨਾ 64 ਉਤੇ ਫੁੱਟ ਨੋਟ ਵਿਚ ਦਸਦਾ ਹੈ "ਭਾਈ ਰਣਧੀਰ ਜੀ ਨੇ ਸੰਨ 1950 ਵਿਚ ਇਕ ਗੱਲ ਮੈਨੂੰ ਸ਼ਿਮਲੇ ਦੱਸੀ ਸੀ ਕਿ ਭਗਤ ਸਿੰਘ ਨੇ ਜੇਲ੍ਹ ਵਿਚ ਉਨ੍ਹਾਂ ਨੂੰ ਦੱਸਿਆ ਸੀ ਸਾਂਡਰਸ ਨੂੰ ਗੋਲੀ ਉਸ ਦੇ ਇਕ ਸਾਥੀ ਨੇ ਮਾਰੀ ਸੀ ਤੇ ਚੰਨਣ ਸਿੰਘ ਨੂੰ ਉਸ ਨੇ" ਸੋ ਸਿਰਦਾਰ ਕਪੂਰ ਸਿੰਘ ਨੇ ਸ਼ਹੀਦ ਭਗਤ ਸਿੰਘ ਨੂੰ ਬਦਨਾਮ ਕਰਨ ਲਈ ਝੂਠ ਦੀ ਦੁਕਾਨ ਸਜਾ ਰੱਖੀ ਹੈ। ਭਲਾਂ ਭਾਈ ਰਣਧੀਰ ਸਿੰਘ ਜੀ ਇਹ ਗੱਲ ਆਪਣੀਆਂ ਜੇਲ੍ਹ ਚਿੱਠੀਆਂ ਕਿਤਾਬ ਵਿਚ ਲਿਖਣਾ ਕਿਵੇਂ ਭੁੱਲ ਗਏ? ਫੇਰ ਹੋਰ ਗੱਪ ਠੋਕਿਆ ਹੈ ਕਿ ਭਗਤ ਸਿੰਘ ਜੋ ਚਿੱਠੀ ਪੱਤਰ ਉਹ ਸਾਰੇ ਆਪਣੇ ਸਕੇ ਸਬੰਧੀਆਂ ਨੂੰ ਲਿਖਦਾ ਸੀ ਏਕ ਉਂਕਾਰ ਨਾਲ ਅਰੰਭ ਹੁੰਦੇ ਸਨ ਅਤੇ ਸਤਿ ਸ੍ਰੀ ਅਕਾਲ ਨਾਲ ਅੰਤ ਪੰਨਾ 67 ਇਸ ਝੂਠ ਨੂੰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਸਮੁੱਚੀਆਂ ਲਿਖਤਾਂ ਕਿਤਾਬ ਨੰਗਾ ਕਰਦੀ ਹੈ। ਇਸ ਤੋਂ ਪਹਿਲਾਂ ਸਤਰਾਂ ਲਿਖ ਧਰਦਾ ਹੈ ਕਿ "ਹੁਣ ਰਾਜਸੀ ਹਿੰਦੂਆਂ ਨੇ ਭਗਤ ਸਿੰਘ ਦੀ ਧਾਰਮਿਕ ਵਿਚਾਰਧਾਰਾ ਅਤੇ ਉਸ ਦੇ ਸ਼ਰੀਰਕ ਰੂਪ ਨੂੰ ਹੋਰ ਦਾ ਹੋਰ ਸਿੱਖੀ ਤੋਂ ਉਕਾ ਉਪਰਾਮ ਰੰਗ ਦੇ ਦਿੱਤਾ ਹੈ। (ਸਾਚੀ ਸਾਖੀ ਪੰਨਾ 67) ਅਸਲ ਵਿਚ ਸਿਰਦਾਰ ਕਪੂਰ ਸਿੰਘ ਭਗਤ ਸਿੰਘ ਬਾਰੇ ਫੋਬੀਏ ਦਾ ਸ਼ਿਕਾਰ ਹੋ ਚੁੱਕਾ ਸੀ।

### 7. ਸਿੱਖ ਲੀਡਰਾਂ ਦੀ ਬੇਹੁਰਮਤੀ:

ਸਿਰਦਾਰ ਕਪੂਰ ਸਿੰਘ ਸਿੱਖ ਲੀਡਰਸ਼ਿਪ ਨੂੰ ਵਿਕਾਊ ਮਾਲ, ਪੰਥਵੇਚੂ, ਮੂਰਖ। ਸਿੱਖ ਨੈਸ਼ਨਲਿਸਟ ਖੁਦਕੁਸ਼ੀ ਕਰਨ ਵਾਲੇ, ਚੌਧਰ ਦੇ ਭੁੱਖੇ ਤੇ ਮਾਇਆ ਹੜੱਪਣ ਵਾਲੇ ਪੇਸ਼ ਕਰਦੇ ਹੋਏ ਇਕ ਦੂਜੇ ਦੇ ਵਿਰੁੱਧ ਖੜਾ ਕਰ ਦਿੰਦਾ ਹੈ। ਇਸ ਦੇ ਨਮੂਨੇ ਇਉਂ ਪੇਸ਼ ਹਨ!

ਸਿਰਦਾਰ ਕਪੂਰ ਸਿੰਘ ਦੇ ਆਪਸੀ ਗੱਲਬਾਤ ਕੰਨੀਂ ਪੈਂਦੀ ਹੈ!! ਉਸ ਦਾ ਸਾਰਅੰਸ਼ ਫੁਟਨੋਟਾਂ ਵਿਚ ਪੇਸ਼ ਕੀਤਾ ਹੈ। ਲਿਖਦੇ ਹਨ "ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਅਤੇ ਹੋਰ ਨਿੱਕੇ ਮੋਟੇ ਅਕਾਲੀ ਲੀਡਰ ਕਿਵੇਂ ਸਦਾ ਤੋਂ ਵਿਕਾਊ ਮਾਲ ਤੇ ਪੰਥ ਵਿਕਰੇਤਾ, ਨਿਰਸੰਕੋਚ ਤੇ ਬੇਹਯਾਈ ਨਾਲ ਕੰਮ ਕਰਦੇ ਰਹੇ ਹਨ।" ਇਸ ਨਾਦਰਸ਼ਾਹੀ ਲੁੱਟ ਵਿਚੋਂ ਸਰਦਾਰ ਬਲਦੇਵ ਸਿੰਘ ਨੇ ਪੰਜ ਲੱਖ ਦਮੜਾ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਨੂੰ ਭੇਟ ਕੀਤਾ ਸੀ। ਹਰ ਆਦਮੀ ਦਾ ਮੁੱਲ ਹੈ। (ਸਾਚੀ ਸਾਖੀ ਪੰਨੇ 116,117) ਇਸ ਦਾ ਹਵਾਲਾ ਕੌਮੀ ਏਕਤਾ ਸਪਤਾਹਿਕ ਪਰਚਾ 21 ਜੂਨ 1976 ਵਿਚੋਂ ਦਿੱਤਾ ਹੈ ਐਡੀਟਰ ਜਥੇਦਾਰ ਰਾਜਿੰਦਰ ਸਿੰਘ। ਜਦੋਂ ਕਿ ਗਿਆਨੀ ਕਰਤਾਰ ਸਿੰਘ ਤੇ ਮਾਸਟਰ ਤਾਰਾ ਸਿੰਘ ਧੜਿਆਂ ਦੀ ਜੱਗ ਜ਼ਾਹਿਰ ਹਮੇਸ਼ਾ ਲਾਗਡਾਟ ਰਹੀ। ਇਕ ਦੂਜੇ ਵਿਰੁੱਧ ਝੂਠੀ ਇਲਜ਼ਾਮਬਾਜ਼ੀ ਕਰਦੇ ਆਏ ਸਨ। ਸਿਰਦਾਰ ਕਪੂਰ ਸਿੰਘ ਨੇ ਬਗੈਰ ਕਿਸੇ ਛਾਣਬੀਣ ਤੋਂ ਸਿੱਖ ਲੀਡਰਾਂ ਨੂੰ ਲਪੇਟ ਦਿੱਤਾ ਹੈ। ਸਿਰਦਾਰ ਕਪੂਰ ਸਿੰਘ ਲਿਖਦੇ ਹਨ "ਸੰਨ 1966 ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ" ਸਿੱਖ ਹੋਮ ਲੈਂਡ ਦੀ ਮੰਗ ਦਾ ਮਤਾ ਪਾਸ ਕੀਤਾ ਉਦੋਂ ਵੀ ਮਾਸਟਰ ਤਾਰਾ ਸਿੰਘ ਨੇ ਇਥੇ ਬੁੱਧੀਹੀਣ, ਵਿਵੇਕਹੀਣ ਰਾਜਹੱਠ ਦੀ ਪ੍ਰਦਰਸ਼ਨੀ ਕੀਤੀ। (ਸਾਚੀ ਸਾਖੀ ਪੰਨਾ 127 ਫੁਟ ਨੋਟ ਵਿਚੋਂ ਇਹ ਹਵਾਲਾ ਡਾਕਟਰ ਕਿਰਪਾਲ ਵਲੋਂ ਦਿਤਾ ਗਿਆ ਹੈ।) ਕਪੂਰ ਸਿੰਘ ਉਲਟਾ ਪੁਲਟਾ ਕਰਨ ਦੀ ਕਲਾਬਾਜ਼ੀ ਲਗਾ ਕੇ ਖੁੰਭ ਠੱਪਣ ਦਾ ਮੌਕਾ ਹੱਥੋਂ ਨਹੀਂ ਗਵਾਂਉਦੇ। ਜਦੋਂ ਕਿ ਜਸਵੰਤ ਸਿੰਘ ਆਪਣੀ ਕਿਤਾਬ ਮਾਸਟਰ ਤਾਰਾ ਸਿੰਘ ਜੀਵਨ ਸੰਘਰਸ਼ ਤੇ ਉਦੇਸ਼ ਦੇ ਭਾਗ ਦੋ ਵਿਚ ਦਸਦੇ ਹਨ ਕਿ ਸਿੱਖ ਹੋਮ ਲੈਂਡ ਬਾਰੇ ਮਸਲਾ ਮਾਸਟਰ ਤਾਰਾ ਸਿੰਘ ਜੀ ਨੇ ਖੜਾ ਕੀਤਾ ਸੀ। ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਫਤਿਹ ਸਿੰਘ ਨਾਲ ਪੰਜਾਬ ਸੂਬਾ ਲੈਣ ਲਈ ਸਹਿਮਤ ਹੋ ਗਏ ਸੀ। ਇਸ ਦੀ ਪੁਸ਼ਟੀ ਮਾਸਟਰ ਤਾਰਾ ਸਿੰਘ ਦੇ ਸਕੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਆਪਣੀ ਕਿਤਾਬ "ਜੀਵਨ ਯਾਤਰਾ ਮਾਸਟਰ ਤਾਰਾ ਸਿੰਘ" ਵਿਚ ਕਰਦੇ ਹਨ। ਇੰਨੇ ਦੋਸ਼ ਥੱਪਣ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੂੰ ਮਿਲਣ ਦੀਆਂ ਘਾੜਤਾਂ ਘੜ ਲਈਆਂ ਹਨ!!!

### 8. ਮਾਸਟਰ ਤਾਰਾ ਸਿੰਘ ਨੂੰ ਮਿਲਣ ਬਾਰੇ ਕਥਾ:

ਇਕ ਪਾਸੇ ਲਿਖਦੇ ਹਨ "ਸੰਨ 1948 ਵਿਚ ਮਾਸਟਰ ਤਾਰਾ ਸਿੰਘ ਨੂੰ ਮੈਂ ਆਪਣੀ ਕੋਠੀ ਬੁਲਾ ਕੇ ਜੋ ਚਾਹ ਪਿਆਈ ਸੀ ਉਸ ਦਾ ਉਗਰ ਦੰਡ ਮੈਨੂੰ ਦਿੱਤਾ।" (ਸਾਚੀ ਸਾਖੀ ਪੰਨਾ 163) ਦੂਜੇ ਪਾਸੇ ਸਿਰਦਾਰ ਕਪੂਰ ਸਿੰਘ ਕਿਤਾਬ ਦੀ ਭੂਮਿਕਾ ਵਿਚ ਮਾਸਟਰ ਤਾਰਾ ਸਿੰਘ ਨੂੰ ਅੰਮ੍ਰਿਤਸਰ ਮਿਲ ਕੇ ਉਨ੍ਹਾਂ ਦਾ ਇਲਾਜ ਕਰਵਾਉਣ ਲਈ ਨਵੰਬਰ 1947 ਵਿਚ ਧਰਮਸ਼ਾਲਾ ਲਿਜਾ ਕੇ ਆਵਦੇ ਕੋਲ ਠਹਿਰਨ ਦੀ ਸਾਖੀ ਪੇਸ਼ ਕਰਦੇ ਹਨ। ਲਿਖਦੇ ਨੇ "ਮੈਂ ਮੁੜਦੀ ਵਾਰੀ ਮਾਸਟਰ ਜੀ ਨੂੰ ਆਪਣੀ ਕਾਰ ਵਿਚ ਧਰਮਸ਼ਾਲਾ ਲੈ ਆਇਆ। ਜਿਥੇ ਉਹ ਮਹੀਨਾਂ ਕੁ ਮੇਰੇ ਕੋਲ ਟਿੱਕੇ ਰਹੇ ਅਤੇ ਤਕੜੇ ਹੋਣ ਉਤੇ ਹੀ


*(ਬਾਕੀ ਸਫਾ 20 'ਤੇ)*

# ਜੋਗੀਆ ਕੁੜਤੇ ਦੀਆਂ ਚਾਬੀਆਂ

***'ਜੋਗੀਆ ਕੁੜਤੇ ਦੀਆਂ ਚਾਬੀਆਂ' ਸ਼ਬਦ ਚਿੱਤਰ ਵਿਚ ਉਘੇ ਲਿਖਾਰੀ ਜਸਵੰਤ ਦੀਦ ਨੇ ਸਿਰਫ ਸੰਤ ਸਤਨਾਮ ਸਿੰਘ ਅਤੇ ਸੰਗੀਤ ਦੀਆਂ ਗੱਲਾਂ ਹੀ ਨਹੀਂ ਕੀਤੀਆਂ ਸਗੋਂ ਧੜਕਦੀ ਜ਼ਿੰਦਗੀ ਦਾ ਬੂਹਾ ਖੋਲ੍ਹਣ ਦਾ ਯਤਨ ਕੀਤਾ ਹੈ। ਇਸੇ ਕਰ ਕੇ ਇਨ੍ਹਾਂ ਨਾਲ ਜੁੜੀ ਹਰ ਕਥਾ ਅਤੇ ਕਹਾਣੀ ਇਸ ਅੰਦਰਲੀ ਲੈਅ ਦੀ ਗਵਾਹ ਹੋ ਨਿੱਬੜਦੀ ਹੈ। ਇਹ ਗੱਲਾਂ ਅਸਲ ਵਿਚ ਜ਼ਿੰਦਗੀ ਦਾ ਸਿਰਨਾਵਾਂ ਹਨ।***

ਖਿੜਕੀ 'ਚੋਂ ਦਿਸਦਾ ਪਿੱਪਲ ਦਾ ਘਣਾ ਫੈਲਿਆ ਦੇਹਦਾਰ ਦਰਖ਼ਤ। ਮੀਂਹ 'ਚ ਭਿੱਜਿਆ ਪਿੱਪਲ, ਆਪ ਹੁਲਾਰੇ ਲੈਣ ਲਗ ਪੈਂਦਾ, ਮੈਨੂੰ ਹਰਾ ਭਰਾ ਕਰ ਦਿੰਦਾ। ਦਫਤਰ ਦੇ ਕਮਰੇ 'ਚ, ਕੱਲਾ ਬੈਠਾ ਮੈਂ, ਪਿੱਪਲ ਨਾਲ ਗੱਲਾਂ ਕਰਦਾ। ਘਰ-ਬਾਹਰ, ਸਭ ਭੁੱਲ ਜਾਂਦਾ।

ਇਸ ਵਾਰ, ਨਾ ਮੀਂਹ ਪਿਆ, ਨਾ ਪਿੱਪਲ ਹਰਾ ਹੋਇਆ, ਨਾ ਮੈਂ। ਖੁਸ਼ਕ ਪਿੱਪਲ ਦੇ ਪੱਤਿਆਂ ਨੂੰ ਦੇਖ ਮੇਰਾ ਦਮ ਘੁੱਟੇ। ਜੀ ਕਰੇ ਸਾਰੇ ਪਿੱਪਲ 'ਤੇ ਆਪਣੇ ਹੱਥੀਂ ਵੱਡੇ ਫੁਹਾਰੇ ਦਾ ਪਾਣੀ ਤ੍ਰੌਂਕ ਦਿਆਂ। ਫਸਟ ਫਲੋਰ ਦੇ ਪਿੱਪਲ-ਖਿੜਕੀ ਵਾਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ। ਇਕ ਭਗਵੇਂ ਕੱਪੜਿਆਂ ਵਾਲਾ ਬੰਦਾ ਆਣ ਦਾਖਲ ਹੋਇਆ। ਤਿਲ-ਚੌਲੀ ਕਰੜ-ਬਰੜੀ ਦਾਹੜੀ, ਸਿਰ 'ਤੇ ਜੋਗੀਆ ਮੜ੍ਹਾਸਾ, ਗਲ਼ ਜੋਗੀਆ ਕੁੜਤਾ, ਤੇੜ ਉਸੇ ਰੰਗ ਦਾ ਚਾਦਰਾ ਤੇ ਪੈਰੀਂ ਐਡੀਡਾਸ ਦੇ ਸਪੋਰਟਸ ਬੂਟ। ਨਜ਼ਰ ਦੀਆਂ ਐਨਕਾਂ ਤੇ ਵਿਚ ਬਰੀਕ ਬਰੀਕ ਅੱਖਾਂ। ਪਿੱਛੇ ਇਕ ਵਾਕਫਕਾਰ ਪੰਜਾਬੀ ਲੇਖਕ। ਪੰਜਾਬੀ ਲੇਖਕ ਨੇ ਬੰਦੇ ਦਾ ਤੁਆਰਫ ਕਰਾਇਆ- ''ਸੰਤ ਸਤਨਾਮ ਸਿੰਘ।'' ਨਮਸਕਾਰ



**ਜਸਵੰਤ ਦੀਦ**
**ਫੋਨ: +91-89680-41424**

ਕਰ ਕੇ ਉਹ ਮੇਰੇ ਸਾਹਮਣੇ ਕੁਰਸੀ 'ਤੇ ਬੈਠ ਗਏ। ਇੱਕ ਵਾਰ ਮੇਰੀ ਮੱਥੇ ਦੀ ਤਿਊੜੀ ਕੱਸੀ ਗਈ। ਕੋਈ ਪੁਲਿਸ ਵਾਲਾ ਜਾਂ ਇਹੋ ਜਿਹਾ ਅਟਪਟਾ ਬੰਦਾ ਜਦ ਕਦੀ ਵੀ ਮੇਰੇ ਕਮਰੇ 'ਚ ਆਉਂਦਾ ਤਾਂ ਮੇਰੀ ਤਿਊੜੀ ਮੇਰੇ ਮੱਥੇ 'ਚੋਂ ਬਾਹਰ ਆ ਜਾਂਦੀ। ਇਨ੍ਹਾਂ ਦਾ ਕਲਾ ਨਾਲ ਕੀ ਤੁਅੱਲਕ ਭਲਾ?

ਭਗਵੇਂ ਕੱਪੜਿਆਂ ਵਾਲਾ ਕਹਿੰਦਾ-ਦਰਸ਼ਨ ਅਭਿਲਾਸ਼ੀ ਹਾਂ। ਤੁਹਾਨੂੰ ਸਿਰਫ ਨਮਸਕਾਰ ਕਰਨ ਆਇਆ ਹਾਂ, ਕਰ ਕੇ ਮੁੜ ਜਾਣਾ।'' ਮੈਂ ਕਿਹਾ-ਬੈਠੋ। ਸੇਵਾ ਦੱਸੋ?''

ਉਸਨੇ ਦੋ-ਚਾਰ ਗੱਲਾਂ ਕੀਤੀਆਂ ਪਰ ਮੈਂ ਬਾਹਰ ਸੁੱਕੇ ਪਿੱਪਲ ਦੇ ਅੜੌਲ ਪੱਤਿਆਂ ਵੱਲ ਝਾਕਦਾ ਰਿਹਾ। ਤੇ ਭਗਵੇਂ ਕੱਪੜਿਆਂ ਵਾਲੇ ਨੇ ਬਿਨ ਕਹੇ ਇਕ ਸੁਰ ਛੇੜਿਆ

'ਕਬੀਰ ਮਨੁ ਪੰਖੀ ਭਇਓ, ਉਡ ਉਡ ਦਹਿ ਦਿਸ ਜਾਇ॥'

ਮੈਂ ਆਪਣਾ ਟੇਢਾ ਹੋਇਆ ਚਿਹਰਾ ਇਸ ਜੋਗੀ-ਨੁਮਾ ਬੰਦੇ ਵੱਲ ਘੁਮਾਇਆ। ਨਿੱਕੀ ਜਿਹੀ ਮੁਸਕਾਨ ਨਾਲ ਜੋਗੀ ਨੇ ਆਪਣੀ ਡੂੰਘੀ ਆਵਾਜ਼ 'ਚ ਕਬੀਰ ਦੀ ਇਹ ਸਤਰ ਕਈ ਮੋੜ ਦੇ ਦੇ ਗਾਈ, ਸੁਰਾਂ ਦੇ ਸੈਆਂ ਰਸਤਿਆਂ ਨੂੰ ਪਾਰ ਕਰਦੀ ਇਹ ਸਤਰ ਓਨਾ ਚਿਰ ਕਮਰੇ ਅੰਦਰ ਘੁੰਮਦੀ ਰਹੀ ਜਿੰਨੀ ਦੇਰ ਮੇਰਾ ਦਹਿ ਦਿਸਾਵੀਂ ਉਡਦਾ ਮਨ ਰਾਗ ਦੀ ਮਹੀਨ ਟਾਹਣੀ 'ਤੇ ਨਾ ਆਣ ਬੈਠਾ।

ਤੇ ਫੇਰ ਮੇਰੇ ਅਤੇ ਪਿੱਪਲ ਦੇ ਖੁਸ਼ਕ ਚਿਹਰੇ ਵੱਲ ਦੇਖ ਇਸੇ ਭਗਵੇਂ ਬੰਦੇ ਨੇ ਸੁਰ ਲਾਇਆ-

ਵਰਸਹੁ, ਵਰਸਹੁ...ਵਰਸਹੁ ਕਿਰਪਾ ਧਾਰਿ...

ਤੇ ਬਾਹਰ ਧੁੱਪ ਮੱਠੀ ਪੈ ਗਈ, ਮੱਠੀ ਪੈਂਦੀ ਧੁੱਪ, ਛਾਂ ਵਿਚ ਤਬਦੀਲ ਹੋ ਗਈ। ਦੇਖਦਿਆਂ ਹੀ ਦੇਖਦਿਆਂ, ਛਾਂ ਕਿਣਮਿਣ 'ਚ ਬਦਲ ਗਈ। ਰਾਗ, ਬੱਦਲਾਂ ਦਾ ਰਾਗ ਅਸਮਾਨ ਛੂਹਣ ਲੱਗਾ। ਰਾਗ, ਬੱਦਲਾਂ 'ਚ ਕਣੀਆਂ ਭਰ ਲਿਆਇਆ। ਤੇ ਛਮਾ ਛਮ...! ਸੁੱਕਾ ਪਿੱਪਲ ਹਰਾ ਭਰਾ ਹੋ ਉੱਠਿਆ ਤੇ ਜੋਗੀ ਦਾ ਆਖਰੀ ਸੁਰ, ਪੈਂਦੇ ਮੀਂਹ 'ਚ ਘੁਲ ਗਿਆ। ਕਲਾਸੀਕਲ ਬੰਦਿਸ਼:

ਬਾਦਰ ਗਰਜੇ ਮੇਹਾ ਬਰਸੇ, ਪੀਆ ਬਿਨ ਕਛੂ ਨਾ ਸੁਹਾਏ...

ਸੁਰ ਇਵੇਂ, ਜਿਵੇਂ ਕੋਈ ਕਰੋੜਾਂ ਮੀਲ ਡੂੰਘੇ ਤਹਿਖਾਨੇ 'ਚੋਂ ਤੁਹਾਨੂੰ ਬੁਲਾ ਰਿਹਾ ਹੋਵੇ! ਤਹਿਖਾਨੇ ਵਾਲਾ ਜੋਗੀ ਹੱਸ ਪਿਆ। ਤੇ ਆਪਣੇ ਜੋਗੀਆ ਕੁੜਤੇ ਦੇ ਲੰਮੇ ਡੂੰਘੇ ਖੀਸੇ 'ਚ ਹੱਥ ਪਾਈ ਬਾਹਰ ਚਲਾ ਗਿਆ। ਪਿੱਛੇ ਉਹਦੇ ਪੰਜਾਬੀ ਲੇਖਕ। ਤੇ ਬਾਹਰ ਛਮਾ ਛਮ ਮੀਂਹ 'ਚ ਨੱਚਦਾ ਪਿੱਪਲ।

ਕੌਣ ਸੀ ਇਹ? ਚਲਾ ਵੀ ਗਿਆ? ਸੁੱਕਾ ਪਿੱਪਲ ਹਰਾ ਕਰ ਕੇ।

ਮੈਂ ਇਸ ਬੰਦੇ ਨੂੰ ਲੱਭਣ ਲੱਗਾ। ਲੇਖਕ ਨੂੰ ਫੋਨ ਕੀਤਾ, ਕਹਿੰਦਾ- ''ਸੰਤਾਂ ਦੀ ਕੁਟੀਆ ਚੱਲਾਂਗੇ।'' 'ਸੰਤ' ਤੇ 'ਕੁਟੀਆ' ਦੋਵੇਂ ਲਫ਼ਜ਼ ਮੈਨੂੰ ਬੁਰੇ ਲੱਗੇ। ਮੈਂ ਕਿਹਾ 'ਛੱਡੋ ਪਰ੍ਹੇ'।

ਪਰ ਇਕ ਦਿਨ ਮੇਰੀ ਮਨੋਸਥਿਤੀ ਤੇ ਮੇਰੀ ਕਾਰ ਮੈਨੂੰ ਕੱਲਮ ਕੱਲੇ ਨੂੰ ਕੁਟੀਆ ਵੱਲ ਲੈ ਨਿਕਲੀ।


ਜਲੰਧਰੋਂ ਬਾਹਰਵਾਰ ਪਠਾਨਕੋਟ ਰੋਡ 'ਤੇ ਡੇਰਾ ਬੱਲਾਂ ਪਾਰ ਕਰ ਕੇ ਪਿੰਡ ਕਿਸ਼ਨਗੜ੍ਹ। ਕੱਚੇ ਪੈਂਡੇ ਥਾਣੀਂ ਲੰਘਦੀ ਮੇਰੀ ਕਾਰ ਰੁਕੀ, ਦੋ ਵੱਡੇ ਫਟਕਿਆਂ ਵਾਲੇ ਲੋਹੇ ਦੇ ਗੇਟ ਅੱਗੇ। ਅੰਦਰੋਂ ਹਾਰਮੋਨੀਅਮ ਦੇ ਸੁਰਾਂ ਨਾਲ ਖੇਲ੍ਹਦੀ ਉਹੀ ਸੁਰੀਲੀ ਦਿਲ-ਖਿੱਚਵੀਂ ਆਵਾਜ਼ ਲੋਹੇ ਦੇ ਗੇਟ ਪਾਰ ਕਰਦੀ ਮੇਰੇ ਤੱਕ ਪੁੱਜੀ। ਸ਼ਾਇਦ ਅੰਦਰ ਜੋਗੀ ਸੰਗੀਤਕਾਰ ਰਿਆਜ਼ ਕਰ ਰਿਹਾ ਸੀ। ਮੈਂ ਕੁਟੀਆ ਦੇ ਬਾਹਰ ਚਾਰੇ ਪਾਸੇ ਨਜ਼ਰ ਦੌੜਾਈ। ਵੰਨ-ਸੁਵੰਨੇ ਰੁੱਖਾਂ ਨਾਲ ਘਿਰੀ ਹੋਈ ਕੁਟੀਆ। ਕੁਟੀਆ ਦੇ ਬਾਹਰ ਖੱਬੇ ਪਾਸੇ ਇਕ ਸੂਆ ਵਗਦਾ। ਦੂਰ ਪਰੇ ਇਕ ਪੁਲੀ, ਇਕ ਪਿੰਡ ਨੂੰ ਦੂਜੇ ਪਿੰਡ ਨਾਲ ਜੋੜਦੀ। ਚਾਰੇ ਪਾਸੇ ਖੁੱਲ੍ਹੇ ਖੇਤ। ਝੋਨੇ ਦੀ ਪਨੀਰੀ। ਆਡਾਂ 'ਚ ਪਾਣੀ ਖੜ੍ਹਾ। ਪਰੇ ਲਹਿਰਦਾ ਕਮਾਦ ਦਾ ਭਰਮਾਂ ਖੱਤਾ। ਕੁਟੀਆ ਦੀ ਵੱਖੀ ਨਾਲ ਇਕ ਬਗੀਚੀ। ਵਿਚ ਲੱਗੀਆਂ ਘਰ ਦੀਆਂ ਸਬਜ਼ੀਆਂ। ਹਰੇ ਬੂਟੇ। ਠੰਡੀ ਹਵਾ ਦਾ ਇਕ ਬੁੱਲ੍ਹਾ ਆਇਆ ਤੇ ਹਾਰਮੋਨੀਅਮ ਦੇ ਸੁਰਾਂ ਨਾਲ ਮੈਨੂੰ ਅੰਦਰ ਲੈ ਗਿਆ। ਸੰਗੀਤਕਾਰ ਦੁਆਲੇ ਦਸ ਕੁ ਚੇਲੇ ਬਾਲਕੇ ਸ਼ਰਧਾਲੂ ਭੁੰਜੇ ਬੈਠੇ। ਸੰਗੀਤਕਾਰ ਮੇਜ਼ ਕੁਰਸੀ 'ਤੇ। ਹਾਰਮੋਨੀਅਮ ਖੁੱਲ੍ਹਾ ਛੱਡ ਕੇ, ਮੈਨੂੰ ਉੱਠ ਕੇ ਮਿਲਿਆ। ਤਪਾਕ ਨਾਲ ਮੈਨੂੰ ਕੋਲ ਬਿਠਾਇਆ। ਮੈਂ ਸਤਿਕਾਰ ਵਜੋਂ ਚੇਲਿਆਂ ਤੋਂ ਰਤਾ ਕੁ ਹਟਵਾਂ ਭੁੰਜੇ ਬੈਠ ਗਿਆ। ਦੋ ਹੋਰ ਸ਼ਰਧਾਲੂ ਆਏ। ਸੰਤ ਦੇ ਪੈਰੀਂ ਹੱਥ ਲਾਏ, ਕੰਬਲ ਭੇਟ ਕੀਤਾ, ਇਕ ਪਗੜੀ, ਇਕ ਅਣਸੀਤਾ ਕੱਪੜਾ। ਮੈਨੂੰ ਆਪਣੇ ਆਪ ਤੋਂ ਕੋਫਤ ਹੋਈ। ਸੰਤ 'ਤੇ ਖਿਝ ਚੜ੍ਹ ਗਈ। ਪਖੰਡ। ਬਕਵਾਸ। ਦਿਲ ਕੀਤਾ ਪੁੱਠੇ ਪੈਰੀਂ ਭੱਜ ਜਾਵਾਂ। ਮੈਂ ਇਸ ਬੰਦੇ ਵੱਲ ਬਰੀਕ ਝਾਕਿਆ। ਸੰਤ-ਬੰਦੇ ਨੇ, ਸਿਰ 'ਤੇ ਜੋਗੀਏ ਦੀ ਥਾਂ ਸਫੇਦ ਮੜ੍ਹਾਸਾ ਮਾਰਿਆ ਹੋਇਆ ਸੀ। ਗਲ਼, ਬਗੈਰ ਬਾਹਾਂ ਦੇ ਚਿੱਟੀ ਵਾਸਕਟ (ਅਲਫ਼ੀ)। ਤੇੜ, ਧੋਤੀ-ਨੁਮਾ ਚਾਦਰਾ। ਮੈਨੂੰ ਮੇਰੇ ਪਿੰਡ ਦਾ ਪੂਰੂ ਮਰਾਸੀ, ਚੌਕ ਵਿਚ ਜੁੱਤੀਆਂ ਗੰਢਣ ਵਾਲਾ ਪ੍ਰੇਮਾ ਚਮਾਰ, ਸੇਪੀ ਦੇ ਕੱਪੜੇ ਸਿਊਣ ਵਾਲਾ ਧਰਮਾ ਦਰਜੀ, ਖੱਡੀ 'ਤੇ ਮਗਨ ਬੈਠਾ ਚੰਦੀ ਜੁਲਾਹਾ, ਪਗੜੀ ਬੰਨ੍ਹ ਕੇ ਹਜਾਮਤਾਂ ਕਰਨ ਵਾਲਾ ਲੁਭਾਇਆ ਨਾਈ, ਮੰਜੀਆਂ ਠੋਕਣ ਵਾਲਾ ਤਾਇਆ ਗਿਆਨ ਸਿੰਘ ਮਿਸਤਰੀ, ਵਿਆਹਾਂ 'ਚ ਭਾਂਡੇ ਮਾਂਜਣ ਵਾਲਾ ਕਰਮਾ ਝੀਰ ਤੇ ਗੰਨੇ ਪੀੜਦਾ ਸਰਬਣ ਜੱਟ ਯਾਦ ਆਏ! ਕੌਣ ਹੈ ਇਹ ਬੰਦਾ? ਬੰਦਾ ਸਭ ਕੁਝ ਛੱਡ ਛਡਾ ਕੇ ਮੈਨੂੰ ਕੋਠੇ ਲੈ ਗਿਆ। ਆਪਣੇ ਰਿਆਜ਼ ਵਾਲੇ ਕਮਰੇ ਵਿਚ। ਤਾਨਪੂਰਾ ਚੱਕਿਆ। ਸੁਰ ਕੀਤਾ। ਤੇ ਫੇਰ ਨਾਨਕ, ਕਬੀਰ, ਰਵਿਦਾਸ, ਨ੍ਹਾਮਾ, ਬੁੱਲ੍ਹਾ, ਸ਼ਾਹ ਹੁਸੈਨ...ਸੰਗੀਤ ਦੀਆਂ ਸੁਰਾਂ ਨਾਲ ਮੇਰੇ ਪਰਖੱਚੇ ਉਡਾ ਦਿੱਤੇ। ਨਵਾਂ ਜਨਮ ਜਿਵੇਂ। ਇਹ ਉਪਰ ਸੋਚਿਆਂ ਵਿਚੋਂ ਕੁਝ ਵੀ ਨਹੀਂ ਸੀ। ਇਹ ਤਾਂ ਨੂਰੀ ਅੱਖ ਵਾਲਾ ਫਕੀਰ ਕੋਈ, ਜੋਗੀ ਵਿਚਰਿਆ ਆਪਣੀ ਰੂਹ ਨਾਲੋਂ! ਮਿਲ ਗਿਆ ਮੈਨੂੰ, ਪਿੱਪਲ ਦੀ ਜੜ ਕੋਲ। ਪਿੱਪਲ ਦੀ ਸਿਖਰ ਤੋਂ ਵਰ੍ਹਦਾ ਮੀਂਹ! ਏਹੋ ਜਿਹੇ ਬੰਦੇ ਮੈਨੂੰ ਪਿਛਲੇ ਜਨਮਾਂ ਦੇ ਸੰਗੀ ਕਿਉਂ ਲੱਗਣ ਲੱਗ ਪੈਂਦੇ? ਬਹੁਤ ਜਨਮੁ ਕੇ ਬਿਛੜੇ ਮਾਧੋ!

ਦਿਲ ਨੇ ਕਿਹਾ-ਕਰੋ ਦੋਸਤੀ ਇਸ ਜੋਗੀ ਨਾਲ। ਦਿਮਾਗ ਨੇ ਕਿਹਾ - ਸਾਧ ਨਾਲ ਕਾਹਦੀ ਦੋਸਤੀ? ਡੇਰਿਆਂ ਨਾਲ ਕੀ ਵਾਸਤਾ? ਫਕੀਰਾਂ ਨਾਲ ਕਾਹਦੇ ਯਰਾਨੇ? ਜੋਗੀਆਂ ਨਾਲ ਕਾਹਦੀਆਂ ਜੋਟੀਆਂ? ਪਰ ਇਹ ਬੰਦਾ ਕੁਝ ਹੋਰ ਨਿਕਲਿਆ, ਨਾ ਡੇਰਾ-ਵਾਦ ਨਾ ਸਾਧ-ਗਿਰੀ। ਸੰਗੀਤ ਨੇ ਸੰਜੋਗ ਜੋੜ ਦਿੱਤਾ। ਕਦੀ ਇਹ ਬੰਦਾ ਮੇਰੇ ਘਰ, ਕਦੀ ਮੈਂ ਇਹਦੀ ਕੁਟੀਆ। ਕੁਟੀਆ ਮੈਨੂੰ ਚੰਗੀ ਲੱਗਣ ਲੱਗ ਪਈ। 'ਸੰਤ' ਕਹਿਣ ਨੂੰ ਮੇਰਾ ਦਿਲ ਨਾ ਕਰੇ। ਸਤਨਾਮ ਕਹਿਣਾ ਵਾਜਬ ਨਹੀਂ ਸੀ। ਸੋ ਮੈਂ 'ਤੁਸੀਂ' ਨਾਲ ਕੰਮ ਚਲਾਉਂਦਾ ਰਿਹਾ। ਅਸੀਂ ਹੱਥ ਮਿਲਾਉਂਦੇ, ਉੱਚਾ ਹੱਸਦੇ, 'ਹਰ ਕਿਸਮ' ਦੀਆਂ ਗੱਲਾਂ ਕਰਦੇ। ਕਦੇ ਵੈਰਾਗ 'ਚ ਚਲੇ ਜਾਂਦੇ ਕਦੇ ਅਨੁਰਾਗ 'ਚ। ਅੰਤ ਰਾਗ ਹੁੰਦਾ। ਕਦੀ ਮੈਂ ਵਜਦ ਦੇ ਲਾਡ 'ਚ ਆ ਕੇ ਕਹਿਣਾ ''ਸੰਤੋ! ਕਾਇਆ ਕਲਪ!'' ''ਸੰਤੋ! ਅੱਜ ਸੈਰ!'' ''ਸੰਤੋ ਅੱਜ ਚਾਹ ਪਕੌੜੇ'' ''ਸੰਤੋ ਅੱਜ ਕਬੀਰ''; ਹੌਲੀ ਹੌਲੀ 'ਸੰਤੋ' ਲਫ਼ਜ਼ ਮੈਨੂੰ ਚੰਗਾ ਲੱਗਣ ਲੱਗ ਪਿਆ। ਮੈਂ ਇਕ ਵਾਰ 'ਸੰਤੋ' ਕਹਿ ਕੇ ਹੱਸ ਪਿਆ, ਸੰਤ ਕਹਿੰਦੇ ਕੀ ਗੱਲ ਹੱਸੇ ਕਿਉਂ? ਮੈਂ ਦੱਸਿਆ- ਬਚਪਨ 'ਚ ਮੇਰਾ ਛੋਟਾ ਲੜਾਕਾ ਭਰਾ ਜਦ ਮੇਰੇ ਨਾਲ ਲੜ ਪੈਂਦਾ ਤਾਂ ਮੈਨੂੰ ਗੁੱਸੇ ਨਾਲ ਕਹਿੰਦਾ 'ਸੰਤੋ, ਘਤੰਤੋ, ਜਸਵੰਤੋ!' ਸੋ ਇਕ ਤਰੀਕੇ ਨਾਲ ਮੈਂ ਵੀ 'ਸੰਤੋ' ਈ ਆਂ।' ਸੰਤ ਹੱਸੇ ਤੇ ਇਸੇ ਗੱਲ 'ਤੇ ਚੇਲੇ ਨੂੰ ਚਾਹ ਪਕੌੜੇ ਬਣਾਉਣ ਲਈ ਕਿਹਾ। ਦੋਸਤੀ ਸੰਗੀਤ ਤੋਂ ਚਾਹ ਪਕੌੜਿਆਂ ਤਕ ਪਹੁੰਚ ਗਈ। ਰਿਸ਼ਤਾ ਗੂਹੜੇ ਜੋਗੀਆ ਰੰਗ 'ਚ ਰੰਗਿਆ ਗਿਆ।

ਪਹਿਲਾਂ ਕਿਸੇ ਦੋਸਤ ਨੇ ਜਲੰਧਰ ਆਉਣਾ ਤਾਂ ਮੇਰੇ ਕੋਲ ਜਲੰਧਰ ਇਕੋ ਬੰਦਾ ਹੁੰਦਾ ਸੀ ਦਿਖਾਉਣ ਲਈ-'ਕਹਾਣੀਕਾਰ ਪ੍ਰੇਮ ਪ੍ਰਕਾਸ਼'। ਹੁਣ ਦੋ ਹੋ ਗਏ ਕਹਾਣੀਕਾਰ ਪ੍ਰੇਮ ਪ੍ਰਕਾਸ਼ ਤੇ ਸੰਗੀਤਕਾਰ ਸੰਤ ਸਤਨਾਮ ਸਿੰਘ।

ਬਸੰਤ ਰੁੱਤੇ ਇਹ ਸੰਗੀਤਕਾਰ ਆਪਣੀ ਕੁਟੀਆ 'ਚ ਸੰਗੀਤ-ਸਮਾਗਮ ਰੱਖਦਾ। ਮੈਂ ਸਮਾਗਮਾਂ- ਸਮਾਰੋਹਾਂ- ਪ੍ਰਧਾਨਗੀਆਂ ਤੋਂ ਭੱਜਣ ਵਾਲਾ ਬੰਦਾ। ਸੰਗੀਤਕਾਰ ਕਹਿੰਦਾ ਆਉਣਾ ਜ਼ਰੂਰ। ਅਣਮੰਨੇ ਮਨ ਨਾਲ ਗਿਆ। ਚਲਦੇ ਸੰਗੀਤ ਸਮਾਰੋਹ 'ਚ ਚੁੱਪ-ਚਾਪ ਪਿਛਲੀ ਪੰਕਤੀ 'ਚ ਜਾ ਬੈਠਾ। ਦੇਸੀ ਜਿਹੇ ਸ਼ਾਮਿਆਨੇ ਹੇਠ ਸੌ ਕੁ ਸ਼ਰਧਾਲੂ, ਚੇਲੇ ਬਾਲਕੇ, ਸੰਗੀਤ-ਪ੍ਰੇਮੀ, ਲੇਖਕ, ਪੱਤਰਕਾਰ ਅਤੇ ਰੰਗ ਬਰੰਗੇ ਸ੍ਰੋਤੇ, ਸੰਗੀਤ-ਮਗਨ ਬੈਠੇ। ਕਿਸੇ ਨੇ ਸਿਰ ਢਕਿਆ, ਕਿਸੇ ਨੇ ਨਹੀਂ। ਤਬਲਾ-ਵਾਦਕ ਅਕਰਮ ਖਾਂ ਤਿਗੜ ਤਾ, ਤਿਗੜ ਤਾ, ਤਬਲੇ ਦੀ ਟੁਣਕਾਰ ਨਾਲ ਕੁਟੀਆ ਗੂੰਜਣ ਲਾਈ ਬੈਠਾ। ਆਖਰੀ ਠੇਕਾ ਲਾਇਆ ਤੇ ਕੁਟੀਆ ਤਾੜੀਆਂ ਨਾਲ ਤੁੰਨੀ ਗਈ। ਗੂੰਜਦੀਆਂ ਤਾੜੀਆਂ 'ਚ ਮੈਨੂੰ ਕਿਸੇ ਨੇ ਅੱਗੇ ਆ ਕੇ ਬਹਿਣ ਦਾ ਇਸ਼ਾਰਾ ਕੀਤਾ। ਮੈਂ ਦੂਰੋਂ ਹੱਥ ਜੋੜ ਦਿੱਤੇ। ਸਮਾਗਮ ਖਤਮ ਹੋਣ ਵਾਲਾ ਸੀ ਤੇ ਸੰਤ ਸਤਨਾਮ ਸਿੰਘ ਨੇ ਆਖਰ ਵਿਚ ਸ਼ਬਦ ਗਾਇਨ ਲਈ ਆਪਣਾ ਤਾਨਪੂਰਾ ਸੁਰ ਕੀਤਾ। ਪੂਰਾ ਵਾਤਾਵਰਣ ਸੁਰ 'ਚ ਬੱਝਣਾ ਸ਼ੁਰੂ ਹੋ ਗਿਆ। ਅੱਖਾਂ ਮੁੰਦ ਲਈਆਂ ਜੋਗੀ ਨੇ ਤੇ ਇਕ ਸੁਰ ਹਵਾ ਅੰਦਰ ਲਹਿਰਾ ਦਿੱਤਾ -

-ਬਾਬਲ ਮੋਰਾ ਨਹੀਯਰ ਛੂਟੋ ਜਾਏ...
ਚਾਰ ਕਹਾਰ ਮਿਲ, ਡੋਲੀਆ ਸਜਾਏ
ਅਪਨਾ ਬੇਗਾਨਾ ਛੂਟੋ ਜਾਏ ...



ਨਵਾਬ ਵਾਜਦ ਅਲੀ ਸ਼ਾਹ ਦੀ ਇਹ ਰਚਨਾ ਇਸ ਸੰਗੀਤ ਦੇ ਸ਼ਹਿਨਸ਼ਾਹ ਨੇ ਫਕੀਰਾਨਾ ਅੰਦਾਜ਼ 'ਚ ਗਾਈ। ਸ੍ਰੋਤੇ ਮੰਤਰ-ਮੁਗਧ ਕਰ ਦਿੱਤੇ, ਸ੍ਰੋਤੇ ਝੂਮਣ ਲਾ ਦਿੱਤੇ, ਸ੍ਰੋਤੇ ਕੀਲ ਲਏ ਵਰਗੀਆਂ ਘਸੀਆਂ ਪਿਟੀਆਂ ਕਈ ਤਸ਼ਬੀਹਾਂ ਇਸ ਅਲੋਕਾਰੀ ਆਵਾਜ਼ ਨੇ ਤਰੋੜ ਮਰੋੜ ਕੇ ਪਰੇ ਕਰ ਸੁੱਟੀਆਂ। ਮੇਰੀ ਲੱਗੀ ਸੰਗੀਤ-ਸੁਰਤੀ ਸ੍ਰੋਤਿਆਂ ਦੀ ਭੀੜ 'ਚੋਂ ਉੱਠੀਆਂ ਬੇਥੁਵੀਆਂ ਤਾੜੀਆਂ ਨੇ ਤੋੜ ਦਿੱਤੀ। ਸੰਤਾਂ ਦੀ ਆਵਾਜ਼ ਆਈ- ਬੰਦ ਕਰੋ ਇਹ ਤਾੜੀਆਂ। ਸੰਗੀਤ ਨੂੰ ਮਾਣੋ ਤੇ ਸ਼ਬਦ ਨੂੰ ਸਮਝੋ। ਤਾੜੀਆਂ ਨਾ ਮਾਰੋ ਪਲੀਜ਼।'' ਸੰਤਾਂ ਦੀ ਸ੍ਰੋਤਿਆਂ ਨੂੰ ਕਹੀ ਇਸ ਗੱਲ ਨੇ ਅੰਨ੍ਹੇਵਾਹ ਤਾੜੀਆਂ ਵਜਾਉਂਦੇ ਹੱਥਾਂ ਨੂੰ ਹੋਸ਼ ਦਾ ਜੰਦਰਾ ਮਾਰ ਦਿੱਤਾ। ਬਾਅਦ ਵਿਚ ਹਰ ਗਾਇਨ ਤੋਂ ਬਾਅਦ ਲੋਕਾਂ ਦੇ ਹੱਥ, ਆਦਤਨ ਤਾੜੀਆਂ ਲਈ ਉੱਠ ਪੈਂਦੇ ਤਾਂ ਸੰਗੀਤਕਾਰ ਹੱਸ ਪੈਂਦਾ।

ਇਕ ਦਿਨ ਮੇਰੇ ਨਾਲ ਬੈਠਿਆਂ ਸੰਗੀਤਕਾਰ ਨੇ ਹਾਰਮੋਨੀਅਮ 'ਤੇ ਛੋਹਿਆ ਸ਼ਬਦ 'ਮਾਨਸ ਜਨਮ ਦੁਲੰਭ ਹੈ' ਵਿਚੇ ਰੋਕ ਦਿੱਤਾ। ਕਿਹਾ-ਇਹ ਜਿਹੜੀ ਗੱਲ ਐ ਨਾ ਕਿ ਮਾਨਸ ਜਨਮ ਦੁਲੱਭ ਹੈ, ਸੱਚ ਦੱਸਾਂ, ਮੈਨੂੰ ਤਾਂ ਇਹ ਮਾਨਸ-ਦੇਹ ਸਭ ਤੋਂ ਵੱਧ ਨਖਿੱਧ ਲਗਦੀ ਹੈ। ਬਾਕੀ ਪਸ਼ੂ ਪੰਛੀ ਕੁਦਰਤੀ ਜੰਮਦੇ ਨੇ, ਮਰ ਜਾਂਦੇ ਨੇ। ਕਦੀ ਕਿਸੇ ਡਾਕਟਰ ਕੋਲ ਨਹੀਂ ਜਾਂਦੇ। ਜਾਨਵਰ ਜੰਮਦਾ ਈ ਮਿੰਟਾਂ 'ਚ ਤੁਰਨ ਲੱਗ ਜਾਂਦਾ। ਇਹ ਮਾਨਸ ਜੰਮਦਾ ਤਾਂ ਤੁਰਦਾ ਈ ਨਹੀਂ, ਕਦੀ ਉਂਗਲੀ ਫੜੋ, ਕਦੀ ਗਡੀਰਾ ਦਿਓ। ਫੇਰ ਇਹ ਜੰਮਦਾ ਤਾਂ ਬੋਲਦਾ ਈ ਨਹੀਂ, ਕਦੀ ਤਾਲੂ ਠੋਕੋ ਕਦੀ ਤਾੜੀ। ਮਰਜ਼ੀ ਤਾਂ ਹੈ ਈ ਨਹੀਂ ਇਹਦੀ, ਜੰਮਦੇ ਤੋਂ ਛਿੱਤਰ ਪੈਣੇ ਸ਼ੁਰੂ। ਤੁਰ, ਬੋਲ। ਇਹ ਜੰਮਦਾ, ਅੰਦਰ ਰੋਈ ਜਾਂਦਾ, ਤੇ ਬਾਹਰ ਲੋਕ ਭੰਗੜੇ ਪਾਈ ਜਾਂਦੇ। ਕਿਆ ਵਿਡੰਬਨਾ!

ਸੰਗੀਤਕਾਰ ਦਾ ਬਚਪਨ ਜ਼ਰੂਰ ਅਜੀਬ ਹੋਵੇਗਾ। ਮੈਂ ਸੋਚਿਆ।

-ਬਚਪਨ 'ਚ ਈ ਮੈਨੂੰ ਮੇਰੇ ਮਾਂ ਪਿਓ ਨੇ ਇਕ ਡੇਰੇ 'ਚ ਛੱਡ ਦਿੱਤਾ। ਮੇਰੇ ਮਾਂ ਬਾਪ, ਡੇਰੇ ਦੇ ਪੱਕੇ ਸ਼ਰਧਾਲੂ ਸਨ। ਮੇਰਾ ਸਾਰਾ ਬਚਪਨ ਓਥੇ ਗੁਜ਼ਰਿਆ। ਮੈਨੂੰ ਮੇਰੇ ਆਸ ਪਾਸ ਦੇ ਕਹਿਣ ਲੱਗੇ- ''ਤੇਰੀ ਸ਼ਕਲ ਤੇ ਆਵਾਜ਼ ਡੇਰੇ ਦੇ ਗੁਰੂ ਨਾਲ ਮਿਲਦੀ ਹੈ।'' ਮੈਂ ਕਿਹਾ ਮੈਂ ਮਾਂ ਨੂੰ ਪੁੱਛਾਂਗਾ। ਮੈਂ ਮਾਂ ਨੂੰ ਪੁੱਛਿਆ ਤੇ ਕਿਹਾ- ਜੇ ਮੇਰਾ ਬਾਪ, ਡੇਰੇ ਦਾ ਗੁਰੂ ਹੈ ਤਾਂ ਮੈਂ ਭਾਗਾਂ ਵਾਲਾ ਹਾਂ, ਜੇ ਮੇਰਾ ਬਾਪ ਤੇਰੇ ਘਰ ਵਾਲਾ ਹੈ ਤਾਂ ਮੇਰੇ ਵਰਗਾ ਕੋਈ ਬਦਕਿਸਮਤ ਨਹੀਂ।'' ਮਾਂ ਨੂੰ ਪਤਾ ਸੀ ਉਹਦਾ ਪਤੀ ਡੇਰੇ ਦਾ ਗੁਰੂ ਹੋਣਾ ਚਾਹੀਦਾ, ਸ਼ਰਧਾਲੂ ਨਹੀਂ। ਔਰਤ ਬੰਦੇ ਨੂੰ ਕੀ ਦਾ ਕੀ ਕਰ ਦਿੰਦੀ ਹੈ, ਬੰਦਾ ਬੰਦੇ ਨੂੰ ਸਵਾਹ ਕਰ ਦਿੰਦਾ।'

ਮੈਂ ਸੰਗੀਤਕਾਰ ਦੀਆਂ ਗੱਲਾਂ ਗਹੁ ਨਾਲ ਸੁਣਦਾ।

- ਮੈਂ ਦਸ ਬਾਰਾਂ ਸਾਲਾਂ ਦਾ ਸੀ ਜਦੋਂ ਘਰੋਂ ਬਾਹਰ ਹੋ ਗਿਆ। ਮੇਰੀ ਤਰਵੰਜਾ ਸਾਲ ਉਮਰ ਹੋ ਗਈ। ਚਾਲੀ ਸਾਲਾਂ ਤੋਂ ਮੈਂ ਘਰੋਂ ਬਾਹਰ ਫਿਰਦਾਂ। ਮੈਂ ਡੇਰੇ 'ਚ ਝਾੜੂ ਫੇਰਿਆ, ਜੁੱਤੀਆਂ ਝਾੜੀਆਂ, ਗਾਲਾਂ ਖਾਧੀਆਂ, ਜੁੱਤੀਆਂ ਜਰੀਆਂ, ਗਜਾ ਕੀਤਾ, ਘਰ-ਘਰ ਮੰਗਿਆ, ਇਹ ਮੇਰਾ ਆਪਣਾ ਅਨੁਭਵ ਹੈ, ਇਹਦੇ 'ਚੋਂ ਮੇਰਾ ਸੁਰ ਜਾਗਿਆ।'

ਓਸੇ ਅਨੁਭਵ 'ਚੋਂ ਬਗਾਵਤ ਜਾਗੀ ਤੇ ਡੇਰੇ ਦੇ ਮੁਖੀ ਤੋਂ ਮੂੰਖ ਮੋੜ ਲਿਆ। ਚੇਲਾ ਭੱਜ ਆਇਆ। ਤੇ ਸਕੂਲ-ਮਾਸਟਰ ਬਾਪ ਨੇ ਵੱਖਰੀ ਜਗ੍ਹਾ ਲੈ ਦਿੱਤੀ। ਉਸੇ ਜਗ੍ਹਾ ਅੰਦਰ ਸੁਰਾਂ ਦਾ ਦਰਦ ਖਿੜ ਗਿਆ। ਆਸੇ ਪਾਸੇ ਬੂਟੇ ਲੱਗ ਗਏ। ਰੁੱਖ ਝੂੰਮਣ ਲੱਗ ਪਏ। ਸ਼ਰਧਾਲੂ ਤੇ ਸੰਗੀਤ ਪ੍ਰੇਮੀ ਆਉਣੇ ਸ਼ੁਰੂ ਹੋ ਗਏ। ਸੁੰਨੇ ਪਿੱਪਲ ਹੇਠ ਦੀਵੇ ਜਗਣੇ ਸ਼ੁਰੂ ਹੋ ਗਏ। ਚੇਲਾ ਸਤਨਾਮ ਸਿੰਘ, 'ਸੰਤ ਸਤਨਾਮ ਸਿੰਘ' ਹੋ ਗਿਆ। ਗੋਡੇ ਘੁੱਟਣ ਵਾਲਿਆਂ ਨੂੰ ਗੋਡੇ ਲੱਭ ਗਏ, ਸੰਤਾਂ ਨੂੰ ਕੁਟੀਆ ਲੱਭ ਗਈ ਪਰ ਸੰਗੀਤ ਦਾ ਸੋਨਾ ਕੁਠਾਲੀ 'ਚ ਲਿਸ਼ਕਦਾ ਰਿਹਾ।

ਮੈਂ ਇਕ ਵਾਰ ਕਿਹਾ- ਤੁਸੀਂ ਸੰਤ ਹੋ ਕਿ ਸੰਗੀਤਕਾਰ?'

-ਜੀਣ ਲਈ ਕਈ ਪਖੰਡ ਕਰਨੇ ਪੈਂਦੇ ਨੇ।'' ਜੁਆਬ 'ਚ ਮੈਨੂੰ ਠਿੱਠ ਕਰਨ ਵਾਲਾ ਹਾਸਾ ਹੱਸਿਆ। ਮੈਂ ਮੋੜਵੇਂ ਹਾਸੇ ਨਾਲ ਕਿਹਾ-ਤੁਸੀਂ ਤਾਂ ਮੇਰੇ ਨਾਲੋਂ ਵੀ ਵੱਧ ਪਖੰਡੀ ਹੋ।''

ਉਹ ਐਡੀਡਾਸ ਦੇ ਬੂਟ ਪਾ ਸੈਰ ਕਰਦਾ, ਜੋਗੀਆ ਕੁੜਤਾ ਚਾਦਰਾ ਲਾ ਕੇ ਜੀਪ ਚਲਾਉਂਦਾ। ਖੇਤੋਂ ਖੇਤ, ਘਰੋਂ-ਘਰ, ਸ਼ਹਿਰੋਂ ਸ਼ਹਿਰ, ਦੇਸ ਬਦੇਸ ਘੁੰਮਦਾ। ਜਿਵੇਂ ਜੋਗੀਆ ਚਾਦਰੇ ਨਾਲ ਸਾਰੀ ਦੁਨੀਆਂ ਹੂੰਝ ਦੇਣੀ ਹੋਵੇ।

ਦੁਨੀਆਂ ਹੂੰਝਦੇ ਸੰਗੀਤਕਾਰ ਅੰਦਰ ਇਕ ਖ਼ਾਸ ਨੁਕਸ ਪੈਦਾ ਹੋਣਾ ਸ਼ੁਰੂ ਹੋ ਗਿਆ। ਸਾਹਿਤਕਾਰਾਂ ਦਾ ਸ਼ੌਕ। ਮੈਂ ਸਾਹਿਤ ਦਾ ਸ਼ੌਕ ਤਾਂ ਸੁਣਿਆ ਸੀ, ਇਹ ਸਾਹਿਤਕਾਰਾਂ ਦਾ ਸ਼ੌਕ ਕੀ ਹੋਇਆ? ਮੈਂ ਦੇਖਿਆ, ਸੰਗੀਤਕਾਰ ਨੇ, ਪੰਜਾਬੀ 'ਗੱਗਾ ਜੱਜਾ ਲੱਲਾ, ਲੱਲੇ ਨੂੰ ਕੰਨਾਂ ਉੱਤੇ ਬਿੰਦੀ' ਲਿਖਣ-ਗਾਉਣ ਵਾਲਿਆਂ ਦੇ ਰੰਗ ਬਰੰਗੇ ਨਾਂ ਲੈਣੇ ਸ਼ੁਰੂ ਕਰ ਦਿੱਤੇ ਸਨ।

ਸੰਗੀਤਕਾਰ ਨੇ ਮੈਨੂੰ ਕਿਹਾ-ਮੇਰਾ ਦਿਲ ਕਰਦਾ ਆਪਾਂ ਕੁਟੀਆ 'ਚ ਸਾਹਿਤਕਾਰਾਂ ਦਾ ਬਸੰਤ-ਮੇਲਾ ਰੱਖੀਏ। ਫਲਾਂ ਫਲਾਂ ਲੇਖਕ ਮੇਰੇ ਕਹੇ 'ਤੇ ਆ ਜਾਣਗੇ। ਐਸਾ ਕਵੀ ਦਰਬਾਰ ਕਰਾਈਏ ਕਿ ...!'' ਮੈਂ ਕਿਹਾ- ਸੰਤੋ! ਤੁਸੀਂ ਚਾਹੁੰਦੇ ਹੋ ਆਪਾਂ ਮਿਲਣਾ ਬੰਦ ਕਰ ਦਈਏ?''

ਇਕ ਸ਼ਾਮ ਕੁਟੀਆ ਗਿਆ, ਸੰਗੀਤਕਾਰ ਨੇ ਕੋਠੇ ਬੈਠਿਆਂ ਸ਼ਾਮ ਦੇ ਘੁਸਮੁਸੇ 'ਚ ਆਪਣੇ ਸਿਰਹਾਣੇ ਮੇਰੀ ਕਵਿਤਾਵਾਂ ਦੀ ਨਵੀਂ ਕਿਤਾਬ ਰੱਖੀ ਹੋਈ 'ਆਵਾਗਵਣ'। ਪਤਾ ਨਹੀਂ ਕਿੱਥੋਂ ਲਈ! ਮੈਂ ਬੈਠਾ ਤਾਂ ਕਿਤਾਬ ਖੋਲ੍ਹ ਲਈ। ਹਾਰਮੋਨੀਅਮ ਸੁਰ ਕੀਤਾ ਤਾਂ ਕੋਠੇ ਉੱਪਰ ਛਤਰੀ ਬਣੇ ਦਰਖ਼ਤ ਵਿਚ ਪੰਛੀ ਆਣ ਜੁੜੇ। ਹਾਰਮੋਨੀਆ ਸਿੱਧਾ ਕਰ ਲਿਆ। ਅਸਮਾਨ ਚੀਰਵੀਂ ਆਵਾਜ਼ ਵਿਚ ਕਵਿਤਾ 'ਰਾਗ ਬਸੰਤ' ਗਾਈ -

'ਰਹਿਣ ਦਿਓ ਇਹ ਸਜੀ ਉਜਾੜ
ਨਾ ਫੋਲੋ ਇਸਨੂੰ
ਹੇਠਾਂ ਪਈ ਹਰਿਆਵਲ ਨੂੰ
ਦੁੱਖ ਪਹੁੰਚੇਗਾ
ਨਾ ਫੋਲੋ ਇਹ ਔਤ ਦੇ ਵਰਕੇ
ਹੇਠਾਂ ਕਣੀਆਂ ਸੁੱਤੀਆਂ ਪਈਆਂ।'

ਆਪਣਾ ਲਿਖਿਆ ਸੁਣ ਕੇ ਮੈਂ ਚੁੱਪ ਹੋ ਗਿਆ। ਸੰਗੀਤਕਾਰ ਹਲਕਾ ਜਿਹਾ ਹੱਸਿਆ। ਮਤਲਬ ਕੈਸਾ ਲੱਗਾ?'' ਮੈਂ ਕਿਹਾ- 'ਚੰਗਾ ਸੁਰ ਮਾੜੀ ਰਚਨਾ ਵੀ ਗਾਏ ਤਾਂ ਉੱਠ ਜਾਂਦੀ। ਵਾਹ ਵਾਹ!'

ਸੰਗੀਤਕਾਰ ਨੇ ਹੌਲੀ ਹੌਲੀ ਸਟੇਜਾਂ 'ਤੇ ਹੋਲੀਆਂ 'ਗ' ਗਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਸੰਗੀਤਕਾਰ ਨੂੰ ਮਿਲਣਾ ਬੰਦ ਕਰ ਦਿੱਤਾ।

ਮਹੀਨੇ ਕੁ ਬਾਅਦ ਸੰਤ ਮੇਰੇ ਘਰ ਆਣ ਧਮਕੇ। ਭਰੇ-ਪੀਤੇ। ਨਾ-ਮਿਲਣ ਦਾ ਗਿਲਾ। ਤੇ ਕੁਟੀਆ ਆਉਣ ਦਾ ਸੱਦਾ।

ਮੈਂ ਅਸਲੀ ਗੱਲ ਕਹਿ ਦਿੱਤੀ ''ਸੰਤੋ, ਤੁਹਾਡੇ ਮੁੱਖੋਂ ਕਬੀਰ, ਨਾਨਕ, ਰਵਿਦਾਸ, ਨ੍ਹਾਮਾ, ਬੁੱਲ੍ਹਾ, ਬਾਹੂ ਈ ਜਚਦੇ ਨੇ। ਤੁਸੀਂ ਇਲਾਹੀ ਸੁਰ ਦੇ ਫਕੀਰ ਹੋ। ਇਹ ਪੰਜਾਬੀ ਦੇ 'ਦੀਦ-ਸ਼ੀਦ'

***(ਬਾਕੀ ਅਗਲੇ ਸਫੇ 'ਤੇ)***

*(ਪਿਛਲੇ ਸਫੇ ਦੀ ਬਾਕੀ)*

'ਕੀਟ-ਪਤੰਗ-ਪਪੀਹੇ' 'ਚਾਤਰ-ਸ਼ਾਤਰ' ਗਾਉਣੇ ਬੰਦ ਕਰੋ।" ਮੇਰੀ ਤਲਖ਼ੀ ਬਾਹਰ ਆ ਗਈ।

-ਦੀਦ ਜੀ! ਬੰਦੇ ਅੰਦਰ, ਬੰਦੇ ਨੂੰ ਸ਼ੋਹਰਤ ਤੇ ਜਸ-ਮਾਣ ਬਖ਼ਸ਼ਣ ਵਾਲਾ, ਉਸਨੂੰ ਉੱਚਾ ਚੁੱਕਣ ਵਾਲਾ ਕਿਰਦਾਰ ਵੀ ਬੈਠਾ ਹੁੰਦਾ ਤੇ ਉਸੇ ਬੰਦੇ ਅੰਦਰ ਉਸਨੂੰ ਡੇਗਣ ਵਾਲਾ, ਬਦਨਾਮ ਕਰਨ ਵਾਲਾ ਤੇ ਛੋਟੇ ਕਰਨ ਵਾਲਾ ਕਿਰਦਾਰ ਵੀ ਬੈਠਾ ਹੁੰਦਾ। ਮੇਰੇ ਅੰਦਰ ਵੀ ਕਈ ਵਾਰ ਛੋਟਾ ਬੰਦਾ ਆਣ ਬੈਠਦਾ। ਪ੍ਰਭੂ ਮੈਨੂੰ ਦੋਵੇਂ ਪਾਸੇ ਦਿਖਾ ਦਿੰਦਾ। ਮੇਰੇ ਦੋਸਤ ਮਿੱਤਰ ਮੇਰੇ ਕੋਲੋਂ ਮੱਲੋਜ਼ੋਰੀ ਇਹ...ਵਗੈਰਾ ਗਵਾ ਦਿੰਦੇ ਆ। ਮੈਂ ਪ੍ਰਮਾਤਮਾ ਨੂੰ ਅਰਦਾਸ ਕਰਦਾ ਹੁੰਨਾਂ ਕਿ 'ਗਵਾ' ਤਾਂ ਦਿੱਤਾ, ਹੁਣ 'ਗੁਆ' ਨਾ ਦਈਂ। ਪੰਜਾਬੀ ਲੇਖਕ ਅਨੁਭਵ ਦੀ ਗੱਲ ਨਹੀਂ ਕਰਦੇ। ਓਏ, ਅਨੁਭਵ ਦੀ ਗੱਲ ਕਰੋ, ਅਨੁਭਵ ਦੀ। ਫੇਰ ਭਾਵੇਂ ਸਲੀਬਾਂ ਚੱਕੀ ਫਿਰੋ ਭਾਵੇਂ ਝੰਡੇ ਚੱਕੀ ਫਿਰੋ। ਸਾਡੇ ਸੰਤ ਮਹਾਰਾਜ ਕਹਿੰਦੇ ਹੁੰਦੇ ਸੀ ਕਿ ਜੀਹਨੇ ਲੰਗਰ ਵਰਤਾਉਣਾ ਹੈ, ਉਹ ਪਹਿਲਾਂ ਰੱਜ ਕੇ ਖਾ ਲਵੇ। ਨਹੀਂ ਤਾਂ ਨੀਤ ਵਿਚ ਰਹਿੰਦੀ। ਜੇ ਨੀਤ ਵਿਚ ਰਹੇ ਤਾਂ ਦੂਜੇ ਨੂੰ ਆਨੰਦ ਨਹੀਂ ਆਉਂਦਾ। ਦੋ ਤਰਾਂ ਦੀ ਭੁੱਖ ਹੁੰਦੀ, ਇਕ ਮਨ ਦੀ ਇਕ ਤਨ ਦੀ। ਤੇ ਚੰਗਾ ਲਿਖ ਹੀ ਉਹ ਸਕਦਾ ਜੀਹਦੀਆਂ ਦੋਵੇਂ ਭੁੱਖਾਂ ਲੈਵਲ 'ਚ ਆ ਗਈਆਂ ਹੋਣ। ਜਦੋਂ ਉਹ ਕਹੇ ਕਿ ਮੈਂ ਰੱਜ ਗਿਆਂ ਬਈ ਹੁਣ ਤੂੰ ਲੈ ਜਾ ਬਾਕੀ। ਮੈਂ ਕਹਿੰਨਾ ਕਿ ਤੁਸੀਂ ਆਪਣੇ ਆਪ ਨੂੰ ਚੰਗਾ ਕਹਿਣ ਵਾਲੇ, ਚੰਗੇ ਨਹੀਂ ਬਣ ਸਕਦੇ। ਕਿਉਂਕਿ ਤੁਸੀਂ ਆਪਣੇ ਆਪ ਨੂੰ ਗੰਦਾ ਮੰਨਦੇ ਈ ਨਹੀਂ। ਪਹਿਲਾਂ ਮੰਨੋ ਕਿ ਅਸੀਂ ਮੈਲੇ ਹਾਂ, ਉਜਲੇ ਤਾਂ ਈ ਬਣੋਗੇ। ਤੁਸੀਂ ਤਾਂ ਕਹਿੰਦੇ ਓ ਅਸੀਂ ਪਹਿਲਾਂ ਈ ਦੁੱਧ ਧੋਤੇ ਆਂ। ਤੁਸੀਂ ਚੰਗੇ ਸੁਆਹ ਬਣਨਾ? ਜੀਹਦੇ ਅੰਦਰ ਰਾਗ ਨਹੀਂ ਉਹਦੇ ਅੰਦਰ ਵੈਰਾਗ ਨਹੀਂ ਹੋ ਸਕਦਾ।

ਉਹ ਸਾਹਿਤਕਾਰਾਂ ਦਾ ਸੰਤ ਸੀ। ਸਾਹਿਤਕਾਰਾਂ ਨੂੰ ਸੰਤਾਂ ਦੀ ਤੇ ਸੰਤਾਂ ਨੂੰ ਸਾਹਿਤਕਾਰਾਂ ਦੀ ਲੋੜ ਕਿਉਂ ਪੈਂਦੀ? ਸ਼ਾਇਦ ਸੰਗੀਤ ਇਸ ਦੀ ਜੜ ਹੋਵੇ! ਤਾਂ ਈ ਤਾਂ ਮੈਂ ਇਕ ਦੋ ਵਾਰ, ਮਿੱਤਰ ਸਾਹਿਤਕਾਰਾਂ ਨੂੰ ਸੰਤ-ਸੰਗੀਤਕਾਰ ਨਾਲ ਮਿਲਾਉਣ ਲੈ ਗਿਆ। ਇਕ ਬੰਦਾ ਤਾਂ ਉਹਦਾ ਗਾਇਨ ਸੁਣ ਕੇ, ਬੁੱਕ ਬੁੱਕ ਰੋ ਕੇ ਆ ਗਿਆ, ਦੂਜੇ ਦੀ ਸੰਤਾਂ ਨੇ ਜਾਂਦਿਆਂ ਈ ਝੰਡ ਕਰ ਦਿੱਤੀ। ਮੈਂ ਮੁੜ ਕੇ, ਕਿਸੇ ਇਕ ਅੱਧੇ ਨੂੰ ਈ ਕੁਟੀਆ ਲੈ ਕੇ ਗਿਆ। ਫੇਰ, ਜਦ ਵੀ ਗਿਆ, ਕੱਲਾ ਗਿਆ।

'ਕਬੀਰ ਸਾਧੂ ਕੋ ਮਿਲਨੇ ਜਾਈਏ, ਸਾਥ ਨਾ ਲੀਜੈ ਕੋਇ।'

ਪਰ ਸਾਹਿਤਕਾਰ ਓਥੇ ਟੋਲੇ ਬੰਨ੍ਹ ਬੰਨ੍ਹ ਜਾਂਦੇ ਰਹੇ। ਸੰਗੀਤਕਾਰ ਤਾਂ ਟੋਲੇ 'ਚ ਬੈਠੇ ਬੰਦੇ ਨੂੰ ਵੀ ਕੱਲਾ ਕਰ ਦਿੰਦਾ। ਉਹਦੇ ਸੰਗੀਤ ਦਾ ਇਹੀ ਜਲਵਾ ਸੀ। ਹਰ ਅੱਛੀ ਕਿਰਤ ਬੰਦੇ ਨੂੰ ਕੱਲਾ ਕਰ ਦਿੰਦੀ। ਭੀੜ ਨਾਲੋਂ ਵੱਖ ਕਰ ਦਿੰਦੀ। ਬਾਹਰ ਨਾਲੋਂ ਤੋੜ ਦਿੰਦੀ। ਅੰਦਰ ਨਾਲ ਜੋੜ ਦਿੰਦੀ। ਸੰਗੀਤਕਾਰ ਅਦਭੁਤ ਬੰਦਾ। ਦਿਲੋਂ ਮਿੱਠਾ, ਜ਼ਬਾਨੋਂ ਕੌੜਾ। ਕੌੜੇ ਸੱਚ ਦੇ ਨੇੜੇ। ਮੈਂ ਉਸਨੂੰ ਸੰਗੀਤ ਦੇ ਮਿੱਠੇ ਜਲ-ਸਾਗਰ ਵਹਾਉਂਦਿਆ ਵੀ ਦੇਖਿਆ ਅਤੇ ਉਸੇ ਨੂੰ ਧੜੀ ਧੜੀ ਦੀਆਂ ਗਾਲਾਂ ਕੱਢਦੇ ਵੀ ਸੁਣਿਆ।

ਸੰਗੀਤਕਾਰ ਕੁਟੀਆ ਦੀ ਕਿਸੇ ਚੀਜ਼ ਨੂੰ ਤਾਲਾ ਨਾ ਮਾਰਦਾ। ਪਰ ਚਾਬੀਆਂ ਦਾ ਗੁੱਛਾ ਹਮੇਸ਼ਾ ਉਹਦੇ ਖਾਲੀ ਖੀਸੇ 'ਚ ਹੁੰਦਾ। ਸੰਗੀਤਕਾਰ ਨੇ ਇਕ ਦਿਨ ਆਪਣੇ ਇਕ ਚੇਲੇ ਨੂੰ ਕਿਹਾ- ਜਦ ਮੈਂ ਮਰਿਆ, ਤੂੰ ਕਹਿਣਾ ਚੰਗਾ ਹੋਇਆ ਖਹਿੜਾ ਛੁੱਟਾ, ਐਵੇਂ ਟੰਗੀ ਰੱਖਦਾ ਸੀ।' ਚੇਲਾ ਕਹਿੰਦਾ- ਗੁਰੂ ਜੀ ਇਹ ਮੈਂ ਕੱਲੇ ਨੇ ਥੋੜ੍ਹੋਂ, ਇਹ ਤਾਂ ਸਾਰਿਆਂ ਨੇ ਈ ਕਹਿਣਾ।' ਸਾਰੇ ਚੇਲੇ, ਸਣੇ ਸੰਤ ਦੇ, ਖਿੜਖਿੜਾ ਕੇ ਹੱਸ ਪਏ।

ਮੈਂ ਇਨ੍ਹਾਂ ਚੇਲਿਆਂ ਨੂੰ ਸੇਵਾ ਕਰਦੇ ਦੇਖਦਾ, ਸੰਗੀਤ ਦੀਆਂ ਸੁਰਾਂ ਮੇਚਦੇ, ਸੁਰਾਂ ਚੱਕਦੇ ਦੇਖਦਾ। ਲੂਟੇ ਲੂਟੇ ਮੁੰਡੇ। ਕੋਈ ਠ੍ਹਾਰਾਂ ਵਰ੍ਹਿਆਂ ਦਾ, ਕੋਈ ਸੋਲ੍ਹਾਂ ਦਾ। ਚਿਹਰਿਆਂ 'ਤੇ ਸੰਗੀਤ ਦਾ ਨੂਰ ਤੇ ਡੇਰੇ ਦੇ ਖਾਧੇ ਬਦਾਮਾਂ ਤੇ ਦੇਸੀ ਘਿਓ ਦੇ ਕੜਾਹ ਦੀ ਚਮਕ। ਮੇਰਾ ਦਿਮਾਗ ਪੁੱਠਾ ਚੱਲਣ ਲੱਗ ਪੈਂਦਾ। ਮੈਨੂੰ ਸੂਫੀ ਫਕੀਰਾਂ ਦੇ ਕਿੱਸੇ ਯਾਦ ਆਉਣ ਲੱਗ ਜਾਂਦੇ। ਸ਼ਾਹ ਹੁਸੈਨ ਤੇ ਮਾਧੋ ਦੇ ਇਸ਼ਕ ਦੀਆਂ ਬਾਤਾਂ ਉਘੜਨ ਲੱਗ ਪੈਂਦੀਆਂ। ਮੈਂ ਕੱਲਾ ਬੈਠਾ ਸੰਗੀਤਕਾਰ ਦੀ ਸੈਕਸ ਲਾਈਫ਼ ਬਾਰੇ ਸੋਚਣ ਲੱਗ ਪੈਂਦਾ। ਉਮਰ 45-50 ਸਾਲ ਹੋ ਗਈ, ਬੰਦੇ ਨੇ ਵਿਆਹ ਨਹੀਂ ਕਰਵਾਇਆ, ਕਿਵੇਂ ਗੁਜ਼ਾਰਾ ਚਲਦਾ ਹੋਊ? ਇਕ ਦਿਨ ਮੈਂ ਕੱਲੇ ਬੈਠੇ ਨੇ ਅੱਧੀ ਰਾਤੀਂ ਆਪਣੇ ਮੂੰਹ 'ਤੇ ਥੱਪੜ ਮਾਰਿਆ-ਤੂੰ ਨਾ ਹਟੀਂ ਪਿਓ ਦਿਆ ਪੁੱਤਾ ਪੁੱਠਾ ਸੋਚਣ ਤੋਂ!' ਤੇ ਆਖਰ ਇਕ ਦੁਪਹਿਰ, ਪੁੱਠੀ ਸੋਚ ਦਾ ਪ੍ਰਸ਼ਨ ਬਣਾ ਕੇ ਕੁਟੀਆ 'ਚ ਖੁੱਲ੍ਹੇ ਕੋਠੇ ਦੀ ਧੁੱਪੇ ਬੈਠੇ ਸੰਤਾਂ ਅੱਗੇ ਰੱਖ ਦਿੱਤਾ। ਸੰਤ ਆਪਣੇ ਕੁੜਤੇ ਦੇ ਡੂੰਘੇ ਖੀਸੇ ਵਿਚ ਆਪਣਾ ਖਾਲੀ ਹੱਥ ਪਾ ਕੇ ਬੋਲੇ-

'ਰਾਮ ਪਦਾਰਥ ਪਾਇ ਕੇ, ਕਬੀਰਾ ਗਾਂਠ ਨਾ ਖੋਲ੍ਹ। ...ਇਹ ਗੱਲਾਂ ਕਰਨ ਵਾਲੀਆਂ ਨਹੀਂ ਹੁੰਦੀਆਂ। ਔਰਤ ਨੂੰ ਅਸੀਂ ਵੱਖਰਾ ਕਿਓਂ ਦੇਖਦੇ ਹਾਂ? ਇਹ ਤਾਂ ਸੰਜੋਗ ਹੈ ਕਿ ਤੁਸੀਂ ਮਿਲ ਪਏ। ਕੋਈ ਤੁਹਾਡਾ ਨਹੀਂ। ਇਹ ਸਭ ਧੋਖੇ ਨੇ। ਮੈਂ ਵੀ ਹੱਡ ਮਾਸ ਕਾ ਪੁਤਲਾ ਹਾਂ। ਮੇਰੀਆਂ ਵੀ ਕਮਜ਼ੋਰੀਆਂ। ਕਈ ਵਾਰ ਕਾਮ ਦਾ ਸਾਹਮਣਾ ਕਰਨਾ ਪਿਆ। ਮੈਨੂੰ ਦੁਨੀਆਂ ਦਾ ਡਰ ਨਹੀਂ, ਡਰ ਤਾਂ ਮੈਨੂੰ ਆਪਣੇ ਆਪ ਤੋਂ ਲਗਦਾ ਬਈ ਕਿਤੇ ਫੜੇ ਈ ਨਾ ਜਾਈਏ। ਕਹੀਦਾ, ਚੁੱਪ ਕਰ ਜਾ। ਬੰਦਾ ਬਣ ਜਾ। ਅੰਦਰ ਬਹਿ ਜਾ। ਬਾਹਰ ਤਾਂ ਲੋਕ ਤੈਨੂੰ ਫੜਨ ਲਈ ਬੈਠੇ ਨੇ। ਪਰ ਔਰਤ, ਮਰਦ ਦੇ ਮਕਾਬਲੇ ਜਾਦਾ ਕਪਟੀ ਹੈ। ਉਹਦੀ ਸਮਝ ਘੱਟ ਹੈ। ਸਮਝਾਉਣਾ ਪੈਂਦਾ।

'ਛੋਟੀ ਮੋਟੀ ਇਸਤ੍ਰੀ, ਇਹ ਸਭ ਬਿਖ ਕੀ ਦੇਨ'।

'ਖਸਮ ਮਰੇ ਤਾਂ ਨਾਰ ਨਾ ਰੋਵੈ, ਉਸ ਰਖਵਾਰਾ ਔਰੋ ਹੋਵੈ'।

ਮੈਂ ਕਿਹਾ- ਔਰਤ ਪ੍ਰਤੀ ਸਾਡਾ ਪ੍ਰੰਪਰਕ ਨਜ਼ਰੀਆ ਸਾਡਾ ਖਹਿੜਾ ਨਹੀਂ ਛੱਡਦਾ, ਜਾਂ ਫਿਰ ਸਾਡਾ ਗਿਆਨ ਹੀ ਇਸਤ੍ਰੀ-ਵਿਰੋਧੀ ਹੈ।

-ਅਸਲ ਵਿਚ ਰਿਸ਼ਤੇ ਬੰਦੇ ਨੂੰ ਟਿਕਣ ਨਹੀਂ ਦਿੰਦੇ। ਇਹ ਤਾਂ ਤਕੜਾ ਬੰਦਾ ਈ ਇਨ੍ਹਾਂ ਦਾ ਮੁਕਾਬਲਾ ਕਰ ਸਕਦਾ। ਬੁੱਧ ਨਾਨਕ। ਅੰਦਰ ਦੀ ਯਾਤਰਾ ਕਰੋ। ਦੂਜੇ ਨੂੰ ਤੁਸੀਂ ਨਹੀਂ ਸੁਧਾਰ ਸਕਦੇ। ਆਪਣੇ ਅੰਦਰ ਝਾਕੋ, ਸ਼ਾਂਤ ਰਹੋਗੇ।'

ਇਕ ਸੁਨੱਖੀ ਚਿੱਤਰਕਾਰ, ਸੰਗੀਤਕਾਰ ਦੀ ਭਗਤਣੀ ਹੋ ਗਈ। ਮਾਲਵੇ ਦੇ ਰੇਤਲੇ ਟਿੱਬਿਆਂ ਤੋਂ ਇਕ ਸ਼ਾਮ ਕੁਟੀਆ ਦੇ ਡੇਰੇ ਆਣ ਲੱਥੀ। ਕਹਿੰਦੀ, ਘਰ-ਬਾਰ ਛੱਡ ਦੇਣਾ, ਕੁਟੀਆ ਰਹਿਣਾ। ਸੰਤਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪਿੰਡ ਦੀ ਇਕ ਸ਼ਰਧਾਲੂ ਨੂੰ ਬੁਲਾ ਕੇ ਸੰਤਾਂ ਨੇ ਕਿਹਾ-ਇਹ ਬੀਬੀ ਅੱਜ ਦੀ ਰਾਤ ਤੁਹਾਡੇ ਘਰ ਰੁਕੇਗੀ।' ਸਵੇਰੇ ਬੀਬੀ ਵਾਪਸ ਟਿੱਬਿਆਂ ਨੂੰ ਮੁੜੀ ਤਾਂ ਸੌਖਾ ਸਾਹ ਲਿਆ।

ਮਹੀਨੇ ਬਾਅਦ ਚਿੱਤਰਕਾਰ ਬੀਬੀ ਫੇਰ ਕੁਟੀਆ ਆਣ ਚਮਕੀ। ਸੰਤਾਂ ਕਿਹਾ-ਤੂੰ ਹੇਠਲੇ ਕਮਰੇ 'ਚ ਸੌਂ ਜਾ। ਮੇਰਾ ਡੇਰਾ ਉੱਪਰ ਹੈ। ਉੱਪਰ ਨਾ ਆਈਂ।' ਤਿੰਨ ਦਿਨ, ਤਿੰਨ ਰਾਤਾਂ ਕੁਟੀਆ ਰਹੀ, ਬਾਵਰੀ ਚਿੱਤਰਕਾਰ। ਸੰਗੀਤ ਦੇ ਵਜਦ 'ਚ ਨੱਚਦੀ ਰਹੀ। ਰੋਂਦੀ ਰਹੀ। ਹੱਸਦੀ ਰਹੀ। ਮੀਰਾ ਬਣ ਗਈ। ਮੇਰੇ ਤੋ ਗਿਰਧਰ ਗੋਪਾਲ। ਵੱਖੋ ਵੱਖ ਰੰਗਾਂ ਨਾਲ ਉਜਲੇ ਚਿੱਤਰਾਂ ਨਾਲ ਝੋਲ ਭਰ ਗਈ। ਤੇ ਚਿੱਤਰਕਾਰ, ਕਵਿੱਤਰੀ ਹੋ ਗਈ। ਸੰਤਾਂ ਦੇ ਚਰਨ ਛੋਹ ਲਏ। ਛਮ ਛਮ ਹੰਝੂ। ਵਿਯੋਗ ਦੀਆਂ ਤਸਵੀਰਾਂ ਬਣਾਈ ਗਈ, ਸੰਜੋਗੀ ਕਵਿਤਾਵਾਂ ਲਿਖੀ ਗਈ। ਸੰਗੀਤਕਾਰ ਹੱਸਦਾ ਰਿਹਾ।

ਇੱਕ ਦੁਪਹਿਰ, ਮੈਂ ਅਚਾਨਕ ਕੁਟੀਆ ਚਲਾ ਗਿਆ। ਓਥੇ ਬੈਠੇ ਦੋ ਬਜ਼ੁਰਗਾਂ ਨੂੰ ਪੁੱਛਿਆ- ਸੰਤ ਘਰ ਈ ਨੇ?' ਕਹਿੰਦੇ- ਅਸੀਂ ਤਾਂ ਆਪ ਉਹਨਾਂ ਨੂੰ ਉਡੀਕਦੇ ਹਾਂ।' ਅਚਾਨਕ ਸੰਤਾਂ ਦਾ ਫੋਨ ਆਇਆ- ਉੱਪਰ ਆ ਜਾਓ। ਉੱਪਰ। ਮੈਂ ਆਪਣੇ ਕਮਰੇ 'ਚ ਹਾਂ। ਕਿਸੇ ਨੂੰ ਦੱਸਿਓ ਨਾ।'

ਮੈਂ ਹੈਰਾਨ, ਪੌੜੀਆਂ ਚੜ੍ਹ ਗਿਆ। ਅੰਦਰ ਏ.ਸੀ. ਵਾਲੇ ਠੰਡੇ ਕਮਰੇ 'ਚ ਸੰਤ ਬੈਠੇ। ਹਰ ਗੱਲ ਕਰਨ ਬਾਅਦ ਬੂਹੇ ਵੱਲ ਝਾਕ ਲਿਆ ਕਰੇ ਸੰਗੀਤਕਾਰ। ਮੈਨੂੰ ਮਾਹੌਲ ਸ਼ੱਕੀ ਜਿਹਾ ਲੱਗਾ। ਸੰਗੀਤਕਾਰ ਹੱਸ ਕੇ ਕਹਿੰਦਾ- ਥੱਲੇ ਦੋ ਬਜ਼ੁਰਗ ਬੈਠੇ ਸੀ? ਇਕ ਪਗੜੀ ਵਾਲਾ ਇਕ ਬਗ਼ੈਰ ਪਗੜੀਓਂ ? ਉਹ ਜਿਹੜਾ ਪਗੜੀ ਵਾਲਾ ਬਜ਼ੁਰਗ ਐ, ਉਹ ਮੇਰਾ ਪਿਓ ਐ। ਮੇਰਾ ਬਾਪ। ਮੈਂ ਉਹਨੂੰ ਮਿਲਣਾ ਨਹੀਂ ਚਾਹੁੰਦਾ। ਮੈਨੂੰ ਆਪਣਾ ਬਾਪ ਕਦੇ ਨਹੀਂ ਚੰਗਾ ਲੱਗਾ। ਲੱਗੀ ਤਾਂ ਕਦੇ ਮਾਂ ਵੀ ਨਹੀਂ ਚੰਗੀ। ਮੈਂ ਇਨ੍ਹਾਂ ਨੂੰ ਕਿਹਾ ਹੋਇਆ-ਖ਼ਬਰਦਾਰ ਜੇ ਪੁੱਤ ਨੂੰ ਕੁਟੀਆ ਮਿਲਣ ਆਏ। ਹਾਂ, ਸੰਤ ਨੂੰ ਮਿਲਣਾ ਤਾਂ ਆਓ। ਮੈਂ ਹੁਣ, ਨਾ ਕਿਸੇ ਦਾ ਪੁੱਤ ਹਾਂ, ਨਾ ਕੋਈ ਮੇਰਾ ਮਾਈ ਬਾਪ। ਪਰ ਇਹ ਬਾਪ ਮੇਰਾ ਖਹਿੜਾ ਨਹੀਂ ਛੱਡਦਾ। ਬਸ ਹੁਣ ਇਹ ਜਾਣ ਈ ਵਾਲਾ ਮੈਨੂੰ ਉਡੀਕ ਉਡੀਕ ਕੇ।' ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਸੰਗੀਤਕਾਰ ਦਾ ਇਹ ਰੂਪ ਮੈਂ ਪਹਿਲੀ ਵਾਰ ਦੇਖਿਆ। ਮੈਨੂੰ, ਥੱਲੇ ਗਰਮੀ ਵਿਚ ਬੈਠੇ ਬਜ਼ੁਰਗ 'ਤੇ ਤਰਸ ਆਇਆ। ਜੀ ਕੀਤਾ ਉਹਨੂੰ ਜਾ ਕੇ ਹੌਸਲਾ ਦੇਵਾਂ, ਕਹਾਂ ਕਿ ਬੈਠੋ, ਸੰਤ ਆਉਣ ਈ ਵਾਲੇ ਨੇ। ਜਾਂ ਕਹਾਂ ਕਿ ਬਾਪੂ ਬੈਠ, ਤੇਰਾ ਪੁੱਤ ਹੁਣੇ ਆਂਉਂਦਾ। ਫੇਰ ਦਿਲ ਕੀਤਾ ਬਾਪੂ ਨੂੰ ਕਹਾਂ ਗੋਲੀ ਮਾਰ ਏਹੋ ਜਿਹੇ ਪੁੱਤ ਨੂੰ, ਏਹੋ ਜੇਹੇ ਪੁੱਤ ਖੁਣੋਂ ਕੀ ਥੁੜਿਆ? ਮੇਰੇ ਖਿਆਲ ਬੁੜ੍ਹਕਦੇ ਪਏ ਸੀ ਕਿ ਸੰਤਾਂ ਨੇ ਚਲਦੇ ਏ.ਸੀ. ਦੀ ਠੰਡਕ ਨਾਲ ਸ਼ਾਂਤ ਆਵਾਜ਼ ਵਿਚ ਕਿਹਾ- ਜਦੋਂ ਆਪਣਾ ਪਿਓ ਪਿਓ ਨਾ ਲੱਗੇ, ਮਾਂ ਮਾਂ ਨਾ ਲੱਗੇ, ਭਰਾ ਭਰਾ ਨਾ ਲੱਗੇ, ਭੈਣ ਭੈਣ ਨਾ ਲੱਗੇ ਤੇ ਸਾਰੇ ਈ ਮਾਂ, ਬਾਪ, ਭੈਣ, ਭਰਾ ਲੱਗਣ, ਗੱਲ ਓਦੋਂ ਬਣਦੀ ਹੁੰਦੀ ਆ। ਮੇਰੇ ਲਈ ਹੁਣ ਕੋਈ ਆਪਣਾ ਨਹੀਂ, ਕੋਈ ਪਰਾਇਆ ਨਹੀਂ। ਮੈਂ ਇਨ੍ਹਾਂ ਕਲਯੁਗੀ ਆਪਣਿਆਂ ਤੋਂ ਖਹਿੜਾ ਛੁਡਾਉਣਾ ਚਾਹੁੰਨਾਂ। ਇਹ ਤੁਹਾਨੂੰ ਮੁਕਤ ਨਹੀਂ ਹੋਣ ਦਿੰਦੇ। ਦੁਸ਼ਮਣ ਨੇ ਦੁਸ਼ਮਣ। ਮਾਂ, ਬੱਚੇ ਨੂੰ ਖਤਮ ਕਰ ਦਿੰਦੀ ਹੈ, ਬਾਪ ਵੀ। ਇਹ ਬੰਦੇ ਨੂੰ ਮਰਜ਼ੀ ਨਾਲ ਜੀਣ ਨਹੀਂ ਦਿੰਦੇ।' ਮੈਂ ਸੰਗੀਤਕਾਰ ਦੇ ਚਿਹਰੇ ਵੱਲ ਤੱਕਿਆ, ਉਹ ਅੰਤਾਂ ਦਾ ਉਦਾਸ ਚਿਹਰਾ ਸੀ। ਮੇਰਾ ਉਸ ਵੇਲੇ ਦਾ ਚਿਹਰਾ ਅਵੱਸ਼ ਉਸ ਉਦਾਸ ਜੋਗੀ ਦੇ ਬਾਪ ਦੇ ਚਿਹਰੇ ਨਾਲ ਜਾਂ ਸ਼ਾਇਦ ਜੋਗੀ ਦੇ ਆਪਣੇ ਚਿਹਰੇ ਨਾਲ ਮਿਲਦਾ ਹੋਏਗਾ, ਅਜਿਹਾ ਮੇਰਾ ਵਹਿਮ ਹੈ!

ਸੰਤ, ਇੰਗਲੈਂਡ ਦੇ ਸ਼ਰਧਾਲੂਆਂ ਕੋਲ ਗਏ ਹੋਏ ਸਨ। ਪਿੱਛੋਂ ਬਾਪ ਦੀ ਮੌਤ ਹੋ ਗਈ। ਪਿੰਡੋਂ ਫੋਨ ਗਿਆ ਕਿ ਬਾਪ ਦੇ ਸਸਕਾਰ ਲਈ ਪਹੁੰਚੋ। ਸੰਤ-ਸੰਗੀਤਕਾਰ ਨੇ ਕਿਹਾ -ਮੇਰਾ ਤਾਂ ਮੇਰੇ ਪਿਓ ਨਾਲ ਕੋਈ ਸੰਬੰਧ ਈ ਨਹੀਂ। ਪਿੰਡ ਵਾਲੇ ਕਹਿੰਦੇ, ਤੂੰ ਵੈਸੇ ਈ ਆ ਜਾ। ਸੰਗੀਤਕਾਰ ਕਹਿੰਦਾ – ਮੈਨੂੰ ਏਦਾਂ ਈ ਜੀਣ ਦਿਓ ਬੱਸ। ਤੇ ਕੋਈ ਮੇਰੇ ਮਰਨ 'ਤੇ ਵੀ ਨਾ ਆਇਓ।

ਸੰਗੀਤਕਾਰ ਮੈਨੂੰ ਅਨੇਕ ਉਲਝਣਾਂ ਵਾਲਾ ਬੰਦਾ ਲਗਦਾ। ਅਨੇਕ ਰੰਗਾਂ ਤੇ ਅਨੇਕ ਕੋਨਿਆਂ ਵਾਲਾ। ਉਸ ਅੰਦਰ ਇਕ ਭੋਲਾ ਭਾਲਾ ਬੱਚਾ ਸੀ ਜੋ ਉਸਦੇ ਨਿਰਛਲ ਹਾਸੇ ਤੇ ਸੁਰੀਲੀ ਆਵਾਜ਼ ਅੰਦਰੋਂ ਝਲਕਾਰੇ ਮਾਰਦਾ। ਉਸਦੀਆਂ ਝੱਲ-ਵਲੱਲੀਆਂ ਅਤੇ ਗਹਿਰ-ਗੰਭੀਰ ਗੱਲਾਂ ਤੇ ਸਾਦਗੀ 'ਚੋਂ ਉਗਮਦੇ ਇਸ ਬੱਚੇ ਨਾਲ ਮੈਂ ਹੱਸਦਾ ਨੱਚਦਾ ਰਹਿੰਦਾ। ਪਰ ਜਦ ਉਹ ਬਹੁਤ ਉੱਛਲਦਾ, ਮੈਂ ਉਸ ਬੱਚੇ ਨੂੰ ਹਟਕ ਦਿੰਦਾ।

ਐਤਵਾਰ। ਕੁਟੀਆ 'ਚ ਸੰਗੀਤ ਸੰਮੇਲਨ ਤੋਂ ਬਾਅਦ ਸੰਤ ਪੂਰੇ ਜਲੌਅ 'ਚ ਕੋਠੇ ਉੱਪਰ ਆਪਣੇ ਸੰਗੀਆਂ ਨਾਲ ਬੈਠੇ। ਸਾਗ-ਮੱਕੀ ਦਾ ਖੁੱਲ੍ਹਾ ਲੰਗਰ ਵਰਤ ਰਿਹਾ। ਘਿਓ, ਮੱਖਣ, ਮੂਲੀਆਂ, ਹਰੀ ਮਿਰਚ, ਅਚਾਰ, ਤੇ ਲੱਸੀ। ਵਾਹ! ਚੇਲੀਆਂ-ਚੇਲੇ! ਮੈਂ ਇਕ ਪਾਸੇ ਕੁਰਸੀ 'ਤੇ ਬੈਠ ਸਾਗ ਮੱਕੀ ਦੀ ਸੌਗਾਤ ਉਡੀਕਣ ਲੱਗਾ। ਸੰਤ ਮੇਰੇ ਕੋਲ ਆ ਬੈਠੇ। ਦੋ ਚਾਰ ਹੋਰ ਸੂਝਵਾਨ। ਸੰਤਾਂ ਨੇ ਆਪਣਾ ਪਰਵਚਨ ਸ਼ੁਰੂ ਕਰ ਦਿੱਤਾ। ਮੈਂ ਕਿਹਾ- ਸੰਤੋ! ਅਸੀਂ ਤੁਹਾਡਾ ਸੰਗੀਤ ਸੁਣਨ ਆਈਦਾ। ਪਰਵਚਨ ਨਹੀਂ।' ਸੰਤ ਮੇਰੇ ਵੱਲ ਅਣਕਿਆਸਿਆ ਝਾਕੇ।

***ਸੰਗੀਤਕਾਰ ਮੈਨੂੰ ਅਨੇਕ ਉਲਝਣਾਂ ਵਾਲਾ ਬੰਦਾ ਲਗਦਾ। ਅਨੇਕ ਰੰਗਾਂ ਤੇ ਅਨੇਕ ਕੋਨਿਆਂ ਵਾਲਾ। ਉਸ ਅੰਦਰ ਇਕ ਭੋਲਾ ਭਾਲਾ ਬੱਚਾ ਸੀ ਜੋ ਉਸਦੇ ਨਿਰਛਲ ਹਾਸੇ ਤੇ ਸੁਰੀਲੀ ਆਵਾਜ਼ ਅੰਦਰੋਂ ਝਲਕਾਰੇ ਮਾਰਦਾ। ਉਸਦੀਆਂ ਝੱਲ-ਵਲੱਲੀਆਂ ਅਤੇ ਗਹਿਰ-ਗੰਭੀਰ ਗੱਲਾਂ ਤੇ ਸਾਦਗੀ 'ਚੋਂ ਉਗਮਦੇ ਇਸ ਬੱਚੇ ਨਾਲ ਮੈਂ ਹੱਸਦਾ ਨੱਚਦਾ ਰਹਿੰਦਾ। ਪਰ ਜਦ ਉਹ ਬਹੁਤ ਉੱਛਲਦਾ, ਮੈਂ ਉਸ ਬੱਚੇ ਨੂੰ ਹਟਕ ਦਿੰਦਾ।***

ਕਈ ਵਾਰ ਮੈਂ ਸੰਗੀਤਕਾਰ ਨਾਲ ਪੁੱਠੀਆਂ-ਸਿੱਧੀਆਂ ਗੱਲਾਂ ਕਰਦਾ। ਕਈ ਵਾਰ ਚੁੱਭਵੀਆਂ। ਮੈਨੂੰ ਚੋਭ ਮਾਰਨ ਲਈ ਕਈ ਵਾਰ ਸੰਗੀਤਕਾਰ-ਸੰਤ ਇਹ ਤੁਕ ਬੋਲਦਾ-

' ਹਮ ਬਡੁ ਕਵਿ ਕੁਲੀਨ, ਹਮ ਪੰਡਿਤ, ਹਮ ਜੋਗੀ ਸਨਿਆਸੀ॥' ਮਤਲਬ ਕਿ 'ਮੇਰੇ ਵਰਗਾ ਵੱਡਾ ਕੋਈ ਕਵੀ ਨਹੀਂ", ਗਿਆਨੀ ਨਹੀਂ, ਜੋਗੀ ਨਹੀਂ ਸੰਨਿਆਸੀ ਨਹੀਂ।'

ਮੈਂ ਕਈ ਵਾਰ ਸੰਗੀਤਕਾਰ ਲਈ ਫਸਮੇਂ ਸੁਆਲ ਖੜੇ ਕਰ ਦਿੰਦਾ। ਉਹ ਸਪਸ਼ਟ ਜੁਆਬ ਸਾਹਮਣੇ ਰੱਖ ਦਿੰਦਾ।

– ਮੈਂ ਆਮ ਬੰਦਾ ਹਾਂ। ਕਈ ਵਾਰ ਗੱਡੀ ਵਿਚ ਤਾਨਪੂਰਾ ਰੱਖਦਾਂ, ਹਾਰਮੋਨੀਅਮ ਰੱਖਦਾਂ ਨਾਲ ਗੈਸ ਸਲੰਡਰ, ਨਾਲ ਚੇਲਾ-ਬਾਲਕਾ ਤੇ ਕਿਤੇ ਜੰਗਲ ਵੱਲ ਨਿਕਲ ਜਾਨਾਂ। ਮੀਂਹ ਪੈ ਜਾਏ ਤਾਂ ਚਾਹ ਪਕੌੜੇ ਬਣਾ ਲਈਦੇ, ਰਾਗ ਛੋਹ ਲਈਦਾ। ਕਈ ਵਾਰੀ ਮੇਰੀ ਮਾਂ ਕਹਿ ਦਿੰਦੀ ਤੂੰ ਕੀ ਬਣਿਆਂ ਫਿਰਦਾਂ? ਮੇਰੇ ਗੁਰੂ ਪੰਡਤ ਮਨੀ ਪ੍ਰਸਾਦ ਜੀ ਨੇ। ਸੰਗੀਤ ਮਹਾਰਥੀ ਨੇ। ਲਤਾ, ਆਸ਼ਾ ਉਨ੍ਹਾਂ ਦੇ ਸ਼ਾਗਿਰਦ ਨੇ। ਮੈਨੂੰ ਕਹਿੰਦੇ- ਤੇਰੇ ਸੇ ਲੋਕ ਨਾਰਾਜ਼ ਹੈਂ। ਤੂੰ ਕੌੜਾ ਬੋਲਤਾ ਹੈ। ਕਹਿੰਦੇ- ਆਦਮੀ ਹੀ ਆਦਮੀ ਕੇ ਕਾਮ ਆਤਾ ਹੈ।' ਮੈਂ ਕਿਹਾ-'ਨਹੀਂ। ਆਦਮੀ ਤੋ ਆਦਮੀ ਕੋ ਕਾਟਤਾ ਹੈ। ਮੈਂ ਸਾਧੂ ਹਾਂ। ਤੁਸੀਂ ਸੰਗੀਤ ਤੱਕ ਮੇਰੇ ਗੁਰੂ ਹੋ ਉਸ ਤੋਂ ਅੱਗੇ ਮੇਰਾ ਆਪਣਾ ਸਿਧਾਂਤ ਹੈ। ਉਸਤੋਂ ਅੱਗੇ ਗੜਬੜ ਹੋ ਜਾਏਗੀ।'

ਭਾਰਤੀ ਦਰਸ਼ਨ ਦੇ ਗਿਆਤਾ ਇਕ ਓਸ਼ੋਆਇਟ ਮਿੱਤਰ ਨੇ ਦੱਸਿਆ ਕਿ ਦੋ ਗਿਆਨੀ ਕਦੇ ਬਹਿਸਦੇ ਨਹੀਂ। ਅਗਿਆਨ ਹੀ ਬਹਿਸ ਦਾ ਆਧਾਰ ਹੈ।

ਬਾਅਦ 'ਚ ਪਤਾ ਲੱਗਾ ਸੰਗੀਤਕਾਰ ਸੰਤ ਨੇ ਆਪਣੇ ਇਸ ਮਹਿਮਾਨ ਗੁਰੂ ਨੂੰ ਅੱਧੀ ਰਾਤੀਂ ਆਪਣੀ ਕੁਟੀਆ 'ਚੋਂ ਬਾਹਰ ਕੱਢ ਦਿੱਤਾ ਸੀ।

-ਇਹ ਸੰਗੀਤ ਮਹਾਂਰਥੀ ਆਪਣੇ ਭਾਣਜਿਆਂ ਭਤੀਜਿਆਂ ਨੂੰ ਅੱਗੇ ਲੈ ਲੈ ਆਂਉਂਦੇ ਨੇ। ਹੰਸ ਤੇ ਬਗਲੇ ਦੇਖਣ ਨੂੰ ਇਕੋ ਜੇਹੇ ਲਗਦੇ। ਉਨ੍ਹਾਂ ਅੱਗੇ ਦੁੱਧ ਰੱਖ ਦਿਓ, ਬਗਲਾ ਦੁੱਧ ਗੰਧਲਾ ਕਰ ਦਏਗਾ, ਹੰਸ ਦੁੱਧ ਵੱਖਰਾ ਕਰ ਦਏਗਾ, ਪਾਣੀ ਵੱਖਰਾ। ਸਾਧੂ ਤੇ ਠੱਗ 'ਚ ਇਹੀ ਫਰਕ ਹੈ। ਛੋੜੋ ਵੇਸ ਭੇਖ ਚਤਰਾਈ। ਮੈਂ ਤਾਂ ਆਪ ਸਾਧੂ ਲੋਕਾਂ ਨੂੰ ਲਭਦਾ ਫਿਰਦਾਂ। ਕੋਈ ਸਾਧੂ ਮਿਲੇ ਤਾਂ ਸਹੀ! ਜੇ ਮਿਲੇ ਤਾਂ ਕਹਿਣਗੇ ਲਓ ਜੀ ਮੈਂ ਸਕੂਲ ਬਣਾਤਾ, ਲਓ ਜੀ ਮੈਂ ਹਸਪਤਾਲ ਬਣਾਤਾ, ਮੈਂ ਗਰੀਬਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਵਾ ਦਿੱਤੀਆਂ। ਇਹ ਸਾਧੂ ਲੋਕਾਂ ਦਾ ਕੰਮ ਨਹੀਂ ਹੈ। ਸਾਧੂ ਕੋਲ ਅਗੰਮੀ ਸ਼ਕਤੀ ਹੁੰਦੀ ਹੈ, ਉਹ ਵੰਡੋ। ਹਸਪਤਾਲ ਸਕੂਲ ਬਣਾਓ ਨਾ, ਇਹ ਬਣਾਉਣ ਵਾਲੇ ਲੋਕ ਤਿਆਰ ਕਰੋ। ਸੰਤ ਕਦੇ ਸੰਤ ਨਹੀਂ ਬਣਾਉਂਦਾ, ਚੇਲੇ ਬਣਾਉਂਦਾ। ਉਹਦੇ ਚੋਲਾ ਸੰਤਾਂ ਵਾਲਾ ਪੁਆ ਦਿੰਦਾ। ਗਿੱਦੜ ਨੂੰ ਸ਼ੇਰ ਦਾ ਭੇਖ ਦੇ ਦਿੰਦਾ। ਉਹ ਤਾਂ ਹੋਰ ਖ਼ਤਰਨਾਕ ਹੈ।'

ਮੈਂ ਕਿਹਾ- ਫੇਰ ਗੁਰੂ ਕੀ ਚੀਜ਼ ਹੈ?'

– ਐਵੇਂ ਕਹੀ ਜਾਣਗੇ 'ਸ਼ਬਦ' ਗੁਰੂ। ਓ ਕਰੋੜਾਂ ਸ਼ਬਦ ਨੇ। ਦੱਸੋ ਕਿਹੜਾ ਸ਼ਬਦ ਤੁਹਾਡਾ ਗੁਰੂ? ਗੱਲ ਤਾਂ ਆਪਣੇ ਅਨੁਭਵ ਦੀ ਹੈ। ਬੁੱਧ, ਕਬੀਰ, ਨਾਨਕ, ਇਨ੍ਹਾਂ ਨਾਲ ਮੇਰਾ ਕੋਈ ਵਾਸਤਾ ਨਹੀਂ। ਮੇਰਾ ਮਤਲਬ, ਪਾਸਟ ਨਾਲ ਮੇਰਾ ਵਾਸਤਾ ਨਹੀਂ, ਮੇਰਾ ਵਾਸਤਾ ਹੁਣ ਨਾਲ ਹੈ। ਮੇਰੇ ਆਪਣੇ ਅਨੁਭਵ ਨਾਲ। ਨਾਨਕ ਤਾਂ ਆਪ ਕਹਿੰਦੇ- ਮੈਂ ਕੀਤਾ ਨਾ ਜਾਤਾ ਹਰਾਮਖੋਰ!' 'ਕਬੀਰ ਕਹਿੰਦੇ- ਕਬੀਰ ਤੇਰਾ ਬੇੜਾ ਜਰਜਰਾ।' ਜਿਹੜੇ ਭਾਰ ਲਈ ਜਾਂਦੇ ਸੀ ਉਹ ਡੁੱਬ ਗਏ। ਹਮ ਬਡਿ ਕਬਿ ਹਮ ਪੰਡਤ ਹਮ ਗਿਆਨੀ। ਇਹ ਕਵੀ ਚਿੱਤਰਕਾਰ, ਸਭ ਭਾਰ ਚੁੱਕੀ ਫਿਰਦੇ। ਸਾਧ ਲੋਕ ਤਾਂ ਜੀਵਨ ਦਾ ਲੁਤਫ ਲੈਣ ਆਉਂਦੇ ਨੇ। ਆਏ ਤੇ ਗਏ। ਕੋਈ ਗੁਰੂ ਆਪਣੇ ਗੁਰੂ ਦਾ ਨਾਂ ਨਹੀਂ ਦੱਸਦਾ। ਨਾ ਨਾਨਕ, ਨਾ ਕਬੀਰ, ਨਾ ਕੋਈ ਹੋਰ। ਤੇ ਸਾਨੂੰ ਕਹਿੰਦੇ ਗੁਰੂ ਕੌਣ ਐ ਤੁਹਾਡਾ? ਆਪਣਾ ਗੁਰੂ ਆਪ ਹੁੰਦਾ ਬੰਦਾ। ਧਰਮ ਗਰੰਥਾਂ ਨੂੰ ਮੰਨਣ ਦੀ ਨਹੀਂ, ਵਿਚਾਰਨ ਦੀ ਲੋੜ ਹੈ।'

ਸੰਤ ਸੱਚ ਤੇ ਹਓਂ ਨਾਲ ਜੀਣ ਵਾਲਾ ਬੰਦਾ ਸੀ। ਇਕ ਟੀ.ਵੀ ਪ੍ਰੋਡਿਊਸਰ ਨੂੰ ਅੜਬ ਜੋਗੀ ਕਹਿੰਦਾ- ਬੰਦ ਕਰੋ ਇਹ ਬਕਵਾਸ। ਮੈਂ ਕੋਈ ਰਕਾਰਡਿੰਗ ਨਹੀਂ ਕਰਾਉਣੀ।'

ਇਕ ਵਾਰ ਵਲੈਤੋਂ ਇਕ ਪੌਂਡਾਂ ਵਾਲਾ ਗਾਇਕ, ਸੰਗੀਤਕਾਰ ਕੋਲੋਂ ਸੰਗੀਤ ਸਿੱਖਣ ਆ ਗਿਆ। ਪੌਂਡਾਂ ਵਾਲਾ ਡੱਬਾ ਕੂੜੇ 'ਚ ਵਗਾਹ ਮਾਰਿਆ। ਬੇਸੁਰੇ ਗਾਇਕ ਨੂੰ ਕੁਟੀਆ ਤੋਂ ਬਾਹਰ ਕਰ ਦਿੱਤਾ।

ਇੱਕ ਨੇਤਾ-ਨੁਮਾ ਕਰੋੜਪਤੀ ਨੇ ਸੰਗੀਤਕਾਰ ਨੂੰ ਆਪਣੇ ਘਰ ਰੱਖੇ ਮਹਾਂ-ਭੋਜ 'ਤੇ ਗਾਉਣ ਦਾ ਸੱਦਾ ਦਿੱਤਾ। ਸੰਗੀਤਕਾਰ ਇਕ ਸ਼ਬਦ ਗਾਉਣ ਬਾਅਦ ਆਪਣਾ ਹਾਰਮੋਨੀਅਮ ਤਬਲਾ ਲਪੇਟ ਕੇ ਭਰੀ ਮਹਿਫਲ 'ਚੋਂ ਉੱਠ ਆਇਆ। ਕਰੋੜਪਤੀ ਝਾਕਦਾ ਰਹਿ ਗਿਆ।

ਲੁਧਿਆਣੇ ਸੰਗੀਤਕਾਰ ਦਾ ਗਾਇਆ ਸ਼ਬਦ ਸੁਣ ਕੇ ਕਿਸੇ ਨੇ ਜੈਕਾਰਾ ਲਾਇਆ-ਬੋਲੇ ਸੋ ਨਿਹਾਲ, 'ਸਤਿ' ਸ੍ਰੀ ਅਕਾਲ।' ਸੰਤ ਕਹਿੰਦੇ ਬਹਿ ਜਾਓ ਆਰਾਮ ਨਾਲ, ਕਦੀ ਸੱਚ ਬੋਲ ਕੇ ਦੇਖਿਆ ਤੁਸੀਂ?

ਪੰਜਾਬੀ ਕਵੀ ਕਹਿੰਦਾ ਮੇਰੀ 'ਗ਼' ਤੁਸੀਂ ਭੈਰਵੀ ਰਾਗ 'ਚ ਗਾਈ ਹੈ? ਸੰਗੀਤਕਾਰ ਕਹਿੰਦਾ- ਸ਼ੁਕਰ ਕਰ ਮੈਂ ਗਾ ਦਿੱਤੀ।

ਸੰਗੀਤਕਾਰ ਜਦੋਂ ਆਨੰਦ 'ਚ ਹੁੰਦਾ, ਸੰਗੀਤ ਦੇ ਸੁਰ ਖੇਲ੍ਹਣ ਲਾ ਲੈਂਦਾ। ਸੁਰਾਂ ਦੀਆਂ ਬੱਚੀਆਂ ਪੁਆ ਦਿੰਦਾ। ਜਿਵੇਂ ਕੋਈ ਟੈਨਿਸ ਦੇ ਬਾਲ ਨੂੰ ਆਪਣੀ ਜੁਗਤੀ-ਪਕੜ ਵਾਲੇ ਬੈਟ ਨਾਲ ਟਕ ਟਕ, ਠਕ ਠਕ, ਜਿੱਧਰ ਚਾਹੇ ਜਿਵੇਂ ਚਾਹੇ, ਘੁਮਾਈ ਜਾਵੇ। ਜਿਵੇਂ ਕੋਈ ਕੱਲਾ ਮਸਤ ਖਿਲਾੜੀ, ਗੇਂਦ ਨੂੰ ਘੰਟਿਆਂਬੱਧੀ ਆਪਣੀਆਂ ਉਂਗਲਾਂ 'ਤੇ ਹਵਾ ਅੰਦਰ ਅਡੋਲ ਨਚਾਈ ਜਾਵੇ। ਸੰਗੀਤਕਾਰ ਮੌਜ 'ਚ ਹੁੰਦਾ ਤਾਂ ਕਲਾਸੀਕਲ ਬੰਦਸ਼ਾਂ ਗਾਉਂਦਾ, ਸੂਫੀ ਕਲਾਮ ਗਾਉਂਦਾ, ਅਮੀਰ ਖੁਸਰੋ ਗਾਉਂਦਾ, ਹੀਰ ਗਾਉਂਦਾ, ਰਫੀ ਗਾਉਂਦਾ, ਮੁਕੇਸ਼ ਗਾਉਂਦਾ, ਸੁਰਿੰਦਰ ਕੌਰ ਗਾਉਂਦਾ ਕਾਲੇ ਰੰਗ ਦਾ ਪਰਾਂਦਾ, ਮੇਰੇ ਸੱਜਣਾ ਨੇ ਆਂਦਾ, ਨੀ ਮੈਂ ਛਮ ਛਮ ਨੱਚਦੀ ਫਿਰਾਂ ...ਵਾਜੇ 'ਤੇ ਬੈਠਾ ਨੱਚਣ ਲੱਗ ਪੈਂਦਾ ਤੇ ਕਦੀ ਕਦਾਈਂ ਚਮਕੀਲਾ ਗਾਉਣ ਲੱਗ ਜਾਂਦਾ, ਹੱਸਣ ਲੱਗ ਪੈਂਦਾ, ਜਿਵੇਂ ਇਹ ਸਭ ਤਾਂ ਖੱਬੇ ਹੱਥ ਦਾ ਖੇਲ੍ਹ!

ਦੂਰਦਰਸ਼ਨ ਸ਼ਿਮਲੇ ਡਾਇਰੈਕਟਰ ਹੁੰਦਿਆਂ, ਸੰਗੀਤ, ਚਿਤਰਕਾਰੀ ਤੇ ਸਾਹਿਤ ਦੇ ਆਪਸੀ ਸੰਬੰਧਾਂ ਦਾ ਮੈਂ ਚਿਰ-ਸੋਚਿਆ ਇਕ ਪ੍ਰੋਗਰਾਮ ਰੱਖਿਆ। ਰੰਗ ਸ਼ਬਦ ਸੰਗੀਤ। ਹਿੰਦੀ, ਪੰਜਾਬੀ, ਉਰਦੂ ਦੇ ਸਾਹਿਤਕਾਰ, ਸੰਗੀਤਕਾਰ, ਚਿੱਤਰਕਾਰ ਬੁਲਾਏ। ਪੰਜਾਬ ਤੋਂ ਸੰਤ-ਸੰਗੀਤਕਾਰ ਸਤਨਾਮ ਸਿੰਘ। ਦਰਸ਼ਕਾਂ ਦੀ ਹਾਜ਼ਰੀ 'ਚ ਲਾਈਵ ਟੈਲੀਕਾਸਟ ਕੀਤਾ। ਸਾਰੇ ਸਮਾਗਮ 'ਚ ਸੰਤਾਂ ਵੱਲ ਦੇਖੀ ਜਾਣ ਲੋਕ। ਇਹ ਕੀ ਕਰੇਗਾ ਭਗਵੇਂ ਕੱਪੜਿਆਂ ਵਾਲਾ ਸਾਧ? ਤੇ ਜਦੋਂ ਸੰਤ ਨੇ ਭਰੀ ਮਹਿਫਲ 'ਚ ਤਾਨਪੁਰਾ ਸੁਰ ਕੀਤਾ ਤਾਂ ਸਮੇਤ ਦਰਸ਼ਕਾਂ ਦੇ ਸਾਰਾ ਸਟੂਡੀਓ ਸੰਗੀਤਕਾਰ ਦੇ ਅਲਾਪ ਅੰਦਰ ਸਮੋਅ ਗਿਆ। ਸੰਗੀਤਕਾਰ ਨੇ ਕਲਾਸੀਕਲ ਸੁਰ ਨਾਲ ਮਾਹੌਲ ਆਪਣੀ ਮੁੱਠੀ 'ਚ ਬੰਦ ਕਰ ਲਿਆ

ਭਗਵਾ ਬ੍ਰਿਜ ਦੇਖਨ ਕੋ ਚਲੋ ਰੀ...

ਡੂੰਘੀ ਚੁੱਪ 'ਚ ਸੰਗੀਤਕਾਰ ਨੇ ਸੁਰਾਂ ਦੀ ਬੰਦ ਮੁੱਠੀ ਮਲਕੜੇ ਜਿਹੇ ਖੋਲ੍ਹ ਦਿੱਤੀ

ਨਾਲ ਪਿਆਰੇ ਨੇਹੁੰ...
ਫਰੀਦਾ ਗਲੀਏ ਚਿੱਕੜ ਦੂਰ ਘਰ
ਨਾਲ ਪਿਆਰੇ ਨੇਹੁੰ...
ਚਲਾਂ ਤਾਂ ਭਿੱਜੇ ਕੰਬਲੀ
ਰਹਾਂ ਤਾਂ ਤੁੱਟੇ ਨੇਹੁੰ...

ਜਿਵੇਂ ਸੁਰਾਂ ਦੇ ਸਰਵਰ ਹਵਾ 'ਚ ਉੜ ਰਹੇ ਹੋਣ ਤੇ ਇਨ੍ਹਾਂ ਅੰਦਰ ਫਹਿਰਾ ਰਹੀ ਹੋਵੇ ਸ਼ਾਇਰ ਫਰੀਦ ਦੀ ਸੂਫ਼ੀ ਕੰਬਲੀ। ਕਾਗ਼ਜ਼ ਦੀ ਕੋਈ ਕਿਸ਼ਤੀ ਰੰਗ ਬਿਰੰਗੀ ਜਿਵੇਂ ਦੂਰ ਪਾਣੀਆਂ 'ਤੇ ਅਡੋਲ ਤੈਰਦੀ ਹਜ਼ਾਰਾਂ ਦ੍ਰਿਸ਼ ਪਾਰ ਕਰਦੀ ਤੁਹਾਨੂੰ ਆਪਣੇ ਨਾਲ ਰੋੜ੍ਹ ਕੇ ਲਈ ਜਾਵੇ, ਪਤਾ ਨਹੀਂ ਕਿੱਧਰ, ਕਿਸ ਦਿਸ਼ਾ, ਕਿਸ ਰਾਹੇ? ਅਗੰਮੀ ਸੁਰ ਅਗੰਮੀ ਸ਼ਬਦ। ਭਿੱਜਿਓ ਸਿੱਜਿਓ ਕੰਬਲੀ ਤੁੱਟੇ ਨਾਹੀ ਨੇਹੁੰ..

ਫਰੀਦ ਦਾ ਇਹ ਸਲੋਕ ਕੋਈ ਪਹਿਲੀ ਵਾਰ ਤਾਂ ਨਹੀਂ ਸੁਣਿਆ ਸ਼ਾਇਰਾਂ, ਚਿੱਤਰਕਾਰਾਂ ਸੰਗੀਤਕਾਰਾਂ ਨੇ! ਮੈਂ ਵੀ। ਪਰ ਇਹ ਜਿਸ ਰੂਹ, ਜਿਸ ਸੁਰ ਜਿਸ ਵਜਦ ਜਿਸ ਯੋਗ-ਵਿਯੋਗ ਨਾਲ ਗਾਇਆ ਇਸ ਸੰਗੀਤਕਾਰ ਨੇ! ਵਾਹ ਵਾਹ ਤੋਂ ਪਾਰ! ਖ਼ਾਮੋਸ਼ੀ ਦੇ ਖੰਡਰਾਂ ਦੀ ਆਵਾਜ਼! ਸਮੇਂ ਸਥਾਨ ਦੀਆਂ ਹੱਦਾਂ ਪਾਰ ਕਰਦੀ ਸੁਰਤੀ। ਬਾਬਾ ਫਰੀਦ ਆਪ ਵੀ ਸੁਣੇ ਤਾਂ ਅੱਖ 'ਚ ਹੰਝੂ ਭਰੇ ਬਿਨਾਂ ਨਾ ਰਹੇ! ਸੰਗੀਤਕਾਰ ਦੇ ਜੋਗੀਆ ਸੁਰਾਂ ਨਾਲ ਲਾਈਵ ਟੀ.ਵੀ ਸਕਰੀਨ ਦਾ ਕੋਨਾ ਕੋਨਾ ਭਰ ਗਿਆ। ਜੋਗੀ ਦੇ ਬੋਲਾਂ, ਹਾਰਮੋਨੀਅਮ ਦੀ ਲੈਅ ਤੇ ਤਾਨਪੁਰੇ ਦੀਆਂ ਤਾਰਾਂ ਅੰਦਰੋਂ ਉੱਠੇ ਇਲਾਹੀ ਵਜਦ ਅੰਦਰ ਦਰਸ਼ਕਾਂ ਦੀਆਂ ਅੱਖਾਂ ਮੁੰਦ ਗਈਆਂ, ਸਿਰ ਝੂਮਣ ਲੱਗ ਪਏ। ਕੀ ਕਵੀ, ਕੀ ਚਿੱਤਰਕਾਰ, ਕੀ ਕੈਮਰਾਮੈਨ, ਕੀ ਤਕਨੀਸ਼ੀਅਨ, ਕੀ ਪੈਨਲ 'ਤੇ ਬੈਠੀ ਪਹਾੜਨ ਪ੍ਰੋਡਿਊਸਰ, ਕੀ ਮੈਂ, ਸਭ ਕਿਸੇ ਹੋਰ ਦੁਨੀਆਂ ਵਿਚ ਲੈ ਗਿਆ ਸੰਗੀਤਕਾਰ। ਰੰਗ ਸ਼ਬਦ ਸੰਗੀਤ ਦਾ ਮੁਜੱਸਮਾ ਇੱਕੋ ਥਾਂ ਬੰਨ੍ਹ ਦਿੱਤਾ ਜੋਗੀ ਨੇ। ਪ੍ਰੋਗਰਾਮ ਜਿਵੇਂ ਸੰਤ-ਸੰਗੀਤਕਾਰ ਦੇ ਨਾਮ ਹੋ ਗਿਆ। ਟੈਲੀਕਾਸਟ ਤੋਂ ਫੌਰਨ ਬਾਅਦ, ਸਭ ਸੰਤਾਂ ਦੁਆਲੇ ਕੱਠੇ ਹੋ ਗਏ। ਪ੍ਰੋਗਰਾਮ ਦੀ ਸੋਹਣੀ ਪਹਾੜਨ ਪ੍ਰੋਡਿਊਸਰ ਪੈਨਲ ਤੋਂ ਸਿੱਧੀ ਸੰਤਾਂ ਨੂੰ ਪ੍ਰਣਾਮ ਕਰਨ ਆਈ। ਸੰਤ ਸਿਰਫ਼ ਮੁਸਕਰਾਏ। ਬਾਅਦ ਵਿਚ ਪੰਜਾਬੀ ਦੇ ਲੇਖ਼ਕ ਕਹਿੰਦੇ ਇਕੋ ਸੋਹਣੀ ਸ਼ਕਲ ਸੀ, ਉਹੀ ਸੰਤਾਂ ਨੇ ਵੱਸ ਕਰ ਲਈ।'

ਨੌਕਰੀ ਛੱਡ ਛਡਾ ਕੇ ਕੈਨੇਡਾ ਜਾ ਵਸਿਆ ਮੈਂ। ਵਾਪਸ ਆਇਆ ਤਾਂ ਸੰਤ ਕਹਿੰਦੇ ਤੁਸੀਂ ਕੈਨੇਡਾ ਵਾਸਤੇ ਨਹੀਂ ਬਣੇ। ਤੁਸੀਂ ਕੱਲੀ ਰੂਹ ਹੋ, ਭੀੜ ਤੋਂ ਅੱਡ ਰਹਿਣ ਵਾਲੀ ਰੂਹ, ਛੱਡੋ ਸਭ ਤੇ ਮੇਰੇ ਕੋਲ ਕੁਟੀਆ ਆ ਜਾਓ। ਦਰਵੇਸਾਂ ਨੂੰ ਲੋੜੀਏ, ਰੁੱਖਾਂ ਦੀ ਜੀਰਾਂਦ। '

ਕੈਨੇਡਾ ਦੋ-ਚਾਰ ਸਾਲ ਅੱਧ-ਪਚੱਧੇ ਮਨ ਨਾਲ ਕੱਟੇ। ਅੱਧਾ ਇੰਡੀਆ ਅੱਧਾ ਕੈਨੇਡਾ। ਪਿਛਲੇ ਵਰ੍ਹੇ ਇੰਡੀਆ ਆਇਆ ਤਾਂ ਪੀ.ਟੀ.ਸੀ; ਵਾਸਤੇ ਫਿਲਮ 'ਜ਼ਮੀਰ' ਦੀ ਸੂਟਿੰਗ ਲਈ ਸੰਤਾਂ ਦਾ ਪਿੰਡ ਚੁਣਿਆ, ਕਿਸ਼ਨਗੜ੍ਹ। ਸੰਤਾਂ ਦੇ ਵਿਦੇਸ਼ ਵਸਦੇ ਇਕ ਚੇਲੇ ਦੀ ਕੋਠੀ ਵਿਹਲੀ ਪਈ ਸ਼ੂਟਿੰਗ ਵਾਸਤੇ। ਸੰਤਾਂ ਦਾ ਹੁਕਮ ਕਈ ਘਰਾਂ 'ਚ ਚਲਦਾ। ਸ਼ੂਟਿੰਗ ਸੌਖੀ ਹੋ ਗਈ। ਇਕ ਸੀਨ ਸੰਤ-ਸੰਗੀਤਕਾਰ ਦਾ ਪਾਇਆ। ਸ਼ਾਮ ਦੇ ਘੁਸਮੁਸੇ 'ਚ ਕੁਟੀਆ ਅਤੇ ਰਾਤ ਦੇ ਘੁੱਪ ਹਨ੍ਹੇਰੇ 'ਚ ਪਿੰਡ

***(ਬਾਕੀ ਸਫਾ 20 'ਤੇ)***

# ਅਨੁਭਵੀ ਗਿਆਨ ਦਰਸ਼ਨ ਤੇ ਕਾਵਿ-ਕਥਾ 'ਸੋਹਮ'

**ਕਲਾ ਪਰਿਕਰਮਾ**

'ਸੋਹਮ' ਸਮਕਾਲੀ ਪੰਜਾਬੀ ਗਿਆਨ, ਕਲਾ ਅਤੇ ਦਰਸ਼ਨ ਜਗਤ ਲਈ ਵਿਲੱਖਣ ਰਚਨਾ ਹੈ। ਇਹ ਅਨੁਭਵੀ ਗਿਆਨ ਅਤੇ ਦਰਸ਼ਨ ਦੀ ਕਲਾਤਮਿਕ ਸਿਰਜਣਾ ਹੈ। ਅਨੁਭਵੀ ਗਿਆਨ ਦੀ ਇਸ ਕਥਾ ਦਾ ਪਾਤਰ ਚਿੱਤਰਕਾਰ ਹੋਣ ਲਈ ਗੁਰੂ ਸ਼ਰਨ ਜਾਂਦਾ ਹੈ ਜਿੱਥੋਂ ਉਸ ਦੀ ਯਾਤਰਾ ਇਹ ਅਨੁਭਵ ਕਰਵਾਉਣ ਵਾਲੇ ਕਲਾ ਸੰਸਾਰ ਵੱਲ ਹੁੰਦੀ ਹੈ ਕਿ ਸਭ ਕਲਾਵਾਂ ਤੇ ਪਸਾਰਾ ਅਦਵੈਤ ਦਾ ਧਾਰਨੀ ਹੈ। ਇਹ ਯਾਤਰਾ ਰਚਨਾ ਦੇ ਮੁੱਖ ਪਾਤਰ ਦੀ ਵੀ ਹੈ ਅਤੇ ਸਿਧਾਰਥ ਦੀ ਆਪਣੀ ਯਾਤਰਾ ਵੀ ਜੋ ਹਰ ਕਲਾਕਾਰ ਦੀ ਯਾਤਰਾ ਹੋਣੀ ਚਾਹੀਦੀ ਹੈ। ਇਸ ਰਚਨਾ ਦੀਆਂ ਜੜ੍ਹਾਂ ਭਾਰਤੀ ਦਰਸ਼ਨ ਪਰੰਪਰਾਂ ਨਾਲ ਜੁੜਦੀਆਂ ਹਨ। ਇਹ ਰਚਨਾ ਵਿਸ਼ਨੂਧਰਮੋਤਰ ਪੁਰਾਣ ਦੀ ਨਿਰੰਤਰਤਾ ਹੈ ਜਿਸ ਦੀ ਕਥਾ ਵਾਇਆ ਭੂਤਵਾੜਾ ਪਟਿਆਲਾ ਹੁੰਦੀ ਹੋਈ ਸਿਧਾਰਥ ਕੋਲ ਅੱਪੜੀ।

ਸਿਧਾਰਥ ਲਿਖਦੇ ਹਨ: ਇਕ ਦਿਨ ਪ੍ਰੋ.

**ਡਾ. ਪਰਮਜੀਤ ਸਿੰਘ ਕੱਟੂ**
**ਫੋਨ: +91-70873-20578**


ਲਾਲੀ ਆਖਣ ਲੱਗੇ, "ਦੇਖੋ! ਸਿਧਾਰਥ, ਇਹ ਜੋ ਵਿਸ਼ਨੂਧਰਮੋਤਰ ਪੁਰਾਣ ਹੈ, ਇਹ ਇਸ ਚਰਾਚਰ ਜਗਤ ਦੀ ਮਹਾਕ੍ਰਿਤੀ ਹੈ ਜੋ ਉਸ ਦੀ ਅਸਥੈਟਿਕਸ ਤੇ ਕਲਾ ਦੇ ਬਾਰੇ ਵਿਚ ਗੱਲ ਕਰਦੀ ਹੈ ਤੇ ਇਸ ਦੇ ਅੰਦਰ ਇਕ ਕਥਾ ਹੈ।" ਉਨ੍ਹਾਂ ਨੇ ਮੈਨੂੰ ਕਥਾ ਸੁਣਾਈ। ਉਹ ਛੇ ਲਾਈਨਾਂ ਦੀ ਕਥਾ ਹੈ:

ਕਿਹਾ ਸੰਗੀਤ ਆਚਾਰੀਆ ਨੇ
ਲੈਅ ਸੁਰਤਾਲ ਸਿੱਖਣ ਤੋਂ ਪਹਿਲਾਂ
ਸੁਣਨਾ ਸਿੱਖੋ
ਜਾਉ ਪ੍ਰਕਿਰਤੀ ਦੇ ਕੋਲ
ਠਹਿਰੋ ਸੁਣੋ ਬਾਹਰ ਅੰਦਰ ਆਪਣੇ
ਵੱਜ ਰਿਹਾ ਸਬਦ ਨਾਦ ਅਨਾਦਿ।


ਮੇਰੇ ਲਈ ਇਹ ਕਮਾਲ ਦਾ ਬਚਨ ਸੀ। ਇਨ੍ਹਾਂ ਸ਼ਬਦਾਂ ਨੇ ਮੇਰਾ ਜੀਵਨ ਬਦਲ ਦਿੱਤਾ ਕਿ ਸੁਣਨਾ ਸਿੱਖੋ! ਮਹਾਂ ਧਿਆਨ ਦੀ ਗੱਲ! ਇਹ ਤਾਂ ਉਹੀ ਗੱਲ ਹੋ ਗਈ ਜੋ ਬਾਬਾ ਨਾਨਕ ਕਹਿੰਦੇ ਹਨ- ਨਾਦਯੋਗ ਦੀ ਗੱਲ, ਕਿ ਮਰਦਾਨਿਆ ਬਾਣੀ ਆਈ ਹੈ।

ਇਸ ਤਰ੍ਹਾਂ ਇਸ ਕਾਵਿ-ਕਥਾ ਦਾ ਬੀਜ ਵਿਸ਼ਨੂਧਰਮੋਤਰ ਪੁਰਾਣ ਦੀ ਕਥਾ ਹੈ ਤੇ ਇਸ ਬੀਜ ਦਾ ਬਿਰਖ ਹੈ ਸੋਹਮ। ਇਸ ਪੱਖ ਤੋਂ ਇਹ ਰਚਨਾ ਆਮ ਕਿਤਾਬ ਤੋਂ ਵਧੇਰੇ ਕਾਇਨਾਤ, ਕਲਾ ਤੇ ਕਲਾਕਾਰ ਦੀ ਅਦਵੈਤ ਦੇ ਰਿਸ਼ਤੇ ਦੀ ਕਾਵਿ-ਕਥਾ ਹੈ ਤੇ ਸਿਧਾਰਥ ਦੀ ਹਸਤੀ ਰਿਸ਼ੀਆਂ ਵਰਗੀ ਹੈ ਜੋ ਅਜਿਹੀ ਸਿਰਜਣਾ ਕਰ ਸਕੀ।

ਉਹ ਸੋਹਮ ਦੇ ਨਾਮਕਰਨ ਬਾਰੇ ਦੱਸਦੇ ਹਨ ਕਿ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਸ ਰਚਨਾ ਦਾ ਨਾਮ ਸੋਹਮ ਰੱਖਿਆ ਹੈ। ਸੋਹਮ ਤੋਂ ਮੈਂ ਭਾਵ ਲੈਂਦਾ ਹਾਂ ਕਿ ਸੋ+ਹਮ ਭਾਵ ਜੈਸੇ ਤੁਮ ਵੈਸੇ ਹਮ। ਜਿਵੇਂ ਤੁਸੀਂ ਉਹੀ ਅਸੀਂ। ਜਿਵੇਂ ਇਹ ਈਸ਼ਵਰੀ ਸੱਤਾ ਹੈ, ਮਹਾਂ ਕਲਾਕਾਰੀ ਹੈ। ਇਹ ਚਰਾਚਰ ਜਗਤ ਆਪਣੇ ਆਪ ਵਿਚ ਇਕ ਮਹਾਂ ਉਤਪਤੀ, ਮਹਾਂ ਕਲਾਕਾਰੀ ਹੈ। ਜਿਵੇਂ ਤੁਸੀਂ ਦੇਖਦੇ ਹੋ; ਕਿੰਨੇ ਸੋਹਣੇ ਪਰਬਤ, ਕਿੰਨੀਆਂ ਸੋਹਣੀਆਂ ਨਦੀਆਂ, ਝਰਨੇ, ਆਕਾਸ਼, ਪੰਛੀ, ਛੋਟੇ-ਛੋਟੇ ਜੀਵ-ਜੰਤੂ। ਇਨ੍ਹਾਂ ਦੀ ਸੁੰਦਰਤਾ ਆਪਣੇ ਆਪ ਵਿਚ ਅਪਾਰ ਹੈ। ਇਹ ਸਾਰੇ ਇਕ ਸ੍ਰੋਤ ਅਦਵੈਤਵਾਦ ਵਿਚੋਂ ਉਪਜੇ ਨੇ।




ਚਿੱਤਰਕਾਰ ਸਿਧਾਰਥ ਦੀ ਕਾਵਿ-ਕਿਤਾਬ ਦਾ ਮੁਖੜਾ।



ਚਿੱਤਰਕਾਰ ਸਿਧਾਰਥ

ਇਸ ਅਦਵੈਤਵਾਦ ਨੂੰ ਸਮਝਣ ਲਈ ਰਚਨਾ ਤੇ ਰਚਨਾਕਾਰ ਦੇ ਰਿਸ਼ਤੇ ਦੀ ਅਦਵੈਤ ਨੂੰ ਵੀ ਸਮਝਣਾ ਪਵੇਗਾ। ਸਿਧਾਰਥ ਅਤੇ ਸੋਹਮ ਅਦਵੈਤ ਦੇ ਧਾਰਨੀ ਹਨ। ਸੰਪੇਖ ਵਿਚ ਆਖੀਏ ਤਾਂ ਸਿਧਾਰਥ ਅਜਿਹਾ ਸਿਰਜਣਹਾਰ ਹੈ ਜਿਸ ਨੂੰ ਸਿੱਖ ਫਲਸਫ਼ੇ ਦੀ ਗੁੜ੍ਹਤੀ ਮਿਲੀ, ਬੋਧੀਆਂ ਤੋਂ ਨਾਦ ਯੋਗ, ਅਵਲੋਕੀ ਯੋਗ, ਕਰਮ ਯੋਗ, ਤੰਤਰ ਯੋਗ ਗ੍ਰਹਿਣ ਕੀਤਾ, ਦੁਨੀਆ ਦੇ ਵੱਖ-ਵੱਖ ਕਲਾ-ਮਾਧਿਅਮਾਂ ਬਾਰੇ ਸਿੱਖਿਆ ਤੇ ਉਨ੍ਹਾਂ ਨਾਲ ਸੰਵਾਦ ਰਚਾਇਆ, ਧਰਮਸ਼ਾਲਾ ਵਿਖੇ ਡੋਰਜੀ (ਕਲਾਕਾਰ) ਬਣਿਆ, ਉਹ ਗੁਰੂ ਡੋਰਜੀ ਹੈ।

ਪਤਾ ਨਹੀਂ ਲੱਗਦਾ ਉਸ ਦਾ ਕਿਹੜਾ ਰੰਗ ਕਿੱਥੋਂ ਸ਼ੁਰੂ ਤੇ ਕਿੱਥੇ ਖ਼ਤਮ ਹੋ ਜਾਣਾ ਹੈ। ਇਕ ਚਿੱਤਰਕਾਰ ਡਰਾਇੰਗ ਕਰਦਾ ਹੋਇਆ ਅੱਖਰਕਾਰੀ ਕਰਦਾ ਬੁੱਤਘਾੜਾ, ਵਾਸਤੂਕਲਾ ਦਾ ਮਾਹਿਰ, ਸੰਗੀਤਕਾਰ, ਗਾਇਕ, ਕਵਿਤਾ ਰਚਦਾ ਕਥਾਕਾਰ, ਲਿੱਪੀ ਰਚਦਾ ਹੈ, ਵੱਖ ਵੱਖ ਭਾਸ਼ਾਵਾਂ ਬੋਲਦਾ ਅਨੁਵਾਦਕ ਹੈ, ਫਿਲਮਕਾਰ ਹੈ ਤੇ ਖ਼ੁਦ ਰੰਗ ਤਿਆਰ ਕਰਦਾ ਰਸਾਇਣ ਵਿਗਿਆਨੀ ਲੱਗਦਾ ਹੈ।

ਸਿਧਾਰਥ ਦੇ ਚਿੰਤਨ ਤੇ ਕਲਾ ਵਿਚ ਬ੍ਰਹਿਮੰਡੀ ਚੇਤਨਾ ਹੁੰਦੀ ਹੈ। ਉਸ ਦੀ ਸਿਰਜਣਾ ਵਿਚਲੇ ਪਾਤਰ, ਇਨਸਾਨ ਬ੍ਰਹਿਮੰਡ ਨਾਲ ਇਕ-ਮਿਕ ਹਨ, ਇਹ ਔਰਤ-ਮਰਦ ਦੀ ਵੰਡ ਤੋਂ ਪਾਰ ਦੀਆਂ ਸ਼ਕਲਾਂ ਦੇ ਧਾਰਨੀ ਹਨ। ਇਨ੍ਹਾਂ ਉਪਰ ਪੂਰਾ ਬ੍ਰਹਿਮੰਡ ਚਿਤਰਿਆ ਮਿਲਦਾ ਹੈ। ਇਹ ਉਹ ਆਕਾਰ ਲੋਕ ਹਨ ਜੋ ਪਾਰ ਤੋਂ ਸ਼ਾਂਤੀ ਦਾ ਮਹਾਂ ਸੰਦੇਸ਼ ਲੈ ਕੇ ਆਏ ਤੇ ਕਹਿੰਦੇ ਜੋ ਬ੍ਰਹਿਮੰਡੇ ਸੋਈ ਪਿੰਡੇ।


ਅਜਿਹੇ ਬ੍ਰਹਿਮੰਡੀ ਅਨੁਭਵ ਵਾਲਾ ਸਿਰਜਕ ਹੀ ਅਜਿਹੀ ਸਿਰਜਣਾ ਕਰ ਸਕਦਾ ਹੈ। ਇਸ ਲਈ ਇਹ ਰਚਨਾ ਮਹਾਂ ਰਿਸ਼ੀਆਂ ਦੀਆਂ ਰਚਨਾਵਾਂ ਦੀ ਨਿਰੰਤਰਤਾ ਦੀ ਕੜੀ ਹੈ।

ਸੁਰਜੀਤ ਪਾਤਰ ਨੇ ਇਸ ਰਚਨਾ ਬਾਰੇ ਲਿਖਿਆ ਹੈ ਕਿ ਸਿਧਾਰਥ ਨੇ ਇਸ ਕਥਾ ਵਿਚ ਕਲਾ ਦੇ ਦ੍ਰਿਸ਼ਟਾਂਤ ਨਾਲ ਪੂਰੀ ਕਾਇਨਾਤ ਦੀ ਕਹਾਣੀ ਕਹਿ ਦਿੱਤੀ। ਕਾਇਨਾਤ ਅਤੇ ਕਾਇਆ ਦਾ ਰਿਸ਼ਤਾ ਸਮਝਾ ਦਿੱਤਾ। ਆਪਣੀ ਦੇਹੀ ਦੇ ਸਾਜ਼ ਨੂੰ ਅਨਹਤ ਨਾਦ ਨਾਲ ਸੁਰ ਕਰਨ ਦੀ ਸਾਧਨਾ ਸਿਖਾ ਦਿੱਤੀ।

ਇਹ ਕਥਾ ਇਕ ਯਾਤਰਾ ਹੈ। ਕਲਾ-ਸਾਧਕਾਂ ਲਈ ਇਹ ਪ੍ਰਥਮ ਪਾਠ-ਪੁਸਤਕ ਹੋਣੀ ਚਾਹੀਦੀ ਹੈ ਤੇ ਇਸ ਨੂੰ ਪੜ੍ਹਦਿਆਂ ਕਲਾ ਦੇ ਅਰਥ ਵੀ ਪਰੰਪਰਕ ਅਰਥਾਂ ਦੀਆਂ ਰੇਖਾਵਾਂ ਤੋਂ ਮੁਕਤ ਹੋ ਜਾਂਦੇ ਹਨ।

ਸ਼ਬਦ ਪੱਤਿਆਂ ਵਾਂਗ ਪੁੰਗਰਦੇ ਹਨ
ਰੇਖਾਵਾਂ ਨ੍ਰਿਤ ਵਾਂਗ ਉੱਠਦੀਆਂ ਹਨ
ਰੰਗ ਆਲਾਪ ਵਾਂਗ
ਤੇ ਜੇ ਬਹੁਤੀ ਮਿਹਰ ਹੋ ਜਾਵੇ
ਤਾਂ ਬਕੌਲ ਕਬੀਰ ਜੀ:
ਸਬ ਰਗ ਤੰਤ, ਰਬਾਬ ਤਨ...
ਵਾਵਣਹਾਰੇ ਖ਼ੁਦ ਸਾਜ਼ ਹੋ ਜਾਂਦੇ ਹਨ।

'ਸੋਹਮ' ਵਿਚ ਕਾਇਨਾਤ, ਕਲਾ ਤੇ ਕਲਾਕਾਰ ਦੀ ਅਦਵੈਤ ਦੇ ਰਿਸ਼ਤੇ ਦੀ ਕਾਵਿ-ਕਥਾ ਹੈ। ਇਹ ਅਦਵੈਤਦਾਵੀ ਰਿਸ਼ਤੇ ਦਾ ਮਹਾਂਕਾਵਿ ਹੈ ਕਿਉਂਕਿ ਇਹ ਆਧੁਨਿਕ ਕਲਾ-ਅਲੋਚਕਾਂ ਦੇ ਚੌਖਟਿਆਂ ਤੋਂ ਪਾਰ ਦੀ ਰਚਨਾ ਹੈ। ਸਿਧਾਰਥ ਦੀ ਕਿਤਾਬ 'ਸੋਹਮ' ਮੂਲ ਰੂਪ ਵਿਚ ਹਿੰਦੀ ਵਿਚ ਲਿਖੀ ਗਈ ਹੈ ਅਤੇ ਪੰਜਾਬੀ ਭਾਵ-ਅਨੁਵਾਦ ਡਾ. ਅਕਾਲ ਅੰਮ੍ਰਿਤ ਕੌਰ ਨੇ ਕੀਤਾ ਹੈ। 'ਸੋਹਮ' ਦੇ ਪੰਜਾਬੀ ਰੂਪ ਨੂੰ ਸੰਦੀਪ ਸਿੰਘ, ਹਰਦੀਪ ਸਿੰਘ ਅਤੇ ਮਨਦੀਪ ਮਨੂ ਦੀ ਕਲਾਕਾਰ ਤਿੱਕੜੀ ਨੇ ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ ਰਾਹੀਂ ਪੰਜਾਬੀ ਵਿਚ ਪ੍ਰਕਾਸ਼ਿਤ ਕੀਤਾ ਹੈ। ਇਸ ਰਚਨਾ 'ਚੋਂ ਗੁਜ਼ਰਦਿਆਂ ਕਾਇਆ ਕੁਦਰਤ ਹੋ ਜਾਂਦੀ ਹੈ ਤੇ ਕੁਦਰਤ ਕਲਾ।





ਚਿੱਤਰਕਾਰ ਸਿਧਾਰਥ ਦੇ ਕਵਿਤਾਵਾਂ ਵਰਗੇ ਤਿੰਨ ਚਿੱਤਰ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਫਰਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-626



ਬੋਲਦੀ ਹੈ ਤਸਵੀਰ ਮੂੰਹੋਂ ਖ਼ੁਦ, ਨਹੀਂ ਕਹਿਣ ਦੀ ਕੋਈ ਬਾਤ ਹੈ,
ਪਰਿਵਾਰ ਦਾ ਝੱਖੜ ਸਿਆਲੀਂ, ਇੰਞ ਹੀ ਕੱਟਦਾ ਦਿਨ ਰਾਤ ਹੈ।
ਉੱਤਲੀ ਛੱਤ 'ਤੇ ਚੜ੍ਹ ਹੈ ਬੈਠਾ, ਤਕਦੀਰਾਂ ਕੋਸਦਾ ਇਨਸਾਨ ਹੈ,
ਬੱਸ ਵਾਂਗ ਕੀੜੇ ਮਕੌੜਿਆਂ ਦੇ, ਰੀਂਗ ਰੀਂਗ ਪਲ਼ਦਾ ਦੇਸ਼ ਮਹਾਨ ਹੈ।

### ਕੈਪਸ਼ਨ ਮੁਕਾਬਲਾ-624



ਭੋਲ਼ੇ ਭਾਲ਼ੇ, ਚਿੱਟੇ ਕਾਲ਼ੇ
ਸਭ ਦੇ ਮਨ ਨੂੰ ਭਾਵਣ।
ਖੜ੍ਹੇ ਕੰਨ 'ਤੇ ਹਰ ਦਮ ਫੁਰਤੀ
ਖਤਰਾ ਦੇਖ ਟਪੂਸੀ ਲਾਵਣ।
ਵੱਸ ਨਾ ਚੱਲੇ ਜੇਕਰ ਕੋਈ
ਭਾਲ਼ ਅੜਤਲ਼ਾ ਲੁਕਦੇ ਜਾਵਣ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਸਦਕੇ ਜਾਵਾਂ ਕੁਦਰਤ ਤੈਥੋਂ
ਤੱਕ ਇਹ ਖਰਗੋਸ਼ਾਂ ਦਾ ਜੋੜਾ
ਉਮਰ ਘੜੀਆਂ ਪਲ ਦੀ ਦਿੱਤੀ
ਖੂਬਸੂਰਤੀ ਦਾ ਨਾ ਤੋੜਾ।
ਚੁਸਤੀ ਫੁਰਤੀ ਜਿਸਮਾਨੀ ਦਿੱਤੀ
ਦਿਲ ਦਿੱਤਾ ਏ ਸੌੜਾ
ਨੱਚਦੇ ਟੱਪਦੇ ਖੁਸ਼ੀਆਂ ਮਾਨਣ
ਪੈਂਡਾ ਕੀ ਬਹੁਤਾ ਕੀ ਥੋੜ੍ਹਾ।
***-ਹਰਜੋਤ ਕੌਰ ਮਹੇਸ਼ਪੁਰਾ***

---

ਮਨ ਪਸੰਦੀ ਖੁਰਾਕ ਹੈ ਖਰਗੋਸ਼ਾਂ ਦੀ,
ਗਾਜਰਾਂ ਦੇ ਖੇਤ ਵਿਚ
ਮਸਤੀਆਂ ਕਰਦੇ।
ਬਿੜਕਾਂ ਲੈਂਦੇ ਅਜਨਬੀਆਂ ਦੀਆਂ,
ਅੱਖਾਂ ਕੰਨਾਂ ਤੋਂ ਸੁਚੇਤ,
ਪਰ ਫਿਰ ਵੀ ਡਰਦੇ।
ਰੂੰ ਦੇ ਗੋਹੜਿਆਂ ਵਾਂਗੂੰ ਲੱਗਣ,
ਕੁਦਰਤ ਦੇ ਸੁੰਦਰ ਜੀਵ ਵਿਚਾਰੇ।
ਟਪੂਸੀਆਂ ਮਾਰ ਮਨਚਲੀਆਂ ਕਰਨ,
ਲੱਗਦੇ ਬੜੇ ਪਿਆਰੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਹਰ ਜੀਵ ਦੀ ਲੋੜ ਹੈ ਕੁਦਰਤੀ
ਬਿਨ ਸਲਾਹਿਆਂ
ਮਨੁੱਖਤਾ ਨਹੀਂ ਰਹਿ ਸਕਦੀ।
ਨੱਚਦੇ ਟੱਪਦੇ ਮਾਰ ਟਪੂਸੀਆਂ
ਛੱਡ ਜਾਂਦੇ ਕੋਹਾਂ ਦੂਰ ਸ਼ਿਕਾਰੀਆਂ ਨੂੰ
ਰੱਖਦੇ ਕੰਨ ਖੜੇ
ਭਾਂਪ ਸਕਣ ਪਿੱਛਾ ਕਰ ਰਿਹਾਂ ਨੂੰ
ਕਹਾਵਤ ਸਹੇ ਵਾਂਗ ਕੰਨ ਖੜੇ
ਜੱਟ ਸਹੇ ਤੋਂ ਨਹੀਂ ਪੈਹੇ ਤੋਂ ਡਰਦਾ
ਤਕਦਿਆਂ ਕੁਦਰਤ ਦਾ ਜਲਵਾ
ਕੱਢ ਕਲੇਜਾ ਲੈ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
*ਫੋਨ: 847-359-0746*

# ਸੁਖ਼ਨਵਰ ਪੰਜਾਬ ਸ਼ਿਕਾਗੋ ਵੱਲੋਂ ਪੰਜਾਬੀ ਜ਼ਬਾਨ ਨੂੰ ਸਮਰਪਿਤ ਆਲਮੀ ਪੰਜਾਬੀ ਮੁਸ਼ਾਇਰਾ

**ਸ਼ਿਕਾਗੋ:** ਸੁਖ਼ਨਵਰ ਪੰਜਾਬ ਸਾਹਿਤਕ ਸੰਸਥਾ ਨੇ ਲੰਘੀ 3 ਫ਼ਰਵਰੀ ਨੂੰ ਆਲਮੀ ਮੁਸ਼ਾਇਰਾ ਆਯੋਜਿਤ ਕਰ ਕੇ ਸਾਬਿਤ ਕਰ ਦਿੱਤਾ ਕਿ ਸੰਸਥਾ ਆਪਣੇ ਫਰਜ਼ਾਂ ਪ੍ਰਤੀ ਗੰਭੀਰ ਹੈ। ਮੁਸ਼ਾਇਰੇ ਵਿਚ ਵੱਖ-ਵੱਖ ਦੇਸ਼ਾਂ ਤੋਂ ਪੰਜਾਬੀ ਦੇ ਉੱਘੇ ਸ਼ਾਇਰ ਅਤੇ ਸ਼ਾਇਰਾਤ ਨੇ ਸ਼ਿਰਕਤ ਕੀਤੀ। ਸੁਖ਼ਨਵਰ ਪੰਜਾਬ ਸ਼ਿਕਾਗੋ ਨੇ ਫਰਵਰੀ ਮਹੀਨਾ ਜੋ ਪੰਜਾਬੀ ਜ਼ਬਾਨ ਨੂੰ ਸਮਰਪਿਤ ਹੈ, ਉਸਦਾ ਸੁਆਗਤ ਇਸ ਆਲਮੀ ਮੁਸ਼ਾਇਰੇ ਨਾਲ ਕੀਤਾ ਹੈ। ਸੰਸਥਾ ਦੇ ਪ੍ਰਧਾਨ ਆਬਿਦ ਰਸ਼ੀਦ ਨੇ ਫਰਵਰੀ ਮਹੀਨੇ ਨੂੰ ਪੰਜਾਬੀ ਮਹੀਨਾ ਘੋਸ਼ਿਤ ਕਰਨ ਲਈ ਅਮਰੀਕਾ ਸਰਕਾਰ ਦੀ ਦਿਲੋਂ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਆਪਸੀ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੋਵੇਗੀ। ਪੰਜਾਬੀ ਜ਼ਬਾਨ ਲੋਕਾਂ ਵਿਚ ਹੋਰ ਵੀ ਹਰਮਨ ਪਿਆਰੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਦਾ ਸਾਹਿਤ ਬਹੁਤ ਅਮੀਰ ਹੈ ਤੇ ਇਸ ਜ਼ਬਾਨ ਵਿਚ ਬਹੁਤ ਵੱਡੇ ਅਦੀਬ ਸ਼ਾਇਰ ਹੋਏ ਹਨ। ਇਸ ਮੁਸ਼ਾਇਰੇ ਦੀ ਪ੍ਰਧਾਨਗੀ ਪੰਜਾਬੀ ਦੇ ਮਸ਼ਹੂਰ ਸ਼ਾਇਰ ਇਰਫਾਨ ਸਾਦਿਕ ਸਾਹਿਬ ਨੇ ਕੀਤੀ। ਸੁਖ਼ਨਵਰ ਪੰਜਾਬ ਅਤੇ ਸੁਖ਼ਨਵਰ ਸ਼ਿਕਾਗੋ ਦੇ ਪ੍ਰਧਾਨ ਜਨਾਬ ਆਬਿਦ ਰਸ਼ੀਦ ਇਸ ਪ੍ਰੋਗਰਾਮ ਦੇ ਮੇਜ਼ਬਾਨ ਸਨ। ਸ਼ਾਇਰਾ ਤਾਹਿਰਾ ਰਿਦਾ ਨੇ ਇਸ ਆਲਮੀ ਮੁਸ਼ਾਇਰੇ ਦਾ ਸੰਚਾਲਨ ਬੜੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666


Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes

Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

## ਜੋਗੀਆ ਕੁੜਤੇ ਦੀਆਂ ਚਾਬੀਆਂ

*(ਸਫਾ 17 ਦੀ ਬਾਕੀ)*

ਦੀ ਇਕ ਹਵੇਲੀ-ਨੁਮਾ ਲੋਕੇਸ਼ਨ 'ਚ ਬੈਠੇ ਸੰਤ ਸੰਗੀਤਕਾਰ ਦੀ ਸ਼ੂਟਿੰਗ ਕੀਤੀ। ਫੋਲਡ ਬੈਕ ਤੇ ਆਡੀਓ ਪਲੇਅ ਕੀਤਾ-

-ਪ੍ਰੇਮ ਜੋਗਨ ਬਨ ਜਾਊਂ, ਸਈਆਂ ਤੋਰੇ ਕਾਰਨ

ਭਈ ਬੈਰਾਗਨ ਤੋਰੇ ਕਾਰਨ...

ਅੱਧੇ ਯੂਨਿਟ ਨੂੰ ਸ਼ੂਟਿੰਗ ਦਾ ਖਿਆਲ ਭੁੱਲ ਗਿਆ, ਸਭ, ਸੰਗੀਤਕਾਰ ਦੀ ਸੰਘਣੇ ਹਨੇਰੇ ਦੀਆਂ ਜੂਹਾਂ ਪਾਰ ਕਰਦੀ ਰੂਹਾਨੀ ਆਵਾਜ਼ ਅੰਦਰ ਗੁਆਚ ਗਏ। ਫਿਲਮ ਨੂੰ ਸੰਗੀਤਕਾਰ ਦੇ ਇਸ ਦ੍ਰਿਸ਼ ਨੇ ਨਵਾਂ ਮੋੜ ਦੇ ਦਿੱਤਾ।

ਸੰਗੀਤਕਾਰ ਦਾ ਅਸਲੀ ਖ਼ਜ਼ਾਨਾ ਤਾਂ ਸੰਗੀਤਕਾਰ ਦੇ ਆਪਣੇ ਅੰਦਰ ਹੀ ਪਿਆ, ਯੂਟਿਊਬ ਜਾਂ ਲੋਕਾਂ ਕੋਲ ਨਹੀਂ। ਅਗਲੀ ਵਾਰ ਇਸ ਸੰਗੀਤਕਾਰ ਦੀ ਰੂਹ ਦੀ ਆਵਾਜ਼ ਦੇ ਸ਼ਬਦ/ਸੂਫ਼ੀਆਨਾ ਨਗ਼ਮੇ ਰੀਕਾਰਡ ਕਰਨ ਦੇ ਖਿਆਲ ਨਾਲ ਮੈਂ ਕੈਨੇਡਾ ਵਾਪਸ ਚਲਾ ਗਿਆ। ਇਸ ਵਾਰ ਸੰਗੀਤਕਾਰ, ਗੱਲ ਗੱਲ 'ਤੇ ਐਂਵੇਂ ਯਾਦ ਆਈ ਜਾਵੇ। ਮਨ ਕੁਟੀਆ ਵੱਲ ਨੂੰ ਦੌੜੇ। ਸੰਤ ਵਾਜਾਂ ਮਾਰਨ। ਬੇਸਮੈਂਟ 'ਚ, ਕੁਟੀਆ 'ਤੇ ਲਿਖੀ ਪੁਰਾਣੀ ਕਵਿਤਾ ਖੋਲ੍ਹ ਕੇ ਬੈਠ ਗਿਆ- ਇਸ ਕੁਟੀਆ ਮੇਰਾ ਆਉਣਾ ਜਾਣਾ ਕਈ ਜਨਮਾਂ ਤੋਂ!' ਕਵਿਤਾ ਅਜੇ ਅੱਧ ਵਿਚਕਾਰ ਈ ਸੀ ਕਿ ਕੈਨੇਡਾ ਦੀ ਬੇਸਮੈਂਟ 'ਚ ਅੱਧੀ ਰਾਤੇ ਉਸੇ ਸੁਨੱਖੀ ਬਾਵਰੀ ਚਿੱਤਰਕਾਰ ਦਾ ਵਟਸਐਪ ਮੈਸੇਜ, ਅਸਮਾਨੀ ਬਿਜਲੀ ਵਾਂਗ, ਮੋਬਾਈਲ ਅੰਦਰ ਲਿਸ਼ਕਿਆ- "ਸੰਤ ਸਤਨਾਮ ਸਿੰਘ ਨਹੀਂ ਰਹੇ। ਦਿਲ ਦਾ ਦੌਰਾ ਪੈਣ ਨਾਲ ਮੌਤ।" ਮੇਰੀ ਬੇਸਮੈਂਟ ਹਿੱਲ ਗਈ। ਕੁਟੀਆ 'ਤੇ ਲਿਖੀ ਕਵਿਤਾ ਕੰਬ ਗਈ। ਸਾਰੀ ਰਾਤ ਮੈਂ ਬੇਸਮੈਂਟ ਦੀ ਛੱਤ ਨਾਲ ਚਿੰਮੜੇ ਹਨੇਰੇ ਨੂੰ ਖੁਰਚਦਾ ਰਿਹਾ। ਸੰਤਾਂ ਦਾ ਗਾਇਆ ਕਬੀਰ ਯਾਦ ਆਇਆ-

' ਕਬੀਰ ਸੰਤ ਮੁਏ ਕਿਆ ਰੋਈਏ, ਜੋ ਅਪਨੇ ਗ੍ਰਿਹ ਜਾਇ

ਰੋਵੋ ਸਾਕਿ ਸਵੋਪਰੇ, ਜੋ ਹਾਟੇ ਹਾਟ ਬਿਕਾਏ ॥'

ਸੰਗੀਤਕਾਰ ਲੰਮੀ ਯਾਤਰਾ 'ਤੇ ਨਿਕਲ ਗਿਆ। ਕਹਾਣੀ ਖ਼ਤਮ। ਪਰ ਨਹੀਂ, ਕਹਾਣੀ ਤਾਂ ਮੌਤ ਤੋਂ ਬਾਅਦ ਸ਼ੁਰੂ ਹੁੰਦੀ।

ਮੈਂ ਕੈਨੇਡਾ ਤੋਂ ਵਾਪਸ ਮੁੜਿਆ ਤਾਂ ਮੇਰਾ ਜਲੰਧਰ ਇਸ ਵਾਰ ਅੱਧਾ ਰਹਿ ਗਿਆ!

ਕੁਟੀਆ ਵੱਲ ਜਾਣ ਨੂੰ ਦਿਲ ਔਹੜਿਆ, ਕਦਮ ਠਿਠਕ ਗਏ। ਇਮਾਰਤਾਂ ਨੂੰ ਮਿਲਣ ਦਾ ਕੀ ਅਰਥ?

ਸੰਗੀਤਕਾਰ ਦੇ ਆਖਰੀ ਵਕਤ ਜਿਹੜਾ 'ਸ਼ਿਸ਼' ਨਾਲ ਸੀ ਉਸ ਨਾਲ ਅਚਾਨਕ ਮੇਲ ਹੋ ਗਿਆ। ਉਸਨੇ ਦੱਸਿਆ ਇਕ ਦਿਨ ਪਹਿਲਾਂ ਅਚਾਨਕ ਸੰਤਾਂ ਦਾ ਫੋਨ ਆ ਗਿਆ-ਚਲੋ! ਦਿੱਲੀ ਜਾਣਾ। ਤਿਆਰ ਹੋ ਪਏ। ਗੱਡੀ ਫੜ ਲਈ ਦਿੱਲੀ ਦੀ। ਦੋ ਚੇਲੇ, ਇਕ ਸੰਤ। ਕਿਸੇ ਵਾਕਫ ਦੇ ਘਰ ਦੋ ਰਾਤਾਂ ਰਹੇ। ਵਾਪਸ ਮੁੜਨ ਲਈ ਗੱਡੀ ਚੜ੍ਹੇ। ਸੰਤਾਂ ਦੀ ਤਬੀਅਤ ਖਰਾਬ ਹੋ ਗਈ। ਉਲਟੀਆਂ ਬੇਹੋਸ਼ੀ। ਚੇਲੇ ਨੇ ਕਿਹਾ-ਡਾਕਟਰ ਕੋਲ ਚੱਲੀਏ?

-ਖ਼ਬਰਦਾਰ ਜੇ ਮੈਨੂੰ ਕਿਧਰੇ ਲੈ ਕੇ ਗਿਆ। ਚਲੋ ਕੁਟੀਆ।" ਚਲਦੀ ਗੱਡੀ 'ਚ ਸੰਤ ਸ਼ੇਰ ਬਣ ਗਰਜੇ। ਸ਼ੇਰ-ਸੰਤ ਨੂੰ ਦਿਲ ਦਾ ਦੌਰਾ ਪਿਆ। ਬੇਹੋਸ਼। ਲੋਕਾਂ ਲੁਧਿਆਣੇ ਹਸਪਤਾਲ ਲੈ ਆਂਦਾ। ਡਾਕਟਰ ਨੇ ਸ਼ਿਸ਼ ਨੂੰ ਕਿਹਾ- ਕਾਕਾ, ਤੇਰੇ ਸਾਹਮਣੇ ਦਿਲ ਦਾ ਦੌਰਾ ਪਿਆ ਤੂੰ ਉਸੇ ਵੇਲੇ ਡਾਕਟਰ ਕੋਲ ਲੈ ਕੇ ਜਾਂਦਾ ਇਹਨਾਂ ਨੂੰ।' ਨੱਕ ਮੂੰਹ 'ਚ ਲੱਗੀਆਂ ਨਾਲੀਆਂ ਸਮੇਤ ਸੰਤ ਉੱਠ ਖਲੋਏ - ਖ਼ਬਰਦਾਰ, ਜੇ ਏਸ ਮੁੰਡੇ ਨੂੰ ਕੁਝ ਕਿਹਾ ਤਾਂ!' ਤੇ ਸੰਤਾਂ ਨੇ ਸੀ.ਐਮ.ਸੀ. ਲੁਧਿਆਣੇ ਦਮ ਤੋੜ ਦਿੱਤਾ। ਦਮ ਤਾਂ ਉਹ ਕੁਟੀਆ ਈ ਤੋੜ ਆਇਆ ਸੀ। ਦਿੱਲੀਓਂ ਕਾਹਲੀ ਨਾਲ ਕੁਟੀਆ ਦਮ ਤੋੜਨ ਈ ਤਾਂ ਆਇਆ ਸੀ ਇਸ ਵਾਰ ਜੋਗੀ। ਸਵੈ-ਇੱਛਾ। ਫੋਨ 'ਤੇ ਹੰਝੂ ਕੇਰਦੀ ਚਿੱਤਰਕਾਰ ਨੇ ਦੱਸਿਆ- ਮੈਂ ਸੰਤਾਂ ਦੀ ਮੋਈ ਦੇਹ ਨੂੰ ਦੇਖਿਆ। ਜਿਸ ਸਰੀਰ ਨੂੰ ਮੈਂ ਕਦੀ ਨਹੀਂ ਸੀ ਛੋਹਿਆ, ਉਸ ਦੇਹ ਨੂੰ ਛੋਹ ਕੇ ਦੇਖਿਆ। ਮੈਂ ਜਿਸ ਜਿਸਮ, ਰੂਹ, ਸੰਪੂਰਨ ਸ਼ਖ਼ਸ ਨੂੰ ਜੀਂਦੇ ਨੂੰ ਛੋਹ ਕੇ ਵੇਖਣਾ ਚਹੁੰਦੀ ਸਾਂ, ਉਸਦੀ ਮੋਈ ਵਿਸ਼ਾਲ ਦੇਹ ਮੇਰੇ ਹੱਥਾਂ 'ਚ ਠੰਡੀ ਹੋਈ ਪਈ ਸੀ। ਮੇਰੇ ਚਿੱਤਰਕਾਰ-ਪੋਟਿਆਂ ਦਾ ਲਹੂ ਉਸਨੂੰ ਜੀਉਂਦਾ ਮਹਿਸੂਸ ਕਰ ਰਿਹਾ ਸੀ। ਮੈਂ ਸੰਤਾਂ ਦੇ ਪੈਰ ਛੂਹੇ। ਮੈਂ ਜੋਗੀ ਦੇ ਕੇਸਾਂ 'ਚ ਆਪਣੇ ਪੋਟੇ ਘੁਮਾਏ। ਸਹਿਲਾਇਆ। 'ਜੋਗੀ ਦੇ ਕਿੰਨੇ ਸੋਹਣੇ ਕੇਸ, ਕੇਸ ਕੁੜੇ! ਦਹੀਆਂ ਕਟੋਰੇ ਜੋਗੀ ਨ੍ਹਾਂਵਦਾ ... ਜਾ ਬੈਠਾ ਪ੍ਰਦੇਸ, ਪ੍ਰਦੇਸ ਕੁੜੇ, ਜੋਗੀ ਦੇ ਕਿੰਨੇ ਸੋਹਣੇ ਕੇਸ...!' ਮੈਂ ਆਪਣੇ ਹੰਝੂਆਂ ਦੀ ਝੜੀ ਹੇਠ ਸੰਤਾਂ ਦੀ ਅੰਤਮ ਦੇਹ ਸਾਹਮਣੇ ਬੈਠੀ ਸਾਂ। ਬੇਵੱਸ! ਮੈਂ ਸੰਤਾਂ ਨੂੰ ਪਿਆਰ ਕਰਦੀ ਸਾਂ। ਮੇਰੇ ਕੋਲ ਹੌਸਲਾ ਨਹੀਂ ਸੀ ਉਨ੍ਹਾਂ ਨੂੰ ਜੀਉਂਦੇ ਜੀ ਦੱਸਣ ਦਾ।' ਬਾਵਰੀ ਚਿੱਤਰਕਾਰ ਦਾ ਹਉਕਾ, ਸੰਗੀਤਕਾਰ ਦੀ ਸੁੰਨੀ ਕੁਟੀਆ ਜਾ ਪੁੱਜਾ।

ਆਖਰੀ ਵਕਤ ਨਾਲ ਵਾਲੇ ਸ਼ਿਸ਼ ਨੇ ਸੰਤਾਂ ਕੋਲੋਂ ਆਖਰੀ ਸੁਆਲ ਜੋ ਪੁੱਛਿਆ, ਉਹ ਸੀ- 'ਗੁਰੂ ਜੀ ਸੰਤ ਕਿਵੇਂ ਬਣਿਆ ਜਾ ਸਕਦਾ?'

ਜਿਹੜਾ ਸੰਤਾਂ ਦਾ ਆਖਰੀ ਜੁਆਬ ਸੀ, ਉਹ ਸੀ- 'ਸਿਰਫ ਔਰਤ, ਬੰਦੇ ਨੂੰ ਸੰਤ ਬਣਾ ਸਕਦੀ।'

ਸੰਗੀਤਕਾਰ ਦਾ ਸ਼ਿਮਲੇ ਰੀਕਾਰਡ ਹੋਇਆ ਫਰੀਦ ਯਾਦ ਆਇਆ- ਨਾਲ ਪਿਆਰੇ ਨੇਹੁ...। ਸੰਤਾਂ ਨੂੰ ਦੁਬਾਰਾ ਦੇਖਣ ਨੂੰ ਦਿਲ ਆਇਆ। ਬਹੁਤ ਕੋਸ਼ਿਸ਼ਾਂ ਬਾਅਦ ਸ਼ਿਮਲੇ ਵਾਲੀ ਰੀਕਾਰਡਿੰਗ ਮਿਲ ਗਈ। ਯੂ-ਟਿਊਬ 'ਤੇ ਉਪਲਬਧ ਕਰਵਾ ਦਿੱਤੀ। (ਹੇਠਾਂ ਦਰਜ ਲਿੰਕ ਦੇਖੋ)

ਰੀਕਾਰਡਿੰਗ ਬਾਰ ਬਾਰ ਸੁਣੀ। ਸ਼ਿਮਲੇ ਲਾਈਵ ਟੈਲੀਕਾਸਟ ਵੇਲੇ ਸੰਗੀਤਕਾਰ ਦਾ ਗਾਇਆ ਫਰੀਦ ਸੁਣ ਕੇ ਜਿਹੜਾ ਹੰਝੂ ਮੇਰੀ ਅੱਖ 'ਚੋਂ ਕਿਰਿਆ ਸੀ, ਉਹੀ ਅੱਜ ਫੇਰ ਕਿਰਿਆ। ਇਹ ਹੰਝੂ ਸੰਗੀਤਕਾਰ ਦੀ ਉਪਜ ਸੀ ਕਿ ਸੰਤ ਦੀ? ਕਿ ਮੀਂਹ 'ਚ ਭਿੱਜਦੀ ਕੰਬਲੀ ਦੀ ਕੰਪਨ? ਕਿ ਸ਼ਾਇਰ ਫਰੀਦ ਦੀ ਸ਼ਾਇਰੀ ਦਾ ਕ੍ਰਿਸ਼ਮਾ? ਕਿ ਮੇਰਾ ਆਪਣਾ ਦੁੱਖ ਅਟਕਿਆ ਹੋਇਆ ਸਦੀਆਂ ਤੋਂ ਮੇਰੀਆਂ ਰਗਾਂ ਅੰਦਰ? ਹੰਝੂ ਕੁਟੀਆ ਅੰਦਰ ਛਿਪਿਆ ਕਿ ਕੁਟੀਆ ਇਸ ਅਗੰਮੀ ਹੰਝੂ ਅੰਦਰ ਬੰਦ? ਇਸ ਰਹੱਸ ਦੀ ਬੁਨਿਆਦ ਕੀ ਹੈ? ਬੁਨਿਆਦੀ ਸੁਆਲ ਹੈ ਕੀ ਆਖ਼ਰ?

ਇਕ ਦੁਪਹਿਰ, ਕੁਟੀਆ ਵਾਜਾਂ ਮਾਰਨ ਲੱਗ ਪਈ। ਜਿਸ ਲੇਖਕ ਨਾਲ ਸੰਤ ਪਹਿਲੀ ਵਾਰ ਮੇਰੇ ਦਫਤਰੀ-ਕਮਰੇ 'ਚ ਮਿਲੇ ਸਨ ਤੇ ਖ਼ੁਸ਼ਕ ਪੱਤਿਆਂ ਵਾਲੇ ਪਿੱਪਲ ਨੂੰ ਮੀਂਹ ਨਾਲ ਲਿਸ਼ਕਣ ਲਾ ਗਏ ਸਨ, ਉਸੇ ਮਿੱਤਰ ਪੰਜਾਬੀ ਲੇਖਕ ਨੂੰ ਨਾਲ ਲੈ, ਮੈਂ ਕੁਟੀਆ ਜਾ ਪੁੱਜਾ। ਸਿੱਧੇ ਕੁਟੀਆ ਦੇ ਕੋਠੇ ਚੜ੍ਹ ਗਏ। ਕੋਠੇ ਦੀਆਂ ਪੌੜੀਆਂ ਚੜ੍ਹਦਿਆਂ ਮੈਨੂੰ ਠੁਮਰੀ ਦਾਦਰਾ ਸੁਣਨ ਲੱਗ ਪਏ। ਲੱਗਾ ਜਿਵੇਂ ਲਖਨਊ ਦੇ ਕਿਸੇ 'ਕੋਠੇ' ਆ ਗਿਆ ਹੋਵਾਂ। ਤਬਲੇ, ਸਾਰੰਗੀਆਂ ਘੁੰਗਰੂਆਂ ਦੀ ਆਵਾਜ਼ ਗੂੰਜਣ ਲੱਗ ਪਈ। ਕੁਟੀਆ ਕਿਸੇ ਪੁਰਾਤਨ ਹਵੇਲੀ ਵਾਂਗ ਗੂੰਜਣ ਲੱਗ ਪਈ। ਜਿਵੇਂ ਪੁਰਾਤਨ ਰੂਹਾਂ ਉਡਦੀਆਂ ਹੋਣ ਖੰਡਰਾਂ ਅੰਦਰ ! ਨਵਾਬ ਵਾਜਦ ਅਲੀ ਦੀ ਠੁਮਰੀ ਗੂੰਜੀ- ਬਾਬਲ ਮੋਰੋ ਨੇਹੀਯਰ ਛੂਟੋ ਜਾਇ।' ਸੰਤ ਆਪਣੇ ਬੰਦ ਕਮਰੇ 'ਚੋਂ ਹੱਸਦੇ ਸੁਣਨ ਲੱਗ ਪਏ। ਸੰਗੀਤਕਾਰ ਦਾ ਅਜਬ ਗਾਇਆ ਸ਼ਾਹ ਮੁਹੰਮਦ ਗੂੰਜਿਆ-

'ਜਿੰਦੇ ਨੀ ਤੇਰਾ ਕੋਈ ਨਾਹੀਂ, ਐਵੇਂ ਕੂੜ ਹਵੇਲੀਆਂ ਮੱਲੀਆਂ ਨੀ....

ਚਰਖੇ ਤੰਦ ਨਾ ਪਾਵਣਾ ਮਿਲੂ ਤੈਨੂੰ, ਜਦ ਕੰਤ ਨੇ ਚਿੱਠੀਆਂ ਘੱਲੀਆਂ ਨੀ...

ਸਦਾ ਨਹੀਂ ਇਹ ਦੌਲਤਾਂ ਪੀਲ ਘੋੜੇ, ਸਦਾ ਨਹੀਂ ਇਹ ਰਾਜਿਆਂ ਦੇਸ ਮੀਆਂ,

ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ, ਸਦਾ ਰਹਿਣ ਨਾ ਕਾਲੜੇ ਕੇਸ ਮੀਆਂ ...।'

ਸੰਗੀਤਕਾਰ ਦੇ ਚੇਲੇ ਤੇ ਅਸੀਂ, ਚਾਰ-ਪੰਜ ਘੰਟੇ ਸਿਰਫ਼ ਸੰਗੀਤਕਾਰ-ਸੰਤ ਦੀਆਂ ਗੱਲਾਂ ਕਰਦੇ ਰਹੇ।

-ਸੰਤ ਕਹਿੰਦੇ- 'ਹੁਣ ਪਾਠ 'ਚ ਮਨ ਨਹੀਂ ਲਗਦਾ। ਬੰਦਾ ਕੱਲਾ ਈ ਹੁੰਦਾ ਹਮੇਸ਼ਾ। ਸਿਰਫ ਅਨੁਭਵ ਉਸਦਾ ਸਾਥੀ। ਸੰਗੀਤ ਸਾਹਿਤ ਬਿਨਾ ਅਧੂਰਾ। ਅਸੀਂ ਸ਼ਬਦ ਦਾ ਸਤਿਕਾਰ ਗੁਆ ਲਿਆ ਹੈ। ਤੁਸੀਂ ਦਸਾਂ ਦਾ ਨੋਟ ਕਦੇ ਰੁਲਦਾ ਨਹੀਂ ਦੇਖੋਗੇ, ਤੁਸੀਂ ਮਹਾਨ ਗ੍ਰੰਥਾਂ ਦੇ ਪੰਨੇ ਪਾੜਨ-ਰੁਲਣ ਲਾ ਦਿੱਤੇ। ਧ੍ਰਿਗ ਹੈ ਇਹ ਜੀਵਨ।'

ਸ਼ਿਸ਼ ਨੇ ਦੱਸਿਆ- ਸੰਤਾਂ ਦੇ ਹੁੰਦਿਆਂ ਕੁਟੀਆ 'ਚ ਸੱਪਾਂ ਦੇ ਜੋੜੇ ਘੁੰਮਦੇ ਰਹਿੰਦੇ। ਕੋਈ ਕੰਧਾਂ ਤੇ ਕੋਈ ਰਸੋਈ 'ਚ। ਕੋਈ ਕਿਤੇ ਕੋਈ ਕਿਤੇ। ਅਸੀਂ ਕਹਿਣਾ ਸੱਪ! ਸੰਤਾਂ ਕਹਿਣਾ ਤੈਨੂੰ ਕੁਝ ਕਹਿੰਦਾ? ਮੌਜ ਕਰਨ ਦੇ।' ਸੰਤਾਂ ਦੇ ਜਾਣ ਬਾਅਦ ਨਾ ਹੁਣ ਸੱਪ ਆਉਂਦੇ ਏਥੇ, ਨਾ ਓਦਾਂ ਪੰਛੀ ਈ ਬੋਲਦੇ। ਸ਼ਿਸ਼ ਉਦਾਸ ਹੋ ਗਿਆ।

ਗੱਲਾਂ ਕਰਦਿਆਂ ਚਾਹ ਪਕੌੜੇ ਆਏ। ਬੇ-ਸੁਆਦ। ਚਾਹ-ਪਕੌੜਿਆਂ ਵਾਲਾ ਸੰਤ ਹੋਰ ਸੀ, ਚਲਾ ਗਿਆ! ਚਾਹ ਤੇ ਸਲੂਣੇ ਅੰਦਰ ਜੋ ਪ੍ਰੇਮ-ਰਸ ਤੇ ਕਰਾਰਾ-ਹਾਸਾ ਸੀ, ਕੁਟੀਆ ਨੂੰ ਕਦੇ ਤਾਲਾ ਨਾ ਮਾਰਨ ਵਾਲਾ ਭਗਵੇਂ ਕੱਪੜਿਆਂ ਵਾਲਾ ਬੰਦਾ, ਜਾਂਦਾ ਜਾਂਦਾ ਉਸਨੂੰ ਪੱਕਾ ਜੰਦਰਾ ਮਾਰ ਗਿਆ। ਗੱਲਾਂ ਕਰਦਿਆਂ ਕੁਟੀਆ ਦੇ ਕੋਠੇ ਦੀਆਂ ਕੰਧਾਂ ਤੋਂ ਧੁੱਪ ਉੱਤਰਨੀ ਸ਼ੁਰੂ ਹੋ ਗਈ। ਕੁਟੀਆ ਦੀ ਸ਼ਾਮ, ਤੇ ਕੋਈ ਪੰਛੀ ਨਾ ਬੋਲੇ? ਕੀਹਦੇ ਲਈ ਬੋਲਣ ਪੰਛੀ? ਮੈਂ ਭਾਂ-ਭਾਂ ਕਰਦੀ ਹਵੇਲੀ ਦੇ ਚਾਰੇ ਪਾਸੇ ਫੇਰ ਨਜ਼ਰ ਦੌੜਾਈ ਤੇ ਅਸੀਂ ਜਾਣ ਲਈ ਪੌੜੀਆਂ ਉੱਤਰ ਆਏ।

-ਇਸ ਕੁਟੀਆ ਮੇਰਾ ਆਉਣਾ ਜਾਣਾ, ਕਈ ਜਨਮਾਂ ਤੋਂ ...'

ਜਦ ਵੀ ਜਾਣਾ, ਸੰਗੀਤਕਾਰ ਨੇ ਬਾਹਰ ਤੱਕ ਛੱਡਣ ਆਉਣਾ। ਅੱਜ ਫੁੱਲਾਂ-ਬੂਟਿਆਂ ਦੇ ਵਿਚਕਾਰੋਂ ਜੋਗੀਆ ਰੰਗ ਝਾਕੀ ਜਾਂਦਾ।

ਮੁੜਨ ਤੋਂ ਪਹਿਲਾਂ, ਸੰਗੀਤਕਾਰ-ਸ਼ਿਸ਼ ਨੇ ਕੁਟੀਆ ਦੇ ਖੱਬੇ ਪਾਸੇ ਸੰਤਾਂ ਦੇ ਬੀਜੇ ਫੁੱਲਾਂ ਬੂਟਿਆਂ ਵੱਲ ਉਂਗਲ ਕਰਕੇ ਦੱਸਿਆ- ਸੰਤਾਂ ਦੇ ਇਨ੍ਹਾਂ ਫੁੱਲਾਂ ਬੂਟਿਆਂ ਦੇ ਵਿਚਕਾਰ ਹੀ ਸੰਤਾਂ ਦਾ ਦਾਹ-ਸੰਸਕਾਰ ਕੀਤਾ ਗਿਆ।' ਉਸੇ ਥਾਂ ਜਿੱਥੇ ਸੰਗੀਤਕਾਰ ਅਗਲੇ ਜਨਮ ਖ਼ਾਤਰ ਬੀ-ਬੂਟੇ ਬੀਜਦਾ ਹੁੰਦਾ ਸੀ, ਜਿੱਥੇ ਸੰਗੀਤਕਾਰ ਰੰਗ ਬਰੰਗੇ ਫੁੱਲ ਉਗਾਉਂਦਾ ਹੁੰਦਾ ਸੀ, ਉਸੇ ਥਾਂ ਜਿੱਥੋਂ ਸੰਗੀਤਕਾਰ ਤਾਜ਼ੇ ਫੁੱਲਾਂ ਸਬਜ਼ੀਆਂ ਦੀ ਸੌਗਾਤ ਮੇਰੀ ਕਾਰ ਦੇ ਕੋਨੇ ਸਜਾ ਦਿੰਦਾ ਸੀ, ਉਸੇ ਥਾਂ ਜਿੱਥੇ ਉਹ ਸ਼ਾਮ-ਸ਼ਵੇਤ ਚਾਂਦੀ-ਰੰਗੇ ਵਾਲਾਂ ਵਾਲਾ ਕਿਸੇ ਨਿਰਛਲ ਬਾਲ ਵਾਂਗ ਹੱਸਦਾ ਸੀ, ਉਸੇ ਥਾਂ ਜਿੱਥੇ ਉਹ ਜੋਗੀ ਸੰਗੀਤਕਾਰ ਆਪਣੀ ਜ਼ਮੀਨ ਦੇ ਨਿੱਕੇ ਜਿਹੇ ਟੁਕੜੇ 'ਤੇ ਦੁਨੀਆਂ ਦੇ ਕਿਸੇ ਉੱਚਤਮ ਰਈਸ ਵਾਂਗ ਕਦਮ ਰੱਖਦਾ ਸੀ, ਉਸੇ ਥਾਂ ਉਸਦਾ ਦਾਹ-ਸੰਸਕਾਰ? ਇਹੀ ਹੈ ਮਨੁੱਖਾ ਜੀਵਨ! ਇਹੀ ਹੈ ਅੰਤ? ਕੀ ਸੰਤ ਕੀ ਸ਼ਿਸ਼? ਕੀ ਭਗਵਾ ਕੀ ਬੇਰੰਗ? ਅੱਗ ਦਾ ਰੰਗ ਇਕੋ। ਲਾਲੀ ਮੇਰੇ ਲਾਲ ਕੀ, ਜਿਤ ਦੇਖੋ ਸੋ ਲਾਲ! ਰੰਗ ਹੱਸੇ ਰੰਗ ਰੋਏ ਅਰ ਚੁੱਪ ਵੀ ਕਰ ਜਾਹ! ਚਿੰਤਨ-ਵੱਸ, ਮੈਂ ਕੁਟੀਆ ਉੱਪਰਲੇ ਨੀਲੇ ਗੂਹੜੇ ਹੁਣ ਤੱਕ ਫਿੱਕੇ ਪੈ ਚੁੱਕੇ ਆਕਾਸ਼ 'ਚ ਦੇਖਿਆ। ਜੋਗੀਆ ਸੂਰਜ ਡੁੱਬ ਰਿਹਾ ਸੀ। ਗਾਹੜੀ ਜੋਗੀਆ ਸ਼ਾਮ, ਗੂਹੜੀ ਸਿਆਹ ਰਾਤ 'ਚ ਬਦਲ ਗਈ। ਮੈਂ ਤੇ ਲੇਖਕ ਗੂਹੜੀ ਸਿਆਹ ਡੂੰਘੀ ਖ਼ਾਮੋਸ਼ ਰਾਤ 'ਚ ਸੰਤਾਂ ਦੇ ਅਨੇਕ ਰੰਗਾਂ ਦੀਆਂ ਫੁਲਝੜੀਆਂ ਜਗਾਉਂਦੇ, ਰੰਗੀਨ ਧਾਰੀਆਂ ਫੜਦੇ, ਤੈਹਾਂ ਫੋਲਦੇ, ਹੱਸਦੇ ਚੁੱਪ ਹੁੰਦੇ, ਸੰਘਣੇ ਹਨੇਰਿਆਂ 'ਚ ਉੱਸਰੇ ਆਪਣੇ ਘਰੀਂ ਪਹੁੰਚ ਗਏ।

ਕਹਿੰਦੇ, ਸੰਤਾਂ ਨੂੰ ਪਤਾ ਸੀ ਉਸ ਹੁਣ ਚਲੇ ਜਾਣਾ। ਸਭ ਸੰਗੀ ਸਾਥੀ ਇਹੀ ਕਹਿੰਦੇ। ਕੈਨੇਡਾ ਜਾਣ ਤੋਂ ਪਹਿਲਾਂ ਜਦ ਪਿਛਲੀ ਵਾਰ ਮੈਂ ਕੁਟੀਆ ਗਿਆ, ਸੰਤਾਂ ਨੇ ਮੇਰਾ ਹੱਥ ਫੜ ਲਿਆ, ਕਹਿੰਦੇ- 'ਬਸ ਹੁਣ ਤਿਆਰੀ ਹੈ। ਸਭ ਦੇਖ ਲਿਆ। ਪੈਸਾ ਧੇਲਾ, ਮਾਣ ਸ਼ੋਹਰਤ। ਬਸ ਹੁਣ ਇਸ ਕੁਟੀਆ ਦੀਆਂ ਚਾਬੀਆਂ ਦੇਣੀਆਂ, ਬੰਦਾ ਈ ਨਹੀਂ ਲਭਦਾ ਕੋਈ। ਸੱਚ ਕਹਿੰਨਾਂ, ਤੁਸੀਂ ਇਸ ਕੁਟੀਆ ਦੀਆਂ ਚਾਬੀਆਂ ਸਾਂਭ ਲਵੋ।' ਤੇ ਗੰਭੀਰ ਹੱਸਦੇ ਸੰਤਾਂ ਨੇ ਇਕ ਅਣਸੀਤਾ ਜੋਗੀਆ ਟੈਰੀਕਾਟ ਦਾ ਖੁੱਲ੍ਹਾ ਥਾਨ-ਨੁਮਾ ਕੱਪੜਾ ਮੇਰੀ ਝੋਲੀ ਰੱਖ ਦਿੱਤਾ। ਕਿਹਾ- 'ਤੁਹਾਨੂੰ ਜੋਗੀਆ ਕੁੜਤਾ ਪਜਾਮਾ ਸੋਹਣਾ ਲੱਗੇਗਾ।' ਕੈਨੇਡਾ ਜਾਣ ਲੱਗਿਆਂ ਮੈਂ ਇਹ ਜੋਗੀਆ ਕੱਪੜਾ ਆਪਣੀ ਅਲਮਾਰੀ ਅੰਦਰ ਰੱਖ ਗਿਆ। ਵਾਪਸ ਆਇਆ ਤਾਂ ਸੰਤਾਂ ਦੀ ਮੌਤ ਬਾਅਦ ਬਾਰੀ ਖੋਲ੍ਹ ਕੇ ਦੇਖੀ, ਸੰਗੀਤਕਾਰ ਦੀ ਮੁਹੱਬਤ ਜਾਂ ਨਸੀਹਤ ਦੀ ਨਿਸ਼ਾਨੀ। ਅਲਮਾਰੀ ਬੰਦ ਕਰ ਦਿੱਤੀ। ਫੇਰ ਕੁਝ ਦਿਨਾਂ ਬਾਅਦ ਮੈਨੂੰ ਬੁਰੇ ਸੁਪਨੇ ਆਉਣੇ ਸ਼ੁਰੂ ਹੋ ਗਏ। ਕੱਲੇ ਨੂੰ ਅੱਧੀ ਰਾਤ ਬਾਰੀ ਖੋਲ੍ਹਦਿਆਂ ਡਰਾਵਣੀਆਂ ਸ਼ਕਲਾਂ ਦਿਸਣੀਆਂ ਸ਼ੁਰੂ ਹੋ ਗਈਆਂ। ਮੈਂ ਅਲਮਾਰੀ ਨੂੰ ਜੰਦਰਾ ਮਾਰ ਕੇ ਸੌਣ ਲੱਗ ਪਿਆ। ਅਲਮਾਰੀ ਅੰਦਰ ਬੰਦ ਅਣਸੀਤੇ ਜੋਗੀਆ ਕੱਪੜੇ ਅੰਦਰੋਂ ਕਿਸੇ ਦੇ ਰੋਣ ਦੀ ਆਵਾਜ਼ ਸੁਣਨ ਲੱਗ ਪਈ। ਤੇ ਇਕ ਦਿਨ ਮੈਂ ਇਹ ਅਣਸੀਤਾ ਕੱਪੜਾ ਆਪਣੀ ਬਿਰਧ ਕੰਮ ਵਾਲੀ ਨੂੰ ਚਕਾ ਦਿੱਤਾ। ਉਹ ਅਗਲੇ ਮਹੀਨੇ ਉਹਦਾ ਸੂਟ ਸਵਾ ਕੇ ਮੇਰੇ ਕੰਮ ਕਰਨ ਆਈ ਮੈਨੂੰ ਸੀਸਾਂ ਦੇਣ ਲੱਗ ਪਈ। ਦੇਖਦਿਆਂ ਹੀ ਦੇਖਦਿਆਂ ਉਹਦੇ ਚਿਹਰੇ ਨੂੰ ਇਕ ਬੁੱਢੀ ਚੁੜੇਲ ਦਾ ਮੂੰਹ ਲੱਗ ਗਿਆ। ਮੈਂ ਉਹਨੂੰ ਧੱਕਾ ਮਾਰ ਕੇ ਪਾਸੇ ਕਰ ਦਿੱਤਾ। ਉਹਨੂੰ ਕਿਹਾ- ਇਹ ਸੂਟ ਤੈਨੂੰ ਮੈਂ ਆਉਣ-ਜਾਣ ਲਈ ਦਿੱਤਾ, ਕੰਮ 'ਤੇ ਪਾਉਣ ਲਈ ਨਹੀਂ।' ਇਕ ਦਿਨ ਆ ਕੇ ਕਹਿਣ ਲੱਗੀ ਕਾਕਾ! ਜਿਹੜਾ ਸੂਟ ਤੂੰ ਮੈਨੂੰ ਆਉਣ ਜਾਣ ਲਈ ਦਿੱਤਾ ਉਹਨੂੰ ਪਤਾ ਨਹੀਂ ਮੇਰੇ ਟਰੰਕ 'ਚ ਪਏ ਨੂੰ ਕੌਣ ਕੈਂਚੀ ਨਾਲ ਕੱਟ ਗਿਆ।' ਕੰਮ ਵਾਲੀ ਡਰੀ ਹੋਈ ਸੀ ਤੇ ਮੈਂ ਉਹਦੇ ਨਾਲੋਂ ਵੀ ਵੱਧ। ਬਾਅਦ 'ਚ ਪਤਾ ਲੱਗਾ ਕਿ ਕੰਮ ਵਾਲੀ ਦੀ ਕੁਪੱਤੀ ਨੂੰਹ ਨੇ ਕੈਂਚੀ ਵਾਲਾ ਕੰਮ ਕੀਤਾ ਸੀ।

ਮੈਨੂੰ ਪਤਾ, ਇਹ ਚਾਬੀਆਂ ਸੌਂਪਣ ਵਾਲੀ ਗੱਲ ਸੰਗੀਤਕਾਰ ਨੇ ਕਈ ਹੋਰਨਾਂ ਨੂੰ ਵੀ ਕਹੀ ਹੋਵੇਗੀ ਅਵੱਸ਼। ਇਹ ਗੱਲ ਉਨ੍ਹਾਂ ਚਿੱਤਰਕਾਰ ਕਵਿੱਤਰੀ ਨੂੰ ਵੀ ਕਹੀ। ਸ਼ਾਇਦ ਮਿੱਤਰ ਪੰਜਾਬੀ ਲੇਖਕ ਨੂੰ ਵੀ! ਮੈਨੂੰ ਇਲਮ ਸੀ, ਇਸ ਕੁਟੀਆ ਦੀਆਂ ਚਾਬੀਆਂ ਉਹ ਕਿਸੇ ਨੂੰ ਵੀ ਨਹੀਂ ਦੇ ਕੇ ਜਾਵੇਗਾ। ਉਹੀ ਹੋਇਆ। ਕੋਈ ਵਸੀਅਤਨਾਮਾ ਨਹੀਂ, ਕੋਈ ਗੱਦੀ-ਨਸ਼ੀਂ ਨਹੀਂ। ਕੱਲਾ ਆਇਆ, ਕੱਲਾ ਤੁਰ ਗਿਆ। 'ਸੰਤੋ ਮਾਖਨੁ ਖਾਇਆ, ਛਾਛ ਪੀਏ ਸੰਸਾਰ।' ਅਦਭੁਤ ਜੋਗੀ, ਅਣਦੇਖੇ ਨਗਰ ਨਿਕਲ ਗਿਆ, ਪਿੱਛੇ ਕੁਟੀਆ ਦੇ ਗੂੜ੍ਹੇ ਸਿਆਹ ਹਨੇਰੇ ਅੰਦਰ ਛੱਡ ਗਿਆ ਸੰਗੀਤ ਤੇ ਸ਼ਬਦ ਦੀਆਂ ਰੰਗੀਨ ਧਾਰੀਆਂ, ਜਿਹਨਾਂ ਨਾਲ ਸਵੇਰ ਸ਼ਾਮ ਕੁਟੀਆ ਉੱਪਰਲੇ ਸੱਖਣੇ ਨੀਲੇ ਆਕਾਸ਼ 'ਤੇ ਜੋਗੀਆ ਸਤਰੰਗੀਆਂ ਬਣਦੀਆਂ ਮਿਟਦੀਆਂ। ਝਪੱਟ ਖੁੱਲ੍ਹੇ ਬੂਹਿਆਂ ਵਾਲੀ ਕੁਟੀਆ ਦੀਆਂ ਚਾਬੀਆਂ ਤਾਂ ਸੰਗੀਤਕਾਰ ਨਾਲ ਈ ਲੈ ਗਿਆ। ਆਪਣੇ ਡੂੰਘੇ ਖੀਸੇ ਅੰਦਰ। ਹੁਣ ਤਾਂ ਓਥੇ ਸਿਰਫ ਕੁਟੀਆ ਦੀ ਇਮਾਰਤ ਖਲੋਤੀ, ਜਿੱਥੇ ਡੂੰਘੀ ਸ਼ਾਮ ਗਏ, ਕੁਟੀਆ ਉੱਪਰਲੇ ਸੱਖਣੇ ਨੀਲੇ ਅਸਮਾਨ ਉੱਤੇ ਤੁਸੀਂ ਅਜੇ ਵੀ ਰੱਬ ਦੇ ਗਲ ਪਾਇਆ ਇਕ ਜੋਗੀਆ ਕੁੜਤਾ ਲਟਕਦਾ ਦੇਖ ਸਕਦੇ, ਜੀਹਦੇ ਹਜ਼ਾਰਾਂ ਖਾਨਿਆਂ ਵਾਲੇ ਖੀਸੇ ਅੰਦਰੋਂ ਚਾਬੀਆਂ ਦੀ ਖਣਕਾਰ ਕਿਸੇ ਵਿਰਲੇ ਨੂੰ ਅਜੇ ਵੀ ਸੁਣ ਸਕਦੀ!

ਸੰਤ ਇਕ ਰਾਤ ਮੈਨੂੰ ਸੁਪਨੇ 'ਚ ਮਿਲੇ, ਪੁੱਛਦੇ- 'ਉਹ ਜੋਗੀਆਂ ਕੁੜਤਾ ਪਜਾਮਾ ਤੁਸੀਂ ਸਵਾਂਇਆਂ ਅਜੇ ਤਕ?

---

*(ਸਫਾ 15 ਦੀ ਬਾਕੀ)*

ਹੇਠਾਂ ਮੈਦਾਨਾਂ ਨੂੰ ਪਰਤੇ।" (ਪੰਨਾ 4) ਜਦੋਂ ਕਿ ਮਾਸਟਰ ਤਾਰਾ ਸਿੰਘ ਦੇ ਭਰਾ ਪ੍ਰਿੰਸੀਪਲ ਨਿਰੰਜਨ ਸਿੰਘ ਸ਼ਿਮਲਾ ਯੂਨੀਵਰਸਟੀ ਵਿਚ ਲੈਕਚਰਾਰ ਲਗੇ ਹੋਏ ਸਨ। ਉਨ੍ਹਾਂ ਦੇ ਨਾਲ ਗਏ ਤੇ ਧਰਮਸ਼ਾਲਾ ਦੇ ਗੁਰਦੁਆਰਾ ਸਾਹਿਬ ਠਹਿਰੇ ਸਨ। ਮਾਸਟਰ ਤਾਰਾ ਸਿੰਘ ਆਪਣੀ ਕਿਤਾਬ "ਮੇਰੀ ਯਾਦ" ਵਿਚ ਲਿਖਦੇ ਹਨ ਕਿ "30 ਜਨਵਰੀ 1948 ਨੂੰ ਮਹਾਤਮਾ ਗਾਂਧੀ ਨੂੰ ਨੱਥੂਰਾਮ ਗੋਡਸੇ ਗੋਲੀ ਮਾਰ ਦਿੰਦਾ ਹੈ। ਮੈਂ ਦੂਜੇ ਦਿਨ ਅੰਮ੍ਰਿਤਸਰ ਪਹੁੰਚ ਜਾਂਦਾ ਹਾਂ ਉਥੇ ਅਕਾਲੀ ਲੀਡਰਾਂ ਨੂੰ ਮਿਲ ਕੇ ਮੀਟਿੰਗ ਕਰਨਾ ਚਾਹੁੰਦਾ ਹਾਂ। ਅਕਾਲੀ ਲੀਡਰਸ਼ਿਪ ਦੀ ਬਹੁਗਿਣਤੀ ਨੇ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿਤਾ ਸੀ। ਇਸ ਦੀ ਪੁਸ਼ਟੀ ਅਕਾਲੀ ਮੋਰਚਿਆਂ ਦਾ ਇਤਿਹਾਸ 1947- 1975 (ਕਿਤਾਬ ਵਿਚ ਪੰਨਾ 4,5) ਕਰਦੀ ਹੈ ਮਾਸਟਰ ਤਾਰਾ ਸਿੰਘ, ਬਾਵਾ ਹਰਕਿਸ਼ਨ ਸਿੰਘ , ਤੇ ਸਰਦਾਰ ਭਾਗ ਸਿੰਘ ਐਡਵੋਕੇਟ ਨੂੰ ਛੱਡ ਕੇ ਬਾਕੀ ਅਕਾਲੀ ਲੀਡਰਸ਼ਿਪ ਕਾਂਗਰਸ ਵਿਚ ਸ਼ਾਮਲ ਹੋ ਗਈ ਸੀ ਜਿਵੇਂ ਸਰਦਾਰ ਬਲਦੇਵ ਸਿੰਘ, ਮਾਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ, ਜਥੇਦਾਰ ਸੋਹਨ ਸਿੰਘ ਜਲਾਲਉਸਮਾ, ਜਥੇਦਾਰ ਊਧਮ ਸਿੰਘ, ਜਥੇਦਾਰ ਮੋਹਨ ਸਿੰਘ ਨਾਗੋਕੇ, ਸਵਰਨ ਸਿੰਘ, ਗਿਆਨੀ ਕਰਤਾਰ ਸਿੰਘ ਤੇ ਸਰਦਾਰ ਈਸ਼ਰ ਸਿੰਘ" ਆਦਿ।

9. ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਹਿਣ ਦੀ ਅਫ਼ਵਾਹ : ਸਿਰਦਾਰ ਕਪੂਰ ਸਿੰਘ ਨੇ ਲਿਖਿਆ ਕਿ "ਇਹ ਅਕਤੂਬਰ ਸੰਨ 1947 ਵਾਲਾ ਸਰਕੂਲਰ, ਸਾਰੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਘੋਸ਼ਤ ਕਰਨ ਵਾਲਾ ਨਿਰੀ ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਦੀ ਸੀ ਮਤ ਸਮਝੀ ਜਾਵੇ " ( ਸਾਚੀ ਸਾਖੀ ਪੰਨੇ 4,5) ਇਸ ਵਿਚ ਨਹਿਰੂ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦਾ ਹੱਥ ਦਰਸਾਇਆ ਹੈ। ਜਦੋਂ ਕਿ ਇਸ ਸਰਕੂਲਰ ਦੀ ਕਾਪੀ ਕਪੂਰ ਸਿੰਘ ਨੇ ਕਦੇ ਪੇਸ਼ ਨਹੀਂ ਕੀਤੀ ਤੇ ਨਾਂ ਉਸ ਦੇ ਵਿਰੋਧੀ ਜਵਾਬ ਦੀ ਕਾਪੀ ਸਬੂਤ ਵਜੋਂ ਕਿਤਾਬ ਵਿਚ ਦਰਜ ਕੀਤੀ ਹੈਂ। ਇਹ ਸਿਰਫ ਸਿੱਖਾਂ ਦੀ ਹਮਾਇਤ ਹਾਸਲ ਕਰਨ ਲਈ ਅਫਵਾਹ ਫੈਲਾਈ ਗਈ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਲੀਡਰਾਂ ਨੂੰ ਮਿਲਣ ਦੇ ਸਿਰਦਾਰ ਕਪੂਰ ਸਿੰਘ ਦਾਆਵੇ ਕਰਦਾ ਆ ਰਿਹਾ ਹੈ ਜਿਵੇਂ ਮਹਾਤਮਾ ਗਾਂਧੀ , ਜਿਨਾਹ , ਅੰਮ੍ਰਿਤ ਕੌਰ , ਸਰਦਾਰ ਬਹਾਦਰ ਸ਼ਿਵਦੇਵ ਸਿੰਘ ਤੇ ਮਾਸਟਰ ਤਾਰਾ ਸਿੰਘ ਆਦਿ ਵਲੋਂ ਕੀਤੇ ਜਿਕਰ ਨਹੀਂ ਕੀਤਾ ਕਿ ਕਪੂਰ ਸਿੰਘ ਉਨ੍ਹਾਂ ਨੂੰ ਵਿਦਿਆਰਥੀ ਜਾਂ ਡੀ ਸੀ ਲਗਣ ਸਮੇਂ ਮਿਲਿਆ ਹੋਵੇ। ਅਸਲ ਵਿਚ ਸਿਰਦਾਰ ਕਪੂਰ ਸਿੰਘ ਝੂਠੀਆਂ ਸਾਖੀਆਂ ਘੜਕੇ ਆਪਣੇ ਆਪ ਨੂੰ ਸਹੀ ਸਾਬਿਤ ਕਰਨ ਲਗੇ ਹੋਏ ਸਨ। ਸੋ ਸਾਚੀ ਸਾਖੀ ਬਨਾਮ ਝੂਠੀ ਸਾਖੀ ਸਾਬਤ ਹੋਈ।

10. ਸਿੱਖ ਹੋਮ ਲੈਂਡ ਦਾ ਢਕਵੰਜ :- ਸਿਰਦਾਰ ਕਪੂਰ ਸਿੰਘ ਨੇ ਸਾਚੀ ਸਾਖੀ ਵਿਚ ਜੋ ਸਿੱਖ ਹੋਮ ਲੈਂਡ ਦਾ ਵਾਹ ਵਰੋਲਾ ਖੜਾ ਕੀਤਾ ਗਿਆ ਉਹ ਵੀ ਝੂਠ ਦਾ ਪਲੰਦਾ ਸਾਬਤ ਹੁੰਦਾ ਹੈ। ਇਸ ਨੂੰ 1966 ਵਿਚ ਪਾਰਲੀਮੈਂਟਰੀ ਸਪੀਚ ਵਿਚ ਝੂਠੀਆਂ ਅੱਠ ਕਥਾਵਾਂ ਪੇਸ਼ ਕਰਕੇ ਸਹੀ ਸਾਬਤ ਕਰਨ ਦਾ ਯਤਨ ਕਰਦਾ ਹੋਇਆ ਠੁੱਸ ਹੋ ਜਾਂਦਾ ਹੈ। ਪਹਿਲਾ ਨੁਕਤਾ 1929 ਦੀ ਲਹੌਰ ਕਾਂਗਰਸ ਵਿਚ ਨਾਂ ਸ੍ਰ ਕਪੂਰ ਸਿੰਘ ਸ਼ਾਮਲ ਸੀ ਨਾਂ ਮਹਾਤਮਾਂ ਗਾਂਧੀ ਨੇ ਸਿੱਖ ਲੀਡਰਾਂ ਨੂੰ ਸਿੱਖ ਹੋਮ ਲੈਂਡ ਦੇਣ ਦਾ ਵਿਸ਼ਵਾਸ ਦਿਤਾ ਸੀ। ਗਾਂਧੀ ਜੀ ਨੇ ਸਾਫ ਆਖਿਆ ਸੀ " ਇਹ ਕਾਂਗਰਸ ਸਿੱਖਾਂ, ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਨੂੰ ਭਰੋਸਾ ਦਿਵਾਉਂਦੀ ਹੈ ਕਿ ਭੱਵਿਖ ਦੇ ਸੰਵਿਧਾਨ ਵਿਚ ਇਸ ਦਾ ਕੋਈ ਹਲ ਨਹੀਂ ਹੋਵੇਗਾ। ਕਾਂਗਰਸ ਨੂੰ ਮਨਜ਼ੂਰ ਹੈ ਜੋ ਸਬੰਧਤ ਪਾਰਟੀਆਂ ਨੂੰ ਪੂਰੀ ਤਸਲੀ ਨਹੀਂ ਦਿੰਦੀ "। ( ਵੇਖੋ ਯੰਗ ਇੰਡੀਆ 2 ਅਪ੍ਰੈਲ 1930 ) ਦੂਜਾ ਨੁਕਤਾ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਨੂੰ ਇਹ ਕਦੇ ਮਿਲੇ ਵੀ ਨਹੀਂ। ਫੇਰ ਸਿੱਖ ਲੀਡਰ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਬਣਕੇ ਰਹਿਣ, ਉਹ ਭਾਰਤ ਛੱਡਣ ਸਮੇਂ ਸਿੱਖਾਂ ਨੂੰ ਬਣਦਾ ਸਥਾਨ ਦੇਕੇ ਜਾਣਗੇ ਨਿਰਾ ਝੂਠ ਹੈ। ਤੀਜਾ ਨੁਕਤਾ ਅੰਤਿਕਾ ਵਿਚ ਲਿਖਦੇ ਹਨ ਕਿ ਹਰੀ ਸਿੰਘ ( ਜੋ ਪਾਕਿਸਤਾਨ ਦਾ ਵਸਿੰਦਾ ਤੇ ਜਸੂਸ ਸੀ ) ਨੇ ਦਸਿਆ ਕਿ " ਮੈਂ 1946 ਵਿਚ ਔਰੰਗਜ਼ੇਬ ਰੋਡ ਦਿੱਲੀ ਵਿਖੇ ਜਿਥੇ ਉਹ ਠਹਿਰੇ ਹੋਏ ਸਨ , ਮਿਲਿਆ ਸੀ " ਅਗੇ ਜਿਨਾਹ ਸਾਹਿਬ ਬਹੁਤ ਖੁਸ਼ ਹੋਏ ਤੇ ਉਨ੍ਹਾਂ ਕਿਹਾ ਕਿ ਉਹ ਸਿਖਾਂ ਨੂੰ ਪਾਕਿਸਤਾਨ ਦੇ ਅੰਦਰ ਇਕ ਖ਼ੁਦਮੁਖ਼ਤਿਆਰ ਸਟੇਟ ਦੇਣ ਲਈ ਤਿਆਰ ਹਨ ਜਿਥੇ ਸਿੱਖਾਂ ਨੂੰ ਪੂਰੀ ਪੂਰੀ ਆਜ਼ਾਦੀ ਹੋਵੇਗੀ। " (ਸਾਚੀ ਸਾਖੀ ਪੰਨਾ 188) ਸਿਰਦਾਰ ਕਪੂਰ ਸਿੰਘ ਦੀ ਮਤ ਮਾਰੀ ਗਈ ਲਗਦੀ ਹੈ ਜੋ ਹਰੀ ਸਿੰਘ ਵਰਗੇ ਜਸੂਸ ਦੀਆਂ ਗੱਲਾਂ ਉਤੇ ਇਤਬਾਰ ਕਰਦੇ ਹਨ। ਜਦੋਂ ਕਿ ਸਚਾਈ ਇਹ ਹੈ ਕਿ ਜਿਨਾਹ ਸਾਹਿਬ ਦਾ ਬੰਗਲਾ ਮੁੰਬਈ ਮਾਲਾਬਾਰ ਹਿੱਲ ਉੱਤੇ ਸਥਿਤ ਸੀ। ਉਹ ਵੇਚ ਵੱਟਕੇ ਮਈ 1946 ਵਿਚ ਕਰਾਚੀ ਚਲੇ ਗਏ ਸਨ। ਚੌਥਾ ਨੁਕਤਾ ਕਪੂਰ ਸਿੰਘ ਲਿਖਦੇ ਹਨ "ਜੁਲਾਈ 1947 ਵਿਚ ਸਿੱਖ ਮੈਂਬਰਾਂ ਦੀ ਇਕ ਮੀਟਿੰਗ ਦਿੱਲੀ ਵਿਚ ਹੋਈ ਜਿੱਥੇ ਕਿ ਉਨ੍ਹਾਂ ਨੇ ਸਰਬਸੰਮਤੀ ਨਾਲ ਹਿੰਦੋਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜਤਾ ਕੀਤੀ। ਉਸ ਮਤੇ ਵਿਚ ਇਹ ਸ਼ਬਦ ਮੌਜੂਦ ਸਨ ," ਹਿੰਦੋਸਤਾਨ ਦੀ ਵੰਡ ਦੇ ਪਿਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ। ਉਸ ਵਿਚ ਅਤ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰਖਿਅਤ ਕਰਨ ਦਾ ਬਾਨਣੂੰ ਬੰਨਿਆਂ ਜਾਵੇ "( ਉਹੀ ਕਿਤਾਬ ਪੰਨਾ 176) ਦਿੱਲੀ ਵਿਚ ਸਿੱਖ ਲੀਡਰਾਂ ਦੀ ਅਜੇਹੀ ਕੋਈ ਮੀਟਿੰਗ ਨਹੀਂ ਹੋਈ। ਮਾਸਟਰ ਤਾਰਾ ਸਿੰਘ ਲਾਇਲਪੁਰ ਤੋਂ ਅੰਮ੍ਰਿਤਸਰ ਆ ਗਏ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਹਿੰਦੂ ਸਿੱਖ ਮੁਸਲਮਾਨ ਦੰਗੇ ਭੜਕ ਚੁੱਕੇ ਸਨ। ਸਭ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਸੀ। ਅਗੇ ਸਿੱਖ ਲੀਡਰਾਂ ਬਾਰੇ ਲਿਖਦੇ ਹਨ ਕਿ " ਭਾਰਤ ਦੇ ਅੰਗਰੇਜ਼ੀ ਗਵਰਨਰ ਜਨਰਲ ਨੇ ਸਰਦਾਰ ਪਟੇਲ ਨੂੰ ਪੁਛਿਆ ਸਿੱਖਾਂ ਬਾਬਤ ਕੀ ਸੋਚਿਆ ਹੈ ? ਸਰਦਾਰ ਪਟੇਲ ਨੇ ਉਤਰ ਦਿੱਤਾ ਇਹ ਮੂਰਖ ਆਪ ਹੀ ਆਪਣੇ ਪੈਰੀਂ ਕੁਹਾੜੀ ਮਾਰ ਚੁੱਕੇ ਹਨ " ( ਸਾਚੀ ਸਾਖੀ ਪੰਨਾ 152) ਇਕ ਪਾਸੇ ਸ੍ਰ ਕਪੂਰ ਸਿੰਘ ਸਿੱਖ ਲੀਡਰਾਂ ਨੂੰ ਆਪਣੇ ਰਾਜਸੀ ਅਧਿਕਾਰਾਂ ਬਾਰੇ ਮਤਾ ਪਾਉਣ ਦੀ ਵਕਾਲਤ ਕਰਦੇ ਹਨ ਅਤੇ ਦੂਜੇ ਪਾਸੇ ਸਿੱਖ ਲੀਡਰਾਂ ਵੱਲੋਂ ਭਾਰਤ ਵਿਚ ਸ਼ਾਮਿਲ ਹੋਕੇ ਆਵਦੇ ਪੈਰੀਂ ਆਪ ਕੁਹਾੜਾ ਮਾਰਨ ਦੀਆਂ ਆਪਾ ਵਿਰੋਧੀ ਗੱਲਾਂ ਕਰਦਾ ਹੈ। ਇਕ ਥਾਂ ਲਿਖਦਾ ਹੈ ਕਿ 2 ਮਈ 1947 ਭਾਰਤ ਦੇ ਗਵਰਨਰ ਜਨਰਲ ਲਾਰਡ ਮਾਊਂਟਬੇਟਨ ਦੇ ਵਫਦ ਨਾਲ ਜਿਸ ਵਿਚ, ਲਿਆਕਤ ਅਲੀ ਜਵਾਹਰ ਲਾਲ ਨਹਿਰੂ ਸਰਦਾਰ ਬਲਦੇਵ ਸਿੰਘ ਸਮੇਤ ਵਲਾਇਤ ਗਿਆ ਉਥੇ ਸਰਦਾਰ ਬਲਦੇਵ ਸਿੰਘ ਨੂੰ ਬ੍ਰਿਟਿਸ਼ ਸਰਕਾਰ ਦੇ ਇਕ ਪ੍ਰਮੁੱਖ ਨੇਤਾ ਨੇ ਸੁਨੇਹਾ ਭੇਜਿਆ ਕਿ ਉਹ ਇਕ ਦਿਨ ਲਈ ਠਹਿਰ ਜਾਣ ਤਦ ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦਵਾਰਾ ਕਿ ਸਿੱਖ ਆਪਣੇ ਪੈਰਾਂ ਉਤੇ ਖੜੇ ਹੋਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਲੀ ਪਾ ਸਕਣ। " ( ਸਾਚੀ ਸਾਖੀ ਪੰਨਾ 175) ਇਹ ਗੱਲ ਸਰਦਾਰ ਬਲਦੇਵ ਸਿੰਘ ਨੇ ਪੰਡਤ ਨਹਿਰੂ ਨੂੰ ਦਸਕੇ ਸਾਰਾ ਖੇਲ ਵਿਗਾੜ ਦਿੱਤਾ, ਪਰ ਇਸ ਬਾਰੇ ਕੋਈ ਪੁਖਤਾ ਸਬੂਤ ਨਹੀਂ ਹਨ। ਇਸ ਤਰ੍ਹਾਂ ਜਵਾਹਰ ਨਹਿਰੂ ਨੇ ਵਿਸ਼ਵਾਸ ਦਿਵਾਉਣ ਦੀਆਂ ਗੱਲਾਂਬਾਤਾਂ ਵਿਚ ਉਕਾ ਦਮ ਨਹੀਂ ਨਾਂ ਸਿੱਖ ਹੋਮ ਲੈਂਡ ਦੇਣ ਬਾਰੇ 8 ਕਥਾਵਾਂ 'ਚ ਕੋਈ ਦਮ ਹੈ।

# ਅੱਕੇ, ਥੱਕੇ ਲੋਕ, ਕੀ ਨਿਰਣਾ ਦੇਣਗੇ ਲੋਕ ਸਭਾ ਚੋਣਾਂ 'ਚ?

ਦੇਸ਼ ਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਵਲੋਂ ਸਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਹਰ ਪੱਖੋਂ ਹਮਲਾਵਰ ਰੁਖ ਅਖਤਿਆਰ ਕੀਤਾ ਹੋਇਆ ਹੈ। ਭਾਜਪਾ, ਉਸਦੀ ਸਰਕਾਰ ਅਤੇ ਆਰ.ਐਸ.ਐਸ. ਹਰ ਹੀਲਾ-ਵਸੀਲਾ ਵਰਤ ਕੇ ਅਗਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਹੀ ਪੱਬਾਂ ਭਾਰ ਹੋਈ ਪਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੀਆਂ ਲੋਕ ਸਭਾ ਦੀਆਂ 400 ਸੀਟਾਂ ਜਿੱਤਣ ਦਾ ਦਾਅਵਾ ਕਰਨ ਲੱਗ ਪਏ ਹਨ।

ਕੇਂਦਰ ਸਰਕਾਰ ਵਲੋਂ ਆਪਣੀ ਮੁੱਖ ਵਿਰੋਧੀ ਪਾਰਟੀ, ਜਿਸ ਤੋਂ ਉਸਨੇ ਦਸ ਵਰ੍ਹੇ ਪਹਿਲਾਂ ਤਾਕਤ



ਗੁਰਮੀਤ ਸਿੰਘ ਪਲਾਹੀ
ਫੋਨ: +91-98158-02070

ਹਥਿਆਈ ਸੀ, ਦੇ ਕਾਰਜ ਕਾਲ 'ਚ ਕੀਤੀਆਂ ਖੁਨਾਮੀਆਂ, ਸਬੰਧੀ ਵ੍ਹਾਈਟ ਪੇਪਰ ਜਾਰੀ ਕੀਤਾ ਗਿਆ ਹੈ ਅਤੇ ਕਾਂਗਰਸ ਨੂੰ ਮੁੱਖ ਤੌਰ 'ਤੇ ਦੇਸ਼ ਦੇ ਅਰਥਚਾਰੇ 'ਚ ਗਿਰਾਵਟ ਦਾ ਦੋਸ਼ੀ ਦੱਸਿਆ ਗਿਆ ਹੈ। ਕਾਂਗਰਸ ਨੇ ਵੀ ਭਾਜਪਾ ਦੇ ਕਾਰਜ ਕਾਲ ਸਬੰਧੀ ਬਲੈਕ ਪੇਪਰ ਜਾਰੀ ਕੀਤਾ ਹੈ ਅਤੇ ਦੇਸ਼ ਦੀ ਮੌਜੂਦਾ ਭੈੜੀ ਹਾਲਤ ਲਈ ਉਸਨੂੰ ਦੋਸ਼ੀ ਗਰਦਾਨਿਆ ਹੈ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਨਰਿੰਦਰ ਮੋਦੀ ਕਾਲ ਨੂੰ ਅਨਿਆਏ ਕਾਲ ਕਿਹਾ ਹੈ ਅਤੇ ਕਿਸਾਨਾਂ ਤੇ ਫੌਜੀਆਂ ਨੂੰ ਬਰਬਾਦ ਕਰਨ ਦਾ ਜ਼ਿੰਮੇਵਾਰ ਆਖਿਆ ਹੈ।

ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਦੋਸ਼ਾਂ ਅਤੇ ਮੋੜਵੇਂ ਦੋਸ਼ਾਂ ਦੀ ਲੜੀ ਚੱਲ ਪਈ ਹੈ। ਜਿੱਥੇ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੰਤਰਿਮ ਬਜਟ ਪੇਸ਼ ਕਰਦਿਆਂ ਦੇਸ਼ ਨੂੰ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥ ਵਿਵਸਥਾ ਕਰਾਰ ਦਿੱਤਾ ਹੈ, ਉਥੇ ਵਿਰੋਧੀਆਂ ਨੇ ਇਸ ਨੂੰ ਨਾਕਾਮਯਾਬ ਅਤੇ ਨਿਘਾਰ ਵੱਲ ਜਾਂਦੀ ਅਰਥ ਵਿਵਸਥਾ ਦਾ ਨਾਮ ਦਿੱਤਾ ਹੈ। ਅਸਲ 'ਚ ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਚੱਲ ਰਹੇ ਇਸ ਰਾਮ-ਰੌਲੇ ਅਤੇ ਦਾਅਵਿਆਂ ਤੋਂ ਅਤੇ ਦੇਸ਼ ਦੀ ਭੈੜੀ ਹਾਲਤ ਤੋਂ ਦੇਸ਼ ਦੇ ਲੋਕ ਅੱਕ ਅਤੇ ਥੱਕ ਚੁੱਕੇ ਹਨ।

ਆਓ ਕੁਝ ਹਕੀਕਤਾਂ ਵੱਲ ਧਿਆਨ ਕਰੀਏ! ਮੌਜੂਦਾ ਸਰਕਾਰ ਦੇ ਕਾਰਜਕਾਲ ਵਿਚ ਸਾਲ 2023 ਵਿਚ ਦੇਸ਼ 'ਚ ਤਕਨੀਕੀ ਕੰਪਨੀਆਂ ਨੇ ਦੋ ਲੱਖ ਸੱਠ ਹਜ਼ਾਰ ਨੌਕਰੀਆਂ ਖ਼ਤਮ ਕਰ ਦਿੱਤੀਆਂ ਹਨ, ਬਸ ਕੁਝ ਹਜ਼ਾਰ ਲੋਕਾਂ ਨੂੰ ਸਰਕਾਰ ਨੇ ਨਿਯੁਕਤੀ ਪੱਤਰ ਦਿੱਤੇ ਹਨ। ਵਾਇਦਾ ਤਾਂ ਇਹ ਸੀ ਕਿ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਹਾਕਮਾਂ ਦੇ ਪਿਛਲੇ 10 ਸਾਲਾਂ ਤੋਂ ਹਰ ਵਰ੍ਹੇ ਲੱਖਾਂ ਨੌਕਰੀਆਂ ਦੇਣ ਦੇ ਦਾਅਵੇ ਨੂੰ ਕਦੇ ਵੀ ਬੂਰ ਨਹੀਂ ਪਿਆ। ਇੰਜ ਬੇਰੁਜ਼ਗਾਰੀ ਦਾ ਦੈਂਤ ਲੋਕਾਂ ਨੂੰ ਨਿਗਲ ਰਿਹਾ ਹੈ।

ਲੋਕ ਹਾਲੇ ਵੀ 2014 ਦੇ ਉਸ ਚੋਣ ਵਾਅਦੇ ਨੂੰ ਯਾਦ ਕਰ ਰਹੇ ਹਨ ਕਿ ਹਰ ਭਾਰਤੀ ਦੇ ਖਾਤੇ 'ਚ 15 ਲੱਖ ਰੁਪਏ ਵਿਦੇਸ਼ਾਂ ਤੋਂ ਵਾਪਿਸ ਲਿਆਂਦਾ ਕਾਲਾ ਧਨ ਚਿੱਟਾ ਕਰ ਕੇ ਪਾਇਆ ਜਾਏਗਾ। ਕਿਸਾਨ ਤਾਂ ਸਰਕਾਰ ਨੂੰ ਵਾਰ-ਵਾਰ ਯਾਦ ਕਰਵਾਉਂਦੇ ਹਨ ਕਿ ਉਨ੍ਹਾਂ ਦੀ ਆਮਦਨ 2022 ਤੱਕ ਦੋਗੁਣੀ ਕਰਨ ਦਾ ਕੀ ਬਣਿਆ।

ਦੇਸ਼ ਦੇ ਅਰਥਚਾਰੇ ਦੇ ਥੰਮ੍ਹ ਕਿਰਤੀਆਂ ਦੀ ਦਸ਼ਾ ਬਦਤਰ ਹੋ ਰਹੀ ਹੈ, ਤਿੰਨੋਂ ਪ੍ਰਕਾਰ ਦੇ ਕਿਰਤੀਆਂ ਨਿਯਮਤ/ਅਨਿਯਮਤ, ਦਿਹਾੜੀਦਾਰ ਅਤੇ ਸਵੈ-ਰੁਜ਼ਗਾਰ ਦੀ ਅਸਲ ਮਜ਼ਦੂਰੀ 2017-18 ਅਤੇ 2022-23 ਵਿਚ ਠਹਿਰ ਗਈ ਹੈ। ਇਹ ਅਜ਼ੀਮ ਪ੍ਰੇਮ ਜੀ ਯੂਨੀਵਰਸਿਟੀ ਦੀ ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ ਨੇ ਇੰਕਸ਼ਾਫ ਕੀਤਾ ਹੈ।

ਸਰਕਾਰ ਵਾਰ-ਵਾਰ ਦਾਅਵਾ ਕਰਦੀ ਹੈ ਕਿ ਦੇਸ਼ ਵਿਚੋਂ 25 ਕਰੋੜ ਲੋਕ, ਗਰੀਬੀ ਰੇਖਾ ਤੋਂ ਉੱਪਰ ਆ ਗਏ ਹਨ, ਜਦਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ ਡੀ ਪੀ) ਅਨੁਸਾਰ ਗਰੀਬੀ ਤੋਂ ਬਾਹਰ ਨਿਕਲਣ ਵਾਲੇ ਲੋਕਾਂ ਦੀ ਗਿਣਤੀ 14 ਕਰੋੜ ਹੈ। ਸਰਕਾਰ ਹਰ ਵਰ੍ਹੇ 11.8 ਕਰੋੜ ਕਿਸਾਨਾਂ ਨੂੰ 6000 ਰੁਪਏ ਦੇਣ ਦਾ ਦਾਅਵਾ ਕਰਦੀ ਹੈ, ਜਦਕਿ ਇਹ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੀ ਅਸਲ ਗਿਣਤੀ 8.12 ਕਰੋੜ ਹੈ।

ਦੇਸ਼ ਵਿਚ 16 ਆਈ.ਆਈ.ਟੀ. 15 ਏਮਜ਼ ਅਤੇ 390 ਨਵੇਂ ਸਿੱਖਿਆ ਸੰਸਥਾਨ ਖੋਲ੍ਹਣ ਦਾ ਦਾਅਵਾ ਸਰਕਾਰ ਵਲੋਂ ਕੀਤਾ ਗਿਆ ਹੈ। ਪਰ 22 ਮਾਰਚ 2023 ਦੀ ਇੱਕ ਰਿਪੋਰਟ ਅਨੁਸਾਰ ਆਈ.ਆਈ.ਟੀ. ਵਿਚ 9625, ਆਈ.ਆਈ.ਆਈ.ਟੀ. 'ਚ 1212 ਅਤੇ ਕੇਂਦਰੀ ਵਿਸ਼ਵ ਵਿਦਿਆਲਿਆਂ ਵਿਚ 22,106 ਮੁੱਖ ਥਾਵਾਂ ਖਾਲੀ ਸਨ।

ਦੇਸ਼ ਦੇ ਹਾਕਮਾਂ ਵਲੋਂ ਦੇਸ਼ 'ਚ ਕੀਤੀ, ਕਰਵਾਈ ਜਾ ਰਹੀ ਤਰੱਕੀ, ਨਵੇਂ ਪ੍ਰਾਜੈਕਟਾਂ ਦੇ ਅੰਕੜੇ ਧੜਾਧੜ ਪੇਸ਼ ਕੀਤੇ ਜਾ ਰਹੇ ਹਨ ਅਤੇ ਦੇਸ਼ ਦੇ ਅਰਥਚਾਰੇ ਨੂੰ ਦੁਨੀਆ ਦੇ ਸਰਵੋਤਮ ਅਰਥਚਾਰਿਆਂ 'ਚ ਲਿਆਉਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਹਕੀਕਤ ਇਹ ਹੈ ਕਿ ਦੇਸ਼ ਦਾ ਅਰਥਚਾਰਾ, ਕਾਰਪੋਰੇਟ ਸੈਕਟਰ ਨੇ ਚੁਰਾ ਲਿਆ ਹੈ, ਅਤੇ ਉਸ ਵਲੋਂ ਸਿਰਫ ਤੇ ਸਿਰਫ ਆਪਣੇ ਹਿੱਤਾਂ ਅਨੁਸਾਰ ਦੇਸ਼ ਦੇ ਹਾਕਮਾਂ ਨੂੰ ਚਲਾਉਣ ਦੇ ਯਤਨ ਹੋ ਰਹੇ ਹਨ ਅਤੇ ਇਸੇ ਕਰਕੇ ਉਹ ਹਾਕਮ ਧਿਰ ਦੀ ਆਉਣ ਵਾਲੀਆਂ ਚੋਣਾਂ 'ਚ ਭਰਪੂਰ ਵਿੱਤੀ ਮਦਦ ਕਰ ਰਹੇ ਹਨ ਤਾਂ ਕਿ ਮੌਜੂਦਾ ਹਾਕਮ ਜੋ ਨਿੱਜੀਕਰਨ ਨੂੰ ਹੁਲਾਰਾ ਦੇ ਰਹੇ ਹਨ, ਦਿੱਲੀ ਦੀ ਗੱਦੀ ਉਤੇ ਟਿਕੇ ਰਹਿਣ। ਰੇਲਵੇ ਸਮੇਤ ਹੋਰ ਵੱਡੀਆਂ ਸੰਸਥਾਵਾਂ ਟੁਕੜਾ-ਟੁਕੜਾ ਕਰ ਕੇ ਨਿੱਜੀ



ਹੱਥਾਂ 'ਚ ਦਿੱਤੀਆਂ ਜਾ ਰਹੀਆਂ ਹਨ।

ਪਿਛਲੇ ਦਿਨੀਂ ਦੇਸ਼ ਦੇ ਚੋਣ ਆਯੋਗ ਨੂੰ, ਹਰੇਕ ਸਿਆਸੀ ਪਾਰਟੀ ਨੇ ਆਪੋ-ਆਪਣੀ ਰਿਪੋਰਟ ਪੇਸ਼ ਕੀਤੀ ਹੈ, ਜਿਸ ਅਨੁਸਾਰ ਸੱਤਾਧਾਰੀ ਭਾਜਪਾ ਨੂੰ 2022-23 ਵਿਚ ਚੋਣ ਬਾਂਡਾਂ ਰਾਹੀਂ ਲਗਭਗ 1300 ਕਰੋੜ ਰੁਪਏ ਪ੍ਰਾਪਤ ਹੋਏ ਹਨ। ਇਹ ਰਾਸ਼ੀ ਕਾਂਗਰਸ ਨੂੰ ਮਿਲੀ ਚੋਣ ਬਾਂਡਾਂ ਦੀ ਰਕਮ ਤੋਂ ਸੱਤ ਗੁਣਾ ਹੈ। ਉਂਜ ਭਾਜਪਾ ਨੂੰ 2022-23 ਵਿਚ ਕੁੱਲ ਫੰਡ 2120 ਕਰੋੜ ਰੁਪਏ ਮਿਲੇ ਹਨ, ਜਿਨ੍ਹਾਂ ਵਿਚ 61 ਫੀਸਦੀ ਚੋਣ ਬਾਂਡ ਹਨ। ਸਾਲ 2021-22 ਵਿਚ ਪਾਰਟੀ ਨੂੰ ਕੁੱਲ 1775 ਕਰੋੜ ਚੰਦਾ ਮਿਲਿਆ ਸੀ। ਕਾਂਗਰਸ ਨੂੰ 171 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 3.2 ਕਰੋੜ ਮਿਲੇ ਸਨ। ਭਾਜਪਾ ਨੇ ਵਿੱਤੀ ਸਾਲ 2021-22 'ਚ 117.4 ਕਰੋੜ ਰੁਪਏ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਵਰਤੋਂ ਲਈ ਅਤੇ ਆਪਣੇ ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਦੇਣ ਲਈ 76.5 ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ।

ਸਪੱਸ਼ਟ ਹੈ ਕਿ ਹਾਕਮ ਧਿਰ ਧੰਨ ਕੁਬੇਰਾਂ ਅਤੇ ਗੋਦੀ ਮੀਡੀਆ ਦੀ ਮਦਦ ਨਾਲ ਆਉਣ ਵਾਲੀਆਂ ਚੋਣਾਂ ਜਿੱਤਣ ਲਈ ਯਤਨਸ਼ੀਲ ਹੈ। ਇਹੋ ਜਿਹੀ ਸਥਿਤੀ ਵਿਚ ਵਿਰੋਧੀ ਧਿਰ ਜੇਕਰ ਹਮਲਾਵਰ ਰੁਖ਼ ਅਖਤਿਆਰ ਨਹੀਂ ਕਰਦੀ ਤਾਂ ਦੇਸ਼ ਨੂੰ ਆਉਣ ਵਾਲੇ ਸਮੇਂ ਵਿਚ ਇਹੋ ਜਿਹਾ ਕੁਝ ਵੇਖਣਾ ਪਵੇਗਾ ਜਿਸ ਦੀ ਕਲਪਨਾ ਇਸ ਲੋਕਤੰਤਰੀ ਮੁਲਕ ਵਿਚ ਕਿਸੇ ਨੇ ਵੀ ਨਹੀਂ ਕੀਤੀ ਹੋਵੇਗੀ।

ਅਸਲ ਵਿਚ ਦੇਸ਼ ਦੀ ਵਿਰੋਧੀ ਧਿਰ ਨੇ ਹਾਕਮ ਧਿਰ ਵਲੋਂ ਸਮੇਂ-ਸਮੇਂ 'ਤੇ ਕੀਤੇ ਗਏ ਗਲਤ ਕੰਮਾਂ ਦੇ ਵਿਰੋਧ ਵਿਚ ਨਾ ਇਕਮੁੱਠਤਾ ਵਿਖਾਈ ਅਤੇ ਨਾ ਹੀ ਉਨ੍ਹਾਂ ਮੁੱਦਿਆਂ ਨੂੰ ਲੋਕ ਕਚਹਿਰੀ ਵਿਚ ਉਠਾਇਆ। ਨੋਟਬੰਦੀ ਦੇ ਵੇਲੇ ਨਰਿੰਦਰ ਮੋਦੀ ਕਮਜ਼ੋਰ ਦਿਖ ਰਹੇ ਸਨ। ਪਰ ਦੇਸ਼ ਦੀ ਵਿਰੋਧੀ ਧਿਰ ਸਮੇਤ ਇਲਾਕਾਈ ਪਾਰਟੀਆਂ, ਕਮਿਊਨਿਸਟ ਇਸ ਮੁੱਦੇ ਨੂੰ ਉਠਾ ਨਾ ਸਕੇ। ਕੋਵਿਡ ਦੇ ਦੌਰ 'ਚ ਜਦ ਲੋਕ ਲੱਖਾਂ ਦੀ ਗਿਣਤੀ 'ਚ ਮਰੇ, ਦਵਾਈਆਂ ਦੀਆਂ ਕੰਪਨੀਆਂ, ਹਸਪਤਾਲਾਂ ਵਲੋਂ ਲੁੱਟੇ ਗਏ, ਉਸ ਵੇਲੇ ਵੀ ਮੋਦੀ ਕਮਜ਼ੋਰ ਦਿਖੇ ਸਨ। ਪਰ ਵਿਰੋਧੀ ਧਿਰਾਂ ਚੁੱਪ ਰਹੀਆਂ। ਪਾਰਲੀਮੈਂਟ ਵਿਚ ਵੀ ਰੌਲੇ-ਰੱਪੇ ਤੋਂ ਬਿਨਾਂ ਆਪੋਜ਼ੀਸ਼ਨ ਕੋਈ ਖਾਸ ਭੂਮਿਕਾ ਨਾ ਨਿਭਾ ਸਕੀ।

ਇਸ ਵੇਲੇ ਦੇਸ਼ ਵਿਚ ਜੋ ਸਥਿਤੀ ਹੈ ਉਹ ਕਿਸੇ ਤੋਂ ਲੁਕਵੀਂ ਨਹੀਂ ਹੈ। ਦੇਸ਼ ਦੇ ਸੁਪਰੀਮ ਕੋਰਟ ਦੇ ਵਕੀਲ ਈ.ਵੀ.ਐਮ. ਪ੍ਰਣਾਲੀ ਨਾਲ ਦੇਸ਼ 'ਚ ਚੋਣਾਂ ਕਰਾਉਣ ਵਿਰੁੱਧ ਮੋਰਚਾ ਲਾਈ ਬੈਠੇ ਹਨ। ਉਨ੍ਹਾਂ ਦੇ ਹੱਕ ਵਿਚ ਦੇਸ਼ ਭਰ ਤੋਂ ਕਿਸਾਨ ਆਏ ਹਨ, ਮਜ਼ਦੂਰ ਵੀ ਦਿੱਲੀ ਢੁਕੇ ਹੋਏ ਹਨ।

ਆਪਣੇ ਨਾਲ ਕੇਂਦਰ ਸਰਕਾਰ ਵਲੋਂ ਕੀਤੇ ਧ੍ਰੋਹ ਕਾਰਨ ਅਤੇ ਮੰਗਾਂ ਨਾ ਮੰਨੇ ਜਾਣ ਤੋਂ ਨਿਰਾਸ਼ ਅਤੇ ਰੋਹ ਵਿਚ ਕਿਸਾਨ ਜਥੇਬੰਦੀਆਂ ਮੁੜ ਅੰਦੋਲਨ ਦੇ ਰਾਹ ਉਤੇ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਕੋਆਪਰੇਟਿਵ ਫੈਡਰਲਿਜ਼ਮ ਨੂੰ ਬਚਾਉਣ ਲਈ ਖੱਬੇ ਪਾਰਟੀਆਂ ਦੇ ਆਗੂ ਜੰਤਰ-ਮੰਤਰ ਉਤੇ ਧਰਨੇ ਉਤੇ ਜਾ ਬੈਠੇ। ਤਿੰਨ ਮੁੱਖ ਮੰਤਰੀ ਸਮੇਤ ਖੱਬੀਆਂ ਧਿਰਾਂ ਆਮ ਆਦਮੀ ਪਾਰਟੀ, ਫਾਰੂਕ ਅਬਦੁੱਲਾ ਨੇ ਇੱਕਮੁੱਠਤਾ ਦਿਖਾਈ। ਮੁੱਖ ਮੁੱਦਾ ਇਹ ਰਿਹਾ ਕਿ ਕੇਂਦਰ ਸਰਕਾਰ ਰਾਜਾਂ ਨੂੰ ਟੈਕਸਾਂ ਵਿਚ ਬਣਦਾ ਹਿੱਸਾ ਨਹੀਂ ਦਿੰਦੀ ਅਤੇ ਵਿਰੋਧੀ ਪਾਰਟੀਆਂ ਦੇ ਸ਼ਾਸ਼ਤ ਵਾਲੇ ਰਾਜਪਾਲਾਂ ਰਾਹੀਂ ਸਰਕਾਰ ਦੇ ਕੰਮ ਕਾਜ ਵਿਚ ਰੁਕਾਵਟ ਪਾਉਂਦੀ ਹੈ। ਉਧਰ ਕਾਂਗਰਸ ਦੇ ਰਾਹੁਲ ਗਾਂਧੀ ਦੇਸ਼ ਦੀ ਨਿਆਏ ਯਾਤਰਾ 'ਤੇ ਹਨ ਅਤੇ ਲੋਕਾਂ ਨੂੰ ਹਾਕਮ ਧਿਰ ਦੀਆਂ ਨਾਕਾਮੀਆਂ ਅਤੇ ਵਧੀਕੀਆਂ ਦਸਦੇ ਲੋਕਾਂ ਨਾਲ ਰਾਬਤਾ ਕਰ ਰਹੇ ਹਨ।

ਦੇਸ਼ ਵਿਚ ਥਾਂ-ਥਾਂ ਬੇਚੈਨੀ ਹੈ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਵਲੋਂ ਬੇਇਨਸਾਫੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੇ ਵਿਰੁੱਧ ਰੋਸ ਪ੍ਰਗਟਾਇਆ ਜਾ ਰਿਹਾ ਹੈ। ਪੇਂਡੂ ਭਾਰਤ ਬੰਦ ਦਾ ਸੱਦਾ ਵੀ ਆਇਆ ਹੈ। ਦੇਸ਼ 'ਚ ਘੱਟ ਗਿਣਤੀਆਂ ਦੇ ਮਨਾਂ 'ਚ ਨਿਰੰਤਰ ਡਰ ਪੈਦਾ ਹੋ ਰਿਹਾ ਹੈ। ਦੇਸ਼ ਦੇ ਕੁਝ ਸੂਬਿਆਂ ਤੋਂ ਦੇਸ਼ ਅਤੇ ਪ੍ਰਦੇਸ਼ ਦਾ ਪ੍ਰਵਾਸ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਲੋਕ ਇੱਕ ਦੇਸ਼, ਇੱਕ ਰਾਸ਼ਟਰ, ਇੱਕ ਟੈਕਸ, ਇੱਕ ਚੋਣ, ਇੱਕ ਬੋਲੀ ਅਤੇ ਅੱਗੋਂ ਪਤਾ ਨਹੀਂ ਕੀ ਕੁਝ ਬਸ, ਇਕੋ ਇੱਕ ਨੂੰ ਦੇਸ਼ ਦੇ ਸੰਘੀ ਢਾਂਚੇ ਉਤੇ ਵੱਡੀ ਸੱਟ ਵਾਂਗਰ ਵੇਖ ਰਹੇ ਹਨ।

ਸਰਕਾਰ ਬਹੁ-ਚਰਚਿਤ ਨਾਗਰਿਕਤਾ ਕਾਨੂੰਨ ਨੂੰ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਲਈ ਦ੍ਰਿੜ ਹੈ, ਜਿਸ ਨਾਲ ਦੇਸ਼ 'ਚ ਇਕ ਵਰਗ ਦੇ ਲੋਕਾਂ 'ਚ ਨਿਰਾਸ਼ਤਾ ਵਧੇਗੀ। ਸਰਕਾਰ ਨੇ ਚੋਣਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀ ਵਿਗਿਆਨੀ ਐਸ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਹੈ। ਕੁਝ ਸਮਾਂ ਪਹਿਲਾਂ ਭਾਜਪਾ ਨੇਤਾ ਐਲ.ਕੇ. ਅਡਵਾਨੀ ਅਤੇ ਸੋਸ਼ਲਿਸਟ ਆਗੂ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤਾ ਗਿਆ। ਇਸਦਾ ਮਨੋਰਥ ਸਿਆਸੀ ਲਾਹਾ ਲੈਣਾ ਸਮਝਿਆ ਜਾ ਰਿਹਾ ਹੈ।

ਹੁਣ ਜਦੋਂ ਦੇਸ਼ ਦੀ ਹਾਕਮ ਧਿਰ ਨੇ ਨਰਿੰਦਰ ਮੋਦੀ ਨੂੰ ਹੀਰੋ ਬਣਾ ਕੇ ਪੇਸ਼ ਕੀਤਾ ਹੈ, ਅਤੇ ਉਸ ਵਲੋਂ ਅਤੇ ਉਸਦੀ ਪਾਰਟੀ ਵਲੋਂ ਧਰਮ ਦੇ ਨਾਮ 'ਤੇ ਧਰੁਵੀਕਰਨ ਦੀ ਨੀਤੀ ਤਹਿਤ ਦੇਸ਼ ਵਿਚ ਇੱਕ ਅਜੀਬ ਕਿਸਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਦੇਸ਼ ਦੇ ਬਹੁਤੇ ਰਾਜ ਨੇਤਾ, ਰਾਜਨੀਤਕ ਪੰਡਿਤ, ਸਰਵੇਖਣ ਕਰਨ ਵਾਲੇ, ਸਾਰੇ ਇਹ ਕਹਿਣ ਲੱਗ ਪਏ ਹਨ ਕਿ ਨਰਿੰਦਰ ਮੋਦੀ ਨੂੰ ਹਰਾਉਣਾ ਮੁਸ਼ਕਿਲ ਨਹੀਂ, ਨਾਮੁਮਕਿਨ ਹੈ।

ਪਰ 2004 ਦੀਆਂ ਚੋਣਾਂ ਵੱਲ ਜੇਕਰ ਝਾਤੀ ਮਾਰੀਏ ਤਾਂ ਉਸ ਵੇਲੇ ਵੀ ਸਥਿਤੀ ਇਹੋ ਜਿਹੀ ਸੀ ਕਿ ਅਟਲ ਬਿਹਾਰੀ ਵਾਜਪਾਈ (ਭਾਜਪਾ) ਨੂੰ ਸੋਨੀਆ ਗਾਂਧੀ (ਕਾਂਗਰਸ) ਹਰਾ ਨਹੀਂ ਸਕੇਗੀ। ਪਰ ਜਦੋਂ ਨਤੀਜਾ ਨਿਕਲਿਆ ਤਾਂ ਸਾਰੇ ਹੈਰਾਨ ਰਹਿ ਗਏ। ਚੋਣਾਂ ਵਿਚ ਬਹੁਤੀ ਵੇਰ ਹੈਰਾਨਕੁੰਨ ਨਤੀਜੇ ਵੇਖਣ ਨੂੰ ਮਿਲਦੇ ਹਨ।

ਦੇਸ਼ ਦੇ ਲੋਕ ਧਾਰਮਿਕ ਸੰਕੀਰਨਤਾ, ਦੇਸ਼ ਦੇ ਸੰਵਿਧਾਨ ਦੇ ਉਲਟ ਅਤੇ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪਣ ਦੀਆਂ ਕਾਰਵਾਈਆਂ ਤੋਂ ਅੱਕੇ-ਥੱਕੇ ਆਪਣੇ ਨਾਲ ਹੋ ਰਹੀ ਬੇਇਨਸਾਫੀ, ਸਿਆਸੀ ਚਾਲਾਂ ਅਤੇ ਘਾਲੇ ਮਾਲਿਆਂ ਨੂੰ ਸਮਝ ਕੇ ਹੀ ਆਪਣੀ ਅਗਲੀ ਸਰਕਾਰ ਚੁਣਨ ਨੂੰ ਤਰਜੀਹ ਦੇਣਗੇ।

# ਆਪਾਂ ਤਾਂ ਪਹਿਲੀ ਫਲਾਈਟ ਬਾਹਰ ਨਿਕਲ ਜਾਣਾ!

## ਹਾਸ ਵਿਅੰਗ

ਕਿਹਾ ਜਾਂਦੈ ਕਿ ਵਡੇਰੀ ਉਮਰ ਦੇ ਬੰਦੇ ਹੱਸਦੇ ਘੱਟ ਹਨ, ਝੂਰਦੇ ਵੱਧ। ਜਿਓਣ ਜੋਗੇ ਘੱਟ, ਮਰਨ ਜੋਗੇ ਵੱਧ। ਫਰ ਸਾਰੇ ਇਕੋ ਜਿਹੇ ਨਹੀਂ ਹੁੰਦੇ। ਕਈ ਲਾਹੌਰ ਰੇਡੀਓ ਦੇ ਮਜ਼ਾਹੀਆ ਕਲਾਕਾਰ ਨਿਜ਼ਾਮਦੀਨ ਵਰਗੇ ਵੀ ਹੁੰਦੇ ਨੇ ਜੋ ਸਾਰੀ ਉਮਰ ਹੱਸਦੇ ਹਸਾਉਂਦੇ ਰਹੇ। ਵੱਡੀ ਉਮਰ ਵਾਲਿਆਂ ਨੂੰ ਚੇਤੇ ਹੋਵੇਗਾ, ਕਿਵੇਂ ਉਹ ਲਾਹੌਰ ਰੇਡੀਓ ਦੇ ਪੰਜਾਬੀ ਪ੍ਰੋਗਰਾਮ 'ਚ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਹਾਸੇ ਖੇੜੇ ਦੇ ਅਨਾਰ ਚਲਾਉਂਦਾ ਸੀ। ਹਾਸ ਵਿਅੰਗ ਦੀਆਂ ਅਸਤਬਾਜ਼ੀਆਂ ਛੱਡਦਾ ਸੀ। ਵਰਿਆਮ ਸਿੰਘ ਸੰਧੂ ਨੇ ਇਹਨੀਂ ਦਿਨੀਂ ਨਿਜ਼ਾਮਦੀਨ ਬਾਰੇ ਲੰਮਾ ਲੇਖ, ਚਾਰ ਭਾਗਾਂ 'ਚ ਵੰਡ ਕੇ ਫੇਸਬੁੱਕ 'ਤੇ ਪਾਇਆ ਹੈ। ਜਿਹੜੇ ਪੜ੍ਹ ਨਹੀਂ ਸਕੇ, ਉਹ ਹੁਣ ਵੀ ਪੜ੍ਹ ਸਕਦੇ ਹਨ। ਏਥੇ ਉਸਦਾ ਇਕੋ ਨਮੂਨਾ ਪੇਸ਼ ਕਰ ਰਿਹਾ ਹਾਂ:

ਪਿੰਡ ਦਾ ਸ਼ਹਿਰ 'ਚ ਨੌਕਰੀ ਲੱਗਾ ਇਕ ਮੁੰਡਾ, ਆਪਣੇ ਅਨਪੜ੍ਹ ਪਿਓ ਦੀਆਂ ਉਹਦੀ ਨੌਕਰੀ ਬਾਰੇ ਗੱਲਾਂ ਤੇ ਪੁੱਛਾਂ ਸੁਣ-ਸੁਣ ਕੇ ਅੱਕ ਗਿਆ। ਆਖ਼ਰ ਇਕ ਦਿਨ ਪਿਓ ਨੂੰ ਆਪਣੇ ਨਾਲ ਹੀ ਲਾਹੌਰ ਲੈ ਗਿਆ ਤਾਂ ਕਿ ਉਹਨੂੰ ਉਹਦੀਆਂ ਅੱਖਾਂ ਸਾਹਵੇਂ ਵਿਖਾ ਸਕੇ ਕਿ 'ਲਿਫ਼ਟ' ਦੀ ਨੌਕਰੀ ਕਿਹੋ ਜਿਹੀ ਹੁੰਦੀ ਹੈ?

ਪੁੱਤਰ ਨੇ ਹੇਠਲੀ ਮੰਜ਼ਿਲ ਦੀ ਲੌਬੀ 'ਚ ਇਕ ਕੁਰਸੀ ਡਾਹ ਦਿੱਤੀ ਤੇ ਕਿਹਾ ਕਿ ਉਹ ਏਥੇ ਬਹਿ ਕੇ ਵੇਖੀ ਜਾਵੇ ਮੈਂ ਕੀ ਕਰਦਾ ਹਾਂ? ਪਿਓ ਕੁਰਸੀ ਉਤੇ ਬਹਿ ਗਿਆ। ਏਨੇ ਚਿਰ ਨੂੰ ਇਕ ਬੁਢੜੀ ਆਈ ਆਈ। ਲੱਕ ਉਤੇ ਹੱਥ ਰੱਖੇ ਹੋਏ। ਬੜੇ ਤਰਲੇ ਨਾਲ ਲਿਫ਼ਟ ਓਪਰੇਟਰ ਮੁੰਡੇ ਨੂੰ ਕਹਿੰਦੀ, "ਵੇ ਪੁੱਤ! ਮੈਥੋਂ ਬੁਢੜੀ ਤੋਂ ਪੌੜੀਆਂ ਨਹੀਂ ਚੜ੍ਹਿਆ ਜਾਂਦਾ। ਮੈਨੂੰ ਐਹਦੇ 'ਚ ਬਿਠਾ ਕੇ ਉਤੇ ਲੈ ਜਾ।"

ਮੁੰਡੇ ਨੇ ਬੁਢੜੀ ਨੂੰ ਲਿਫ਼ਟ ਵਿਚ ਵਾੜ ਲਿਆ। ਦਰਵਾਜ਼ਾ ਬੰਦ ਹੋਇਆ ਤਾਂ ਲਿਫ਼ਟ ਉਤੇ ਨੂੰ ਤੁਰ ਪਈ। ਮੁੰਡੇ ਦਾ ਪਿਓ ਲੌਬੀ 'ਚ ਬੈਠਾ ਬੁਢੜੀ ਬਾਰੇ ਸੋਚਣ ਲੱਗਾ। ਜਦੋਂ ਮੁੰਡਾ ਲਿਫ਼ਟ ਲੈ ਕੇ ਹੇਠਾਂ ਆਇਆ ਤਾਂ ਉਹਨੇ ਉਹਦੇ ਨਾਲ ਇਕ ਟਿਪਟੌਪ ਬੀਬੀ ਲਿਫ਼ਟ ਵਿਚ ਲੈ ਆਂਦੀ। ਗੋਰਾ ਰੰਗ, ਸੁਰਮਾ ਪਾਇਆ ਹੋਇਆ ਤੇ ਲਿਪਸਟਿਕ ਲੱਗੀ ਹੋਈ। ਤੇਡ ਸਕਰਟ ਤੇ ਲੱਤਾਂ ਅੱਧ-ਨੰਗੀਆਂ। ਬੀਬੀ ਬਾਹਰ ਨਿਕਲੀ ਤੇ ਟੁਣਟੁਣ ਕਰਦੀ ਮੁੰਡੇ ਦੇ ਪਿਓ ਕੋਲੋਂ ਲੰਘੀ। ਮੁੰਡੇ ਦਾ ਪਿਓ ਉਹਨੂੰ ਵੇਖ ਕੇ ਹੈਰਾਨ ਰਹਿ ਗਿਆ ਤੇ ਕਿੰਨਾ ਚਿਰ ਤੁਰੀ ਜਾਂਦੀ ਦੀਆਂ ਅੱਧ-ਨੰਗੀਆਂ ਲੱਤਾਂ ਵੇਖਦਾ ਰਿਹਾ। ਖ਼ੁਸ਼ੀ ਵਿਚ ਉਹਦੀਆਂ ਤਾਂ ਵਰਾਛਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ! ਆਪਣੇ ਮੁੰਡੇ ਨੂੰ ਆਂਹਦਾ, "ਕੰਜਰਾ! ਤੂੰ ਤਾਂ ਕੰਮ ਈ ਬੜੇ ਵਧੀਆ 'ਤੇ ਲੱਗਾ ਏਂ। ਭੈੜਿਆ! ਕਿਸੇ ਦਿਨ ਆਪਣੀ ਮਾਂ ਨੂੰ ਨਾਲ ਲਿਆ ਕੇ ਉਹਦਾ ਵੀ ਇਕ ਗੇੜਾ ਇਹਦੇ 'ਚ ਲਵਾ ਉਏ!" ਉਹਦਾ ਖ਼ਿਆਲ ਸੀ ਕਿ ਓਹੋ ਬੁੱਢੜੀ ਉਤੋਂ ਸਮਾਰਟ ਬੀਬੀ ਬਣ ਕੇ ਉਤਰੀ ਹੈ। ਅਜਿਹਾ ਸੀ ਨਿਜ਼ਾਮਦੀਨ!

ਚੜ੍ਹਦੇ ਪੰਜਾਬ 'ਚ ਵੀ ਨਜ਼ਾਮਦੀਨ ਵਾਂਗ, ਚਰਨ ਸਿੰਘ ਸ਼ਹੀਦ, ਭਾਈਆ ਈਸ਼ਰ ਸਿੰਘ, ਹਜ਼ਾਰਾ ਸਿੰਘ ਰਮਤਾ, ਸੂਬਾ ਸਿੰਘ, ਚਾਚਾ ਚੰਡੀਗੜ੍ਹੀਆ ਤੇ ਹੋਰ ਕਈ ਵੱਡ ਉਮਰੇ ਹਾਸੇ ਖੇੜੇ ਦੇ ਛੱਟੇ ਦਿੰਦੇ ਤੁਰ ਗਏ। ਰੋਂਦਿਆਂ-ਧੋਂਦਿਆਂ ਨੂੰ ਤਾਰੀ ਗਏ। ਹਾਸਾ-ਖੇੜਾ ਮਨੁੱਖ ਲਈ ਬੜਾ ਵੱਡਾ ਵਰ ਜੁ ਹੋਇਆ। ਮਨੁੱਖ ਵਾਂਗ ਹੋਰ ਕਿਸੇ ਪ੍ਰਾਣੀ ਨੂੰ ਹੱਸਣਾ ਨਹੀਂ ਆਉਂਦਾ। ਥਦੇ ਮੈਂ ਆਪਣੀ ਸਵੈ-ਜੀਵਨੀ ਦਾ ਨਾਂ ਗੁਰਬਾਣੀ ਤੋਂ ਪ੍ਰੇਰਤ ਹੋ ਕੇ 'ਹਸੰਦਿਆਂ ਖੇਲੰਦਿਆਂ' ਰੱਖਿਆ ਸੀ ਜੋ ਹੁਣ ਪਾਕਿਸਤਾਨੀ ਪੰਜਾਬ ਦੇ ਪਾਠਕਾਂ ਲਈ ਸ਼ਾਹਮੁਖੀ ਵਿਚ ਵੀ ਛਪ ਗਈ ਹੈ।

*

'ਪਹਿਲੀ ਫਲਾਈਟ ਬਾਹਰ ਨਿਕਲ ਜਾਣ' ਦੀ ਗੱਲ ਜੋ ਨਿਜ਼ਾਮਦੀਨ ਨੇ ਨਹੀਂ ਕੀਤੀ ਉਹ ਮੈਂ ਕਰ ਦਿੰਨਾਂ:

ਇਕ ਸਿਆਸੀ ਨੇਤਾ ਦੇ ਰੈਲੀਆਂ ਕਰਦਿਆਂ, ਸੱਚ ਝੂਠ ਬੋਲਦਿਆਂ, ਸਬਜ਼ਬਾਗ ਵਿਖਾਉਂਦਿਆਂ ਤੇ ਪਾਰਟੀਆਂ ਬਦਲਦਿਆਂ ਪੇਟ 'ਚ ਕੀੜੇ ਪੈ ਗਏ। ਕੀੜੇ ਨੇਤਾ ਨੂੰ ਤੰਗ ਕਰਨ ਲੱਗੇ। ਤਾਂ ਨੂੰ ਡਾਕਟਰ ਕੋਲ ਜਾਣਾ ਪੈ ਗਿਆ। ਪੇਟ ਦੇ ਐਕਸਰੇ ਤੇ ਟੈਸਟ ਕਰਵਾਏ ਗਏ। ਪਤਾ ਲੱਗਾ ਕਿ ਪੇਟ 'ਚ ਤਾਂ ਕੀੜੇ ਹੀ ਕੀੜੇ ਕੁਰਬਲ ਕੁਰਬਲ ਕਰੀ ਜਾਂਦੇ ਨੇ। ਬਿਮਾਰੀ ਹੱਦੋਂ ਵਧ ਗਈ ਸੀ ਜਿਸ ਨਾਲ ਨੇਤਾ ਦੀ ਕਿਸੇ ਵੇਲੇ ਵੀ ਜਾਨ ਜਾਂਦੀ ਹੋ ਸਕਦੀ ਸੀ। ਤੁਰਤ ਪੇਟ ਦੇ ਓਪ੍ਰੇਸ਼ਨ ਦਾ ਫੈਸਲਾ ਕੀਤਾ ਗਿਆ।

ਜਦ ਕੀੜਿਆਂ ਨੂੰ ਆਪਣੇ ਨੇਤਾ ਦੇ ਓਪ੍ਰੇਸ਼ਨ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਪੇਟ ਅੰਦਰੇ ਰੈਲੀ ਕਰ ਲਈ ਬਈ ਆਪਣੇ ਰਿਜ਼ਕ ਦਾਤੇ ਦਾ ਓਪ੍ਰੇਸ਼ਨ ਨਹੀਂ ਹੋਣ ਦੇਣਾ। ਨੇਤਾ ਕਦੇ ਅੰਦਰਲੀ ਰੈਲੀ ਵੱਲ ਵੇਖੇ, ਕਦੇ ਬਾਹਰਲੀ ਰੈਲੀ ਵੱਲ। ਭਾਸ਼ਣ ਦੇਵੇ ਤਾਂ ਕਿਥੇ ਦੇਵੇ? ਆਹ ਹੁਣ ਪੰਜਾਬ ਵਿਚ ਹੀ ਵੇਖ ਲਓ, ਕਹਿੰਦੇ ਕਹਾਉਂਦੇ ਲੀਡਰਾਂ ਨੂੰ ਪਤਾ ਨਹੀਂ ਲੱਗ ਰਿਹਾ ਬਈ ਅੰਦਰਲੀ ਰੈਲੀ 'ਚ ਭਾਸ਼ਣ ਦੇਣ ਜਾਂ ਬਾਹਰਲੀ ਰੈਲੀ 'ਚ? ਗੱਠਜੋੜ ਕਰਨ ਤਾਂ ਕੀਹਦੇ ਨਾਲ ਕਰਨ?

ਓਪ੍ਰੇਸ਼ਨ ਤੋਂ ਪਹਿਲਾਂ ਬਾਹਰ ਵੀ ਜ਼ਿੰਦਾਬਾਦ-ਮੁਰਦਾਬਾਦ ਹੋਣ ਲੱਗੀ ਤੇ ਢਿੱਡ 'ਚ ਵੀ ਜ਼ਿੰਦਾਬਾਦ-ਮੁਰਦਾਬਾਦ ਦੇ ਨਾਹਰੇ ਲੱਗਣ ਲੱਗੇ! ਪੇਟ ਵਿਚਲੇ ਵਧੇਰੇ ਕੀੜੇ ਓਪ੍ਰੇਸ਼ਨ ਦੇ ਵਿਰੋਧ ਵਿਚ ਨਾਹਰੇ ਲਾਈ ਜਾਣ ਤੇ ਕਹੀ ਜਾਣ ਕਿ ਓਪ੍ਰੇਸ਼ਨ ਨਾਲ ਤਾਂ ਜੀ ਸਾਡਾ ਵੀ ਘਾਣ ਹੋ ਜਾਵੇਗਾ। ਕੁਝ ਕੀੜੇ ਓਪ੍ਰੇਸ਼ਨ ਦੇ ਹੱਕ 'ਚ ਨਾਹਰੇ ਲਾਈ ਜਾਣ ਬਈ ਇਹਦੇ ਨਾਲ ਆਪਣਾ ਰਿਜ਼ਕ ਦਾਤਾ ਬਚ ਜਾਵੇਗਾ। ਕੀੜਿਆਂ ਦੇ ਦੋ 'ਗਰੁੱਪ' ਬਣ ਗਏ। ਕੁਝ ਪਕਰੋੜ ਕੀੜੇ, ਜਿਨ੍ਹਾਂ ਨੂੰ ਸਿਆਸਤ ਦਾ ਚੋਖਾ ਤਜਰਬਾ ਸੀ, ਕੀੜਿਆਂ ਦੀ ਖਾਣ ਬਣੇ ਲੀਡਰ ਨੂੰ ਗਰੁੱਪਾਂ ਦੇ ਗੱਠਜੋੜ ਕਰਾਉਣ ਦੀਆਂ ਦਲੀਲਾਂ ਦੇਣ ਲੱਗੇ। ਅਖੇ ਲੀਡਰ ਦਾ ਓਪ੍ਰੇਸ਼ਨ ਹੋਇਆ ਤਾਂ ਸਾਰੇ ਮਾਰੇ ਜਾਵਾਂਗੇ। ਓਪ੍ਰੇਸ਼ਨ ਕਰਾਉਣ ਦੇ ਹੱਕ ਵਿਚ ਨਾਹਰੇ ਲਾਉਣ ਵਾਲਿਆਂ ਕੋਲ ਵੀ ਦਲੀਲਾਂ ਦਾ ਘਾਟਾ ਨਹੀਂ ਸੀ। ਉਨ੍ਹਾਂ ਨੇ ਦਲੀਲ ਦਿੱਤੀ, "ਮਾਰੇ ਕਿਵੇਂ ਜਾਵਾਂਗੇ? ਆਪਾਂ ਤਾਂ ਲੀਡਰ ਦੀ ਪਹਿਲੀ 'ਫਲਾਈਟ' ਨਾਲ ਈ ਬਾਹਰ ਨਿਕਲ ਜਾਣਾ ਤੇ ਕਿਸੇ ਹੋਰ ਨੇਤਾ ਦੇ ਢਿੱਡ 'ਚ ਜਾ ਵੜਨੈ!"

# ਪੰਜਾਬ ਕਲਾ ਪਰਿਸ਼ਦ ਦੇ ਵਿਹੜੇ ਰੰਧਾਵਾ ਉਤਸਵ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਹਰ ਸਾਲ ਫਰਵਰੀ ਮਹੀਨੇ ਆਪਣੇ ਵਿਹੜੇ ਮਹਿੰਦਰ ਸਿੰਘ ਰੰਧਾਵਾ (2-2-1909-3-3-1986) ਉਤਸਵ ਮਨਾਉਂਦੀ ਹੈ। ਏਸ ਵਰ੍ਹੇ ਇਹ ਉਤਸਵ 2 ਤੋਂ 6 ਫਰਵਰੀ ਨੂੰ ਮਨਾਇਆ ਗਿਆ। ਇਨ੍ਹਾਂ ਦਿਨਾਂ ਵਿਚ ਮੌਸਮ ਦੀ ਖਰਾਬੀ ਦੇ ਬਾਵਜੂਦ ਏਸ ਵਿਹੜੇ ਕਵਿਤਾ, ਨਾਟਕ ਤੇ ਚਿੱਤਰਕਾਰੀ ਪ੍ਰਧਾਨ ਰਹੀ। ਇਸਦਾ ਅਰੰਭ ਰੰਧਾਵਾ ਆਡੀਟੋਰੀਅਮ ਵਿਚ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸੁਰਜੀਤ ਪਾਤਰ ਦੀਆਂ ਭਾਵਨਾਵਾਂ ਨਾਲ ਹੋਇਆ। ਰੰਧਾਵਾ ਸਾਹਿਬ ਇਹੋ ਜਿਹੇ ਗੁਲਾਬ ਸਨ ਜੋ ਜ਼ਿੰਦਗੀ ਦੀ ਸ਼ਾਖ ਤੋਂ ਜੁਦਾ ਹੋ ਕੇ ਇਤਿਹਾਸ ਦੀ ਸ਼ਾਖ 'ਤੇ ਖਿੜ ਪਏ ਤੇ ਖਿੜੇ ਰਹਿਣਗੇ। ਉਦਘਾਟਨ ਦੀ ਰਸਮ ਸਭਿਆਚਾਰ ਤੇ ਸੈਰ ਸਪਾਟਾ ਮੰਤਰੀ ਬੀਬਾ ਅਨਮੋਲ ਗਗਨ ਮਾਨ ਨੇ ਨਿਭਾਈ। ਅਨਮੋਲ ਭਾਵਾਂ ਵਾਲੇ ਬੋਲਾਂ ਨਾਲ: 'ਡਾ ਮਹਿੰਦਰ ਸਿੰਘ ਰੰਧਾਵਾ ਨੂੰ ਵਿਗਿਆਨ ਕਲਾ ਅਤੇ ਪ੍ਰਬੰਧ ਦੀ ਤ੍ਰਿਮੂਰਤੀ ਕਿਹਾ ਜਾ ਸਕਦਾ ਹੈ। ਆਪਣੇ ਕੀਤੇ ਮਹਾਨ ਕਾਰਜਾਂ ਸਦਕਾ ਉਹ ਸਾਥੋਂ ਵਿਛੜ ਕੇ ਵੀ ਹਮੇਸ਼ਾ ਸਾਰੇ ਦਿਲਾਂ ਵਿਚ ਵਸਦੇ ਹਨ। ਉਨ੍ਹਾਂ ਦਾ ਸੁਪਨਾ ਸੀ ਕਿ ਹਰ ਪੰਜਾਬੀ ਖੁਸ਼ਹਾਲ, ਮਿਹਨਤੀ, ਸੁਹਿਰਦ, ਕਲਾ ਪ੍ਰੇਮੀ ਤੇ ਚੰਗੀਆਂ ਸੋਚਾਂ ਨੂੰ ਖੁਲ੍ਹਦਿਲੀ ਨਾਲ ਜੀ ਆਇਆਂ ਨੂੰ ਕਹਿਣ ਵਾਲਾ ਹੋਵੇ। ਉਹ ਪੰਜਾਬ ਵਿਚ ਆਧੁਨਿਕਤਾ ਅਤੇ ਵਿਰਾਸਤ ਦਾ ਸੰਗਮ ਸਿਰਜਣਾ ਚਾਹੁੰਦੇ ਸੀ। ਖੇਤੀ, ਵਿਗਿਆਨ, ਸਾਹਿਤ, ਕਲਾ ਅਤੇ ਅਗਾਂਹਵਧੂ ਸੋਚ ਉਨ੍ਹਾਂ ਦੇ ਵਿਸ਼ੇਸ਼ ਗੁਣ ਸਨ।'

ਚਿੱਤਰਕਲਾ, ਨਾਟਕ ਤੇ ਕਵਿਤਾ ਰਾਹੀਂ ਸਾਹ ਲੈਂਦੇ ਇਸ ਉਤਸਵ ਦਾ ਇੱਕ ਹਾਸਲ ਪਰਿਸ਼ਦ ਦੇ ਸਾਲਾਨਾ ਰਸਾਲੇ 'ਕਲਾ ਦੁਆਰ' ਦਾ ਮਹਿੰਦਰ ਸਿੰਘ ਰੰਧਾਵਾ ਵਿਸ਼ੇਸ਼ ਅੰਕ ਸੀ ਜਿਸਨੂੰ ਇਸਦੀ ਸੰਪਾਦਕ ਜਗਦੀਸ਼ ਕੌਰ ਨੇ ਮਹਿੰਦਰ ਸਿੰਘ ਰੰਧਾਵਾ ਦੀਆਂ ਯਾਦਗਾਰੀ ਤਸਵੀਰਾਂ ਨਾਲ ਸ਼ਿੰਗਾਰਿਆ। ਸਭਿਆਚਾਰਕ ਇਤਿਹਾਸ ਦੀ ਪੈੜ ਨਪਦੀਆਂ ਇਨ੍ਹਾਂ ਤਸਵੀਰਾਂ ਵਿਚ ਜਵਾਹਰ ਲਾਲ ਨਹਿਰੂ, ਜ਼ਾਕਿਰ ਹੁਸੈਨ, ਇੰਦਰਾ ਗਾਂਧੀ, ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਸਤੀਸ਼ ਗੁਜਰਾਲ, ਲੀ ਕਾਰਬੂਜ਼ੀਏਰ, ਨੌਰਾ ਰਿਚਰਡਜ਼, ਮੁਲਕ ਰਾਜ ਆਨੰਦ, ਗੁਰਬਖਸ਼ ਸਿੰਘ ਪ੍ਰੀਤ ਲੜੀ ਤੇ ਬਲਵੰਤ ਗਾਰਗੀ ਸਮੇਤ ਉਨਤ ਖੇਤੀ ਵਿਚ ਮੱਲਾਂ ਮਾਰਨ ਵਾਲੇ ਕਿਸਾਨ ਵੀ ਹਨ। ਖੂਬਸੂਰਤ ਨਾਂ ਵਾਲੇ ਇਸ 'ਕਲਾ ਦੁਆਰ' ਵਿਚ ਸ਼ਿਵ ਕੁਮਾਰ ਬਟਾਲਵੀ ਤੇ ਖੁਸ਼ਵੰਤ ਸਿੰਘ ਦੇ ਭਾਵਪੂਰਤ ਬੋਲ ਇਸਦੀ ਸ਼ਾਨ ਹਨ।



ਡਾ. ਮਹਿੰਦਰ ਸਿੰਘ ਰੰਧਾਵਾ ਅਤੇ ਖੁਸ਼ਵੰਤ ਸਿੰਘ

ਰੰਧਾਵਾ ਸਾਹਿਬ ਦੇ ਕੰਮ ਕਰਨ ਦਾ ਤਰੀਕਾ ਧੜੱਲੇਦਾਰ ਵੀ ਸੀ ਤੇ ਵੱਖਰਾ ਵੀ। ਮੈਂ ਉਨ੍ਹਾਂ ਨੂੰ ਇੱਕੋ ਸਮੇਂ ਤਿੰਨ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਵੀ ਤੱਕਿਆ ਹੈ ਤੇ ਨੌਂ ਉਮੀਦਵਾਰਾਂ ਵਿਚੋਂ ਕੇਵਲ ਚੰਗੇ ਮਸਤਕ ਵਾਲੇ ਵਿਅਕਤੀ ਦੀ ਚੋਣ ਕਰਦਿਆਂ ਵੀ। ਉਨ੍ਹਾਂ ਦੇ ਅਕਾਲ ਚਲਾਣੇ ਉੱਤੇ ਟਾਈਮਜ਼ ਆਫ ਇੰਡੀਆ ਨੇ ਵੱਡਾ ਸੰਪਾਦਕੀ ਲਿਖਿਆ ਸੀ 'ਹਿੰਦੁਸਤਾਨ ਦੀ ਸਭਿਅਤਾ ਤੇ ਸਭਿਆਚਾਰ ਦਾ ਪਹਿਰੇਦਾਰ' ਸਿਰਲੇਖ ਥੱਲੇ।

**ਪ੍ਰਤਾਪ ਸਿੰਘ ਕੈਰੋਂ ਨੂੰ ਚੇਤੇ ਕਰਦਿਆਂ**

6 ਫਰਵਰੀ 2024 ਨੂੰ ਪੰਜਾਬ ਦੇ ਇਸ ਧੜੱਲੇਦਾਰ ਮੁੱਖ ਮੰਤਰੀ ਨੂੰ ਵਿਦਾ ਹੋਇਆਂ 59 ਵਰ੍ਹੇ ਹੋ ਗਏ ਹਨ। ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਉਸ ਦਿਨ ਮੈਂ ਅਪਣੇ ਅਫਸਰ ਮਹਿੰਦਰ ਸਿੰਘ ਰੰਧਾਵਾ ਨੂੰ ਮਿਲਣ ਗਿਆ ਤਾਂ ਉਹ ਮੇਰੇ ਵੱਲ ਵੇਖੇ ਬਿਨਾ ਕਮਰੇ ਦੀ ਖਿੜਕੀ ਰਾਹੀਂ ਅਸਮਾਨ ਵਲ ਵੇਖੀ ਜਾ ਰਹੇ ਸਨ। "ਬਹੁਤ ਮਾੜਾ ਹੋਇਆ" ਕਹਿ ਕੇ ਉਨ੍ਹਾਂ ਨੇ ਮੈਨੂੰ ਆਪਣੀ ਗੱਡੀ ਵਿਚ ਬਿਠਾਇਆ ਤੇ ਤੀਨ ਮੂਰਤੀ ਸਥਿਤ ਆਪਣੀ ਕੋਠੀ ਲੈ ਗਏ। ਰਸਤੇ ਵਿਚ ਪਤਾ ਲੱਗਿਆ ਕਿ ਕੈਰੋਂ ਦੀ ਹੱਤਿਆ ਹੋ ਚੁੱਕੀ ਸੀ ਘਰ ਜਾ ਕੇ ਆਪਣੀ ਜੀਵਨ ਸਾਥਣ ਨੂੰ ਖਬਰ ਦੇਣ ਉਪ੍ਰੰਤ ਉਹਦੇ ਨਾਲ ਵੀ ਨਹੀਂ ਬੋਲੇ। ਖਾਣੇ ਪਿਛੋਂ ਆਪਣੇ ਕਮਰੇ ਵਿਚ ਚਲੇ ਗਏ ਤੇ ਡਰਾਈਵਰ ਨੂੰ ਕਿਹਾ ਕਿ ਮੈਨੂੰ ਦਫਤਰ ਛੱਡ ਦੇਵੇ। ਦੁਪਹਿਰ ਤੋਂ ਪਿੱਛੋਂ ਦੀਆਂ ਸਾਰੀਆਂ ਮੀਟਿੰਗਾਂ ਅੱਗੇ ਪਾਉਣ ਦਾ ਸੁਨੇਹਾ ਵੀ ਦਫਤਰ ਵਾਲਿਆਂ ਨੂੰ ਮੈਂ ਹੀ ਦਿੱਤਾ ਸੀ।

ਮੈਂ ਪ੍ਰਤਾਪ ਸਿੰਘ ਕੈਰੋਂ ਦੇ ਕਾਰਜ ਕਾਲ ਵਿਚ ਅਜੋਕੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦਾ ਸਰਬਪੱਖੀ ਵਿਕਾਸ ਹੁੰਦਾ ਤੱਕਿਆ ਹੈ। ਉਹ ਖੇਤੀਬਾੜੀ ਤੇ ਉਦਯੋਗਿਕ ਪ੍ਰਫੁੱਲਤਾ ਦਾ ਸਬਕ ਅਮਰੀਕਾ ਤੋਂ ਲੈ ਕੇ ਆਏ ਸਨ ਤੇ ਮੁਢਲੀ ਉਚੇਰੀ ਤੇ ਪਹਿਲਾ ਸਿੱਖਿਆ ਉਨ੍ਹਾਂ ਦੇ ਮਨ ਵਿਚ ਵਸੀ ਹੋਈ ਸੀ। ਸਕੂਲ, ਕਾਲਜ, ਹਸਪਤਾਲ, ਸੈਨਿਕ ਸਕੂਲ ਤੇ ਯੂਨੀਵਰਸਟੀਆਂ ਸਥਾਪਤ ਕਰਨ ਦਾ ਹੁਕਮ ਦਿੰਦੇ ਫੋਰਾ ਨਹੀਂ ਸੀ ਲਾਉਂਦੇ। ਹਰਿਆਣਾ ਵਿਚ ਕੁਰੂਕਸ਼ੇਤਰ ਤੇ ਪੰਜਾਬ ਵਿੱਚ ਪੰਜਾਬੀ ਯੂਨੀਵਰਸਟੀ ਉਨ੍ਹਾਂ ਦੀ ਦੇਣ ਹਨ। ਕਿਸਾਨਾਂ ਲਈ ਸੁਧਰੇ ਬੀਜ, ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦੁਆਈਆਂ ਦੀ ਵਿਵਸਥਾ ਸਸਤੇ ਕਰਜ਼ਿਆਂ ਕਰਨ ਵਾਲੇ ਵੀ ਉਹੀਓ ਸਨ।

ਕਰਨਾਲ ਵਿਚਲੀ ਡੇਅਰੀ ਸੰਸਥਾ ਤੇ ਅੰਮ੍ਰਿਤਸਰ ਵਿਚ ਵੇਰਕਾ ਮਿਲਕ ਪਲਾਂਟ ਵੀ ਉਨ੍ਹਾਂ ਦੀ ਦੇਣ ਸੀ। ਉਨ੍ਹਾਂ ਨੇ ਫਰੀਦਾਬਾਦ ਨੂੰ ਪੰਜਾਬ ਦੀ ਉਦਯੋਗਿਕ ਹੱਬ ਐਲਾਨ ਕੇ ਸਾਰੇ ਦੇ ਸਾਰੇ ਸੂਬੇ ਨੂੰ ਮਾਲਾਮਾਲ ਕੀਤਾ। ਚੰਡੀਗੜ੍ਹ ਵਿਚ ਪੀ.ਜੀ.ਆਈ. ਦੀ ਸਥਾਪਨਾ ਸਮੇਤ।

ਚੇਤੇ ਰਹੇ ਕਿ ਉਸ ਵੇਲੇ ਦੇ ਪੰਜਾਬ ਵਿਚ ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬੇ ਦੀ ਮੰਗ ਜ਼ੋਰਾਂ 'ਤੇ ਸੀ। ਉਹ ਜਾਣਦੇ ਸਨ ਕਿ ਇਸਦੀ ਪ੍ਰਵਾਨਗੀ ਦੇਸ਼ ਵੰਡ ਪਿੱਛੋਂ ਰਹਿ ਗਏ, ਪੰਜਾਬ ਦੇ ਹੋਰ ਵੀ ਟੁਕੜੇ ਕਰ ਦੇਵੇਗੀ। ਉਹ ਸਰਹੱਦੀ ਸੂਬੇ ਦੀ ਸ਼ਕਤੀ ਤੇ ਸਭਿਆਚਾਰਕ ਵੰਨ-ਸੁਵੰਨਤਾ ਨੂੰ ਹੋਰ ਖੋਰਾ ਨਹੀਂ ਸੀ ਲਾਉਣਾ ਚਾਹੁੰਦੇ। ਉਨ੍ਹਾਂ ਨੇ ਜੀਊਂਦੇ ਜੀਅ ਇਹ ਵਚਨ ਨਿਭਾਇਆ।

ਉਨ੍ਹਾਂ ਦੀ ਕਾਰਜ ਵਿਧੀ ਬਾਰੇ ਮੇਰੇ ਕੋਲ ਵੀ ਇੱਕ ਘਟਨਾ ਹੈ। ਖਾਲਸਾ ਕਾਲਜ ਮਾਹਿਲਪੁਰ (ਹੁਸ਼ਿਆਰਪੁਰ) ਵਿਚ ਮੇਰੀ ਕਾਨਵੋਕੇਸ਼ਨ ਸਮੇਂ ਕੈਰੋਂ ਮੁੱਖ ਮਹਿਮਾਨ ਸਨ। ਪੰਜਾਬ ਦੇ ਵਿਕਾਸ ਮੰਤਰੀ ਨਾਤੇ। ਇਲਾਕਾ ਨਿਵਾਸੀਆਂ ਨੇ ਤਿੰਨ ਮੰਗਾਂ ਮੰਗੀਆਂ। (1) ਹੋਸਟਲ ਦੀ ਇਮਾਰਤ ਲਈ ਮਾਇਆ (2) ਮਾਹਿਲਪੁਰ ਫਗਵਾੜਾ ਮਾਰਗ ਨੂੰ ਕੱਚੀ ਤੋਂ ਪੱਕੀ ਕਰਨਾ ਤੇ (3) ਗੜ੍ਹਸ਼ੰਕਰ ਵਾਲੀ ਰੇਲਵੇ ਲਾਈਨ ਨੂੰ ਹੁਸ਼ਿਆਰਪੁਰ ਨਾਲ ਜੋੜਨਾ। ਕੈਰੋਂ ਸਾਹਿਬ ਨੇ ਪਹਿਲੀ ਮੰਗ ਤਾਂ ਉਥੇ ਬੈਠਿਆਂ ਹੀ ਪ੍ਰਵਾਨ ਕਰ ਲਈ ਤੇ ਦੂਜੀ ਬਾਰੇ ਇਲਾਕਾ ਨਿਵਾਸੀਆਂ ਨੂੰ ਕਿਹਾ ਕਿ ਮਿੱਟੀ ਉਹ ਪਾ ਦੇਣ ਤੇ ਲੁਕ ਉਸਦੀ ਸਰਕਾਰ ਫੇਰ ਦੇਵੇਗੀ। ਏਥੇ ਹੀ ਨਹੀਂ, ਹੋਰਨਾਂ ਮਾਰਗਾਂ ਉੱਤੇ ਵੀ। ਰੇਲਵੇ ਦਾ ਮਹਿਕਮਾ ਕੇਂਦਰ ਥੱਲੇ ਹੋਣ ਦਾ ਜ਼ਿਕਰ ਕਰਕੇ ਉਨ੍ਹਾਂ ਨੇ ਵਚਨ



ਪ੍ਰਤਾਪ ਸਿੰਘ ਕੈਰੋਂ

ਦਿੱਤਾ ਕਿ ਉਹ ਪੰਡਤ ਨਹਿਰੂ ਨੂੰ ਮਿਲਣ ਵਾਲੇ ਵਫਦ ਦੀ ਅਗਵਾਈ ਕਰਨਗੇ। ਕੈਰੋਂ ਦੀ ਧੰਨ ਧੰਨ ਹੋ ਗਈ!

**ਅੰਤਿਕਾ**

—ਮੀਰ ਤਕੀ ਮੀਰ—

ਵੁਹ ਆਏ ਬਜ਼ਮ ਮੇਂ ਬੱਸ ਇਤਨਾ ਤੋਂ ਮੀਰ ਨੇ ਦੇਖਾ
ਕਿ ਉਸਦੇ ਬਾਅਦ ਚਿਰਾਗੋਂ ਮੇਂ ਰੋਸ਼ਨੀ ਨਾ ਰਹੀ।

# ਗਾਵਣ ਜਦੋਂ ਕਥਨ ਤੇ ਖਿੜਨ ਬਣਿਆ (4)



ਡਾ. ਆਸਮਾ ਕਾਦਰੀ

ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ (ਪੰਨਾ 2, ਜਪੁ, ਮ: 1)

"ਕਥਨਾ" ਕਥਨ ਦਾ ਅਮਲ ਹੈ। "ਕਥਨ" ਹੈ ਆਖਣ, ਬਿਆਨ ਕਰਨ, ਕਹਾਣੀ ਬਣਾਉਣ, ਤਸ਼ਰੀਹ ਤਫਸੀਰ, ਵੇਰਵਾ ਕਰਨ। ਕੱਥੀ ਬਿਆਨ ਕਰਨਹਾਰ ਹੈ, ਕਹਾਣੀ ਕਰਨਹਾਰ। ਕਹਾਣੀ ਕਿਸ ਦੀ ਕੀਤੀ ਜਾਂਦੀ ਹੈ ਪਈ। ਕਹਾਣੀ ਦਾ ਮੁੱਢ, ਵਿਚਕਾਰ ਤੇ ਅਖੀਰ ਹੁੰਦਾ ਏ। ਕਹਾਣੀ ਤੋਂ ਕੋਈ ਤੱਤ ਕੱਢਿਆ ਜਾਂਦਾ ਹੈ। ਕਹਾਣੀ ਕਰਨਹਾਰ ਨੂੰ ਜੀਵਨ ਕਹਾਣੀ ਦੀ ਸਮਝ ਹੋਵੇ ਤਾਂ ਹੀ ਉਹ ਕਹਾਣੀ ਕਰ ਸਕਦਾ ਹੈ। ਚਾਲੂ ਵਿਹਾਰ ਵਿਚ ਆਖਣ ਵਾਲੇ ਆਖੀ ਜਾਂਦੇ ਨੇਂ ਤੇ ਆਖਣ ਵਿਚ ਤੋਟ ਨਹੀਂ ਆਉਂਦੀ। ਕਹਾਣੀਆਂ ਬਣਾ ਬਣਾ ਕੇ ਇੰਵ ਜਾਪਦਾ ਏ ਜਿਵੇਂ ਕਹਾਣੀਆਂ ਦੇ ਮਹਿਲ ਬਣਾ ਦਿੱਤੇ ਹੋਵਣ ਇਨ੍ਹਾਂ ਆਪਣੀਆਂ ਤਫਸੀਰਾਂ ਤੇ ਵੇਰਵਿਆਂ ਨਾਲ। ਇਤਨੀਆਂ ਕਹਾਣੀਆਂ ਹਨ ਪਰ ਸਭ ਰੁੱਖੀਆਂ, ਫੋਕੀਆਂ। ਮਹਿਲਾਂ ਮਾੜੀਆਂ ਵਿਚ ਵੱਸਣ ਵਾਲਿਆਂ ਦੀਆਂ ਕਹਾਣੀਆਂ ਸੁਣ ਕੇ ਸੁਣਨਹਾਰਾਂ ਅੰਦਰ ਮਹਿਲ ਬਣਾਉਣ ਦਾ ਮੋਹ ਵਧਦਾ ਹੈ। ਇਹ ਕਹਾਣੀਆਂ ਜੀਵਨ ਵਿਚ ਪਏ ਪਾੜ ਨੂੰ ਹੱਥੋਂ ਹੋਰ ਵਧਾਉਂਦੀਆਂ ਨੇਂ। ਇਹ ਕਹਾਣੀਆਂ ਮੁੱਕਣ ਵਿਚ ਨਹੀਂ ਆਉਂਦੀਆਂ ਨਾ ਈ ਮੁੱਕ ਸਕਦੀਆਂ ਨੇਂ। ਮਾਨ-ਗੁਮਾਨ ਨੂੰ ਜਿਤਨਾ ਪ੍ਰਚਾਰਿਆ ਜਾਂਦਾ ਹੈ ਉਹ ਉਤਨਾ ਈ ਵੱਧਦਾ ਹੈ। ਮਾਨ ਗੁਮਾਨ ਵਿਚ ਫਸੀ ਹੋਂਦ ਮਹਿਲਾਂ ਦੀ ਕੈਦ ਅੰਦਰ ਈ ਰਹਿ ਸਕਦੀ ਹੈ। ਕਹਾਣੀਆਂ ਅੰਦਰ ਈ ਜੀਵਨ ਹੈ ਇਨ੍ਹਾਂ ਮਹਿਲ ਵਾਸੀਆਂ ਦਾ। ਆਪਣੀਆਂ ਕਹਾਣੀਆਂ ਆਪ ਲਿਖਵਾਉਂਦੇ ਤੇ ਆਪ ਈ ਸੁਣਦੇ ਨੇਂ। ਆਪਣੀ ਗੱਲ ਪਰਤ ਪਰਤ ਕੇ ਕਰਨ ਸੁਣਨ ਈ ਇਨ੍ਹਾਂ ਦਾ ਜੀਵਨ ਆਹਰ ਹੈ। ਕੁਦਰਤ ਦੀ ਲਿਖੀ ਜੀਵਨ ਕੱਥ ਪੜ੍ਹਨ ਵਿਚਾਰਨ ਦੀ ਵਿਹਲ ਨਹੀਂ ਹੈ ਇਨ੍ਹਾਂ ਕੋਲ। ਕੁਦਰਤ ਜੋ ਆਪ ਹਰ ਥਾਂ, ਹਰ ਵੇਲੇ, ਹਰ ਰੂਪ, ਹਰ ਰੰਗ ਅੰਦਰ ਵਸੀਂਦੀ ਹੈ ਪਈ, ਓਸ ਦੀ ਕੱਥ ਨਾ ਇਹ ਕਰਦੇ ਨੇਂ ਨਾ ਸੁਣਦੇ ਨੇਂ। ਕੁਦਰਤ ਦੀ ਕੱਥ ਕੁੱਲ ਦੀ ਕੱਥ ਹੋਈ ਤੇ ਵਿਹਾਰਵਾਨਾਂ ਦੀ ਕੱਥ ਮੈਂ ਦੀ। ਜੇ ਕੁਦਰਤ ਦੀ ਕੱਥ ਕਥਨ ਤਾਂ ਮੈਂ ਛੱਡਣੀ ਪੈਂਦੀ ਏ। ਪਰ ਮੈਂ ਨੂੰ ਛੱਡਣ ਵਿਹਾਰਵਾਨਾਂ ਲਈ ਮੌਤ ਹੋਈ। ਏਸ ਲਈ ਆਪਣੀ "ਮੈਂ" ਨੂੰ ਜਿਉਂਦਿਆਂ ਰੱਖਣ ਲਈ ਏਸ ਨੂੰ ਕੂੜ ਕਥਾ ਦਾ ਪਾਣੀ ਦੇਈ ਜਾਂਦੇ ਨੇਂ।

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥ (ਪੰਨਾ2, ਜਪੁ, ਮ: 1)

ਚਾਲੂ ਵਿਹਾਰ ਦੇ ਗਾਵਣ ਤੇ ਕੱਥ ਦਾ ਵੇਰਵਾ ਕਰ ਕੇ ਸ਼ਬਦ ਕੁਦਰਤ ਦੀ ਗੱਲ ਛੋਹੀ ਹੀ ਏ। ਪਹਿਲੇ ਅੰਤਰਿਆਂ ਵਿਚ ਸਾਰੇ ਗਾਵਣ ਮੰਗਣ ਦੇ ਸਨ। ਉਹ ਮੰਗਣ ਆਪਣੀ ਸਿਫਤ ਸਲਾਹ ਹੈ, ਆਪਣੀ ਵਡਿਆਈ ਹੈ, ਆਪਣਾ ਵੱਖਰੱਪ ਹੈ, ਆਪਣੀ ਕਹਾਣੀ ਹੈ। ਵੇਖੋ ਕਿਵੇਂ ਸਹਿਜੇ ਈ ਗਾਵਣ ਰੰਗ ਵਟਾਇਆ ਹੈ ਸ਼ਬਦ ਨੇ ਤੇ ਗਾਵਣ ਮੰਗਣ ਦੀ ਬਜਾਏ ਦੇਵਣ ਹੋਇਆ ਹੈ। ਇਹ ਹੈ ਕੁਦਰਤ ਦਾ ਗਾਵਣ ਜੋ ਦੇਵਣ ਪਾਰੋਂ ਬਣਿਆ ਹੈ। ਕੁਦਰਤ ਆਦਿ ਜੁਗਾਦਿ ਤੋਂ ਦਿੰਦੀ ਜਾਂਦੀ ਹੈ ਪਈ ਤੇ ਦੇਣ ਵਿਚ ਤੋਟ ਨਹੀਂ ਆਈ ਕਦਾਈਂ। ਕੁਦਰਤ ਦਾ ਦਾਨ ਹੋਇਆ ਅਣ ਮੁੱਕਣਾ ਰਿਜ਼ਕ ਜੁਗਾਂ ਬੱਧੀ ਕੁੱਲ ਜੀਆ-ਜੂਨ ਦੇ ਢਿੱਡ ਭਰਦਾ ਹੈ ਪਿਆ। ਇਹ ਹੈ ਕੁਦਰਤ ਦਾ ਗਾਵਣ ਜੋ ਦੱਸੀਂਦਾ ਹੈ ਪਿਆ ਕਿ ਗਾਵਣ ਬੋਲਣ ਨਹੀਂ ਕਰਨ ਹੈ। ਕਰਨੀ ਹੀ ਅਸਲ ਸਿਫਤ ਹੈ ਗਾਵਣ ਦੀ। ਕਰਤਾ ਆਪਣੀ ਕਰਨੀ ਦੇਈ ਜਾਂਦਾ ਹੈ ਲੈਣ ਵਾਲੇ ਥੱਕ ਜਾਂਦੇ ਨੇਂ ਦੇਣ ਵਾਲਾ ਨਹੀਂ ਥੱਕਦਾ। ਦੇਵਣਹਾਰ ਦਾ ਸੁਖ ਅਨੰਦ ਆਪਣੀ ਕਰਨੀ ਦਾਨ ਕਰਨ ਵਿਚ ਹੈ।

ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥3॥ (ਪੰਨਾ 2, ਜਪੁ, ਮ: 1)

ਕੁਦਰਤ ਆਪਣੇ ਸਹਿਜ ਟੋਰੇ ਨਾਲ ਚੱਲਦੀ ਹੈ। ਇਥੇ ਹੁਕਮ ਸਹਿਜ ਟੋਰਾ ਜਾਪਦਾ ਹੈ। ਨਾਨਕ ਵੇਖਦਾ ਹੈ ਕੁਦਰਤ ਦੀ ਬੇਚਿੰਤੀ ਤੇ ਖਿੜਨ। ਯਾ ਨਾਨਕ ਆਪ ਬੇਚਿੰਤ ਹੈ ਤੇ ਖਿੜਦਾ ਹੈ ਪਿਆ ਕੁਦਰਤ ਵਾਂਗ, ਖਿੜਨ ਹੱਸਣ ਹੈ। ਹੱਸਦਾ ਓਹੀ ਏ ਜੋ ਨਚਿੰਤ ਏ, ਜੋ ਆਜ਼ਾਦ ਏ ਸਭ ਫ਼ਿਕਰਾਂ ਤੋਂ। ਫਿਕਰ ਤੇ ਚਿੰਤਾ ਬਣਾਈ ਹੈ ਹਉਮੈ ਨੇ। ਹਉਮੈ ਨੇ ਕੁਦਰਤ ਕਰਨੀ ਦੇ ਗਾਵਣ ਦਾ ਰੰਗ ਵਟਾਇਆ ਤੇ ਵੰਡ ਬਣਾਈ ਗਾਵਣ ਵਾਲੇ ਤੇ ਸੁਣਨ ਵਾਲੇ ਦੀ। ਜਦੋਂ ਆਪਸੀ ਸਬੰਧ ਈ ਟੁੱਟ ਗਿਆ ਦੋ ਹੋਂਦਾਂ ਦਾ ਤਾਂ ਉਹ ਬੋਲ ਕਿਥੋਂ ਆਉਣ ਜੋ ਦਾਨ ਹੋਵਣ ਤੇ ਜੋੜਨ ਹਿੱਕ ਨੂੰ ਦੂਜੇ ਨਾਲ। ਧਨ ਦੌਲਤ ਦੀ ਬਾਂਧੋਂ ਆਜ਼ਾਦ ਹੋਏ ਜਿਉਂਦੀ ਹੋਂਦ ਤਾਂ ਈ ਆਪਣਾ ਆਪ ਸਿਆਣੇ। ਮੋਹ ਮਾਇਆ ਦੇ ਚੱਕਰ ਵਿਚ ਫਸਿਆ ਜੀ ਆਪਣੇ ਵਰਗੇ ਜਿਉਂਦਿਆਂ ਸੰਗ ਨਹੀਂ ਜਿਉਂਦਾ। ਉਹ ਆਪਣੀ ਮੈਂ ਦੀ ਕੈਦ ਅੰਦਰ ਮੌਤ ਦਾ ਜੀਵਨ ਜਾਲਦਾ ਹੈ। ਇਸ ਨੂੰ ਖਲਕਤ ਦੀ ਨੇੜ ਆਪਣੀ ਮੌਤ ਜਾਪਦੀ ਹੈ। ਆਪਣੇ ਅੰਦਰ ਆਪਣੀ ਹਾਜ਼ਰੀ ਸਹੀ ਨਾ ਹੋਵੇ ਤਾਂ ਬਾਹਰ ਖਲਕਤ ਦੀ ਗਿਣਤੀ ਕਰਨੀ ਪੈਂਦੀ ਹੈ। ਲੋਕਾਈ ਦੀ ਗਿਣਤ ਤੋਂ ਆਪਣੇ ਹੋਵਣ ਦੀ ਗਵਾਹੀ ਭਰਨੀ ਪੋਵੇ ਤਾਂ ਉਹ ਹੋਵਣ ਕੇਹਾ? ਇਤਨਾ ਇਲਮ, ਇਤਨਾ ਕਸਬ, ਤਫਸੀਰਾਂ ਵੇਰਵੇ ਸਭ ਕਰ ਕਰਕੇ ਵੀ ਅਖੀਰ ਫਨਾ ਹੈ। ਉਹ ਹਸਤੀ ਕਿਵੇਂ ਬੇਫਿਕਰ ਤੇ ਚਿੰਤਾ ਤੋਂ ਆਜ਼ਾਦ ਹੋ ਸਕਦੀ ਏ ਜੋ ਹਰ ਪਲ ਆਪਣੀਆਂ ਵਡਿਆਈਆਂ ਦੱਸੇ ਤੇ ਆਪਣੇ ਇਲਮ ਫਲਸਫੇ ਦਾ ਪ੍ਰਚਾਰ ਕਰੇ। ਪਰ ਇਹ ਕਰਨੀ ਕੁਦਰਤ ਨਾਲ ਜੋੜਨ ਪਾਰੋਂ ਆਪਣਾ ਆਪ ਸਿਆਣ ਲਵੇ ਤਾਂ ਸੱਚ ਥੀ ਸਕਦੀ ਹੈ, ਖਿੜ ਸਕਦੀ ਹੈ, ਬੇਪ੍ਰਵਾਹ ਹੋ ਸਕਦੀ ਹੈ। ਵਿਗਸੇ ਦੇ ਅਰਥ ਹੱਸਣ, ਖਿੜਨ, ਬਹਾਰ ਤੇ ਆਉਣ ਨੇਂ। ਜਿਵੇਂ ਫੁੱਲ ਹੱਸਦਾ ਏ ਤੇ ਖਿੜਦਾ ਏ, ਪੂਰੇ ਜੋਬਨ 'ਤੇ ਹੁੰਦਾ ਏ ਫੁੱਲ ਖਿੜ ਕੇ। ਖਿੜਦਾ ਤਾਂ ਉਹੀ ਏ ਜੋ ਆਜ਼ਾਦ ਏ। ਕੈਦ ਹੋਂਦ ਖਿੜ ਨਹੀਂ ਸਕਦੀ, ਹੱਸ ਨਹੀਂ ਸਕਦੀ, ਬਹਾਰ ਨਹੀਂ ਮਾਣ ਸਕਦੀ। ਕੁਦਰਤ ਤਾਂ ਕੁੱਲ ਜਹਾਨ ਉਸਾਰ ਕੇ ਵੀ ਆਜ਼ਾਦ ਹੈ ਤੇ ਹਰ ਪਲ ਨਵੀਂ ਸਿਰਜਣਾ ਕਰੀ ਜਾਂਦੀ ਹੈ।

## ਹੂਕ ਪੰਜਾਬ ਦੀ

ਸਚਾਈ ਅੱਜ ਜਿੱਤ ਏ, ਮਕਾਰੀ ਅੱਜ ਹਾਰੀ ਏ
ਝੰਡਾ ਇਨਕਲਾਬ ਦਾ, ਕਿਸਾਨੀ ਦੀ ਸਰਦਾਰੀ ਏ।

ਹਾਕਮਾਂ ਨੂੰ ਹੁੰਦੇ ਨਸ਼ੇ, ਕੁਰਸੀਆਂ ਦੀਆਂ ਗੱਦੀਆਂ ਦੇ
ਕਿਸਾਨਾਂ ਮਜ਼ਦੂਰਾਂ ਅੰਦਰ, ਕ੍ਰਾਂਤੀਆਂ ਦੀ ਚਿੰਗਾਰੀ ਏ।

ਇਕੱਠ ਦੀ ਜੋ ਗੱਠ ਹੁੰਦੀ, ਲੋਹੇ ਦੀ ਜਿਵੇਂ ਲੱਠ ਹੁੰਦੀ
ਸਣਾ ਤੋਂ ਜੋ ਰੱਸੇ ਵੱਟਣ, ਉਨ੍ਹਾਂ ਨੇ ਬਾਜ਼ੀ ਮਾਰੀ ਏ।

ਇਤਿਹਾਸ ਵੀ ਗਵਾਹ ਭਰੇ, ਸਾਡੇ 'ਤੇ ਜੋ ਆਣ ਚੜ੍ਹੇ
ਪੰਜਾਬੀਆਂ ਤੋਂ ਖਾਦੀ ਉਨ੍ਹਾਂ, ਹਾਰ ਹੀ ਕਰਾਰੀ ਏ।

ਵੀਹ ਸੌ ਵੀਹ ਸੰਘਰਸ਼ ਕਿਸਾਨੀ, ਅੰਤ ਨਹੀਂ ਆਗਾਜ਼ ਸੀ
ਮੰਜ਼ਲਾਂ ਦੇ ਵੱਲੇ ਹੋਰ, ਕ੍ਰਾਂਤੀਆਂ ਦੀ ਤਿਆਰੀ ਏ।

ਸ਼ਹੀਦਾਂ ਦੀਆਂ ਯਾਦਗਾਰਾਂ, ਦਿਲਾਂ 'ਚ ਬਣਾ ਲਵੋ,
ਭੁੱਲਣਾ ਨਹੀਂ ਯੋਧਿਆਂ ਨੂੰ, ਕੁਰਬਾਨੀ ਦਿੱਤੀ ਭਾਰੀ ਏ।
ਬੋਦਲਾਂ ਦੇ ਸੁੱਖਵਿੰਦਰ ਲਿਖੀ, ਹੂਕ ਜੋ ਪੰਜਾਬ ਦੀ,
ਕਿਸਾਨੀ ਸੰਘਰਸ਼ ਦੀ ਕਿਤਾਬ, ਸਫ਼ਰ ਅਜੇ ਜਾਰੀ ਏ।
*-ਸੁੱਖਵਿੰਦਰ ਬੋਦਲਾਂਵਾਲਾ*

## ਹੋ ਹੋ ਸੱਜਣਾ ਬਸੰਤ ਬਹਾਰ ਆਈ

ਸੁੱਕੇ ਢੀਂਗਰਾਂ ਨੂੰ ਫੁੱਲ ਨੇ ਲੱਗੇ,
ਹਰਿਆਲੀ ਤੋਂ ਪਹਿਲੇ।
ਰੁੱਤ ਬਸੰਤ ਨੇ ਲਈ ਅੰਗੜਾਈ,
ਚਾਈਂ ਚਾਈਂ ਪਹਿਲੇ।

ਹਜੇ ਤਾਂ ਕਾਦਰ ਨੇ ਰੰਗ ਭਰਨੇ,
ਬੈਂਗਣੀ, ਹਰੇ ਤੇ ਪੀਲ਼ੇ।
ਲਾਲ, ਗੁਲਨਾਰੀ, ਸੰਤਰੀ ਝਰਨੇ,
ਰੰਗੀਲੇ ਛਬ ਛਬੀਲੇ।


ਵਿਚ ਟਾਹਣੀਆਂ ਪੀੜਾ ਉੱਠਣੀ,
ਅੰਗ ਉਮੰਗ ਰਸੀਲੇ।
ਤੇ ਕੁਦਰਤ ਰਾਣੀ ਦੇਊ ਲੋਰੀਆਂ,
ਪੱਤੇ ਕੂਲੇ ਸਾਵੇ ਕੀਲੇ।

ਜੀਵ ਜੰਤੂ ਵਿਸਮਾਦ 'ਚ ਨੱਚਣ,
ਤਨ ਮਨ ਚਿੱਤ ਡੋਲੇ।
ਹੌਲ਼ੀ ਹੌਲ਼ੀ ਮੌਸਮ ਬਦਲ ਰਿਹੈ,
ਭੇਦ ਜੀਵਨ ਦੇ ਖੋਲ੍ਹੇ।
*-ਸੇਵਾ ਸਿੰਘ " ਨੂਰਪੁਰੀ "*

# ਨਾਨਕ ਸਿੰਘ ਦੇ ਨਾਵਲ 'ਅੱਗ ਦੀ ਖੇਡ' ਦਾ ਅੰਗਰੇਜ਼ੀ ਰੂਪ

***ਉਘੇ ਲੇਖਕ ਨਾਨਕ ਸਿੰਘ ਦੇ ਪੋਤਰੇ ਨਵਦੀਪ ਸੂਰੀ ਨੇ ਭਾਰਤੀ ਵਿਦੇਸ਼ ਸੇਵਾ (ਆਈ.ਐਫ.ਐੱਸ.) ਦੇ ਆਪਣੇ ਰੁਝੇਵਿਆਂ ਦੇ ਬਾਵਜੂਦ ਆਪਣੇ ਦਾਦਾ ਜੀ ਦੇ ਨਾਵਲਾਂ ਦਾ ਅੰਗਰੇਜ਼ੀ ਅਨੁਵਾਦ ਕਰਨ ਦਾ ਕਾਰਜ ਆਰੰਭਿਆ। ਸਭ ਤੋਂ ਪਹਿਲਾਂ ਉਨ੍ਹਾਂ 2001-02 ਵਿਚ 'ਪਵਿੱਤਰ ਪਾਪੀ' ਨਾਵਲ ਦਾ ਤਰਜਮਾ ਕੀਤਾ ਜੋ 'ਦਿ ਵਾਚਮੇਕਰ' ਦੇ ਸਿਰਲੇਖ ਹੇਠ ਛਪਿਆ।ਫਿਰ 'ਅੱਧਖਿੜਿਆ ਫੁੱਲ' ਦਾ ਅੰਗਰੇਜ਼ੀ ਰੂਪ 'ਏ ਲਾਈਫ ਇਨਕੰਪਲੀਟ' ਦੇ ਨਾਂ ਹੇਠ ਛਪਿਆ। 1919 ਦੇ ਜੱਲ੍ਹਿਆਂਵਾਲਾ ਬਾਗ਼ ਸਾਕੇ ਨਾਲ ਸਬੰਧਿਤ ਨਾਨਕ ਸਿੰਘ ਦੀ ਪਾਬੰਦੀਸ਼ੁਦਾ ਲੰਮੀ ਕਵਿਤਾ 'ਖ਼ੂਨੀ ਵਿਸਾਖੀ' (1920) ਦਾ ਅੰਗਰੇਜ਼ੀ ਤਰਜਮਾ 2019 ਵਿਚ ਪਾਠਕਾਂ ਦੀ ਨਜ਼ਰ ਕੀਤਾ ਗਿਆ। 2022 ਵਿਚ 'ਖ਼ੂਨ ਦੇ ਸੋਹਲੇ' ਦਾ ਅੰਗਰੇਜ਼ੀ ਰੂਪ 'ਹਿੱਮਜ਼ ਇਨ ਬਲੱਡ' ਸਾਹਮਣੇ ਆਇਆ ਅਤੇ ਹੁਣ 'ਅੱਗ ਦੀ ਖੇਡ' ਦਾ ਅਨੁਵਾਦ 'ਏ ਗੇਮ ਆਫ ਫਾਇਰ' ਸਿਰਲੇਖ ਤਹਿਤ ਪ੍ਰਕਾਸ਼ਿਤ ਹੋਇਆ ਹੈ।***

ਪਿਛਲੀ ਅੱਧੀ ਸਦੀ ਤੋਂ ਲਾਤੀਨੀ ਅਮਰੀਕੀ ਸਾਹਿਤ ਦੁਨੀਆ ਵਿਚ ਸਭ ਤੋਂ ਵੱਧ ਵਿਕ ਰਿਹਾ ਹੈ- ਸਪੈਨਿਸ਼ ਜਾਂ ਪੁਰਤਗੀਜ਼ ਭਾਸ਼ਾਵਾਂ ਵਿਚ ਨਹੀਂ, ਅੰਗਰੇਜ਼ੀ ਵਿਚ (ਇੱਥੇ ਸਾਹਿਤ ਤੋਂ ਮੁਰਾਦ ਸੰਜੀਦਾ ਅਦਬ ਦੀ ਹੈ, ਬੈੱਸਟ ਸੈਲਰਾਂ ਦੀ ਤਰਜ਼ ਦੀਆਂ ਕਿਤਾਬਾਂ ਤੋਂ ਨਹੀਂ)। ਨੋਬੇਲ ਪੁਰਸਕਾਰ ਜੇਤੂ ਕੋਲੰਬਿਆਈ ਲੇਖਕ (ਮਰਹੂਮ) ਗੈਬਰੀਅਲ ਗਾਰਸੀਆ ਮਾਰਕੇਜ਼ ਅਤੇ ਅਰਜਨਟੀਨੀ ਲੇਖਕ




(ਮਰਹੂਮ) ਜੌਰਜ ਲੁਇਸ ਬਰਜਜ਼ ਇਸ ਪੱਖੋਂ ਸਭ ਤੋਂ ਵੱਧ ਮਕਬੂਲ ਸਾਬਤ ਹੋਏ ਹਨ ਅਤੇ ਹੁਣ ਵੀ ਹਨ। ਮਾਰਕੇਜ਼ ਦੀ ਮੌਤ ਤੋਂ ਬਾਅਦ ਮਿਲੇ ਖਰੜਿਆਂ ਵਿਚੋਂ ਇੱਕ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਖਰੜੇ 'ਤੇ ਆਧਾਰਿਤ ਨਾਵਲ ਦਾ ਅੰਗਰੇਜ਼ੀ ਅਨੁਵਾਦ 'ਅਨਟਿੱਲ ਔਗਸਟ' (ਅਗਸਤ ਤੱਕ) ਅਜੇ ਰਿਲੀਜ਼ ਹੋਣਾ ਹੈ, ਫਿਰ ਵੀ ਇਸ ਦੀਆਂ ਪੰਜ ਲੱਖ ਕਾਪੀਆਂ ਪਹਿਲਾਂ ਹੀ ਬੁੱਕ ਹੋ ਚੁੱਕੀਆਂ ਹਨ। ਸਕੈਂਡੇਨੇਵੀਅਨ (ਸਵੀਡਿਸ਼, ਨਾਰਵੇਜੀਅਨ ਤੇ ਡੈਨਿਸ਼) ਸਾਹਿਤ ਦਾ ਅਜਿਹੀ ਲੋਕਪ੍ਰਿਯਤਾ ਪੱਖੋਂ ਦੂਜਾ ਸਥਾਨ ਹੈ। ਉਸ ਦੇ ਅੰਗਰੇਜ਼ੀ ਅਨੁਵਾਦ, ਮੂਲ ਭਾਸ਼ਾ ਦੇ ਮੁਕਾਬਲੇ ਪੰਜ ਤੋਂ ਦਸ ਗੁਣਾ ਵੱਧ ਵਿਕਦੇ ਹਨ। ਫਿਰ ਫਰਾਂਸੀਸੀ ਅਦਬ ਆਉਂਦਾ ਹੈ ਅਤੇ ਉਸ ਮਗਰੋਂ ਅਰਬੀ ਅਦਬ। ਇਨ੍ਹਾਂ ਭਾਸ਼ਾਵਾਂ ਦੇ ਅੰਗਰੇਜ਼ੀ ਵਿਚ ਅਨੁਵਾਦਿਤ ਸਾਹਿਤ ਦੀ ਮਾਰਕੀਟ ਨਿਰੋਲ ਅੰਗਰੇਜ਼ੀ ਵਿਚ ਲਿਖੇ ਸਾਹਿਤ ਨਾਲੋਂ ਕਿਤੇ ਵੱਧ ਵਸੀਹ ਹੈ। ਵਜ੍ਹਾ ਸਪੱਸ਼ਟ ਹੈ, ਅੰਗਰੇਜ਼ੀ ਪੜ੍ਹਨ-ਬੋਲਣ-ਸਮਝਣ ਵਾਲਿਆਂ ਦਾ ਦਾਇਰਾ ਲਗਾਤਾਰ ਵਿਆਪਕ ਹੋ ਰਿਹਾ ਹੈ ਅਤੇ ਇਹ ਲੋਕ ਅਮਰੀਕਾ ਜਾਂ ਬ੍ਰਿਟੇਨ ਦੇ ਜੀਵਨ ਤੋਂ ਇਲਾਵਾ ਬਾਕੀ ਦੁਨੀਆ ਦੇ ਜਨ-ਜੀਵਨ ਦੇ ਯਥਾਰਥ ਤੇ ਸੋਚ-ਸੂਹਜ ਬਾਰੇ ਵੀ ਜਾਣਨਾ ਚਾਹੁੰਦੇ ਹਨ। ਅਜਿਹਾ ਹੀ ਵਰਤਾਰਾ ਏਸ਼ੀਆ, ਖ਼ਾਸ ਕਰਕੇ ਜਾਪਾਨ, ਭਾਰਤ ਤੇ ਇੰਡੋਨੇਸ਼ੀਆ ਵਿਚ ਵੀ ਵਾਪਰ ਰਿਹਾ ਹੈ। ਇਨ੍ਹਾਂ ਦੀਆਂ ਜਿਹੜੀਆਂ ਖੇਤਰੀ ਭਾਸ਼ਾਵਾਂ ਨੂੰ ਚੰਗੇ ਅੰਗਰੇਜ਼ੀ ਤਰਜਮਾਕਾਰ ਮਿਲ ਰਹੇ ਹਨ, ਉਨ੍ਹਾਂ ਦੇ ਪਾਠਕਾਂ ਨੂੰ ਤਾਂ ਫ਼ਾਇਦਾ ਹੋ ਹੀ ਰਿਹਾ ਹੈ, ਲੇਖਕਾਂ ਤੇ ਤਰਜਮਾਕਾਰਾਂ ਦੀ ਮਾਨਤਾ ਤੇ ਪ੍ਰਸਿੱਧੀ ਵੀ ਵਧ ਰਹੀ ਹੈ ਅਤੇ ਪ੍ਰਕਾਸ਼ਕਾਂ ਦੇ ਮੁਨਾਫ਼ੇ ਵੀ ਵਧ ਰਹੇ ਹਨ।


ਤਰਜਮੇ ਰਾਹੀਂ ਪਾਠਕਾਂ ਦੀ ਤਾਦਾਦ ਕਿੰਨੀ ਵਿਆਪਕ ਬਣਾਈ ਜਾ ਸਕਦੀ ਹੈ, ਇਸ ਦੀ ਮਿਸਾਲ ਗੀਤਾਂਜਲੀ ਸ਼੍ਰੀ ਦਾ ਹਿੰਦੀ ਉਪਨਿਆਸ 'ਰੇਤ ਸਮਾਧੀ' ਹੈ। ਡੇਜ਼ੀ ਰੌਕਵੈੱਲ ਵੱਲੋਂ ਇਸ ਦਾ ਅਨੁਵਾਦ ਅੰਗਰੇਜ਼ੀ (ਟੌਂਬ ਆਫ ਸੈਂਡ) ਵਿਚ ਕੀਤੇ ਜਾਣ ਸਦਕਾ ਇਸ ਨੂੰ ਬੁੱਕਰ ਪੁਰਸਕਾਰ ਮਿਲਿਆ। ਇਸ ਦੀ ਬਦੌਲਤ ਇਸ ਨਾਵਲ ਦੇ ਖ਼ਰੀਦਦਾਰਾਂ ਦੀ ਗਿਣਤੀ, ਮੂਲ ਹਿੰਦੀ ਉਪਨਿਆਸ ਦੇ ਖ਼ਰੀਦਦਾਰਾਂ ਨਾਲੋਂ ਤਿੱਗਣੀ ਹੋ ਗਈ। ਇਸ ਨਾਲ ਲੇਖਿਕਾ ਦੀ ਸਾਖ਼ ਤੇ ਮਕਬੂਲੀਅਤ ਤਾਂ ਵਧੀ ਹੀ, ਤਰਜਮਾਕਾਰ ਦੀ ਵੁੱਕਤ ਤੇ ਅਹਿਮੀਅਤ ਵਿਚ ਵੀ ਭਰਵਾਂ ਵਾਧਾ ਹੋਇਆ। ਇਸੇ ਤਰ੍ਹਾਂ ਤਮਿਲ ਲੇਖਕ ਮੁਰੂਗਨ ਪੇਰੂਮਲ (ਜਿਸ ਨੇ ਕੁਝ ਵਰ੍ਹੇ ਪਹਿਲਾਂ ਫਿਰਕੇਦਾਰਾਨਾ ਤੇ ਜਾਤੀਵਾਦੀ ਮੁਕੱਦਮੇਬਾਜ਼ੀ ਤੋਂ ਅੱਕ ਕੇ ਲੇਖਣ ਤੋਂ ਕਿਨਾਰਾਕਸ਼ੀ ਦਾ ਐਲਾਨ ਕੀਤਾ ਸੀ) ਦੀਆਂ ਰਚਨਾਵਾਂ ਤੇ ਲੇਖਣ ਕਲਾ ਨੂੰ ਵੀ ਅੰਗਰੇਜ਼ੀ ਅਨੁਵਾਦ ਸਦਕਾ ਨਾ ਸਿਰਫ਼ ਨਵਾਂ ਜੀਵਨਦਾਨ ਮਿਲਿਆ ਸਗੋਂ ਉਹ ਤਾਂ ਹੁਣ ਸੰਜੀਦਾ ਸਾਹਿਤ ਰਚਣ ਪਰ ਵੱਧ ਵਿਕਣ ਵਾਲੇ ਭਾਰਤੀ ਲੇਖਕਾਂ ਦੀ ਮੂਹਰਲੀ ਕਤਾਰ ਵਿਚ ਪਹੁੰਚਿਆ ਹੋਇਆ ਹੈ।







*ਨਵਦੀਪ ਸੂਰੀ ਦੇ ਅਨੁਵਾਦ ਕੀਤੇ ਨਾਵਲ 'ਏ ਗੇਮ ਆਫ ਫਾਇਰ' ਤੇ ਪੰਜਾਬੀ ਨਾਵਲ 'ਅੱਗ ਦੀ ਖੇਡ' ਦੇ ਸਰਵਰਕ*



*ਨਾਵਲਕਾਰ ਨਾਨਕ ਸਿੰਘ।*

ਇਹ ਸਾਰਾ ਪ੍ਰਸੰਗ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨਾਲ ਵੀ ਜੁੜਿਆ ਹੋਇਆ ਹੈ। ਫ਼ਰਕ ਇਹ ਹੈ ਕਿ ਪੰਜਾਬੀ ਅਦਬ ਨੂੰ ਅੰਗਰੇਜ਼ੀ ਵਿਚ ਉਲਥਾਉਣ ਦੇ ਹੀਲੇ ਨਾਂ-ਮਾਤਰ ਹੀ ਰਹੇ ਹਨ। ਜੋ ਹੋਏ ਹਨ, ਉਹ ਜਾਂ ਤਾਂ ਮਾਰਕੀਟਿੰਗ ਦੀ ਘਾਟ ਕਾਰਨ ਮਾਰ ਖਾ ਗਏਜਾਂ ਮੂਲ ਰਚਨਾਵਾਂ ਨਾਲ ਨਿਆਂ ਕਰਨ ਦੇ ਸਮਰੱਥ ਸਾਬਤ ਨਹੀਂ ਹੋਏ। ਇਸੇ ਪ੍ਰਸੰਗਵਿਚ ਨਾਨਕ ਸਿੰਘਦਾ ਜ਼ਿਕਰ ਕਰਨਾ ਇੱਥੇ ਵਾਜਬ ਜਾਪਦਾ ਹੈ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਨਾਵਲਕਾਰੀ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਨ੍ਹਾਂ ਵਾਸਤੇ ਸਾਹਿਤ ਰੋਟੀ-ਰੋਜ਼ੀ ਦਾ ਸਾਧਨ ਹੋਣ ਤੋਂ ਇਲਾਵਾ ਆਦਰਸ਼ਵਾਦੀ ਕਦਰਾਂ ਦਾ ਸੰਦੇਸ਼ਵਾਹਕ ਵੀ ਸੀ। ਵੱਧ ਤੋਂ ਵੱਧ ਪਾਠਕਾਂ ਤੱਕ ਪੁੱਜਣਾ ਉਨ੍ਹਾਂ ਦਾ ਟੀਚਾ ਰਿਹਾ ਪਰ ਇਸ ਦੀ ਪੂਰਤੀ ਹਿੱਤ ਉਨ੍ਹਾਂ ਨੇ ਨਾ ਤਾਂ ਭਾਸ਼ਾਈ ਮਿਆਰਾਂ ਨਾਲ ਸਮਝੌਤਾ ਕੀਤਾ ਅਤੇ ਨਾ ਹੀ ਆਪਣੀ ਇਖ਼ਲਾਕੀ ਸੋਚ-ਸੂਹਜ ਨਾਲ। ਇਸੇ ਕਾਰਨ ਉਨ੍ਹਾਂ ਵੱਲੋਂ ਅੱਧੀ-ਪੌਣੀ ਸਦੀ ਪਹਿਲਾਂ ਰਚੇ ਗਏ ਨਾਵਲ ਅੱਜ ਦੇ ਹਾਲਾਤ ਵਿਚ ਓਨੇ ਹੀ ਪ੍ਰਸੰਗਿਕ ਹਨ ਜਿੰਨੇ ਉਹ ਆਪਣੇ ਰਚਨਾਕਾਲ ਦੌਰਾਨ ਸਨ। ਇਨ੍ਹਾਂ ਵਿਚੋਂ ਕਈਆਂ ਦਾ ਹਿੰਦੀ ਵਿਚ ਅਨੁਵਾਦ ਹੋਇਆ ਅਤੇ ਇਹ ਵਿਕੇ ਵੀ ਚੰਗੇ। 'ਪਵਿੱਤਰ ਪਾਪੀ' (1942) ਉੱਤੇ ਤਾਂ ਖ਼ੂਬਸੂਰਤ ਹਿੰਦੀ ਫਿਲਮ ਵੀ 1970ਵਿਆਂ ਵਿਚ ਬਣੀ ਪਰ ਅਜਿਹੇ ਯਤਨਾਂ ਦੇ ਬਾਵਜੂਦ ਨਾਨਕ ਸਿੰਘ ਦੇ ਕਦਰਦਾਨਾਂ ਦਾ ਦਾਇਰਾ ਦਿੱਲੀ ਤੋਂ ਬਹੁਤਾ ਅੱਗੇ ਨਹੀਂ ਜਾ ਸਕਿਆ। ਇਹ ਪੰਜਾਬੀ ਅਦਬ ਦੀ ਖ਼ੁਸ਼ਨਸੀਬੀ ਹੈ ਕਿ ਇਸ ਹਕੀਕਤ ਨੂੰ ਉਨ੍ਹਾਂ ਦੇ ਪੋਤਰੇ ਨਵਦੀਪ ਸੂਰੀ ਨੇ ਪਛਾਣਿਆ ਅਤੇ ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.) ਵਿਚਲੀਆਂ ਸਫ਼ਾਰਤੀ ਮਸਰੂਫ਼ੀਆਤ ਦੇ ਬਾਵਜੂਦ ਆਪਣੇ ਦਾਦਾ ਜੀ ਦੇ ਨਾਵਲਾਂ ਦਾ ਅੰਗਰੇਜ਼ੀ ਅਨੁਵਾਦ ਖ਼ੁਦ ਕਰਨ ਦਾ ਕਾਰਜ ਆਰੰਭਿਆ। ਨਵਦੀਪ ਆਸਟਰੇਲੀਆ, ਮਿਸਰ ਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਭਾਰਤੀ ਹਾਈ ਕਮਿਸ਼ਨਰ/ਰਾਜਦੂਤ ਵੀ ਰਹੇ ਅਤੇ ਉਸ ਤੋਂ ਪਹਿਲਾਂ ਬ੍ਰਿਟੇਨ ਤੇ ਅਮਰੀਕਾ ਵਿਚਲੇ ਭਾਰਤੀ ਮਿਸ਼ਨਾਂ ਵਿਚ ਵੀ ਤਾਇਨਾਤ ਰਹੇ। ਉਨ੍ਹਾਂ ਨੇ ਸਭ ਤੋਂ ਪਹਿਲਾਂ 2001-02 ਵਿਚ ਲੰਡਨ 'ਚ ਆਪਣੀ ਤਾਇਨਾਤੀ ਦੌਰਾਨ 'ਪਵਿੱਤਰ ਪਾਪੀ' ਦਾ ਤਰਜਮਾ ਮੁਕੰਮਲ ਕੀਤਾ ਜੋ 'ਦਿ ਵਾਚਮੇਕਰ' ਦੇ ਸਿਰਲੇਖ ਹੇਠ ਹਾਰਪਰ ਕੌਲਿਨਜ਼ ਨੇ ਪ੍ਰਕਾਸ਼ਿਤ ਕੀਤਾ। ਇਸ ਪ੍ਰਕਾਸ਼ਨ ਨੂੰ ਮਿਲੇ ਚੰਗੇ ਹੁੰਗਾਰੇ ਤੋਂ ਬਾਅਦ 'ਅੱਧਖਿੜਿਆ ਫੁੱਲ' ਦਾ ਅੰਗਰੇਜ਼ੀ ਰੂਪ 'ਏ ਲਾਈਫ ਇਨਕੰਪਲੀਟ' ਦੇ ਨਾਂ ਹੇਠ ਛਪਿਆ। ਫਿਰ 1919 ਦੇ ਜੱਲ੍ਹਿਆਂਵਾਲਾ ਬਾਗ਼ ਸਾਕੇ ਨਾਲ ਸਬੰਧਿਤ ਨਾਨਕ ਸਿੰਘ ਦੀ ਪਾਬੰਦੀਸ਼ੁਦਾ ਲੰਮੀ ਕਵਿਤਾ 'ਖ਼ੂਨੀ ਵਿਸਾਖੀ' (1920) ਦਾ ਅੰਗਰੇਜ਼ੀ ਤਰਜਮਾ 2019 ਵਿਚ ਪਾਠਕਾਂ ਦੀ ਨਜ਼ਰ ਕੀਤਾ ਗਿਆ। ਵਿਦੇਸ਼ ਸੇਵਾ ਤੋਂ ਵਿਦਾਇਗੀ ਮਗਰੋਂ ਤਰਜਮੇ ਦੇ ਕਾਰਜ ਨੇ ਤੇਜ਼ੀ ਫੜ ਲਈ। ਪਹਿਲ 1947 ਦੇ ਸਾਕੇ ਨਾਲ ਜੁੜੀ ਵਹਿਸ਼ਤ ਉੱਤੇ ਆਧਾਰਿਤ ਤਿੰਨ ਨਾਵਲਾਂ ਵਿਚੋਂ ਪਹਿਲੇ ਦੋ ਨੂੰ ਮਿਲੀ। 'ਖ਼ੂਨ ਦੇ ਸੋਹਲੇ' ਦਾ ਅੰਗਰੇਜ਼ੀ ਰੂਪ 'ਹਿੱਮਜ਼ ਇਨ ਬਲੱਡ' 2022 ਵਿਚ ਸਾਡੇ ਸਾਹਮਣੇ ਆਇਆ। ਦੂਜਾ ਨਾਵਲ 'ਅੱਗ ਦੀ ਖੇਡ' 'ਏ ਗੇਮ ਆਫ ਫਾਇਰ' ਦੇ ਸਿਰਲੇਖ ਹੇਠ ਹਾਰਪਰ ਕੌਲਿਨਜ਼ ਨੇ ਹੁਣੇ ਜਿਹੇ ਰਿਲੀਜ਼ ਕੀਤਾ ਹੈ।

'ਏ ਗੇਮ ਆਫ ਫਾਇਰ' ਦੇ ਕਥਾਨਕ ਅਤੇ ਮੁੱਖ ਪਾਤਰਾਂ, ਖ਼ਾਸ ਕਰਕੇ ਸਤਨਾਮ ਸਿੰਘ, ਕੇਸਰ ਕੌਰ, ਬਾਬਾ ਉਰਫ਼ ਹਕੀਮ ਜੀ, ਕ੍ਰਿਸ਼ਨਾ, ਯੂਸੁਫ, ਕਨ੍ਹਈਆ ਆਦਿ ਤੋਂ ਅਸੀਂ ਪੰਜਾਬੀ ਪਾਠਕ ਪਹਿਲਾਂ ਹੀ ਵਾਕਫ਼ ਹਾਂ। ਨਾਵਲ ਦਾ ਧਰਾਤਲ ਅੰਮ੍ਰਿਤਸਰ ਸ਼ਹਿਰ ਹੈ ਅਤੇ ਸਮੁੱਚੀ ਘਟਨਾਵਲੀ ਮਾਰਚ ਤੋਂ ਅਗਸਤ 1947, ਭਾਵ ਪੋਠੋਹਾਰ ਖਿੱਤੇ ਤੋਂ ਸ਼ੁਰੂ ਹੋਏ ਫਿਰਕੂ ਫ਼ਸਾਦਾਂ ਤੋਂਬਾਅਦ ਦੇ ਖਿਚਾਅ ਤੇ ਕਤਲੋ-ਗ਼ਾਰਤ ਦੀ ਅਗਸਤ ਵਾਲੀ ਕੜੀ ਤੱਕ ਫੈਲੀ ਹੋਈ ਹੈ। ਨਾਨਕ ਸਿੰਘ ਨੇ ਇਸ ਨਾਵਲ ਦੀ ਭੂਮਿਕਾ ਵਿਚ ਸਪੱਸ਼ਟ ਕੀਤਾ ਹੈ ਕਿ "ਨਾਵਲ ਦੇ ਪਾਤਰ ਭਾਵੇਂ ਕਾਲਪਨਿਕ ਸਨ ਪਰ ਘਟਨਾਵਾਂ ਅਸਲੀ ਹਨ। ਇਨ੍ਹਾਂ ਨੂੰ ਬਿਆਨ ਕਰਨ ਵਿਚ ਜਿੰਨੀ ਕੁ ਇਮਾਨਦਾਰੀ ਕੋਈ ਅਦੀਬ ਆਪਣੀ ਸਮਰੱਥਾ ਮੁਤਾਬਿਕ ਵਰਤ ਸਕਦਾ ਸੀ, ਓਨੀ ਕੁ ਵਰਤੀ ਗਈ ਹੈ।" ਉਨ੍ਹਾਂ ਇਹ ਵੀ ਲਿਖਿਆ ਹੈ ਕਿ 'ਖ਼ੂਨ ਦੇ ਸੋਹਲੇ' ਤੇ 'ਅੱਗ ਦੀ ਖੇਡ' ਨੂੰ ਮਹਿਜ਼ ਨਾਵਲ ਨਹੀਂ, ਇਤਿਹਾਸਕਾਰੀ ਸਮਝਿਆ ਜਾਣਾ ਚਾਹੀਦਾ ਹੈ। ਦੋਵੇਂ ਨਾਵਲ 'ਜਗਤ ਜਲੰਦੇ' ਦਾ ਬਿਆਨ ਵੀ ਹਨ ਅਤੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਗੁਰੂ-ਵਾਕ ਵਾਲਾ ਸੁਨੇਹਾ ਵੀ।

ਨਾਵਲ ਦੀ ਅੰਤਿਕਾ ਵਿਚ ਨਵਦੀਪ ਸੂਰੀ ਨੇ ਜਿੱਥੇ ਸੰਤਾਲੀ ਦੇ ਖ਼ੂਨੀ ਸਾਕੇ ਨਾਲ ਜੁੜੇ ਨਾਵਲਾਂ ਦੇ ਤਰਜਮੇ ਦੀ ਚੋਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ, ਉੱਥੇ ਗੁਰੂ ਕੀ ਨਗਰੀ ਦੀ ਸੰਤਾਲੀ ਵਾਲੀ ਵਸੋਂ-ਮੁਖੀ ਬਣਤਰ ਨਾਲ ਵੀ ਪਾਠਕਾਂ ਦੀ ਵਾਕਫ਼ੀਅਤ ਕਰਵਾਈ ਹੈ। ਉਹ ਲਿਖਦੇ ਹਨ ਕਿ 1941 ਦੀ ਮਰਦਮਸ਼ੁਮਾਰੀ ਮੁਤਾਬਿਕ ਅੰਮ੍ਰਿਤਸਰ ਜ਼ਿਲ੍ਹੇ ਦੀ ਕੁੱਲ ਵਸੋਂ 6,56,000 ਸੀ ਜਦੋਂਕਿ ਸ਼ਹਿਰ ਦੀ ਆਬਾਦੀ 3,91,000 ਸੀ। ਇਨ੍ਹਾਂ ਵਿਚੋਂ ਮੁਸਲਮਾਨਾਂ ਦੀ ਤਾਦਾਦ 46% ਸੀ। ਇਸ ਤੋਂ ਅੰਦਾਜ਼ਾ ਸਹਿਜੇ ਹੀ ਹੋ ਜਾਂਦਾ ਹੈ ਕਿ ਸੰਤਾਲੀ ਦੌਰਾਨ ਉੱਥੇ ਮੁਸਲਮਾਨਾਂ ਦਾ ਕਿੰਨਾ ਖ਼ੂਨ ਡੁੱਲ੍ਹਿਆ, ਕਿੰਨੀਆਂ ਮਾਵਾਂ-ਭੈਣਾਂ ਬੇਪੱਤ ਹੋਈਆਂ, ਕਿੰਨਿਆਂ ਨੂੰ ਸਭ ਕੁਝ ਪਿੱਛੇ ਛੱਡ ਕੇ ਵਾਹਗੇ ਵੱਲ ਵਾਹੋ-ਦਾਹੀ ਹਿਜਰਤ ਕਰਨੀ ਪਈ। ਇਸੇ ਸਾਰੀ ਦਿਲ-ਕੰਬਾਊ ਦ੍ਰਿਸ਼ਾਵਲੀ ਦਾ ਆਈਨਾ ਹੈ 'ਏ ਗੇਮ ਆਫ ਫਾਇਰ'।

ਤਰਜਮਾਕਾਰੀ, ਖ਼ਾਸ ਤੌਰ 'ਤੇ ਬਿਲਕੁਲ ਓਪਰੀ ਜ਼ੁਬਾਨ ਵਿਚ ਸਾਹਿਤ ਦੀ ਤਰਜਮਾਕਾਰੀ ਬੇਹੱਦ ਬਿਖਮ ਕਾਰਜ ਹੈ। ਹਰ ਭਾਸ਼ਾ, ਹਰ ਖਿੱਤੇ ਦਾ ਆਪਣਾ ਮੁਹਾਵਰਾ ਹੁੰਦਾ ਹੈ। ਉਸ ਦੀ ਉਸੇ ਰੰਗਤ, ਉਸੇ ਭਾਹ ਨੂੰ ਪਹਿਲਾਂ ਫੜਨਾ ਤੇ ਫਿਰ ਓਪਰੀ ਜ਼ੁਬਾਨ ਵਿਚ ਓਨੀ ਹੀ ਮੁਹਾਰਤ ਨਾਲ ਢਾਲਣਾ ਕਈ ਵਾਰ ਨਾਮੁਮਕਿਨ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਤਰਜਮਾਕਾਰ ਨੂੰ ਕੁਝ ਆਜ਼ਾਦੀ ਵੀ ਲੈਣੀ ਪੈਂਦੀ ਹੈ। ਸਮੱਸਿਆ ਇਹ ਹੈ ਕਿ ਇਹ ਆਜ਼ਾਦੀ, ਖੁੱਲ੍ਹੀ ਕਿਸਮ ਦੀ ਭਾਵ ਮੂਲ ਸ਼ਬਦ ਦੀ ਭਾਵਨਾ ਤੋਂ ਦੂਰ ਜਾਣ ਵਾਲੀ ਨਹੀਂ ਹੋ ਸਕਦੀ। ਯੂਰਪੀ ਜ਼ੁਬਾਨਾਂ ਵਾਲਿਆਂ ਨੂੰ ਇਸ ਮਾਮਲੇ ਵਿਚ ਮੁਕਾਬਲਤਨ ਘੱਟ ਦਿੱਕਤ ਹੁੰਦੀ ਹੈ ਕਿਉਂਕਿ ਤਕਰੀਬਨ ਸਾਰੀਆਂ ਜ਼ੁਬਾਨਾਂ ਦਾ ਮੂਲ ਲਾਤੀਨੀ ਹੈ। ਏਸ਼ਿਆਈ, ਖ਼ਾਸ ਕਰਕੇ ਦੱਖਣ ਤੇ ਪੂਰਬ ਏਸ਼ਿਆਈ ਭਾਸ਼ਾਵਾਂ, ਤਹਿਜ਼ੀਬੀ ਤੌਰ 'ਤੇ ਲਾਤੀਨੀ ਤੋਂ ਬਹੁਤ ਭਿੰਨ ਹਨ। ਉਨ੍ਹਾਂ ਨੂੰ ਹੂ-ਬ-ਹੂ ਉਲਥਾਉਣਾ, ਚੂਹੇ ਦੀ ਖੁੱਡ ਵਿਚ ਘੁਸਣ ਜਿੰਨਾ ਔਖਾ ਹੈ। ਨਵਦੀਪ ਸੂਰੀ ਨੇ ਇਸ ਸਮੱਸਿਆ ਦਾ ਜ਼ਿਕਰ ਸ਼ਾਇਦ 'ਦਿ ਹਿੰਦੂ' ਦੇ ਇੱਕ ਐਤਵਾਰੀ ਅੰਕ ਵਿਚ ਸੰਖੇਪ ਜਿਹੀ ਇੰਟਰਵਿਊ ਦੌਰਾਨ ਕੀਤਾ ਸੀ। ਉੱਥੇ ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਨੇ ਆਪਣੇ ਦਾਦਾ ਜੀ ਦੇ ਕਲਾਸਿਕ ਨਾਵਲ 'ਚਿੱਟਾ ਲਹੂ' (1932) ਦਾ ਤਰਜਮਾ ਆਰੰਭਿਆ ਸੀ ਪਰ ਅਧੂਰਾ ਛੱਡ ਦਿੱਤਾ। ਉਨ੍ਹਾਂ ਨੂੰ ਮਹਿਸੂਸ ਹੋਇਆ ਸੀ ਕਿ ਉਹ ਅਮਲੀ (ਅਫ਼ੀਮਚੀ) ਦੇ ਕਿਰਦਾਰ ਦਾ ਭਾਸ਼ਾਈ ਲਹਿਜ਼ਾ, ਅੰਗਰੇਜ਼ੀ ਵਿਚ ਸਹੀ ਢੰਗ ਨਾਲ ਪੇਸ਼ ਨਹੀਂ ਕਰ ਸਕਣਗੇ। ਗੈਬਰੀਅਲ ਗਾਰਸੀਆ ਮਾਰਕੇਜ਼ ਨੇ ਵੀ ਅਜਿਹੇ ਪ੍ਰਸੰਗ ਵਿਚ 'ਟਾਈਮਜ਼ ਲਿਟਰੇਰੀ ਸਪਲੀਮੈਂਟ' (ਟੀ.ਐੱਲ.ਐੱਸ.) ਨੂੰ ਦੱਸਿਆ ਸੀ ਕਿ ਉਸ ਦੇ ਦੋ ਨਾਵਲਾਂ 'ਦਿ ਔਟਮ ਆਫ ਏ ਪੈਟ੍ਰੀਆਰਕ' ਤੇ 'ਦਿ ਜਨਰਲ ਇਨ ਹਿਜ਼ ਲੈਬੀਰਿੰਥ' ਦੇ ਅੰਗਰੇਜ਼ੀ ਤਰਜਮੇ ਦੇ ਤਿੰਨ-ਤਿੰਨ ਖਰੜੇ ਇਸ ਕਰਕੇ ਰੱਦ ਕਰਨੇ ਪਏ ਕਿਉਂਕਿ ਉਹ ਉਸ ਵੱਲੋਂ ਵਰਤੇ ਅਲੰਕਾਰਾਂ, ਉਪਮਾਵਾਂ ਤੇ ਬਿੰਬਾਂ ਨਾਲ ਨਿਆਂ ਕਰਨ ਵਾਲੇ ਨਹੀਂ ਸਨ।

'ਏ ਗੇਮ ਆਫ ਫਾਇਰ' ਵਿਚ ਅਜਿਹਾ ਕੁਝ ਵੀ ਨਹੀਂ ਜੋ 'ਅੱਗ ਦੀ ਖੇਡ' ਨਾਲ ਨਾਇਨਸਾਫ਼ੀ ਜਾਪੇ। ਅੰਗਰੇਜ਼ੀ ਦੇ ਬਾਵਜੂਦ ਭਾਸ਼ਾਈ ਵਹਾਅ ਤੇ ਭਾਵਨਾਤਮਿਕ ਪ੍ਰਵਾਹ ਓਨਾ ਹੀ ਸਹਿਜ ਤੇ ਸਰਲ ਹੈ ਜਿੰਨਾ 'ਅੱਗ ਦੀ ਖੇਡ' ਵਿਚ ਹੈ। ਦਰਅਸਲ, ਅੰਗਰੇਜ਼ੀ ਵਿਚ ਇਹ ਨਾਵਲ ਪੜ੍ਹਦਿਆਂ ਮੈਨੂੰ ਇਹੋ ਆਭਾਸ ਹੁੰਦਾ ਰਿਹਾ ਕਿ ਮੈਂ ਪੰਜਾਬੀ ਵਿਚ ਹੀ ਪੜ੍ਹ ਰਿਹਾ ਹੋਵਾਂ। ਤਰਜਮੇ ਦੀ ਲੈਅ ਬਾਰੇ ਇਸ ਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ?

---

# ਯਾਦ ਰੱਖਣ ਯੋਗ ਗੱਲਾਂ

* ਚੰਗਾ ਦੋਸਤ ਰੱਬ ਦੀ ਕਿਰਪਾ ਹੁੰਦਾ ਹੈ ਖੁਦ ਲੱਭਣਾ ਔਖਾ, ਛੱਡਣਾ ਬਹੁਤ ਔਖਾ ਅਤੇ ਉਸ ਨੂੰ ਭੁੱਲਣਾ ਨਾਮੁਮਕਿਨ ਹੁੰਦਾ ਹੈ।



* ਜੇ ਕੋਈ ਖਬਰ ਲੈਣ ਨਾ ਆਵੇ ਤਾਂ ਪ੍ਰਵਾਹ ਨਾ ਕਰੋ ਕਿਉਂਕਿ ਅੱਜ-ਕੱਲ੍ਹ ਖਬਰ ਪੁੱਛਣ ਵਾਲੇ ਘੱਟ ਅਤੇ ਖਬਰ ਫੈਲਾਉਣ ਵਾਲੇ ਜ਼ਿਆਦਾ ਹਨ।

**ਹਰਦੀਪ ਸਿੰਘ ਸੋਢੀ**
**ਫੋਨ: 480-794-0325**

* ਕੀ ਜ਼ਮਾਨਾ ਆ ਗਿਆ ਹੈ ਝੂਠ ਅਸੀਂ ਪਹਾੜ ਜਿੱਡਾ ਹਜ਼ਮ ਕਰ ਲੈਂਦੇ ਹਾਂ ਪਰ ਸੱਚ ਰਾਈ ਮਾਤਰ ਵੀ ਹਜ਼ਮ ਨਹੀਂ ਹੁੰਦਾ।

* ਵੈਲੇਨਟਾਈਨ ਡੇਅ 'ਤੇ ਜੇ ਗੁਲਾਬ ਦੇਣ ਵਾਸਤੇ ਫਰੈਂਡ ਨਹੀਂ ਹੁੰਦੀ ਤਾਂ ਰਊਂ-ਰਊਂ ਨਾ ਕਰਿਆ ਕਰੋ ਗਾਂਧੀ ਜੈਯੰਤੀ ਵਾਲੇ ਦਿਨ ਕਿਹੜਾ ਮਹਾਤਮਾ ਗਾਂਧੀ ਜੀ ਨਾਲ ਹੁੰਦੇ ਹਨ।

* ਮੁਣਸ਼ੀ ਪ੍ਰੇਮ ਚੰਦ ਨੇ ਆਪਣੇ ਨਾਵਲ 'ਗੋਦਾਨ' ਵਿਚ ਲਿਖਿਆ ਸੀ ਕਿਸੇ ਗੱਲ ਨੂੰ ਓਨਾ ਚਿਰ ਸੱਚ ਨਾ ਮੰਨਿਆ ਕਰੋ ਜਿੰਨਾ ਚਿਰ ਉਹ ਕਿਸੇ ਨੇ ਤੁਹਾਡੇ ਮੂੰਹ 'ਤੇ ਨਾ ਆਖੀ ਹੋਵੇ।

* ਬਗਾਵਤ ਹਮੇਸ਼ਾਂ ਇਮਾਨਦਾਰ ਅਤੇ ਅਣਖੀ ਲੋਕਾਂ ਵੱਲੋਂ ਹੁੰਦੀ ਚਾਪਲੂਸ ਲੋਕ ਤਾਂ ਜੁੱਤੀਆਂ ਚੱਟ ਕੇ ਵੀ ਡੰਗ ਟਪਾ ਲੈਂਦੇ ਹਨ।

* ਸ਼ਹਿਰਾਂ ਵਿਚ ਵਗਦੀਆਂ ਤੇਜ਼ ਹਵਾਵਾਂ ਦਾ ਫ਼ਰਕ ਪਤੰਗਾਂ ਨੂੰ ਪੈਂਦਾ ਹੈ ਬਾਜਾਂ ਨੂੰ ਨਹੀਂ।

* ਅੰਧਭਗਤੀ ਤੋਂ ਬਚੋ ਕਿਸੇ ਨੇ ਅੰਧਭਗਤੀ ਦੀ ਤੁਲਨਾ ਇੱਕ ਵਾਟ ਦੇ ਬਲਬ ਨਾਲ ਕੀਤੀ ਹੈ ਕਹਿੰਦੇ ਹਨ ਇੱਕ ਵਾਟ ਦਾ ਬਲਬ ਬਾਥਰੂਮ 'ਚ ਤਾਂ ਲਾਇਆ ਜਾ ਸਕਦੈ ਪਰ ਸਟੱਡੀ ਰੂਮ ਵਿਚ ਨਹੀਂ।

* ਚੁਗਲੀ ਦੀ ਧਾਰ ਸਰਜੀਕਲ ਬਲੇਡ ਨਾਲੋਂ ਵੀ ਤੇਜ਼ ਹੁੰਦੀ ਹੈ, ਸਰਜੀਕਲ ਬਲੇਡ ਨਾਲ ਲਾਏ ਕੱਟ ਸਿਉਂ ਦਿੱਤੇ ਜਾਂਦੇ ਹਨ ਜਦਕਿ ਚੁਗਲੀ ਦੀ ਧਾਰ ਨਾਲ ਲਾਏ ਕੱਟ ਤਾਉਮਰ ਹਰੇ ਰਹਿੰਦੇ ਹਨ।

* ਦੀਵੇ ਵਿਚ ਤੇਲ ਪਾ ਕੇ ਬੱਤੀ ਰੱਖ ਦਿਓ ਓਨੀ ਦੇਰ ਕੁਝ ਨਹੀਂ ਹੁੰਦਾ ਜਿੰਨੀ ਦੇਰ ਤੀਜੇ ਹੱਥ ਅੱਗ ਨਾ ਲਾਉਣ, ਭਲਾ ਮੰਗੀਏ ਅੱਗ ਰੋਸ਼ਨੀ ਕਰਨ ਲਈ ਲੱਗੇ ਰਾਖ ਕਰਨ ਲਈ ਨਹੀਂ।

* ਹਰ ਆਦਮੀ ਨੂੰ ਆਪਣੇ ਪਿਤਾ ਵੱਲੋਂ ਦਿੱਤੀਆਂ ਨਸੀਹਤਾਂ ਓਨੀ ਦੇਰ ਬੁਰੀਆਂ ਲੱਗਦੀਆਂ ਹਨ ਜਿੰਨੀ ਦੇਰ ਉਹ ਖੁਦ ਨਸੀਹਤਾਂ ਦੇਣ ਦੀ ਉਮਰ ਵਿਚ ਨਹੀਂ ਪਹੁੰਚ ਜਾਂਦਾ।

*ਮਹਾਨ ਲੇਖਕ ਓਸ਼ੋ ਨੇ ਲਿਖਿਆ ਸੀ ਅਜੋਕਾ ਇਨਸਾਨ ਕਿੰਨਾ ਨਾਦਾਨ ਹੈ ਜ਼ਰਾ ਜਿੰਨਾ ਦੁੱਖ ਆਵੇ ਤਾਂ ਅਟਕ ਜਾਂਦਾ ਹੈ ਜ਼ਰਾ ਕੁ ਸੁੱਖ ਆਉਣ ਤੇ ਭਟਕ ਜਾਂਦਾ ਹੈ।

* ਕੰਮ ਵਿਚ ਕਾਮਯਾਬੀ ਮਿਲੇ ਨਾ ਮਿਲੇ ਕੰਮ ਕਰਨ ਦੀ ਕੋਸ਼ਿਸ਼ ਜ਼ਰੂਰ ਕਰੋ। ਇਹ ਸੋਚ ਕੇ ਬਹਿ ਨਾ ਜਾਓ ਕਿ ਇਹ ਕੰਮ ਹੋਣਾ ਨਹੀਂ।

*ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਘੱਟ ਗਿਣਤੀਆਂ, ਖਾਸ ਕਰ ਕੇ ਮੁਸਲਿਮ ਭਾਈਚਾਰੇ ਖਿਲਾਫ ਵੱਡੀ ਪੱਧਰ 'ਤੇ ਨਫਰਤੀ ਮੁਹਿੰਮ ਚਲਾ ਰਹੀ ਹੈ। ਹਿੰਦੂਤਵ ਪੱਖੀ ਜ਼ਹਿਰੀਲੇ ਗੀਤਾਂ ਰਾਹੀਂ ਦੇਹਾਤ ਤੱਕ ਰਾਬਤਾ ਬਣਾਇਆ ਜਾ ਰਿਹਾ ਹੈ। ਉਘੇ ਪੱਤਰਕਾਰ ਮਨੀਸ਼ ਆਜ਼ਾਦ ਨੇ ਕੁਨਾਲ ਪੁਰੋਹਿਤ ਦੀ ਕਿਤਾਬ 'ਐਚ.-ਪੌਪ' ਦੇ ਹਵਾਲੇ ਨਾਲ ਜੋ ਅੰਕੜੇ ਇਸ ਲੇਖ ਵਿਚ ਪੇਸ਼ ਕੀਤੇ ਹਨ, ਉਹ ਬਹੁਤ ਭਿਆਨਕ ਹਨ।*

# ਲੋਕਾਂ ਦੀ ਚੇਤਨਾ ਉਤੇ ਹਿੰਦੂਤਵੀ ਸਭਿਆਚਾਰਕ ਹਮਲਾ






*ਹਿੰਦੂਤਵਵਾਦੀ ਪੌਪ ਸਟਾਰਾਂ ਦੇ ਪ੍ਰਚਾਰ ਦੀਆਂ ਦੋ ਤਸਵੀਰਾਂ।*

ਮਸ਼ਹੂਰ ਕਾਲੇ ਫਿਲਮਕਾਰ ਹੇਲ ਗੇਰਿਮਾ ਨੇ ਔਰਤਾਂ ਉੱਪਰ ਹੋ ਰਹੇ ਸਾਮਰਾਜੀ ਸੱਭਿਆਚਾਰਕ ਹਮਲੇ ਬਾਰੇ ਕਿਹਾ ਸੀ ਕਿ ਔਰਤਾਂ, ਖ਼ਾਸ ਤੌਰ 'ਤੇ ਮੁਟਿਆਰਾਂ ਆਪਣੀ ਜ਼ਿੰਦਗੀ ਵਿਚ ਅਣਗਿਣਤ 'ਸੱਭਿਆਚਾਰਕ ਬੂਬੀ ਟ੍ਰੈਪਸ' (ਸੁੰਦਰਤਾ ਦੇ ਸਾਮਰਾਜਵਾਦੀ ਪੈਮਾਨਾ) ਵਿਚੋਂ ਗੁਜ਼ਰਦੀਆਂ ਹਨ ਅਤੇ ਇਸ ਪ੍ਰਕਿਰਿਆ ਵਿਚ ਉਨ੍ਹਾਂ ਦੇ ਵਿਅਕਤਿਤਵ ਦੇ ਪਰਖੱਚੇ ਉੱਡਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਇਸ ਦਾ ਪਤਾ ਵੀ ਨਹੀਂ ਲੱਗਦਾ।

ਪਿਛਲੇ ਕੁਝ ਦਹਾਕਿਆਂ ਤੋਂ ਸਾਮਰਾਜੀ ਫਾਸ਼ੀਵਾਦੀ ਸੱਭਿਆਚਾਰਕ ਹਮਲੇ ਦੇ ਨਾਲ-ਨਾਲ

**ਮਨੀਸ਼ ਆਜ਼ਾਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਹਿੰਦੂਤਵੀ ਫਾਸ਼ੀਵਾਦੀ ਸੱਭਿਆਚਾਰਕ ਹਮਲੇ ਨੇ ਭਾਰਤੀ ਲੋਕਾਂ ਦੇ ਪੈਰਾਂ ਹੇਠ ਜੋ 'ਬੂਬੀ ਟ੍ਰੈਪ' ਵਿਛਾਇਆ ਹੈ ਉਸ ਨੇ ਅਵਾਮੀ ਚੇਤਨਾ ਨੂੰ ਸੱਟ ਮਾਰਨ ਦੇ ਨਾਲ-ਨਾਲ ਸਮਾਜ ਦੇ ਤਾਣੇ-ਬਾਣੇ ਨੂੰ ਵੀ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ।

ਕੁਨਾਲ ਪੁਰੋਹਿਤ ਨੇ ਆਪਣੀ ਹਾਲ ਹੀ ਵਿਚ ਛਪ ਕੇ ਆਈ ਮਹੱਤਵਪੂਰਨ ਕਿਤਾਬ 'H-POP' (The Secretive World of Hindutva Pop Stars) ਵਿਚ ਇਸ 'ਬੂਬੀ ਟ੍ਰੈਪ' ਦੀ ਝਲਕ ਨੂੰ 'ਕੈਪਚਰ' ਕੀਤਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ, ਖਾਸ ਤੌਰ 'ਤੇ 2014 ਤੋਂ ਲੈ ਕੇ, 'ਹਿੰਦੂਤਵ ਪੌਪ ਸੰਗੀਤ' ਦੇ ਨਾਮ 'ਤੇ ਦੂਰ-ਦਰਾਜ਼ ਦੇ ਪਿੰਡਾਂ ਅਤੇ ਕਸਬਿਆਂ ਵਿਚ ਮੁਸਲਿਮ ਵਿਰੋਧੀ ਗੀਤਾਂ/ਕਵਿਤਾਵਾਂ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ, ਜਿੱਥੇ

"ਹਰ ਘਰ ਭਗਵਾ ਲਹਿਰਾਏਗਾ..."

"ਦੁਸ਼ਮਨ ਘਰ ਮੇਂ ਬੈਠੇ ਹਨ, ਤੁਮ ਕੋਸਤੇ ਰਹੋ ਪੜੋਸੀ ਕੋ
ਜੋ ਛੁਰੀ ਬਗਲ ਮੇਂ ਰਖਤੇ ਹੈਂ, ਤੁਮ ਮਾਰ ਨਾ ਦੋ ਉਸ ਦੋਸ਼ੀ ਕੋ"

"ਅਗਰ ਛੂਆ ਮੰਦਰ ਤੋ ਤੁਝੇ ਦਿਖਾ ਦੇਂਗੇ
ਤੁਝਕੋ ਤੇਰੀ ਔਕਾਤ ਬਤਾ ਦੇਗੇਂ...।"

ਵਰਗੇ ਗੀਤ/ਕਵਿਤਾਵਾਂ ਹਜ਼ਾਰਾਂ ਨੌਜਵਾਨਾਂ/ਜਵਾਨ ਹੋ ਰਹੇ ਬੱਚਿਆਂ ਵਿਚ ਗਾਏ ਜਾ ਰਹੇ ਹਨ। ਇੱਥੇ ਹਵਾਲਾ ਦਿੱਤੇ ਗੀਤਾਂ ਤੋਂ ਇਲਾਵਾ, ਬਹੁਤ ਸਾਰੇ ਗੀਤ ਮੁਸਲਮਾਨਾਂ ਪ੍ਰਤੀ ਏਨੇ ਹਮਲਾਵਰ ਅਤੇ ਨਫ਼ਰਤ ਨਾਲ ਭਰੇ ਹੋਏ ਹਨ ਕਿ ਉਨ੍ਹਾਂ ਨੂੰ ਇੱਥੇ ਲਿਖਿਆ ਨਹੀਂ ਜਾ ਸਕਦਾ। ਇਹ ਗੀਤ/ਕਵਿਤਾਵਾਂ ਦਾ ਬੱਚਿਆਂ, ਜਵਾਨ ਹੋ ਰਹੇ ਬੱਚਿਆਂ ਅਤੇ ਨੌਜਵਾਨਾਂ 'ਤੇ ਬਹੁਤ ਖ਼ਤਰਨਾਕ ਅਤੇ ਜ਼ਹਿਰੀਲਾ ਅਸਰ ਪੈ ਰਿਹਾ ਹੈ। ਅੱਠਵੀਂ ਜਮਾਤ ਦੇ ਇਤਿਹਾਸ ਦੇ 'ਆਨਲਾਈਨ' ਲੈਕਚਰ ਦੌਰਾਨ ਮੁਸਲਮਾਨਾਂ ਦਾ ਜ਼ਿਕਰ ਆਉਣ 'ਤੇ ਜਮਾਤ ਦੇ ਇਕ ਵਿਦਿਆਰਥੀ ਨੇ ਕਿਹਾ ਕਿ ਉਹ ਮੁਸਲਮਾਨਾਂ ਨੂੰ ਨਫ਼ਰਤ ਕਰਦਾ ਹੈ। ਹਰਿਆਣਾ ਦੇ ਇਕ ਕਸਬੇ ਦੇ ਇਕ ਹੇਠਲੇ ਮੱਧਵਰਗੀ ਪਰਿਵਾਰ ਦੇ ਉਸ ਲੜਕੇ ਨਾਲ ਚਰਚਾ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹ ਅਜੇ ਤੱਕ ਕਿਸੇ ਮੁਸਲਮਾਨ ਦੇ ਸੰਪਰਕ ਵਿਚ ਨਹੀਂ ਆਇਆ ਸੀ, ਪਰ ਅਜਿਹੇ ਗੀਤਾਂ/ਕਵਿਤਾਵਾਂ ਦੇ ਸੰਪਰਕ ਵਿਚ ਆਉਣ ਨਾਲ ਉਸ ਦੇ ਅੰਦਰ ਇਹ ਖ਼ਤਰਨਾਕ ਤਬਦੀਲੀ ਆਈ ਹੈ।

ਇਨ੍ਹਾਂ ਜ਼ਹਿਰੀਲੇ ਗੀਤਾਂ/ਕਵਿਤਾਵਾਂ ਦੇ ਯੂਟਿਊਬ ਉੱਪਰ ਹਜ਼ਾਰਾਂ/ਲੱਖਾਂ ਗਾਹਕ (ਸਬਸਕ੍ਰਾਈਬਰ) ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਖ਼ਤਰਨਾਕ ਸੱਭਿਆਚਾਰਕ ਪ੍ਰਦੂਸ਼ਨ ਨਾਲ ਯੂ-ਟਿਊਬ ਦੇ ਕਿਸੇ ਵੀ ਦਿਸ਼ਾ-ਨਿਰਦੇਸ਼ ਦੀ ਉਲੰਘਣਾ ਹੋ ਰਹੀ ਨਹੀਂ ਮੰਨੀ ਜਾਂਦੀ।


ਹੁਣ ਤੱਕ, ਜ਼ਿਆਦਾਤਰ ਉਦਾਰ/ਪ੍ਰਗਤੀਸ਼ੀਲ ਲੋਕ ਇਸ ਤਰ੍ਹਾਂ ਦੇ 'ਕਰੂਡ' ਸੱਭਿਆਚਾਰਕ ਹਮਲੇ ਪ੍ਰਤੀ ਅੱਖੀ ਮੀਟੀ ਰੱਖਦੇ ਸਨ ਅਤੇ ਇਸ ਨੂੰ ਕੁਝ ਕੁ ਸਿਰਫਿਰੇ ਲੋਕਾਂ ਦਾ ਸੁਭਾਅ ਕਰਾਰ ਦੇ ਕੇ ਗੱਲ ਆਈ ਗਈ ਕਰਦੇ ਰਹੇ ਹਨ ਪਰ ਦੂਰ-ਦਰਾਜ਼ ਦੇ ਪਿੰਡਾਂ/ਕਸਬਿਆਂ ਵਿਚ ਇਨ੍ਹਾਂ ਦਾ ਜੋ ਅਸਰ ਪੈ ਰਿਹਾ ਹੈ, ਉਹ ਭਿਆਨਕ ਹੈ ਅਤੇ ਸਾਨੂੰ ਇਸ ਫਾਸ਼ੀਵਾਦੀ ਸੱਭਿਆਚਾਰਕ ਹਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ। ਕੁਨਾਲ ਪੁਰੋਹਿਤ ਆਪਣੀ ਉਪਰੋਕਤ ਕਿਤਾਬ ਵਿਚ ਇਕ ਗੰਭੀਰ ਚੇਤਾਵਨੀ ਦੇ ਰੂਪ 'ਚ ਕਹਿੰਦੇ ਹਨ- "1990 ਵਿਚ ਰਵਾਂਡਾ ਵਿਚ ਹੂਤੀ ਬਹੁਗਿਣਤੀ ਦੁਆਰਾ ਤੁਤਸੀ ਘੱਟਗਿਣਤੀ ਦੀ ਜੋ ਨਸਲਕੁਸ਼ੀ ਕੀਤੀ ਗਈ (ਜਿਸ ਦੇ ਨਤੀਜੇ ਵਜੋਂ 8 ਲੱਖ ਤੋਂ ਵੱਧ ਲੋਕ ਮਾਰੇ ਗਏ), ਉਸ ਵਿਚ ਹੂਤੀ-ਕੰਟਰੋਲ ਵਾਲੇ 'ਰੇਡੀਓ ਰਵਾਂਡਾ' ਅਤੇ 'ਰੇਡੀਓ ਟੈਲੀਵਿਜ਼ਨ' (Libre des Milles Collines) ਦੀ ਅਹਿਮ ਭੂਮਿਕਾ ਸੀ, ਜਿੱਥੋਂ ਅਜਿਹੇ ਗੀਤ ਪ੍ਰਸਾਰਿਤ ਕੀਤੇ ਜਾ ਰਹੇ ਸਨ ਜੋ ਬੇਹੱਦ ਭੜਕਾਊ ਤੇ ਪਾਲਾਬੰਦੀ ਕਰਨ ਵਾਲੇ ਸਨ ਅਤੇ ਜਿਨ੍ਹਾਂ ਵਿਚ ਤੁਤਸੀ ਲੋਕਾਂ ਨੂੰ ਬਹੁਤ ਹੀ ਮਾੜੇ ਰੂਪ 'ਚ ਪੇਸ਼ ਕੀਤਾ ਜਾ ਰਿਹਾ ਸੀ।" (ਪੰਨਾ-9, 'ਐਚ-ਪੌਪ')

ਇਸ ਤੋਂ ਇਲਾਵਾ, www.kapot.in ਵਰਗੀ ਹਿੰਦੂਤਵੀ ਈ-ਕਾਮਰਸ ਸਾਈਟ 'ਤੇ 'ਇਸਲਾਮ ਕੇ ਦੋ ਚੇਹਰੇ', 'ਗੌਡਸੇ ਕੀ ਆਵਾਜ਼ ਸੁਨੋ', 'ਗਾਂਧੀ ਕੇ ਮਹਿਲਾ ਮਿੱਤਰ' ਵਰਗੀਆਂ ਨਫ਼ਰਤ ਵਾਲੀਆਂ ਕਿਤਾਬਾਂ ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਸਸਤੇ ਰੇਟਾਂ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਦਿਲਚਸਪ ਗੱਲ ਇਹ ਹੈ ਕਿ www.kapot.in ਦੇ ਮਾਲਕ ਸੰਦੀਪ ਦੇਵ ਨੇ ਮੋਦੀ ਦੇ ਆਤਮ-ਨਿਰਭਰ ਭਾਰਤ ਦੇ ਨਾਅਰੇ ਤੋਂ ਪ੍ਰਭਾਵਿਤ ਹੋ ਕੇ ਇਹ ਈ-ਕਾਮਰਸ ਵੈੱਬਸਾਈਟ ਬਣਾਈ ਹੈ। ਉਹ ਸਿਰਫ਼ ਇਸੇ ਵੈੱਬਸਾਈਟ ਤੋਂ ਆਪਣੇ ਪ੍ਰਕਾਸ਼ਨ ਦੀਆਂ ਕਿਤਾਬਾਂ ਵੇਚਦਾ ਹੈ। ਸੰਦੀਪ ਦੇਵ ਨੇ ਐਮਾਜ਼ੌਨ ਅਤੇ ਫਲਿੱਪਕਾਰਟ ਦੇ ਬਾਈਕਾਟ ਦਾ ਨਾਅਰਾ ਵੀ ਦਿੱਤਾ ਹੈ।

ਇਸ ਤੋਂ ਪਹਿਲਾਂ ਵੀ ਇੱਥੋਂ ਦੇ ਉਦਾਰ/ਪ੍ਰਗਤੀਸ਼ੀਲ ਲੋਕਾਂ ਨੇ 'ਗੀਤਾ ਪ੍ਰੈੱਸ' ਦੇ ਸਾਹਿਤ ਨੂੰ ਨਜ਼ਰਅੰਦਾਜ ਕੀਤਾ ਜਿਸ ਨੇ ਲੱਖਾਂ-ਕਰੋੜਾਂ ਦੀ ਗਿਣਤੀ 'ਚ ਔਰਤ ਵਿਰੋਧੀ, ਦਲਿਤ-ਵਿਰੋਧੀ ਅਤੇ ਮੁਸਲਿਮ ਵਿਰੋਧੀ ਸਾਹਿਤ ਨਾਲ ਘੱਟੋ-ਘੱਟ ਹਿੰਦੀ ਸਮਾਜ ਨੂੰ ਤਾਂ ਭਰ ਹੀ ਦਿੱਤਾ। ਸੰਸਦੀ ਖੱਬਿਆਂ ਅਤੇ ਵੱਖ-ਵੱਖ ਕਮਿਊਨਿਸਟ 'ਗਰੁੱਪਾਂ' ਨਾਲ ਜੁੜੇ ਬੁੱਧੀਜੀਵੀਆਂ ਨੇ ਸਾਮਰਾਜਵਾਦੀ ਸੱਭਿਆਚਾਰਕ ਹਮਲੇ ਨੂੰ ਤਾਂ ਪਛਾਣਿਆ ਪਰ ਪਿਛਾਖੜੀ ਹਿੰਦੂਤਵ (ਬ੍ਰਾਹਮਣਵਾਦੀ) ਸੱਭਿਆਚਾਰਕ ਹਮਲੇ ਪ੍ਰਤੀ ਅੱਖਾਂ ਮੀਟੀ ਰੱਖੀਆਂ। ਉੱਤਰ-ਆਧੁਨਿਕ/ਸਬਾਲਟਰਨ ਚਿੰਤਕਾਂ (ਰਣਜੀਤ ਗੁਹਾ, ਗਿਆਨ ਪ੍ਰਕਾਸ਼, ਪਰਥਾ ਚੈਟਰਜੀ, ਗਾਇਤਰੀ ਸਿਪਵਾਕ, ਹੋਮੀ ਭਾਭਾ, ਅਸ਼ੀਸ਼ ਨੰਦੀ ਆਦਿ) ਨੇ ਤਾਂ 'ਸੱਭਿਆਚਾਰਕ ਸਾਪੇਖਵਾਦ' (Cultural Relativism) ਦੇ ਨਾਂ 'ਤੇ ਪਿਛਾਖੜੀ ਹਿੰਦੂਤਵੀ ਸੱਭਿਆਚਾਰ ਦੀ ਆਪਣੀ ਕਲਾਬਾਜ਼ੀ ਵਾਲੀ ਭਾਸ਼ਾ ਵਿਚ ਵਕਾਲਤ ਤੱਕ ਕੀਤੀ ਹੈ।

ਇਹੀ ਕਾਰਨ ਹੈ ਕਿ ਐਡਵਰਡ ਸ਼ਿਲਜ ਨੇ ਭਾਰਤ ਦੇ 'ਮੁੱਖ ਧਾਰਾ' ਬੁੱਧੀਜੀਵੀਆਂ ਵਿਚੋਂ 'ਬੌਧਿਕ ਸ਼ੈਦਾਅ' ਦੀ ਪਛਾਣ ਕਰਦੇ ਹੋਏ ਲਿਖਿਆ ਹੈ- "ਭਾਰਤੀ ਬੁੱਧੀਜੀਵੀ ਭਾਰੂ ਹਿੰਦੂ ਆਲਮੀ ਨਜ਼ਰੀਏ ਅਤੇ ਪਰੰਪਰਾਵਾਂ ਵਿਚ ਕਾਫ਼ੀ ਡੂੰਘੀਆਂ ਜੜ੍ਹਾਂ ਰੱਖਦੇ ਸਨ, ਜਿਸ ਵਿਚ ਇਸਦੇ ਹੋਰ ਤਰਕਹੀਣ ਅਤੇ ਤਾਨਾਸ਼ਾਹ ਤੱਤ ਜਿਵੇਂ ਕਿ ਜੋਤਿਸ਼, ਵਿਵਸਥਿਤ ਵਿਆਹ ਅਤੇ ਜਾਤੀ ਤੁਅੱਸਬ ਵੀ ਸ਼ਾਮਲ ਹਨ।" (ਪਿਛੜੇ ਹੋਏ ਨਬੀ, ਪੰਨਾ 25, ਲੇਖਕਾ ਮੀਰਾ ਨੰਦਾ)

ਅੱਜ ਭਾਜਪਾ ਅਤੇ ਆਰ.ਐੱਸ.ਐੱਸ. ਦੇ ਚੌਤਰਫ਼ਾ ਵਧਾਰੇ-ਪਸਾਰੇ ਪਿੱਛੇ ਇਹ ਵੀ ਇਕ ਅਹਿਮ ਕਾਰਨ ਹੈ।




*ਹਿੰਦੂਤਵਵਾਦੀ ਪੌਪ ਸਟਾਰਾਂ ਦੀ ਹਕੀਕਤ ਬਿਆਨ ਕਰਦੀ ਕਿਤਾਬ।*

ਪੂੰਜੀਵਾਦ ਨੇ ਪ੍ਰੈੱਸ ਅਤੇ ਮਾਸ ਮੀਡੀਆ ਦੇ ਆਉਣ ਤੋਂ ਪਹਿਲਾਂ ਹੀ 'ਮੈਨੂਫੈਕਚਰਿੰਗ ਕਾਨਸੈਂਟ' ਲਈ ਚਿੱਤਰਾਂ ਦੀ ਬਖ਼ੂਬੀ ਵਰਤੋਂ ਕੀਤੀ ਹੈ ਜਿਸ ਨੂੰ ਫਰਾਂਸੀਸੀ ਫਿਲਮ ਨਿਰਮਾਤਾ ਅਤੇ ਚਿੰਤਕ ਗੂਈ ਡੀਬੋਰਡ ਨੇ "ਲੋਕਾਂ ਵਿਚਕਾਰ ਸਮਾਜਿਕ ਸਬੰਧ ਜਿਸ ਦਾ ਜ਼ਰੀਆ ਚਿੱਤਰ ਹਨ" ਕਿਹਾ ਹੈ। ਭਾਰਤ ਵਿਚ ਪਿਛਲੇ 10 ਸਾਲਾਂ 'ਚ ਟੀ.ਵੀ., ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਵੱਡੇ-ਵੱਡੇ ਹੋਰਡਿੰਗਾਂ ਰਾਹੀਂ ਹਿੰਦੂ ਪ੍ਰਤੀਕਾਂ ਦਾ ਜਿਸ ਪੱਧਰ 'ਤੇ ਪ੍ਰਸਾਰ ਹੋਇਆ ਹੈ, ਉਸ ਨੇ ਅਵਾਮ ਦੀ ਮਾਨਸਿਕਤਾ ਉੱਪਰ ਪਿਛਾਖੜੀ ਹਿੰਦੂਤਵੀ ਸੱਭਿਆਚਾਰਕ ਹਮਲੇ ਨੂੰ ਹੋਰ ਵੀ ਭਿਆਨਕ ਬਣਾ ਦਿੱਤਾ ਹੈ।

ਜਦੋਂ ਪ੍ਰਧਾਨ ਮੰਤਰੀ/ਮੁੱਖ ਮੰਤਰੀ ਵੱਲੋਂ ਗੰਗਾ ਵਿਚ ਇਸ਼ਨਾਨ ਕਰਨ ਅਤੇ ਮੰਦਰਾਂ ਵਿਚ ਆਰਤੀ ਉਤਾਰਨ ਦੀਆਂ ਤਸਵੀਰਾਂ ਦੁਆਰਾ ਬੱਚਿਆਂ ਅਤੇ ਕਿਸ਼ੋਰਾਂ ਦੇ ਮਨਾਂ 'ਤੇ ਵੱਡੇ ਪੱਧਰ 'ਤੇ ਹਮਲਾ ਕੀਤਾ ਜਾਂਦਾ ਹੈ, ਤਾਂ ਉਹ ਹਿੰਦੂ ਰਾਸ਼ਟਰ ਦੀ ਧਾਰਨਾ ਨੂੰ ਸੰਵਿਧਾਨਕ ਰਾਸ਼ਟਰ ਦੇ ਵਿਰੋਧ ਵਿਚ ਨਹੀਂ ਦੇਖਦਾ। ਸਗੋਂ ਇਸ ਦੀ ਬਜਾਏ ਉਸ ਨੂੰ ਬਹੁਤ ਹੀ ਸਹਿਜ ਅਤੇ ਕੁਦਰਤੀ ਰੂਪ 'ਚ ਹੀ ਦੇਖਦਾ ਹੈ।

ਜਨਤਕ ਜੀਵਨ ਦੀਆਂ ਤਸਵੀਰ ਤੋਂ ਮੁਸਲਮਾਨ, ਦਲਿਤ ਅਤੇ ਗਰੀਬ ਦੇ ਗਾਇਬ ਕਰ ਦੇਣ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਅਸੀਂ ਅਜਿਹੇ ਭਾਰਤ ਨੂੰ ਆਪਣੇ ਅੰਦਰ ਆਕਾਰ ਦੇ ਰਹੇ ਹਾਂ ਜੋ ਹਕੀਕਤ ਵਿਚ ਹੈ ਹੀ ਨਹੀਂ। ਉਹ ਮਹਿਜ਼ ਤਸਵੀਰਾਂ ਅਤੇ ਫਿਲਮਾਂ ਵਿਚ ਹੈ। ਮੁਸਲਮਾਨਾਂ ਦੇ ਬੇਗਾਨਗੀ ਦਾ ਵੱਡਾ ਕਾਰਨ ਇਹ ਵੀ ਹੈ। ਇਸ ਤਰ੍ਹਾਂ ਜੇ ਗੂਈ ਡੀਬੌਰਡ ਦੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਹਿੰਦੂਆਂ ਦਾ ਮੁਸਲਮਾਨਾਂ ਨਾਲ ਰਿਸਤਾ ਆਪਣੀ ਸੁਤੰਤਰ ਪਹਿਲਕਦਮੀ ਨਾਲ ਨਹੀਂ ਸਗੋਂ ਉਪਰੋਕਤ ਤਸਵੀਰਾਂ/ਫਿਲਮਾਂ ਦੇ ਜ਼ਰੀਏ ਬਣ ਰਿਹਾ ਹੈ।

ਇਸ ਲਈ, ਲਗਾਤਾਰ ਮੋਦੀ/ਯੋਗੀ ਅਤੇ ਹੋਰ ਰਾਜਨੀਤਕ ਸ਼ਖ਼ਸੀਅਤਾਂ ਨੂੰ ਲਗਾਤਾਰ ਹਿੰਦੂ ਚਿੰਨ੍ਹਾਂ ਦੇ ਨਾਲ ਦਿਖਾਉਣਾ ਮਹਿਜ਼ ਟੀਵੀ ਚੈਨਲਾਂ ਦੀ ਇਕ ਚਾਲਬਾਜ਼ੀ ਨਹੀਂ ਹੈ, ਸਗੋਂ ਇਕ ਵੱਡੇ ਹਿੰਦੂਤਵੀ ਪਿਛਾਖੜੀ ਸੱਭਿਆਚਾਰਕ ਹਮਲੇ ਦਾ ਇਕ ਯੋਜਨਾਬਧ ਹਿੱਸਾ ਹੈ। 22 ਜਨਵਰੀ ਨੂੰ ਅਯੁੱਧਿਆ ਵਿਚ 'ਰਾਮ ਕੀ ਪ੍ਰਾਣ ਪ੍ਰਤਿਸ਼ਠਾ' ਕੀਤੇ ਜਾਣ ਸਮੇਂ ਇਸ ਸੱਭਿਆਚਾਰਕ ਹਮਲੇ ਨੂੰ ਯਕਲਖਤ ਜ਼ਰਬਾਂ ਆ ਗਈਆਂ।

ਇਸ ਦੇ ਨਾਲ ਹੀ ਸਕੂਲੀ ਪਾਠਕ੍ਰਮ ਵਿਚ ਤੇਜੀ ਨਾਲ ਬਦਲਾਅ ਕਰਕੇ ਇਸ ਸੱਭਿਆਚਾਰਕ ਹਮਲੇ ਨੂੰ ਹੋਰ ਵੀ ਤਿੱਖਾ ਕੀਤਾ ਜਾ ਰਿਹਾ ਹੈ। ਇਨ੍ਹਾਂ ਕੋਰਸਾਂ ਵਿਚ ਟੀਪੂ ਸੁਲਤਾਨ ਅਤੇ ਅਕਬਰ ਵਰਗੀਆਂ ਧਰਮ ਨਿਰਪੱਖ ਅਤੇ ਮਹਾਨ ਸ਼ਖ਼ਸੀਅਤਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕੱਟੜ ਮੁਸਲਮਾਨ ਹੁਕਮਰਾਨਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਹਰਿਆਣਾ ਸਕੂਲ ਬੋਰਡ ਦੀ 9ਵੀਂ ਜਮਾਤ ਦੀ ਸਮਾਜਿਕ ਵਿਗਿਆਨ ਦੀ ਕਿਤਾਬ ਵਿਚ ਹੇਡਗੇਵਾਰ/ਸਾਵਰਕਰ ਪੜ੍ਹਾਇਆ ਜਾ ਰਿਹਾ ਹੈ ਅਤੇ ਹੇਡਗੇਵਾਰ/ਸਾਵਰਕਰ ਨੂੰ ਮਹਾਨ ਇਨਕਲਾਬੀ ਸਾਬਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਸਕੂਲਾਂ ਦੇ ਵਿਹੜਿਆਂ 'ਚ ਸੱਭਿਆਚਾਰਕ ਸਮਾਗਮਾਂ ਦੇ ਨਾਂ 'ਤੇ ਜਿਸ ਤਰ੍ਹਾਂ ਹਿੰਦੂਤਵੀ ਪਿਛਾਖੜੀ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ, ਉਸ ਦੇ ਅਸਰ ਹੇਠ ਵੱਡੇ ਹੋ ਕੇ ਇਹ ਬੱਚੇ ਕੀ ਬਣਨਗੇ, ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਇੱਥੇ ਪੱਖ ਉੱਪਰ ਵੀ ਜ਼ੋਰ ਦੇਣ ਦੀ ਲੋੜ ਹੈ ਕਿ ਪਿਛਾਖੜੀ ਫਾਸ਼ੀਵਾਦੀ ਸੱਭਿਆਚਾਰ ਆਪਣੇ ਮੂਲ ਵਿਚ ਡੂੰਘੀ ਤਰ੍ਹਾਂ ਮਰਦ-ਪ੍ਰਧਾਨ ਹੁੰਦਾ ਹੈ। ਇਸ ਲਈ ਇਹ ਸੱਭਿਆਚਾਰਕ ਹਮਲਾ ਮੁਲਕ ਦੀਆਂ ਔਰਤਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ। 'ਲਵ ਜਹਾਦ' ਵਰਗੇ ਕਾਨੂੰਨ ਸਿਰਫ਼ ਔਰਤ ਦੀ ਸੁਤੰਤਰ ਹੋਂਦ ਨੂੰ ਕੁਚਲਣ ਲਈ ਹੀ ਲਿਆਂਦੇ ਗਏ ਹਨ।

ਇਸ ਫਾਸ਼ੀਵਾਦੀ ਦੌਰ ਵਿਚ ਭਾਰਤੀ ਸੰਸਕ੍ਰਿਤੀ ਦੇ ਨਾਂ 'ਤੇ ਪਰਿਵਾਰ ਅਤੇ ਮਾਤ੍ਰਤਵ ਦੀ ਮਹਿਮਾ ਗਾਈ ਜਾਂਦੀ ਹੈ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਹਿਟਲਰ ਨੇ ਵੀ ਐਲਾਨ ਕੀਤਾ ਸੀ - "ਮਾਵਾਂ ਮੇਰੇ ਰਾਜ ਵਿਚ ਸਭ ਤੋਂ ਮਹੱਤਵਪੂਰਨ ਨਾਗਰਿਕ ਹਨ।"

ਔਰਤਾਂ 'ਆਰ.ਐੱਸ.ਐੱਸ.' ਦੀਆਂ ਸ਼ਾਖਾਵਾਂ 'ਚ ਕਿਉਂ ਨਹੀਂ ਜਾਂਦੀਆਂ? ਇਸ ਦਾ ਜਵਾਬ ਦਿੰਦੇ ਹੋਏ ਆਰ.ਐੱਸ.ਐੱਸ. ਦੇ ਇਕ ਸੀਨੀਅਰ ਆਗੂ ਨੇ 'ਇਕਨਾਮਿਕ ਟਾਈਮਜ਼' ਅਖ਼ਬਾਰ ਨੂੰ ਦੱਸਿਆ - "ਸ਼ਾਖਾ ਦਾ ਸਮਾਂ ਅਜਿਹਾ ਹੈ ਕਿ ਇਹ ਔਰਤਾਂ ਨੂੰ ਰਾਸ ਨਹੀਂ ਆਉਂਦਾ।" ਇਸ ਸਤਰ ਨੂੰ ਡੀਕੋਡ ਕਰਨਾ ਔਖਾ ਨਹੀਂ ਹੈ। ਸਵੇਰੇ-ਸਵੇਰੇ ਔਰਤਾਂ ਸਾਰਾ ਦਿਨ ਚੱਲਣ ਵਾਲੀ ਭਾਰੀ ਗੱਡੀ ਨੂੰ ਠੇਲ੍ਹਣ ਲਈ ਕਮਰ ਕੱਸ ਰਹੀਆਂ ਹੁੰਦੀਆਂ ਹਨ। ਅਜਿਹੀ ਸਥਿਤੀ 'ਚ ਉਸ ਕੋਲ ਸਵੇਰੇ 6 ਵਜੇ ਸ਼ਾਖਾ 'ਚ ਜਾਣ ਦਾ ਸਮਾਂ ਕਿੱਥੇ ਹੋਵੇਗਾ; ਭਾਵ, ਜੇਕਰ ਉਹ ਸਵੇਰੇ-ਸਵੇਰੇ ਸ਼ਾਖਾ 'ਚ ਜਾਂਦੀ ਹੈ, ਤਾਂ ਘਰ ਦਾ ਕੰਮ ਕੌਣ ਕਰੇਗਾ? ਔਰਤਾਂ ਨੂੰ ਸ਼ਾਖਾ ਵਿਚ ਨਾ ਸੱਦਣ ਦਾ ਜੋ ਦੂਜਾ ਕਾਰਨ ਉਸ ਨੇ ਦੱਸਿਆ ਉਹ ਇਹ ਸੀ ਕਿ ਸ਼ਾਖਾ ਵਿਚ ਜਿਸ ਤਰ੍ਹਾਂ ਦੀ ਸਰੀਰਕ ਮਿਹਨਤ ਕਰਵਾਈ ਜਾਂਦੀ ਹੈ, ਔਰਤਾਂ ਉਸ ਦੇ ਯੋਗ ਨਹੀਂ ਹਨ। ਯਾਨੀ ਔਰਤਾਂ ਕੁਦਰਤੀ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ। ਇਸ ਤੋਂ ਔਰਤਾਂ ਪ੍ਰਤੀ ਇਨ੍ਹਾਂ ਫਾਸ਼ੀਵਾਦੀਆਂ ਅਤੇ ਫਿਰਕੂ ਲੋਕਾਂ ਦੇ ਰਵੱਈਏ ਦਾ ਪਤਾ ਲੱਗਦਾ ਹੈ।

ਜਰਮਨੀ ਵਿਚ ਨਾਜ਼ੀਆਂ ਦਾ ਨਾਅਰਾ ਸੀ - "ਜ਼ਮੀਨ ਭੋਜਨ ਮੁਹੱਈਆ ਕਰਦੀ ਹੈ, ਔਰਤਾਂ ਜਨਸੰਖਿਆ ਮੁਹੱਈਆ ਕਰਦੀਆਂ ਹਨ ਅਤੇ ਮਰਦ ਕਾਰਵਾਈ ਕਰਦੇ ਹਨ।" ਭਾਰਤੀ ਫਾਸ਼ੀਵਾਦੀ ਵੀ

**(ਬਾਕੀ ਅਗਲੇ ਸਫੇ 'ਤੇ)**

### ਨਵੀਂ ਹਲਚਲ ਦੇ ਰੂ-ਬ-ਰੂ

# ਯੂਰਪੀ ਕਿਸਾਨਾਂ ਦੀ ਲਾਮਬੰਦੀ ਤੇ ਕਾਰਪੋਰੇਟੀ ਇਜਾਰੇਦਾਰੀ

***ਯੂਰਪ ਦੇ ਵੱਖ-ਵੱਖ ਮੁਲਕਾਂ ਵਿਚ ਉਠੀਆਂ ਕਿਸਾਨ ਲਹਿਰਾਂ ਨੇ ਸਮੁੱਚੇ ਸੰਸਾਰ ਦਾ ਧਿਆਨ ਖਿੱਚਿਆ ਹੈ। ਇਨ੍ਹਾਂ ਰੋਸ ਵਿਖਾਵਿਆਂ ਦਾ ਮੁੱਖ ਪਹਿਲੂ ਇਹ ਬਣਿਆ ਕਿ ਇਨ੍ਹਾਂ ਅੰਦਰ ਵਿਕਾਸ ਦੇ ਕਾਰਪੋਰੇਟ ਮਾਡਲ ਨੂੰ ਵੰਗਾਰਿਆ ਜਾ ਰਿਹਾ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।***

ਇਹ 2024 ਦਾ ਠੰਢਾ ਅਤੇ ਕੰਬਾ ਛੇੜਦਾ ਮੌਸਮ ਹੈ। ਇਨ੍ਹੀ ਦਿਨੀਂ ਬਰਫ, ਧੁੰਦ ਤੇ ਕੋਰੇ ਕਾਰਨ ਯੂਰਪ ਦੀਆਂ ਬਹੁਤੀਆਂ ਰਾਜਧਾਨੀਆਂ ਅਤੇ ਸ਼ਹਿਰ ਜੰਮੇ ਹੋਏ ਹਨ। ਅਜਿਹੇ ਮੌਸਮ ਵਿਚ ਜਦੋਂ ਜਰਮਨੀ ਦਾ ਆਜੜੀ ਇੰਨਗੋ ਸਟੋਲ ਆਪਣੀਆਂ 400 ਭੇਡਾਂ ਨਾਲ ਬਰਲਿਨ ਦੀ ਪੁਲਿਸ ਨਾਲ ਦਸਤਪੰਜਾ ਲੈਂਦਾ ਹੈ ਤਾਂ ਉਹ ਸਪਸ਼ਟ ਹੈ ਕਿ ਯੂਰਪੀ ਯੂਨੀਅਨ ਦੁਆਰਾ ਉਸ ਦੇ ਮੁਲਕ 'ਤੇ ਥੋਪੀਆਂ ਨਵੀਆਂ ਖੇਤੀਬਾੜੀ ਨੀਤੀਆਂ ਅਤੇ ਬਹੁ-ਕੌਮੀ ਕੰਪਨੀਆਂ ਦੁਆਰਾ ਵਾਤਾਵਰਨ ਨਾਲ ਸਬੰਧਿਤ ਬਣਾਏ ਨਵੇਂ ਕਾਨੂੰਨਾਂ ਦੇ ਖਰੜੇ ਉਸ ਅਤੇ ਉਸ ਦੀਆਂ ਭੇਡਾਂ ਲਈ ਫੰਧਾ ਬਣਨਗੇ।

ਉਸੇ ਦੀ ਤਰਜ਼ 'ਤੇ ਸਪੇਨ ਵਰਗੇ ਵਿਕਿਸਤ ਅਤੇ ਆਧੁਨਿਕ ਮੰਨੇ ਜਾਂਦੇ ਮੁਲਕ ਦੀ ਕੌਮੀ ਦੁੱਧ ਉਤਪਾਦਕ ਯੂਨੀਅਨ ਦਾ ਮੈਂਬਰ ਐਲਾਨ ਕਰਦਾ ਹੈ- 'ਅਸੀਂ ਦੁੱਧ ਮੈਡਰਿਡ ਦੀਆਂ ਸੜਕਾਂ 'ਤੇ ਡੋਲ੍ਹ ਦਿਆਂਗੇ ਪਰ ਸਰਕਾਰ ਦੇ ਤੈਅ ਕੀਤੇ ਮੁੱਲ 'ਤੇ ਦੁੱਧ ਨਹੀਂ ਵੇਚਾਂਗੇ' ਤਾਂ ਇਹ ਤੈਅ ਹੈ ਕਿ ਯੂਰਪੀ ਯੂਨੀਅਨ ਵਿਚ ਸ਼ਾਮਿਲ ਮੁਲਕਾਂ ਦੇ ਕਿਸਾਨਾਂ ਕਿਰਤੀਆਂ ਅਤੇ ਉਨ੍ਹਾਂ ਲਈ ਨੀਤੀਆਂ ਘੜਨ ਵਾਲੀਆਂ ਕਾਰਪੋਰੇਟ ਸੰਸਥਾਵਾਂ ਵਿਚਕਾਰ ਅਣਐਲਾਨੀ ਜੰਗ ਚਲ ਰਹੀ ਹੈ। ਇਸ ਜੰਗ ਦਾ ਪ੍ਰਗਟਾਵਾ ਰੋਮਾਨੀਆ, ਅਰਜਨਟਾਈਨਾ, ਪੋਲੈਂਡ, ਜਰਮਨੀ, ਫਰਾਂਸ ਦੀਆਂ ਸੜਕਾਂ 'ਤੇ ਟਰੈਕਟਰਾਂ/ ਖੇਤੀ ਸੰਦਾਂ ਸਮੇਤ ਕੀਤੇ ਰੋਸ ਪ੍ਰਦਰਸ਼ਨਾਂ ਤੋਂ ਹੁੰਦਾ ਹੋਇਆ ਇਨ੍ਹਾਂ ਮੁਲਕਾਂ ਦੇ ਨਾਗਰਿਕਾਂ ਦੁਆਰਾ ਆਪਣੇ ਪੱਧਰ 'ਤੇ ਬਾਰਡਰ ਸੀਲ ਕਰਨ ਅਤੇ ਆਪੋ-ਆਪਣੀਆਂ



**ਡਾ. ਕੁਲਦੀਪ ਕੌਰ**
**ਫੋਨ: +91-98554-04330**

ਰਾਜਧਾਨੀਆਂ ਘੇਰਨ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ।

ਪੂੰਜੀਵਾਦੀ ਅਰਥਚਾਰੇ ਅਤੇ ਨਿੱਜੀ ਕਾਰੋਬਾਰਾਂ ਬਾਰੇ ਗਲੋਬਲ ਮੀਡੀਆ ਦੁਆਰਾ ਸਿਰਜੇ ਬਿਰਤਾਂਤਾਂ ਨੂੰ ਜਿੱਥੇ ਤਕੜੀ ਟੱਕਰ ਦਿੱਤੀ ਜਾ ਰਹੀ ਹੈ ਉੱਥੇ ਸੰਸਾਰ ਪੱਧਰ 'ਤੇ ਸੱਜੇ ਪੱਖੀ ਸਰਕਾਰਾਂ ਦੁਆਰਾ ਸਮਾਜਿਕ-ਧਾਰਮਿਕ ਗਰੁੱਪਾਂ, ਕਾਰਪੋਰੇਟ ਘਰਾਣਿਆਂ ਅਤੇ ਭ੍ਰਿਸ਼ਟ ਤੱਤਾਂ ਨਾਲ ਮਿਲ ਕੇ ਜ਼ਮੀਨ, ਪਾਣੀ, ਹਵਾ, ਜੰਗਲ, ਸਿਹਤ, ਸਿੱਖਿਆ, ਕੌਮੀ ਸੰਪਤੀਆਂ ਵਗੈਰਾ ਵੇਚਣ ਦੇ ਹਜ਼ਾਰਾਂ ਮਾਮਲਿਆਂ ਅਤੇ ਸੰਧੀਆਂ ਨੇ ਆਖ਼ਿਰਕਾਰ ਇਨ੍ਹਾਂ ਮੁਲਕਾਂ ਦੇ ਦੂਰ-ਦੁਰਾਡੇ ਖੇਤਰਾਂ ਵਿਚ ਵਸਦੇ ਕਿਰਤੀਆਂ, ਕਿਸਾਨਾਂ ਖਾਸ ਤੌਰ 'ਤੇ ਛੋਟੇ ਕਿੱਤਿਆਂ ਵਾਲਿਆਂ ਨੂੰ ਆਪਣੇ ਘਰ-ਬਾਰ ਛੱਡ ਕੇ ਨੀਲੇ ਅਸਮਾਨਾਂ ਥੱਲੇ ਸੌਣ ਲਈ ਮਜਬੂਰ ਕਰ ਦਿੱਤਾ ਹੈ। ਉਹ ਇਸ ਨੂੰ ਆਪਣੀ ਹੋਂਦ ਤੇ ਜ਼ਿੰਦਗੀ ਨੂੰ ਅਣਖ ਨਾਲ ਜਿਊਣ ਦਾ ਮਸਲਾ ਮੰਨਦੇ ਹਨ ਅਤੇ ਇਸ ਜੱਦੋ-ਜਹਿਦ ਵਿਚ ਆਪਣੇ ਡੰਗਰ-ਵੱਛੇ ਅਤੇ ਸੰਦਾਂ ਸਮੇਤ ਸ਼ਾਮਿਲ ਹਨ।

ਸਪੇਨ ਦਾ ਮਸਲਾ ਇਨ੍ਹਾਂ ਮੁਲਕਾਂ ਵਿਚੋਂ ਸਭ ਤੋਂ ਵੱਧ ਗੁੰਝਲਦਾਰ ਹੈ; ਸਪੇਨ ਕੁਝ ਸਾਲਾਂ ਤੋਂ ਭਿਅੰਕਰ ਸੋਕੇ ਦਾ ਸਾਹਮਣਾ ਕਰ ਰਿਹਾ ਹੈ ਪਰ ਉੱਥੋਂ ਦੀ ਸਰਕਾਰ ਨੇ ਨਾਗਰਿਕਾਂ ਨੂੰ ਪਾਣੀ ਮੁਹੱਈਆ ਕਰਵਾਉਣ ਦੀ ਥਾਂ ਉਲਟਾ ਸਪੇਨ ਦੀ ਸ਼ਾਹਰਗ ਮੰਨੇ ਜਾਂਦੇ ਟਾਂਗਸ ਦਰਿਆ ਦਾ ਪਾਣੀ ਹੀ ਖੁਰਦ-ਬੁਰਦ ਕਰ ਦਿੱਤਾ ਹੈ। ਇਸ ਨਾਲ ਪੂਰੀ ਦੁਨੀਆ ਵਿਚ ਫਲਾਂ ਤੇ ਸਬਜ਼ੀਆਂ ਦਾ ਲੱਗਭੱਗ ਸੱਤਰ ਪ੍ਰਤੀਸ਼ਤ ਪੈਦਾ ਕਰਨ ਵਾਲੇ ਕਿਸਾਨਾਂ ਮਜ਼ਦੂਰਾਂ ਲਈ ਇਹ ਜ਼ਿੰਦਗੀ ਮੌਤ ਦਾ ਮਸਲਾ ਬਣ ਚੁੱਕਿਆ ਹੈ। ਯਾਦ ਰਹੇ, ਗਲੋਬਲ ਪੱਧਰ 'ਤੇ ਤਾਪਮਾਨ ਵਧਣ ਕਾਰਨ ਇਸ ਦਰਿਆ ਵਿਚ ਪਾਣੀ ਦੀ ਮਾਤਰਾ ਪਹਿਲਾਂ ਹੀ ਘਟ ਚੁੱਕੀ ਹੈ। ਉਥੋਂ ਦੀ ਸਰਕਾਰ ਨੂੰ ਕਿਸਾਨਾਂ ਮਜ਼ਦੂਰਾਂ ਨੂੰ ਖੇਤੀ ਖੇਤਰ ਵਿਚ ਬਣਾਈ ਰੱਖਣ ਲਈ ਮਾਲੀ ਅਤੇ ਨੀਤੀਗਤ ਇਮਦਾਦ ਦੀ ਜ਼ਰੂਰਤ ਹੈ ਪਰ ਸਰਕਾਰ ਗੱਲਬਾਤ ਦੇ ਸਾਰੇ ਰਸਤੇ ਬੰਦ ਕਰੀ ਬੈਠੀ ਹੈ।



ਯੂਰਪੀ ਯੂਨੀਅਨ ਦੇ ਹੀ ਇੱਕ ਹੋਰ ਖ਼ੂਬਸੂਰਤ ਮੁਲਕ ਪੋਲੈਂਡ ਵਿਚ ਵੀ ਸਿਆਸੀ ਬੇਚੈਨੀ ਦਾ ਮਾਹੌਲ ਹੈ। ਪੌਲਿਸ਼ ਐਸੋਸੀਏਸ਼ਨ ਆਫ ਫਰੂਟ ਗ੍ਰੋਅਰਜ਼ ਦਾ ਪ੍ਰਧਾਨ ਮਿਰਸਿਲਾ ਮਲੀਸ਼ਜ਼ੈਬਕਸੀ ਆਖਦਾ ਹੈ, "ਸਾਡਾ ਵਿਰੋਧ ਨਵੀਆਂ ਲਾਗੂ ਕੀਤੀਆਂ ਈਕੋ ਸਕੀਮਾਂ ਅਤੇ ਯੂਰਪੀ ਗਰੀਨ ਡੀਲ ਨਾਲ ਹੈ। ਇਨ੍ਹਾਂ ਕਾਰਨ ਸਾਡੇ ਸਥਾਨਕ ਬੀਜ, ਪੌਦੇ ਤੇ ਬਨਸਪਤੀ ਕੌਮਾਂਤਰੀ ਵਪਾਰ ਅਤੇ ਮੰਡੀਆਂ ਵਿਚੋਂ ਬਾਹਰ ਹੋ ਗਏ ਹਨ। ਬਿਜਲੀ ਬਿੱਲ, ਖਾਦਾਂ ਅਤੇ ਡੀਜ਼ਲ ਪੈਟਰੋਲ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਕਿਸਾਨਾਂ ਕੋਲ ਫਲ ਕੋਲਡ ਸਟੋਰਾਂ ਵਿਚ ਸਾਂਭਣ ਲਈ ਪੂੰਜੀ ਨਹੀਂ ਜਿਸ ਕਾਰਨ ਉਹ ਇਨ੍ਹਾਂ ਨੂੰ ਨਾਂ-ਮਾਤਰ ਕੀਮਤਾਂ 'ਤੇ ਪ੍ਰਾਈਵੇਟ ਵਪਾਰੀਆਂ ਨੂੰ ਵੇਚਣ ਲਈ ਮਜਬੂਰ ਹਨ।"

ਸਪੇਨ, ਪੋਲੈਂਡ ਅਤੇ ਰੋਮਾਨੀਆ ਦੇ ਖੇਤੀ ਸੰਕਟ ਦੀ ਸਾਂਝੀ ਤੰਦ ਰੂਸ ਤੇ ਯੂਕਰੇਨ ਵਿਚ ਚੱਲ ਰਹੀ ਜੰਗ ਹੈ। ਇਸ ਜੰਗ ਕਾਰਨ ਨਾ ਸਿਰਫ ਮਹਿੰਗਾਈ ਦੀ ਦਰ ਆਮ ਲੋਕਾਂ ਦੇ ਜੀਵਨ ਪੱਧਰ 'ਤੇ ਮਾੜਾ ਅਸਰ ਪਾ ਰਹੀ ਹੈ ਬਲਕਿ ਡੀਜ਼ਲ ਪੈਟਰੋਲ ਕੀਮਤਾਂ ਵੀ ਬੇਮੁਹਾਰ ਹੋ ਚੁੱਕੀਆਂ ਹਨ। ਯੂਕਰੇਨ ਆਪਣੇ ਜੰਗੀ ਖਰਚਿਆਂ ਲਈ ਇਨ੍ਹਾਂ ਮੁਲਕਾਂ ਨੂੰ ਸਸਤੇ ਭਾਅ 'ਤੇ ਅਨਾਜ ਵੇਚ ਰਿਹਾ ਹੈ। ਯੂਕਰੇਨੀ ਅਨਾਜਾਂ ਨਾਲ ਸਥਾਨਕ ਮੰਡੀਆਂ ਭਰੀਆਂ ਪਈਆਂ ਹਨ। ਹੁਣ ਇਨ੍ਹਾਂ ਮੁਲਕਾਂ ਦੇ ਕਿਸਾਨ ਖੁਦ ਉਗਾਏ ਅਨਾਜਾਂ ਦਾ ਕੀ ਕਰਨ? ਇਸ ਦਾ ਕੋਈ ਵਾਜਿਬ ਹੱਲ ਲੱਭਣ ਦੀ ਜਗ੍ਹਾ ਸਰਕਾਰ ਨੇ ਉਲਟਾ ਸਬਸਿਡੀਆਂ ਵਿਚ ਕਟੌਤੀ ਕਰ ਦਿੱਤੀ ਹੈ ਜਿਸ ਨਾਲ ਕਿਸਾਨਾਂ ਕੋਲ ਖੇਤੀ ਛੱਡਣ ਤੋਂ ਇਲਾਵਾ ਕੋਈ ਬਦਲ ਨਹੀਂ ਬਚਿਆ।

ਦੂਜੇ ਪਾਸੇ ਇਨ੍ਹਾਂ ਮੁਲਕਾਂ ਵਿਚ ਸਰਕਾਰੀ ਚੋਰ-ਮੋਰੀਆਂ ਰਾਹੀਂ ਅਮਰੀਕਾ ਅਤੇ ਇਜ਼ਰਾਈਲ ਦੀ ਤਰਜ਼ 'ਤੇ ਵੱਡੇ ਵੱਡੇ ਖੇਤੀ ਫਾਰਮ ਉਸਰ ਰਹੇ ਹਨ ਜਿਨ੍ਹਾਂ ਦੀ ਮਾਲਿਕੀ ਨਿੱਜੀ ਹੈ। ਇਹ ਅਨਾਜਾਂ ਅਤੇ ਖੇਤੀਬਾੜੀ ਉਤਪਾਦਾਂ 'ਤੇ ਕਾਰਪੋਰੇਟ ਅਦਾਰਿਆਂ ਦਾ ਕੰਟਰੋਲ ਯਕੀਨੀ ਬਣਾਉਣ ਅਤੇ ਅਗਲੇਰੇ ਭਵਿੱਖ ਵਿਚ ਬਹੁ-ਕੌਮੀ ਖੁਰਾਕ ਕਾਰਪੋਰੇਸ਼ਨਾਂ ਦੀ ਇਜਾਰੇਦਾਰੀ ਕਾਇਮ ਕਰਨ ਦੀ ਲੋਕ ਮਾਰੂ ਸਿਆਸਤ ਨਹੀਂ ਤਾਂ ਫਿਰ ਹੋਰ ਕੀ ਹੈ? ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੀ ਭਾਸ਼ਾ ਵਿਚ ਇਸ ਨੂੰ ਗਲੋਬਲ ਪੱਧਰ 'ਤੇ 'ਗਰੀਬਾਂ ਦਾ ਸਫਾਇਆ' ਕਰਨ ਦੀ ਸੰਸਥਾਈ ਨੀਤੀ ਕਿਉਂ ਨਾ ਮੰਨਿਆ ਜਾਵੇ? ਥੋੜ੍ਹਾ ਹੋਰ ਗਹਿਰਾਈ ਨਾਲ ਸੋਚਿਆ ਜਾਵੇ ਤਾਂ ਇਹ ਕਿਤੇ ਪੂੰਜੀ ਦੇ ਸਾਮਰਾਜੀ ਪ੍ਰਸਾਰ ਦੇ ਆਖ਼ਿਰੀ ਦੌਰ ਦਾ ਉਹ ਯੂ-ਟਰਨ ਤਾਂ ਨਹੀਂ ਜਿੱਥੇ ਆ ਕੇ ਪੂੰਜੀਵਾਦ ਦੀ ਚੜ੍ਹਤ ਦਾ ਸੂਰਜ ਢਲਣਾ ਸ਼ੁਰੂ ਹੋ ਸਕਦਾ ਹੈ ਜਾਂ ਫਿਰ ਇਹ ਬਾਈਬਲ ਦੀ ਨਿਊ ਟੈਸਟਾਮੈਂਟ ਦੇ ਉਸ ਦੌਰ ਦੀ ਝਲਕ ਹੈ ਜਦੋਂ ਸ਼ੈਤਾਨ ਦਾ ਰਾਜ ਖ਼ਤਮ ਹੋਵੇਗਾ ਤੇ ਸੱਚ ਦਾ ਸੂਰਜ ਲਿਸ਼ਕੇਗਾ!

ਰੋਮਾਨੀਆ ਦੇ ਕਿਸਾਨਾਂ ਮਜ਼ਦੂਰਾਂ ਦੇ ਨਾਲ ਨਾਲ ਉਥੋਂ ਦੇ ਡਰਾਈਵਰ ਕੰਡਕਟਰ ਵੀ ਹੜਤਾਲ 'ਤੇ ਹਨ। ਇਨ੍ਹਾਂ ਦੀਆਂ ਮੁੱਖ ਮੰਗਾਂ ਵਿਚ ਡੀਜ਼ਲ ਪੈਟਰੋਲ ਕੀਮਤਾਂ ਘਟਾਉਣਾ, ਖੇਤੀ ਸਬਸਿਡੀਆਂ ਦੀ ਵੰਡ ਯਕੀਨੀ ਬਣਾਉਣਾ ਅਤੇ ਟੈਕਸ ਘਟਾਉਣਾ ਸ਼ਾਮਿਲ ਹਨ। ਇਨ੍ਹਾਂ ਨੇ ਵੀ ਸਸਤੇ ਅਨਾਜ ਬਰਾਮਦ ਤੋਂ ਪ੍ਰੇਸ਼ਾਨ ਹੋ ਕੇ ਯੂਕਰੇਨ ਨਾਲ ਲੱਗਦੀਆਂ ਸਰਹੱਦਾਂ ਘੇਰੀਆਂ ਹੋਈਆਂ ਹਨ। ਉਨ੍ਹਾਂ ਮੁਤਾਬਿਕ ਜਦ ਸਾਡਾ ਅਨਾਜ ਮੰਡੀਆਂ ਅਤੇ ਗੁਦਾਮਾਂ ਵਿਚ ਗਲ-ਸੜ ਰਿਹਾ ਹੈ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਬਾਹਰੋਂ ਅਨਾਜ ਮੰਗਵਾ ਰਹੀ ਹੈ।

ਅਰਜਨਟਾਈਨਾ ਵੀ ਕਈ ਸਾਲਾਂ ਤੋਂ ਲੱਕ ਤੋੜਵੀਂ ਮਹਿੰਗਾਈ, ਭੋਜਨ ਪਦਾਰਥਾਂ ਦੀਆਂ ਅਸਮਾਨ ਛੂੰਹਦੀਆਂ ਕੀਮਤਾਂ ਅਤੇ ਸਿਆਸੀ ਆਰਥਿਕ ਸੁਧਾਰਾਂ ਨਾਲ ਜੂਝ ਰਿਹਾ ਹੈ। ਉੱਥੋਂ ਦੀ ਸਭ ਤੋਂ ਵੱਡੀ ਲੇਬਰ ਯੂਨੀਅਨ ਅਨੁਸਾਰ ਰਾਸ਼ਟਰਪਤੀ ਜ਼ੇਵੀਅਰ ਮਲੇਵੀ ਮੁਲਕ ਦੀ ਪਿੱਠ ਵਿਚ ਛੁਰਾ ਮਾਰ ਰਿਹਾ ਹੈ; ਉਸ ਨੇ ਨਾ ਸਿਰਫ ਸਰਕਾਰੀ ਅਦਾਰਿਆਂ/ਇਕਾਈਆਂ/ਸੰਪਤੀਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚ ਦਿੱਤਾ ਹੈ ਬਲਿਕ 1990 ਤੋਂ ਬਾਅਦ ਅਰਜਨਟਾਈਨਾ ਵਿਚ ਮਹਿੰਗਾਈ ਆਪਣੀ ਉਚਤਮ ਦਰ ਛੂਹ ਚੁੱਕੀ ਹੈ। ਇਸ ਦੇ ਉਲਟ ਉਜਰਤਾਂ ਅਤੇ ਦਿਹਾੜੀ-ਭੱਤੇ ਵਿਚ ਵਾਧਾ ਨਾਂ-ਮਾਤਰ ਹੀ ਕੀਤਾ ਗਿਆ ਹੈ। ਯੂਨੀਅਨ ਅਨੁਸਾਰ ਅਰਜਨਟਾਈਨਾ ਦੇ ਦਸ ਵਿਚੋਂ ਚਾਰ ਨਾਗਰਿਕ ਗਰੀਬੀ ਰੇਖਾ ਤੋਂ ਹੇਠਾਂ ਹਨ। ਅਲ-ਜਜ਼ੀਰਾ ਚੈਨਲ ਦੁਆਰਾ ਲੇਬਰ ਯੂਨੀਅਨ ਦੇ ਆਗੂਆਂ ਨਾਲ ਕੀਤੀ ਗੱਲਬਾਤ ਸੁਣੀ ਜਾਵੇ ਤਾਂ ਇਸ ਸਾਫ ਹੋ ਜਾਂਦਾ ਹੈ ਕਿ ਪੂਰੇ ਮੁਲਕ ਵਿਚ ਕਿਸਾਨਾਂ ਮਜ਼ਦੂਰਾਂ ਦੇ ਸਮੂਹ ਇੱਕ ਪਾਸੇ ਅਤੇ ਉਨ੍ਹਾਂ ਦੇ ਕੁਦਰਤੀ ਸਾਧਨ ਲੁੱਟਣ ਵਾਲੇ ਵਪਾਰੀਆਂ ਦੇ ਸਮੂਹ ਦੂਜੇ ਪਾਸੇ ਲਾਮਬੰਦ ਹੋ ਚੁੱਕੇ ਹਨ। ਅਰਜਨਟਾਈਨਾ ਦੀ ਸੁਰੱਖਿਆ ਮੰਤਰੀ ਪੈਟੀਰਸ਼ੀਆ ਬੁੱਲਰਿਚ ਇਨ੍ਹਾਂ ਧਰਨਾਕਾਰੀਆਂ ਅਤੇ ਯੂਨੀਅਨਾਂ ਨੂੰ 'ਗੈਂਗਸਟਰ' ਅਤੇ 'ਗਰੀਬੀ ਦਾਤਾ' ਆਖਦਿਆਂ ਇਨ੍ਹਾਂ ਦਾ ਮਜ਼ਾਕ ਉਡਾਉਂਦਿਆਂ ਕਹਿੰਦੀ ਹੈ, "ਜਿੰਨੀਆਂ ਮਰਜ਼ੀ ਹੜਤਾਲਾਂ ਕਰ ਲੈਣ, ਅਸੀਂ ਨੀਤੀ ਨਹੀਂ ਬਦਲਣੀ ਤਾਂ ਨਹੀਂ ਬਦਲਣੀ।"

ਦੁਨੀਆ ਭਰ ਦੇ ਕਿਸਾਨਾਂ ਕਿਰਤੀਆਂ ਖਿਲਾਫ ਮੀਡੀਆ ਅਤੇ ਸਰਕਾਰਾਂ ਦੁਆਰਾ ਸਿਰਜੇ ਜਾ ਰਹੇ ਇਨ੍ਹਾਂ 'ਪੋਸਟ-ਟਰੁੱਥ' ਬਿਰਤਾਂਤਾਂ ਦੀ ਲੜੀ ਦਿਲਚਸਪ ਹੈ। ਸੰਸਾਰ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰੀ ਕੰਮਕਾਜ ਦਾ ਇਹ ਤਰੀਕਾ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਰਡ ਟਰੰਪ ਨਾਲ ਮਿਲਦਾ-ਜੁਲਦਾ ਹੈ ਜਿਸ ਵਿਚੋਂ ਫਾਸ਼ੀਵਾਦ ਦੀ ਗੰਧ ਆਉਂਦੀ ਹੈ। ਨਿਊ ਯਾਰਕ ਰਹਿੰਦਾ ਇਤਿਹਾਸਕਾਰ ਅਤੇ ਫਾਸ਼ੀਵਾਦ 'ਤੇ ਖੋਜ ਕਰ ਰਿਹਾ ਫਰੈਡਰੋ ਫਿਨਿਸ਼ਟਾਈਨ ਅਰਜਨਟਾਈਨਾ ਦੇ ਰਾਸ਼ਟਰਪਤੀ ਬਾਰੇ ਟਿੱਪਣੀ ਕਰਦਾ ਹੈ, "ਉਸ ਦਾ ਤਰੀਕਾ ਤਾਨਾਸ਼ਾਹਾਂ ਵਾਲਾ ਅਤੇ ਲੋਕ-ਲਭਾਊ ਸਿਆਸੀ ਹੱਥਕੰਡਿਆਂ ਵਾਲਾ ਹੈ। ਇਹ ਜਮਹੂਰੀਅਤ ਨੂੰ ਖੋਰਾ ਲਗਾਉਣ ਦੀ ਸਿਆਸਤ ਹੈ।"

ਅਰਜਨਟਾਈਨਾ ਅਤੇ ਗੁਆਂਢੀ ਮੁਲਕਾਂ ਵਿਚ ਆਰਥਿਕ ਸੁਧਾਰਾਂ ਦਾ ਦੌਰ ਚੱਲ ਰਿਹਾ ਹੈ। ਨਾਲ ਲੱਗਦੇ ਬੁਲਗਾਰੀਆ ਦੇ ਖੇਤ ਅਤੇ ਜੂਹਾਂ ਵੀ ਉਦਾਸ ਹਨ। ਇਸ ਉਦਾਸੀ ਦਾ ਕਾਰਨ ਦੱਸਦਿਆਂ ਨੈਸ਼ਨਲ ਐਸੋਸੀਏਸ਼ਨ ਆਫ ਬੁਲਗਾਰੀਅਨ ਗ੍ਰੇਨ-ਪ੍ਰੋਡਿਊਸਰ ਦਾ ਮੁਖੀ ਇਲੀਆ ਪ੍ਰਦੋਨਣ ਦੱਸਦਾ ਹੈ, "ਸਾਡੇ ਗੁਦਾਮ ਅਨਾਜਾਂ ਨਾਲ ਭਰੇ ਹੋਏ ਹਨ। ਇਨ੍ਹਾਂ ਨੂੰ ਵੇਚਣ ਕਿੱਥੇ ਜਾਈਏ? ਦੋ ਮਹੀਨਿਆਂ ਤੱਕ ਅਗਲੀ ਫਸਲ ਪੱਕਣ ਵਾਲੀ ਹੈ। ਜੇ ਸਾਡੀ ਹਾਕ ਨਾ ਸੁਣੀ ਗਈ ਤਾਂ ਸਾਨੂੰ ਆਪਣਾ ਅੰਦੋਲਨ ਹੋਰ ਤੇਜ਼ ਕਰਨਾ ਪੈਣਾ।"

ਇਨ੍ਹਾਂ ਸਾਰੇ ਮੁਲਕਾਂ ਵਿਚੋਂ ਫਰਾਂਸ ਤੇ ਜਰਮਨੀ ਦੇ ਕਿਸਾਨਾਂ ਨੇ ਹਿੱਕ ਦੇ ਜ਼ੋਰ ਅਤੇ ਸਮੂਹਿਕ ਏਕਤਾ ਨਾਲ ਅਖਬਾਰਾਂ ਤੇ ਮੀਡੀਆ ਦੀਆਂ ਖਬਰਾਂ ਵਿਚ ਚੰਗੀ ਵੁਕਅਤ ਬਣਾ ਲਈ ਹੈ। ਉੱਥੇ ਲੋਕ ਚੇਤਨਾ ਅਤੇ ਵਿਰੋਧ ਦੀ ਪਰੰਪਰਾ ਦਾ ਸੂਰਜ ਕਿਸਾਨਾਂ ਦੀਆਂ ਅੱਖਾਂ ਵਿਚ ਲਟ-ਲਟ ਬਲ ਰਿਹਾ ਹੈ। ਸੜਕ ਕੰਢੇ ਕਮਿਊਨਾਂ ਦਾ ਝਲਕਾਰਾ ਉਮੀਦ ਦੀ ਲੋਅ ਬਾਲ ਰਿਹਾ ਹੈ। ਫਰਾਂਸ ਦੇ ਕਿਸਾਨਾਂ ਦੀ ਹੋਣੀ ਇਨ੍ਹਾਂ ਮੁਲਕਾਂ ਵਿਚੋਂ ਸਭ ਤੋਂ ਜ਼ਿਆਦਾ ਖਤਰਨਾਕ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਇੱਥੇ 2010 ਵਿਚ ਜਿੱਥੇ ਖੇਤੀ ਵਿਚ ਚਾਰ ਲੱਖ ਨੱਬੇ ਲੱਖ ਕਿਸਾਨ ਕੰਮ ਕਰ ਰਹੇ ਸਨ, 2020 ਤੱਕ ਤਿੰਨ ਲੱਖ ਨੱਬੇ ਹਜ਼ਾਰ ਰਹਿ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਬਜ਼ੁਰਗ ਹਨ। ਇੱਥੋਂ ਦੀ ਨੌਜਵਾਨ ਕਿਸਾਨੀ ਕੰਮ ਦੇ ਲੰਮੇ ਘੰਟਿਆਂ, ਖੇਤੀ ਦੀ ਅਨਿਸ਼ਚਿਤ ਆਮਦਨ, ਮੌਸਮ ਦੀ ਮਾਰ ਅਤੇ ਮੰਡੀਕਰਨ ਦੇ ਮਾੜੇ ਪ੍ਰਬੰਧਾਂ ਕਾਰਨ ਪ੍ਰਾਈਵੇਟ ਨੌਕਰੀਆਂ ਨੂੰ ਤਰਜੀਹ ਦੇ ਰਹੀ ਹੈ।

ਫਰਾਂਸ ਉਨ੍ਹਾਂ ਨੀਤੀ ਘਾੜਿਆਂ ਅਤੇ ਆਰਥਿਕ ਮਾਹਿਰਾਂ ਲਈ ਵਧੀਆ ਕੇਸ-ਸਟੱਡੀ ਹੈ ਜਿਨ੍ਹਾਂ ਨੂੰ ਲੱਗਦਾ ਹੈ ਕਿ ਆਬਾਦੀ ਦਾ ਪੇਟ ਭਰਨ ਲਈ ਵੱਡੇ ਵੱਡੇ ਫਾਰਮਾਂ, ਭਾਰੀ ਭਰਕਮ ਮਸ਼ੀਨਰੀ ਅਤੇ ਨਕਦੀ ਫਸਲਾਂ ਦੀ ਜ਼ਰੂਰਤ ਹੈ। ਮਨੁੱਖਤਾ ਦੀ ਹੋਣੀ ਅਤੇ ਭਵਿੱਖ ਸਮੂਹਿਕਤਾ ਵਿਚ ਹੈ, ਖੇਤਾਂ-ਜੰਗਲਾਂ ਵਿਚ ਹੈ, ਨਦੀਆਂ-ਦਰਿਆਵਾਂ ਦੇ ਵਹਾਉ ਵਿਚ ਹੈ ਅਤੇ ਪੂੰਜੀ ਦੀ ਬੇਕਿਰਕ ਸੱਤਾ ਵਿਰੁੱਧ ਐਲਾਨੀਆ ਸੰਘਰਸ਼ ਵਿੱਢਣ ਵਿਚ ਹੈ।

---

# ਲੋਕਾਂ ਦੀ ਚੇਤਨਾ ਉਤੇ ਹਿੰਦੂਤਵੀ ਸਭਿਆਚਾਰਕ ਹਮਲਾ

***(ਪਿਛਲੇ ਸਫੇ ਦੀ ਬਾਕੀ)***

ਆਪਣੇ ਸੱਭਿਆਚਾਰਕ ਰਾਸ਼ਟਰਵਾਦ ਦੇ ਤਹਿਤ ਇਸੇ ਨੂੰ ਸਥਾਪਤ ਕਰਦੇ ਹਨ।

ਭਾਜਪਾ ਕੁਲ ਸਰਕਾਰੀ ਸੰਸਥਾਵਾਂ ਦੀ ਖੁਦਮੁਖਤਿਆਰੀ ਨੂੰ ਤਬਾਹ ਕਰਕੇ ਉਸ ਨੂੰ ਆਪਣੇ ਸੱਭਿਆਚਾਰਕ ਰਾਸ਼ਟਰਵਾਦ ਦੇ ਏਜੰਡੇ ਲਈ ਵਰਤ ਰਹੀ ਹੈ। ਭਾਰਤ ਸਰਕਾਰ ਦੇ ਸਿੱਖਿਆ/ਸੱਭਿਆਚਾਰ ਮੰਤਰਾਲੇ ਦੇ ਮਤਹਿਤ ਸਾਰੀਆਂ ਹੀ ਸੰਸਥਾਵਾਂ ਲਗਾਤਾਰ ਭਾਜਪਾ ਦੇ ਏਜੰਡੇ 'ਤੇ ਕੰਮ ਕਰਦੇ ਹੋਏ ਲਗਾਤਾਰ 'ਹਿਟਲਰ ਦੇ ਪ੍ਰੋਫੈਸਰ' ਪੈਦਾ ਕਰ ਰਹੀਆਂ ਹਨ, ਜੋ ਇਸ ਸੱਭਿਆਚਾਰਕ ਹਮਲੇ ਨੂੰ ਹੋਰ ਵੀ ਤਿੱਖਾ ਬਣਾ ਰਹੀਆਂ ਹਨ। ਪ੍ਰੋਫੈਸਰ ਸੰਗੀਤ ਕੁਮਾਰ ਰਾਗੀ, ਡਾ: ਬਦਰੀਨਾਰਾਇਣ, ਡਾ: ਵਿਕਰਮ ਸੰਪਤ ਵਰਗੇ ਲੋਕ ਅਜਿਹੇ ਹੀ 'ਪ੍ਰੋਫੈਸਰ' ਹਨ।

ਭਾਜਪਾ/ਆਰ.ਐੱਸ.ਐੱਸ. ਆਪਣੇ ਰਾਸ਼ਟਰਵਾਦ ਨੂੰ 'ਸੱਭਿਆਚਾਰਕ ਰਾਸ਼ਟਰਵਾਦ' ਕਹਿੰਦੀ ਹੈ। ਅਤੇ ਇਸ ਅਖਾਉਤੀ ਸੱਭਿਆਚਾਰ ਦੀ ਆੜ ਵਿਚ 'ਬ੍ਰਾਹਮਣਵਾਦੀ ਉੱਚ ਜਾਤੀ ਦੀ ਸਰਬਉੱਚਤਾ' ਸਥਾਪਤ ਕਰਨ ਲਈ ਯਤਨਸ਼ੀਲ ਹੈ। ਇਹ ਸਮਝਣ ਦੀ ਜ਼ਰੂਰਤ ਹੈ ਕਿ ਭਾਰਤ ਦੇ ਅਵਾਮ ਉੱਪਰ ਭਾਜਪਾ/ਆਰ.ਐੱਸ.ਐੱਸ. ਦਾ ਇਹ ਸੱਭਿਆਚਾਰਕ ਹਮਲਾ ਸਾਮਰਾਜੀ ਸੱਭਿਆਚਾਰ ਦੇ ਵਿਰੋਧ 'ਚ ਨਹੀਂ ਸਗੋਂ ਉਸਦੀ ਸਹਾਇਤਾ ਨਾਲ ਕੀਤਾ ਜਾ ਰਿਹਾ ਹੈ। ਬਜਰੰਗ ਦਲ, ਸ੍ਰੀ ਰਾਮ ਸੈਨਾ ਵਰਗੀਆਂ ਆਰ.ਐੱਸ.ਐੱਸ. ਦੀਆਂ ਸਹਿਯੋਗੀ ਜਥੇਬੰਦੀਆਂ ਉਸ 'ਸਪੇਸ' ਉੱਪਰ ਕਬਜ਼ਾ ਕਰਨ ਲਈ ਸਾਮਰਾਜੀ ਸੱਭਿਆਚਾਰ ਦਾ ਅਖਾਉਤੀ ਵਿਰੋਧ ਕਰਦੀਆਂ ਹਨ, ਜਿਸ ਉੱਪਰ ਪਹਿਲਾਂ ਕੁਝ ਹੱਦ ਤੱਕ ਉਦਾਰ ਖ਼ਿਆਲ ਲੋਕਾਂ ਅਤੇ ਅਗਾਂਹਵਧੂਆਂ ਦਾ 'ਕਬਜ਼ਾ' ਸੀ। ਯਾਨੀ ਪਿਛਾਖੜੀ ਹਿੰਦੂਤਵੀ ਸੱਭਿਆਚਾਰਕ ਹਮਲੇ ਨੂੰ ਸਾਮਰਾਜਵਾਦੀ ਸੱਭਿਆਚਾਰਕ ਹਮਲੇ ਤੋਂ ਵੱਖ ਕਰਕੇ ਦੇਖਣਾ ਖ਼ਤਰਨਾਕ ਹੈ। ਅੱਜ ਅਸੀਂ ਜਿਸ ਸੱਭਿਆਚਾਰਕ ਹਮਲੇ ਦਾ ਸ਼ਿਕਾਰ ਹੋ ਰਹੇ ਹਾਂ, ਉਹ ਇਨ੍ਹਾਂ ਦੋਨਾਂ ਦਾ ਇਕ ਖ਼ਤਰਨਾਕ ਅਤੇ ਜ਼ਹਿਰੀਲਾ ਮਿਸ਼ਰਣ ਹੈ, ਜੋ ਲੋਕਾਂ ਦੀ ਪ੍ਰਤੀਰੋਧੀ ਚੇਤਨਾ ਨੂੰ ਲਗਾਤਾਰ ਖੁੰਢਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਭਾਰਤ ਵਿਚ ਇਸ ਵਕਤ ਜੋ ਸਾਮਰਾਜਵਾਦੀ/ਹਿੰਦੂਤਵਵਾਦੀ ਪਿਛਾਖੜੀ ਸੱਭਿਆਚਾਰਕ ਹਮਲਾ ਚੱਲ ਰਿਹਾ ਹੈ ਉਹ ਸਮਾਜ ਵਿਚ ਤੁਅੱਸਬ, ਅਮਾਨਵੀਕਰਨ ਅਤੇ ਹਿੰਸਾ ਨੂੰ ਵੱਡੇ ਪੱਧਰ 'ਤੇ ਵਧਾ ਰਿਹਾ ਹੈ ਅਤੇ ਇਸ ਪ੍ਰਕਿਰਿਆ ਵਿਚ ਮੁਲਕ ਦੀ ਦੌਲਤ ਅਤੇ ਕਿਰਤ ਦੀ ਸਾਮਰਾਜਵਾਦ ਵੱਲੋਂ ਕੀਤੀ ਜਾ ਰਹੀ ਲੁੱਟ ਨੂੰ ਹੋਰ ਵੀ ਸੌਖਾ ਬਣਾ ਰਿਹਾ ਹੈ।

ਪਰ ਇਤਿਹਾਸ ਦਾ ਸਬਕ ਇਹ ਹੈ ਕਿ ਹਰ ਵਰਤਾਰੇ 'ਚ ਆਪਣੇ ਤੋਂ ਉਲਟ ਦੀ ਸੰਭਾਵਨਾ ਵੀ ਪਈ ਹੁੰਦੀ ਹੈ। ਉਪਰੋਕਤ ਵਰਤਾਰਾ ਵੀ ਇਸ ਦਾ ਅੱਪਵਾਦ ਨਹੀਂ ਹੈ। ਪਿਛਲੇ ਸਾਲਾਂ 'ਚ, ਕਿਸਾਨ ਅੰਦੋਲਨ ਅਤੇ ਸੀ.ਏ.ਏ./ ਐੱਨ.ਆਰ.ਸੀ. ਵਿਰੋਧੀ ਅੰਦੋਲਨਾਂ ਨੇ ਦਿਖਾ ਦਿੱਤਾ ਹੈ ਕਿ ਇਸ ਪਿਛਾਖੜੀ ਸੱਭਿਆਚਾਰਕ ਹਮਲੇ ਦਾ ਜਵਾਬ ਕਿਵੇਂ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਮਾਓਵਾਦੀ ਰਸੂਖ਼ ਵਾਲੇ ਖੇਤਰਾਂ ਵਿਚ ਨਵੀਂ ਕਿਸਮ ਦੇ ਜਮਹੂਰੀ/ਸਮਾਜਵਾਦੀ ਸੱਭਿਆਚਾਰ ਦੀ ਉਸਾਰੀ ਕਰਕੇ ਇਸਦਾ ਲਗਾਤਾਰ ਢੁੱਕਵਾਂ ਜਵਾਬ ਦਿੱਤਾ ਜਾ ਰਿਹਾ ਹੈ। ਇੱਥੋਂ ਵੀ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ ਅਤੇ ਇਸ ਸਾਮਰਾਜੀ/ਹਿੰਦੂਤਵਵਾਦੀ ਸੱਭਿਆਚਾਰਕ ਹਮਲੇ ਦਾ ਮੂੰਹ ਤੋੜ ਜਵਾਬ ਦੇ ਸਕਦੇ ਹਾਂ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 25210 century oaks Cir Castro valley, CA , 94552
2. 15583 via vega San Lorenzo, CA, 94580
3. 2478 Shield Dr Union city CA 94587
4. 3626 Platt ct S Pleasanton CA 94588
5. 1401 Angus St Patterson, CA, 95363
6. 1548 Spring St Mountain View, CA, 94043
7. 1978 Catalpa Way Hayward, CA, 94545
8. 298 Churchill Pl Gilroy, CA, 95020
9. 4294 Comet Cir Union City, CA, 94587
10. 2793 San Minete Dr Livermore, CA, 94550
11. 383 Sedgefield Ave San Ramon, CA, 94583
12. 728 City Walk Pl APT 6 Hayward, CA, 94541
13. 4153 Settlers Ridge way Roseville, CA, 95747
14. 5163 Westport Way Union City, CA, 94587

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

# ਮੋਦੀ ਦੇ ਰਾਜ ਦੌਰਾਨ ਅਰਥਚਾਰੇ ਦੀ ਹਕੀਕਤ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਨੇ ਦਸ ਸਾਲ ਪੂਰੇ ਕਰ ਲਏ ਹਨ; ਸਰਕਾਰ ਨੇ ਆਪਣਾ ਆਖ਼ਿਰੀ ਅੰਤਰਿਮ ਬਜਟ ਪੇਸ਼ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਚੋਣਾਂ ਤੋਂ ਬਾਅਦ ਉਹ ਪੂਰਾ ਬਜਟ ਪੇਸ਼ ਕਰਨਗੇ; ਮਤਲਬ, ਉਨ੍ਹਾਂ ਨੂੰ ਯਕੀਨ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਉਹੀ ਪ੍ਰਧਾਨ ਮੰਤਰੀ ਬਣਨਗੇ। ਅੰਤਰਿਮ ਬਜਟ ਵਿਚ ਖਜ਼ਾਨਾ ਮੰਤਰੀ ਨੇ ਆਪਣੀ 10 ਸਾਲ ਦੀ ਕਾਰਗੁਜ਼ਾਰੀ ਦਾ ਮੁਕਾਬਲਾ ਆਪਣੇ ਤੋਂ ਪਹਿਲਾਂ ਦੇ ਸਾਲਾਂ ਦੀ ਆਰਥਿਕ ਕਾਰਗੁਜ਼ਾਰੀ ਨਾਲ ਕੀਤਾ ਅਤੇ ਵੱਡੇ ਵੱਡੇ ਦਾਅਵੇ ਕੀਤੇ ਹਨ। ਇਸ ਲਈ ਹੁਣ



**ਡਾ. ਕੇਸਰ ਸਿੰਘ ਭੰਗੂ**
ਫੋਨ: +91-98154-27127

ਸਮਾਂ ਹੈ ਕਿ ਸਰਕਾਰ ਦੇ ਦੋ ਕਾਰਜਕਾਲਾਂ 'ਤੇ ਨਿਗ੍ਹਾ ਮਾਰੀ ਜਾਵੇ। ਇਸ ਸਰਕਾਰ ਦੇ ਦੋ ਤਿੰਨ ਸਾਲਾਂ ਬਾਅਦ ਹੀ ਅਰਥਚਾਰਾ ਲਗਾਤਾਰ ਗਿਰਾਵਟ ਵੱਲ ਜਾਂਦਾ ਦਿਸਣ ਲੱਗ ਪਿਆ ਸੀ। ਤਕਰੀਬਨ ਸਾਰੇ ਹੀ ਅਹਿਮ ਆਰਥਿਕ ਸੂਚਕ ਜਿਵੇਂ ਵਿਕਾਸ ਦਰ ਤੇ ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਤੇ ਮਹਿੰਗਾਈ ਦਰ, ਗ਼ਰੀਬੀ ਆਦਿ ਨੀਵੇਂ ਪੱਧਰ 'ਤੇ ਆ ਗਏ ਹਨ। ਇਸ ਵਿਚ ਕਿਸੇ ਬਾਹਰੀ ਤੇ ਕੌਮਾਂਤਰੀ ਨੀਤੀਆਂ ਅਤੇ ਕਾਰਕਾਂ ਦਾ ਰੋਲ ਨਹੀਂ ਹੈ। ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਹਾਲਾਤ ਲਈ ਸਰਕਾਰ ਦੀਆਂ ਨੀਤੀਆਂ ਹੀ ਜ਼ਿੰਮੇਵਾਰ ਹਨ। ਸਰਕਾਰ ਨੇ ਭਾਵੇਂ ਦਸ ਸਾਲਾਂ ਵਿਚ ਆਰਥਿਕ ਨੀਤੀਆਂ ਵਿਚ ਬਹੁਤ ਤਬਦੀਲੀ ਕੀਤੀ ਹੈ, ਜਿਵੇਂ ਯੋਜਨਾ ਕਮਿਸ਼ਨ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਧੂੰਆਂ-ਧਾਰ ਨਿੱਜੀਕਰਨ, ਮੁਦਰਾ ਨੀਤੀ, ਰਾਜਕੋਸ਼ੀ ਨੀਤੀ, 2016 ਵਿਚ ਨੋਟਬੰਦੀ, 2017 ਵਿਚ ਜੀਐੱਸਟੀ ਅਤੇ ਹੋਰ ਬਹੁਤ ਸਾਰੀਆਂ ਆਰਥਿਕ ਤੇ ਸਮਾਜਿਕ ਕਲਿਆਣ ਯੋਜਨਾਵਾਂ ਸ਼ੁਰੂ ਕੀਤੀਆਂ।

ਮੌਜੂਦਾ ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿਚ ਵਿੱਤੀ ਸਾਲ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿਚ ਅਰਥਚਾਰਾ ਸੰਭਾਲਿਆ ਸੀ। ਉਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ 7.4 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੀ ਦਰ 6.2 ਪ੍ਰਤੀਸ਼ਤ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ, ਭਾਵ, ਅਗਸਤ 2014 ਵਿਚ ਦੁਨੀਆ ਭਰ ਵਿਚ ਕੱਚੇ ਤੇਲ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿਚ ਭਾਰੀ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤੀ ਅਰਥਚਾਰੇ ਨੂੰ ਹੋਰ ਮਜ਼ਬੂਤ ਕੀਤਾ; ਨਤੀਜੇ ਵਜੋਂ 2016-17 ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿਚ 8.3 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿਚ 6.9 ਪ੍ਰਤੀਸ਼ਤ ਦਾ ਵਾਧਾ ਦਰਜ ਹੋਇਆ। ਅਗਲੇ ਸਾਲਾਂ ਦੌਰਾਨ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਦੀ ਦਰ ਘਟ ਗਈ।

ਇਹ ਵੀ ਸੱਚ ਹੈ ਕਿ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2014-15 ਤੋਂ ਹੁਣ ਤੱਕ ਦੁੱਗਣੀ ਹੋ ਗਈ ਹੈ। ਪ੍ਰਚਲਤ ਕੀਮਤਾਂ 'ਤੇ 2014-15 ਵਿਚ ਪ੍ਰਤੀ ਵਿਅਕਤੀ ਆਮਦਨ 86,647 ਰੁਪਏ ਸੀ ਜਿਹੜੀ ਹੁਣ 98 ਪ੍ਰਤੀਸ਼ਤ ਤੋਂ ਵੱਧ ਵਾਧੇ ਨਾਲ 1,72,000 ਰੁਪਏ ਹੈ। ਇਥੇ ਸਪੱਸ਼ਟ ਕਰਨਾ ਬਣਦਾ ਹੈ ਕਿ ਜਦੋਂ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਮੁਕਾਬਲਤਨ ਅਧਿਐਨ ਪ੍ਰਚਲਤ ਕੀਮਤਾਂ ਅਨੁਸਾਰ ਕੀਤਾ ਜਾਂਦਾ ਹੈ ਤਾਂ ਸਹੀ ਤਸਵੀਰ ਪੇਸ਼ ਨਹੀਂ ਹੁੰਦੀ; ਇਸ ਵਿਚ ਮਹਿੰਗਾਈ ਵੀ ਸ਼ਾਮਲ ਹੁੰਦੀ ਹੈ। ਅਸਲ ਹਾਲਤ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਇਨ੍ਹਾਂ ਦਾ ਮੁਕਾਬਲਤਨ ਅਧਿਐਨ ਸਥਿਰ ਕੀਮਤਾਂ 'ਤੇ ਕੀਤਾ ਜਾਵੇ। ਅਸਲ ਵਿਚ 2011-12 ਦੀਆਂ ਸਥਿਰ ਕੀਮਤਾਂ ਦੇ ਹਿਸਾਬ ਨਾਲ ਇਹ ਵਾਧਾ 98 ਪ੍ਰਤੀਸ਼ਤ ਤੋਂ ਵੱਧ ਨਾ ਹੋ ਕੇ ਕੇਵਲ 35 ਪ੍ਰਤੀਸ਼ਤ ਦੇ ਨੇੜੇ ਸੀ; 2014-15 ਵਿਚ ਸਥਿਰ ਕੀਮਤਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ 72805 ਰੁਪਏ ਤੋਂ ਵਧ ਕੇ 2022-23 ਵਿਚ 98,118 ਰੁਪਏ ਹੋ ਗਈ ਪਰ ਜੇ ਇਸ ਤੋਂ ਪਹਿਲਾਂ ਦੇ 10 ਸਾਲਾਂ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਨੂੰ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੇ ਮਾਮਲੇ ਵਿਚ ਸਰਕਾਰ ਦੀ ਕਾਰਗੁਜ਼ਾਰੀ ਅੱਛੀ ਨਹੀਂ ਰਹੀ। ਮਨਮੋਹਨ ਸਿੰਘ ਸਰਕਾਰ ਸਮੇਂ 10 ਸਾਲਾਂ ਵਿਚ ਇਹ ਵਾਧਾ ਪ੍ਰਚਲਤ ਕੀਮਤਾਂ 'ਤੇ 157 ਪ੍ਰਤੀਸ਼ਤ ਸੀ; ਭਾਵ, 2006-07 ਵਿਚ ਪ੍ਰਤੀ ਵਿਅਕਤੀ ਆਮਦਨ



33,717 ਰੁਪਏ ਤੋਂ ਵਧ ਕੇ 2014-15 ਵਿਚ 86,647 ਰੁਪਏ ਹੋ ਗਈ ਸੀ। ਇਸੇ ਸਮੇਂ ਦੌਰਾਨ ਸਥਿਰ ਕੀਮਤਾਂ 'ਤੇ ਪ੍ਰਤੀ ਵਿਅਕਤੀ ਆਮਦਨ 51431 ਰੁਪਏ ਤੋਂ ਵਧ ਕੇ 72805 ਰੁਪਏ ਹੋ ਗਈ; ਭਾਵ, ਵਾਧਾ 42 ਪ੍ਰਤੀਸ਼ਤ ਦੇ ਨੇੜੇ ਸੀ।

ਕੇਂਦਰ ਸਰਕਾਰ ਨੇ ਨਵੰਬਰ 2016 ਵਿਚ ਨੋਟਬੰਦੀ ਲਾਗੂ ਕੀਤੀ। ਇਹ ਬੇਲੋੜਾ ਫੈਸਲਾ ਸੀ। ਇਸ ਨਾਲ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ; ਬਹੁਤ ਸਾਰੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਨੂੰ ਢਾਹ ਲੱਗੀ; ਖਾਸਕਰ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਤ ਖੇਤਰ ਦੇ ਕਾਮਿਆਂ ਤੇ ਮਾਲਕਾਂ ਦਾ ਕਚੂੰਮਰ ਨਿਕਲ ਗਿਆ। ਉਂਝ ਵੀ, ਇਸ ਫੈਸਲੇ ਨਾਲ ਸਰਕਾਰ ਦੇ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋਈ। ਇਸ ਤੋਂ ਬਾਅਦ 2017 ਵਿਚ ਜੀ.ਐੱਸ.ਟੀ. (ਗੁਡਜ਼ ਐਂਡ ਸਰਵਿਸ ਟੈਕਸ) ਲਾਗੂ ਕੀਤਾ। ਇਸ ਫ਼ੈਸਲੇ ਨੇ ਵੀ ਛੋਟੇ, ਦਰਮਿਆਨੇ ਅਤੇ ਗੈਰ-ਸੰਗਠਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ ਢਾਂਚੇ ਨੂੰ ਨੀਵਾਂ ਦਿਖਾਇਆ; ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰ ਕੇ ਆਪਣੀ ਆਮਦਨ ਵਿਚ ਵਾਧਾ ਕਰਨ 'ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਮੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ 'ਤੇ ਨਿਰਭਰ ਹਨ। ਸਿਤਮਜ਼ਰੀਫ਼ੀ ਇਹ ਕਿ ਮਜ਼ਬੂਤ ਖੇਤਰੀ ਪਾਰਟੀਆਂ ਜਿਹੜੀਆਂ ਫੈਡਰਲਿਜ਼ਮ ਅਤੇ ਸੂਬਿਆਂ ਨੂੰ ਵੱਧ ਹੱਕ ਦੇਣ ਦੀਆਂ ਝੰਡਾਬਰਦਾਰ ਸਨ, ਨੇ ਵੀ ਇਹ ਟੈਕਸ ਲਾਗੂ ਕਰਨ ਲਈ ਹਾਮੀ ਭਰ ਦਿੱਤੀ। ਇਨ੍ਹਾਂ ਆਰਥਿਕ ਤਬਦੀਲੀਆਂ ਕਾਰਨ ਅਵਾਮ ਦੇ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਵੱਡੀ ਢਾਹ ਲੱਗੀ; ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ, ਖੁਰਾਕ ਸੁਰੱਖਿਆ ਖ਼ਤਰੇ ਵਿਚ ਪਈ ਅਤੇ ਬਹੁਤ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ। ਇਨ੍ਹਾਂ ਨੀਤੀਆਂ ਕਾਰਨ ਦੇਸ਼ ਵਿਚ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ; 2017-18 ਤੋਂ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਸਾਲਾਨਾ ਘਟ ਗਈ। ਇਥੇ ਹੀ ਬਸ ਨਹੀਂ, ਗੈਰ-ਖੇਤੀ ਧੰਦਿਆਂ ਵਾਲਿਆਂ ਦੀ ਅਸਲ ਮਜ਼ਦੂਰੀ ਵੀ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਘਟੀ। 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿਚ 0.7 ਪ੍ਰਤੀਸ਼ਤ ਸਾਲਾਨਾ ਦਾ ਭਾਰੀ ਘਾਟਾ ਦਰਜ ਹੋਇਆ।

ਇਹ ਅੰਕੜੇ ਪਿਛਲੇ ਸਾਲਾਂ ਦੌਰਾਨ ਵਧੀ ਗ਼ਰੀਬੀ ਅਤੇ ਗ਼ਰੀਬੀ ਘਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ ਪਰ ਹੁਣ ਗ਼ਰੀਬੀ ਦੇ ਅੰਕੜੇ ਦਹਾਕਾ ਪਹਿਲਾਂ, ਭਾਵ, 2011-12 ਦੇ ਹੀ ਮਿਲਦੇ ਹਨ। ਗ਼ਰੀਬੀ ਸਬੰਧੀ ਜਿਹੜਾ ਸਰਵੇਖਣ 2017-18 ਵਿਚ ਹੋਇਆ ਸੀ, ਉਸ ਨੂੰ ਸਰਕਾਰ ਨੇ ਤਕਨੀਕੀ ਖ਼ਾਮੀਆਂ ਕਾਰਨ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਸਰਕਾਰ ਨੇ ਗ਼ਰੀਬੀ ਦੀ ਪਰਿਭਾਸ਼ਾ ਬਦਲਣ ਦੀ ਕੋਸ਼ਿਸ਼ ਵੀ ਕੀਤੀ। ਇਕ ਖੋਜ ਪੱਤਰ ਦੇ ਆਧਾਰ 'ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿਚ 25 ਕਰੋੜ ਲੋਕਾਂ ਨੂੰ ਗ਼ਰੀਬੀ ਵਿਚੋਂ ਕੱਢ ਲਿਆ ਗਿਆ ਹੈ। ਇਸੇ ਤਰ੍ਹਾਂ ਸਰਕਾਰ ਨੇ 2021 ਦੀ ਜਨਗਣਨਾ ਨੂੰ ਵੀ ਵਿਚ-ਵਿਚਾਲੇ ਰੋਕਿਆ ਹੋਇਆ ਹੈ। ਸਰਕਾਰ ਬੇਰੁਜ਼ਗਾਰੀ ਦੀ ਦਰ ਵੀ ਬਹੁਤ ਘਟਾ ਕੇ ਦੱਸ ਰਹੀ ਹੈ; ਕੌਮਾਂਤਰੀ ਸੰਸਥਾਵਾਂ ਅਤੇ ਦੇਸ਼ ਦੀਆਂ ਕੁਝ ਖ਼ੁਦਮੁਖ਼ਤਾਰ ਸੰਸਥਾਵਾਂ ਅਨੁਸਾਰ, ਬੇਰੁਜ਼ਗਾਰੀ ਬਹੁਤ ਉੱਚੇ ਪੱਧਰ 'ਤੇ ਹੈ। ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜਦੋਂ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ, ਗ਼ਰੀਬੀ ਵਧੀ ਹੈ।

ਅੰਤਰਿਮ ਬਜਟ ਵਿਚ ਮਹਿੰਗਾਈ ਕੰਟਰੋਲ ਕਰਨ ਅਤੇ ਭ੍ਰਿਸ਼ਟਾਚਾਰ ਘੱਟਣ ਦਾ ਜ਼ਿਕਰ ਹੈ ਪਰ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੱਸਦੀ ਹੈ ਕਿ ਪ੍ਰਚੂਨ ਤੇ ਥੋਕ ਮਹਿੰਗਾਈ ਦਰਾਂ 10 ਸਾਲਾਂ ਵਿਚ ਸਭ ਤੋਂ ਉੱਚੀਆਂ ਹਨ। ਗ਼ਰੀਬ ਲੋਕ ਜੋ ਬਹੁਗਿਣਤੀ ਵਿਚ ਹਨ, ਇਸ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖ਼ੁਰਾਕੀ ਤੇਲਾਂ ਤੇ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ ਹੋਇਆ ਹੈ। ਇਹ ਵਸਤਾਂ ਆਮ ਲੋਕਾਂ ਦੇ ਵਿੱਤ ਤੋਂ ਬਾਹਰ ਹੋ ਰਹੀਆਂ ਹਨ।

ਦੇਖਣ ਵਿਚ ਆਇਆ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਦੀ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ-ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਹੋਰ ਆਰਥਿਕ ਤਰਜੀਹਾਂ ਹਨ; ਭਾਵ, ਮਹਿੰਗਾਈ ਲਈ ਜ਼ਿੰਮੇਵਾਰ ਕਾਰਕ ਅੰਦਰੂਨੀ ਹਨ, ਭਾਵੇਂ ਕੌਮਾਂਤਰੀ ਕਾਰਕਾਂ ਨੇ ਵੀ ਥੋੜ੍ਹਾ ਯੋਗਦਾਨ ਪਾਇਆ ਹੈ। ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ, ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿਚ ਲੋਕ ਪੱਖੀ ਤਬਦੀਲੀਆਂ ਕਰ ਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ, ਇਸ ਨਾਲ ਲੋਕਾਂ ਦੀ ਆਮਦਨ ਵਧਦੀ ਅਤੇ ਮਹਿੰਗਾਈ ਤੋਂ ਰਾਹਤ ਮਿਲਦੀ ਪਰ ਅਜਿਹਾ ਨਹੀਂ ਹੋਇਆ। ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵਿਚ ਧੱਕਿਆ ਗਿਆ। ਜਿਥੋਂ ਤੱਕ ਭ੍ਰਿਸ਼ਟਾਚਾਰ ਦਾ ਸਵਾਲ ਹੈ, ਹੁਣੇ ਜਾਰੀ ਕੌਮਾਂਤਰੀ ਭ੍ਰਿਸ਼ਟਾਚਾਰ ਸੂਚਕ ਦੱਸਦੇ ਹਨ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਘਟਿਆ ਨਹੀਂ। ਇਸ ਸਬੰਧੀ ਦੇਸ਼ ਦੇ ਅੰਕਾਂ ਅਤੇ ਰੈਂਕ ਵਿਚ ਕੋਈ ਫ਼ਰਕ ਨਹੀਂ ਪਿਆ ਹੈ।

# ਨਿਯਮਾਂ ਦੀ ਉਲੰਘਣਾ ਅਤੇ ਸੜਕ ਹਾਦਸੇ

ਸਿੱਖਿਆ, ਵਿਗਿਆਨ ਤੇ ਤਕਨਾਲੋਜੀ, ਆਵਾਜਾਈ ਅਤੇ ਸੰਚਾਰ ਦੇ ਖੇਤਰ ਵਿਚ ਹੋਏ ਅਚੰਭੇ ਭਰੇ ਵਿਕਾਸ ਨੇ ਮਨੁੱਖੀ ਜੀਵਨ ਦੀ ਤੋਰ ਨੂੰ ਮੁੱਢੋਂ ਬਦਲ ਕੇ ਰੱਖ ਦਿੱਤਾ ਹੈ। ਪੁਰਾਣੇ ਵੇਲਿਆਂ ਵਿਚ ਆਵਾਜਾਈ ਦੇ ਬਹੁਤੇ ਸਾਧਨ ਨਹੀਂ ਸਨ। ਸਮਾਜਿਕ ਆਰਥਿਕ ਵਿਕਾਸ ਨੇ ਮਨੁੱਖੀ ਜੀਵਨ ਦੀ ਰਫ਼ਤਾਰ ਨੂੰ ਬਹੁਤ ਤੇਜ਼ ਕਰ ਦਿੱਤਾ ਹੈ। ਤੇਜ਼

**ਗੁਰਬਿੰਦਰ ਸਿੰਘ ਮਾਣਕ**
ਫੋਨ: +91-98153-56086

ਰਫ਼ਤਾਰ ਸਾਧਨਾਂ ਦੀ ਬਦੌਲਤ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਪਹੁੰਚਣ ਲਈ ਸਮਾਂ ਬਹੁਤ ਥੋੜ੍ਹਾ ਲੱਗਣ ਲੱਗਾ ਹੈ। ਜ਼ਿੰਦਗੀ ਦੀ ਦੌੜ ਵਿਚ ਉਲਝੇ ਅਜੋਕੇ ਮਨੁੱਖ ਕੋਲ ਸਭ ਸੁੱਖ ਆਰਾਮ ਹੋਣ ਦੇ ਬਾਵਜੂਦ ਸਹਿਜਤਾ ਉਸ ਦੀ ਜੀਵਨ ਜਾਚ ਦਾ ਹਿੱਸਾ ਨਹੀਂ ਹੈ। ਇਸ ਕਾਰਨ ਹੀ ਸੜਕ ਹਾਦਸੇ ਮਨੁੱਖੀ ਜਾਨਾਂ ਦਾ ਖੌਅ ਬਣੇ ਹੋਏ ਹਨ। ਜਿਹੜੀ ਗੱਲ ਸਭ ਤੋਂ ਵੱਧ ਚੁਭਦੀ ਹੈ, ਉਹ ਹੈ ਜ਼ਿੰਦਗੀ ਦੇ ਹਰ ਖੇਤਰ 'ਚ ਪਸਰ ਰਹੀ ਅਨੁਸ਼ਾਸਨਹੀਣਤਾ। ਕਿਸੇ ਨਿਯਮ ਕਾਨੂੰਨ ਦੀ ਪਾਲਣਾ ਸਾਡੇ ਜੀਵਨ ਦਾ ਹਿੱਸਾ ਨਹੀਂ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬਹੁਤ ਵੱਡੀ ਪੱਧਰ 'ਤੇ ਨਿੱਤ ਵਾਪਰ ਰਹੇ ਸੜਕ ਹਾਦਸੇ ਇਸੇ ਅਨੁਸ਼ਾਸਨਹੀਣਤਾ ਦੀ ਸਿਖਰ ਹਨ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਵਲ ਝਾਤ ਮਾਰੀਏ ਤਾਂ ਭਾਰਤ ਵਿਚ ਸੜਕ ਹਾਦਸਿਆਂ ਵਿਚ ਮਰਨ ਵਾਲੇ ਲੋਕਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਸਰਕਾਰ ਦੇ ਆਪਣੇ ਅੰਕੜੇ ਹੀ ਸੜਕ ਹਾਦਸਿਆਂ ਦੀ ਗੰਭੀਰਤਾ ਨੂੰ ਪ੍ਰਗਟ ਕਰਨ ਲਈ ਬਹੁਤ ਹਨ। ਕਈ ਸਾਲ ਪਹਿਲਾਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੜਕ ਦੁਰਘਟਨਾਵਾਂ ਸਬੰਧੀ 2015 ਦੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਸੀ ਕਿ ਭਾਰਤ ਵਿਚ ਹਰ ਰੋਜ਼ 1374 ਸੜਕ ਹਾਦਸੇ ਵਾਪਰਦੇ ਹਨ ਜਿਨ੍ਹਾਂ ਵਿਚ 400 ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਸ ਇਕ ਸਾਲ ਵਿਚ ਹੀ ਭਾਰਤ ਵਿਚ 5 ਲੱਖ ਤੋਂ ਵੱਧ ਸੜਕ ਹਾਦਸੇ ਹੋਏ ਤੇ ਲੱਗਭਗ 1.50 ਲੱਖ ਲੋਕਾਂ ਨੂੰ ਜਾਨ ਤੋਂ ਹੱਥ ਧੋਣੇ ਪਏ। ਹਾਦਸਿਆਂ ਵਿਚ ਜ਼ਖਮੀ ਹੋਏ ਲੋਕਾਂ ਦੀ ਗਿਣਤੀ 5 ਲੱਖ ਤੋਂ ਵੀ ਵੱਧ ਦੱਸੀ ਗਈ ਸੀ।

ਪਿਛਲੇ ਕੁਝ ਸਮੇਂ ਤੋਂ ਸੜਕ ਹਾਦਸਿਆਂ ਦੇ ਪੱਖ ਤੋਂ ਪੰਜਾਬ ਦੀ ਸਥਿਤੀ ਬਦ ਤੋਂ ਬਦਤਰ ਹੋ ਰਹੀ ਹੈ। ਕੌਮੀ ਅਪਰਾਧ ਬਿਊਰੋ ਦੀ ਰਿਪੋਰਟ ਅਨੁਸਾਰ ਸੜਕ ਹਾਦਸਿਆਂ ਵਿਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਪੱਖੋਂ ਪੰਜਾਬ ਦੇਸ਼ ਦੇ ਪਹਿਲੇ ਪੰਜ ਰਾਜਾਂ ਵਿਚ ਆਉਂਦਾ ਹੈ। ਇਕ ਅਨੁਮਾਨ ਅਨੁਸਾਰ ਪੰਜਾਬ ਵਿਚ 2009 ਵਿਚ 6425 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿਚ 3622 ਲੋਕਾਂ ਦੀਆਂ ਜਾਨਾਂ ਗਈਆਂ। 2010 ਵਿਚ ਸੜਕ ਹਾਦਸਿਆਂ ਦੀ ਗਿਣਤੀ ਵਧ ਕੇ 6641 ਹੋ ਗਈ ਤੇ 3424 ਲੋਕਾਂ ਨੂੰ ਜਾਨ ਗੁਆਉਣੀ ਪਈ। 2018 ਵਿਚ 4,740 ਮੌਤਾਂ, 2019 ਵਿਚ 4,525 ਮੌਤਾਂ, 2020 ਵਿਚ 3,898 ਮੌਤਾਂ ਸੜਕ ਹਾਦਸਿਆਂ ਕਾਰਨ ਹੋਈਆਂ। ਪੰਜਾਬ ਵਿਚ ਹੁੰਦੇ ਹਾਦਸਿਆਂ ਵਿਚ ਮੌਤ ਦਰ 76% ਹੈ। ਪੰਜਾਬ ਰੋਡ ਐਕਸੀਡੈਂਟ ਐਂਡ ਟਰੈਫਿਕ-2021 ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਹਰ ਦਿਨ 13 ਵਿਅਕਤੀ ਹਾਦਸਿਆਂ ਦੀ ਭੇਟ ਚੜ੍ਹਦੇ ਰਹੇ ਹਨ। ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਕੁੱਲ 4589 ਮੌਤਾਂ ਵਿਚੋਂ 3276 ਮੌਤਾਂ ਦਾ ਕਾਰਨ ਵਾਹਨਾਂ ਦੀ ਤੇਜ਼ ਰਫ਼ਤਾਰ ਮੰਨਿਆ ਗਿਆ ਹੈ।

ਹਾਦਸਿਆਂ ਦੀ ਦਰ ਹਰ ਸਾਲ ਵਧ ਰਹੀ ਹੈ; ਮੌਤਾਂ ਦੀ ਗਿਣਤੀ ਵੀ। 2015 ਵਿਚ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਿਚ ਪਿਛਲੇ ਸਾਲ ਨਾਲੋਂ 20% ਦਾ ਵਾਧਾ ਹੋਇਆ। ਹਾਦਸਿਆਂ ਦੇ ਬਹੁਤੇ ਸ਼ਿਕਾਰ 15 ਤੋਂ 34 ਸਾਲ ਉਮਰ ਵਰਗ ਵਾਲੇ ਹੁੰਦੇ ਹਨ। ਸਥਿਤੀ ਇੰਨੀ ਬਦਤਰ ਹੋ ਚੁੱਕੀ ਹੈ ਕਿ ਨਿੱਤ ਦਿਨ ਸੜਕਾਂ ਖ਼ੂਨ ਨਾਲ ਲੱਥ-ਪੱਥ ਹੋ ਰਹੀਆਂ ਹਨ ਤੇ ਘਰਾਂ ਵਿਚ ਸੱਥਰ ਵਿਛ ਰਹੇ ਹਨ। ਕਈ ਵਾਰ ਤਾਂ ਸਾਰੇ ਦਾ ਸਾਰਾ ਪਰਿਵਾਰ ਹੀ ਹਾਦਸੇ ਦੀ ਭੇਟ ਚੜ੍ਹ ਜਾਂਦਾ ਹੈ।

ਹਾਦਸਿਆਂ ਦੇ ਭਾਵੇਂ ਕਈ ਕਾਰਨ ਹਨ ਪਰ ਮਾਹਿਰਾਂ ਦੀ ਰਾਏ ਹੈ ਕਿ ਬਹੁਤੇ ਸੜਕ ਹਾਦਸਿਆਂ ਦਾ ਕਾਰਨ ਮਨੁੱਖੀ ਗ਼ਲਤੀ ਹੈ। ਸੜਕੀ ਆਵਾਜਾਈ ਮੰਤਰਾਲੇ ਦੀ ਰਿਪੋਰਟ ਅਨੁਸਾਰ 77.1% ਹਾਦਸੇ ਡਰਾਇਵਰ ਦੀ ਗ਼ਲਤੀ ਕਾਰਨ ਵਾਪਰਦੇ ਹਨ। ਵਾਹਨ ਦੀ ਮਿਥੀ ਗਤੀ ਸੀਮਾ ਤੋਂ ਵੱਧ ਸਪੀਡ ਹਾਦਸੇ ਨੂੰ ਸੱਦਾ ਦੇਣ ਬਰਾਬਰ ਹੈ। ਵਾਹਨ ਚਾਲਕ ਦਾ ਵਾਹਨ 'ਤੇ ਕੰਟਰੋਲ ਨਾ ਰਹਿਣ ਕਾਰਨ ਹਾਦਸਾ ਵਾਪਰ ਜਾਂਦਾ ਹੈ। ਸੜਕੀ ਨੇਮਾਂ ਤੋਂ ਅਣਭਿੱਜ ਡਰਾਇਵਰ ਨਿਯਮਾਂ ਦੀ ਪਾਲਣਾ ਕਰਨ ਦੀ ਥਾਂ ਧੱਕੇ ਨਾਲ ਹੀ ਸੜਕ 'ਤੇ ਵਾਹਨ ਭਜਾਈ ਫਿਰਦੇ ਹਨ ਤੇ ਆਪਣੇ ਸਮੇਤ ਦੂਜਿਆਂ ਲਈ ਹਰ ਸਮੇਂ ਖ਼ਤਰਾ ਬਣੇ ਰਹਿੰਦੇ ਹਨ। ਜਿਵੇਂ ਹੋਰ ਖੇਤਰਾਂ ਵਿਚ ਭ੍ਰਿਸ਼ਟਾਚਾਰ ਭਾਰੂ ਹੈ, ਉਸੇ ਤਰ੍ਹਾਂ ਲਾਇਸੈਂਸ ਪ੍ਰਣਾਲੀ ਵੀ ਬੁਰੀ ਤਰ੍ਹਾਂ ਇਸ ਦੀ ਲਪੇਟ ਵਿਚ ਹੈ। ਨਿਯਮ ਲਾਗੂ ਕਰਾਉਣ ਵਾਲੀ ਟਰੈਫਿਕ ਪੁਲਿਸ ਵੀ ਕਈ ਤਰ੍ਹਾਂ ਦੇ ਦਬਾਵਾਂ ਵਿਚ ਕੰਮ ਕਰਦੀ ਹੈ। ਇਸ ਤਰ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਨਾ ਕਿਸੇ ਤਰ੍ਹਾਂ ਬਚ ਜਾਂਦੇ ਹਨ। ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਨੇ ਕਮਰਸ਼ੀਅਲ ਵਾਹਨਾਂ ਵਿਚ ਸਪੀਡ ਨੂੰ ਕੰਟਰੋਲ ਕਰਨ ਲਈ ਸਪੀਡ ਗਵਰਨਰ ਲਾਉਣ ਦਾ ਆਦੇਸ਼ ਦਿੱਤਾ ਸੀ। ਮਕਸਦ ਸੀ ਕਿ 80 ਕਿਲੋਮੀਟਰ ਪ੍ਰਤੀ ਘੰਟਾ ਸਪੀਡ ਬੰਨ੍ਹ ਦਿੱਤੀ ਜਾਵੇ। ਪੰਜਾਬ ਸਰਕਾਰ ਨੇ ਵੀ ਇਸ ਫੈਸਲੇ ਦੀ ਰੌਸ਼ਨੀ ਵਿਚ 2012 ਵਿਚ ਨੋਟੀਫਿਕੇਸ਼ਨ ਜਾਰੀ ਕਰ ਕੇ ਸਪੀਡ ਗਵਰਨਰ ਲਗਾਉਣ ਦਾ ਫੈਸਲਾ ਕੀਤਾ ਸੀ ਪਰ ਅੱਜ ਤੱਕ ਵੀ ਇਹ ਸਕੀਮ ਲਾਗੂ ਨਹੀਂ ਹੋ ਸਕੀ। ਸਿੱਟੇ ਵਜੋਂ ਤੇਜ਼ ਰਫ਼ਤਾਰੀ 'ਤੇ ਕੋਈ ਕੰਟਰੋਲ ਨਾ ਹੋਣ ਕਾਰਨ ਸੜਕ 'ਤੇ ਚਲਦੇ ਵਾਹਨ ਸਭ ਹੱਦਾਂ ਬੰਨੇ ਤੋੜਦੇ ਹੋਏ ਖ਼ੌਫ਼ ਤੇ ਆਤੰਕ ਦਾ ਮਾਹੌਲ ਸਿਰਜ ਰਹੇ ਹਨ।

ਨਸ਼ੇ ਦੀ ਵਰਤੋਂ ਕਰ ਕੇ ਡਰਾਇਵਿੰਗ ਕਰਨਾ ਵੀ ਗੰਭੀਰ ਮੁੱਦਾ ਹੈ। ਨਸ਼ੇ ਕਾਰਨ ਡਰਾਇਵਰ ਦੀਆਂ ਗਿਆਨ ਇੰਦਰੀਆਂ ਪ੍ਰਭਾਵਿਤ ਹੋ ਜਾਂਦੀਆਂ ਹਨ। ਉਸ ਦਾ ਧਿਆਨ ਭਟਕ ਜਾਂਦਾ ਹੈ ਤੇ ਵਾਹਨ ਦੀ ਗਤੀ 'ਤੇ ਉਸ ਦਾ ਕਾਬੂ ਨਹੀਂ ਰਹਿੰਦਾ। ਸੜਕ 'ਤੇ ਪੈਦਲ ਜਾਣ ਵਾਲਿਆਂ ਨੂੰ ਲਪੇਟ ਵਿਚ ਲੈਣ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਵਾਹਨ ਚਾਲਕ ਵਲੋਂ ਮੋਬਾਇਲ ਦੀ ਵਰਤੋਂ ਨਾਲ ਵੀ ਹਾਦਸੇ ਵਾਪਰ ਰਹੇ ਹਨ। ਹੈਲਮਟ ਅਤੇ ਸੀਟ ਬੈਲਟ ਦੀ ਵਰਤੋਂ ਨਾ ਕਰਨੀ ਵੀ ਅਸੀਂ ਸ਼ਾਨ ਸਮਝਦੇ ਹਾਂ; ਇਨ੍ਹਾਂ ਦੀ ਵਰਤੋਂ ਨਾਲ ਬਹੁਤ ਹੱਦ ਤੱਕ ਬਚਾਅ ਹੋ ਸਕਦਾ ਹੈ। ਪੰਜਾਬ ਸਰਕਾਰ ਹੁਣ ਸੜਕਾਂ 'ਤੇ ਹੁੰਦੀਆਂ ਟਰੈਫਿਕ ਬੇਨਿਯਮੀਆਂ ਨੂੰ ਠੱਲ੍ਹ ਪਾਉਣ ਲਈ ਸੜਕ ਸੁਰੱਖਿਆ ਬਲ ਤਾਇਨਾਤ ਕਰ ਰਹੀ ਹੈ। ਇਸ ਵਿਚ 1300 ਦੇ ਲੱਗਭਗ ਮੁਲਾਜ਼ਮ ਨਿਯੁਕਤ ਕੀਤੇ ਜਾ ਰਹੇ ਹਨ। ਇਨ੍ਹਾਂ ਕੋਲ ਜਾਂਚ ਕਰਨ ਲਈ ਆਧੁਨਿਕ ਸਾਜ਼ੋ-ਸਮਾਨ ਹੋਵੇਗਾ ਜਿਨ੍ਹਾਂ ਨਾਲ ਵਾਹਨਾਂ ਦੀ ਸਪੀਡ ਅਤੇ ਸਾਹ ਦੀ ਜਾਂਚ ਕੀਤੀ ਜਾ ਸਕੇਗੀ। ਅਵਾਰਾ ਜਾਨਵਰ ਵੀ ਹਾਦਸਿਆਂ ਵਿਚ ਵਾਧਾ ਕਰਦੇ ਹਨ। ਇਸ ਬਾਰੇ ਵੀ ਗੰਭੀਰ ਹੋਣ ਦੀ ਲੋੜ ਹੈ। ਲਗਾਤਾਰ ਸਫਰ ਕਾਰਨ ਡਰਾਇਵਰ ਉਨੀਂਦਰੇ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਹਾਦਸੇ ਵਾਪਰ ਜਾਂਦੇ ਹਨ।

ਮਨੁੱਖੀ ਜ਼ਿੰਦਗੀ ਬਹੁਤ ਕੀਮਤੀ ਹੈ। ਕਿਸੇ ਛੋਟੀ ਜਿਹੀ ਗ਼ਲਤੀ ਨਾਲ ਇਸ ਨੂੰ ਭੰਗ ਦੇ ਭਾੜੇ ਗੁਆ ਦੇਣਾ ਸਿਰੇ ਦੀ ਨਾਲਾਇਕੀ ਹੈ। ਸੜਕਾਂ 'ਤੇ ਨਿੱਤ ਡੁੱਲ੍ਹ ਰਿਹਾ ਖ਼ੂਨ ਸਾਡੇ ਮਨਾਂ ਵਿਚ ਘਰ ਕਰ ਚੁੱਕੀ ਅਨੁਸ਼ਾਸਨਹੀਣਤਾ ਦਾ ਸਿੱਟਾ ਹੈ। ਕਿਸੇ ਦੂਜੇ ਨੂੰ ਦੋਸ਼ ਦੇਣ ਦੀ ਥਾਂ ਆਪਣੇ ਆਪਣੇ ਗਿਰੇਵਾਨ ਵਿਚ ਝਾਤੀ ਮਾਰੀਏ ਕਿ ਸੜਕ 'ਤੇ ਜਾਂਦੇ ਸਮੇਂ ਅਸੀਂ ਕਿਸੇ ਨਿਯਮ ਦੀ ਉਲੰਘਣਾ ਤਾਂ ਨਹੀਂ ਕਰ ਰਹੇ।

# 'ਹਿੱਟ ਐਂਡ ਰਨ' ਕਾਨੂੰਨ ਦੀ ਸਾਰਥਿਕਤਾ

ਹਾਲ ਹੀ ਵਿਚ ਕੇਂਦਰ ਸਰਕਾਰ ਵੱਲੋਂ ਸੜਕਾਂ ਉਤੇ ਚੱਲ ਰਹੇ ਵਾਹਨਾਂ ਦੀ ਸੁਰੱਖਿਆ ਲਈ ਨਵਾਂ ਕਾਨੂੰਨ 'ਹਿੱਟ ਐਂਡ ਰਨ' (ਮਾਰਨਾ ਅਤੇ ਭੱਜ ਜਾਣਾ/ ਮਾਰ ਕੇ ਭੱਜ ਜਾਣਾ) ਨੂੰ ਸੋਧੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਕਾਨੂੰਨ ਦਾ ਭਾਰਤ ਭਰ ਵਿਚ ਡਟਵਾਂ ਵਿਰੋਧ ਹੋ ਰਿਹਾ ਹੈ। ਵਾਹਨ ਚਾਲਕਾਂ ਦਾ ਭਾਈਚਾਰਾ ਇਸ ਨੂੰ ਕਾਲਾ ਕਾਨੂੰਨ ਕਹਿੰਦੇ ਅਤੇ ਸਰਕਾਰ ਇਸ ਨੂੰ ਲੋਕ ਹਿੱਤਾਂ ਵਿਚ ਬਣਾਇਆ ਗਿਆ ਕਾਨੂੰਨ ਕਹਿੰਦੀ ਹੈ, ਪਰ ਇਸ ਦੀ ਅਸਲੀਅਤ ਇਹ ਹੈ ਕਿ ਇਸ ਕਾਨੂੰਨ ਦਾ ਮਤਬਲ ਵਾਹਨਾਂ ਦੇ ਚਾਲਕ (ਡਰਾਈਵਰ) ਭਾਈਚਾਰੇ ਨੂੰ ਪ੍ਰੇਸ਼ਾਨ ਕਰਨਾ ਨਹੀਂ, ਬਲਕਿ ਉਨ੍ਹਾਂ ਵਿਚ ਵਾਹਨ ਚਲਾਉਣ ਦੀ ਕਲਾ ਵਿਚ ਨਿਖਾਰ

**ਲਖਵਿੰਦਰ ਸਿੰਘ 'ਮੌੜ'**
**ਫੋਨ: +91-94177-52063**

ਅਤੇ ਅਨੁਸ਼ਾਸਨ ਲਿਆਉਣਾ ਹੈ। 'ਹਿੱਟ ਐਂਡ ਰਨ' ਕਾਨੂੰਨ ਦੀ ਪਰਿਭਾਸ਼ਾ ਇਹ ਹੈ ਕਿ 'ਆਪਣੇ ਵਾਹਨ ਨਾਲ ਦੂਜੇ ਦਾ ਜਾਨੀ ਜਾਂ ਮਾਲੀ ਨੁਕਸਾਨ ਹੋਣ ਕਰਕੇ ਵਾਹਨ/ਗੱਡੀ ਸਮੇਤ ਭੱਜ ਜਾਣਾ।' ਜੇਕਰ ਚਾਲਕ ਭੜਕੇ ਹਜੂਮ ਤੋਂ ਆਪਣੀ ਜਾਨ ਬਚਾਉਣ ਲਈ ਵਾਹਨ/ਗੱਡੀ ਹਾਦਸੇ ਵਾਲੀ ਥਾਂ 'ਤੇ ਛੱਡ ਕੇ ਕਿਸੇ ਸੁਰੱਖਿਅਤ ਜਗ੍ਹਾ ਜਿਵੇਂ ਨਜ਼ਦੀਕੀ ਥਾਣੇ/ਇਲਾਕਾ ਮੈਜਿਸਟ੍ਰੇਟ ਆਦਿ ਵਿਚ ਚਲਾ ਜਾਂਦਾ ਹੈ ਅਤੇ ਸਾਰੀ ਸੂਚਨਾ ਦਿੰਦਾ ਹੈ ਤਾਂ ਇਹ 'ਹਿੱਟ ਐਂਡ ਰਨ' ਕਾਨੂੰਨ ਅਧੀਨ ਨਹੀਂ ਆਉਂਦਾ ਅਤੇ ਨਾ ਹੀ ਉਸ ਵਿਰੁੱਧ ਇਸ ਕਾਨੂੰਨ ਅਧੀਨ ਮੁੱਕਦਮਾ ਦਰਜ ਹੋਵੇਗਾ, ਸਗੋਂ ਇਹ ਚਾਲਕ ਦਾ ਕਾਨੂੰਨੀ ਅਧਿਕਾਰ ਬਣ ਜਾਂਦਾ ਹੈ। ਸਰਕਾਰਾਂ ਵੱਡੇ-ਵੱਡੇ ਅਪਰਾਧੀਆਂ ਨੂੰ ਅਪਰਾਧ ਕਰਨ ਤੋਂ ਬਾਅਦ ਆਤਮ-ਸਮਰਪਣ ਦੀ ਖੁੱਲ੍ਹ ਦਿੰਦੀਆਂ ਹਨ ਅਤੇ ਕੋਈ ਵੀ ਅਪਰਾਧੀ ਪੁਲਿਸ ਜਾਂ ਅਦਾਲਤ ਵਿਚ ਪੇਸ਼ ਹੋ ਸਕਦਾ ਹੈ। ਪੁਲਿਸ ਕਿਸੇ ਵੀ ਆਤਮ-ਸਮਰਪਣ ਕਰਨ ਲਈ ਅਦਾਲਤ ਵਿਚ ਪਹੁੰਚੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੀ ਅਤੇ ਜੇਕਰ ਅਜਿਹਾ ਕਰਦੀ ਹੈ ਤਾਂ ਵਕੀਲਾਂ ਦੇ ਰੋਹ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪਰ ਵਾਹਨਾਂ ਦੇ ਚਾਲਕ ਅਪਰਾਧੀ ਨਹੀਂ ਹੁੰਦੇ ਅਤੇ ਨਾ ਹੀ ਕਿਸੇ ਦਾ ਜਾਨੀ-ਮਾਲੀ ਨੁਕਸਾਨ ਕਰਨ ਲਈ ਜਾਣ-ਬੁੱਝ ਕੇ ਦੁਰਘਟਨਾਵਾਂ ਨੂੰ ਅੰਜਾਮ ਦਿੰਦੇ ਹਨ, ਸਗੋਂ ਹੋਰਾਂ ਵਾਂਗ ਇਹ ਵੀ ਇੱਕ ਕਿਰਤੀ ਜਮਾਤ ਹੈ।

ਕੇਂਦਰ ਸਰਕਾਰ ਵੱਲੋਂ ਇਹ ਨਿਯਮ ਬਣਾਉਣ ਦੀ ਲੋੜ ਪਿੱਛੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਪੂਰੇ ਮਾਪਦੰਡਾਂ 'ਤੇ ਖਰੇ ਨਾ ਉਤਰਨ ਵਾਲੇ ਅਣਜਾਣ ਵਾਹਨ ਚਾਲਕ, ਨਿਰਧਾਰਤ ਗਤੀ ਤੋਂ ਵੱਧ ਨਾਲ ਵਾਹਨ ਚਲਾਉਣਾ, ਗਲਤ ਪਾਸੇ ਚੱਲਣਾ, ਗਲਤ ਢੰਗ ਨਾਲ ਗੱਡੀ ਚਲਾਉਣਾ, ਮਨਾਹੀ ਵਾਲੀਆਂ ਥਾਵਾਂ 'ਤੇ ਵਾਹਨ ਲੈ ਕੇ ਜਾਣਾ, ਚਾਲਕ ਦਾ ਨੀਂਦ ਵਿਚ ਹੋਣਾ, ਸਰੀਰਕ ਤੌਰ 'ਤੇ ਤੰਦਰੁਸਤ ਨਾ ਹੋਣਾ, ਵਾਹਨ ਦੇ ਤਕਨੀਕ ਪੱਖਾਂ ਤੋਂ ਅਣਜਾਣ ਅਤੇ ਨਸ਼ੇ ਦੀ ਹਾਲਤ ਵਿਚ ਵਾਹਨ ਚਲਾਉਣਾ ਆਦਿ ਜਾਂ ਹੋਰ ਵੀ ਕਈ ਅਨੇਕਾਂ ਕਾਰਨ ਹੋ ਸਕਦੇ ਹਨ ਜੋ ਸੜਕ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ। ਇਹ ਵੀ ਸੱਚਾਈ ਹੈ ਕਿ ਅਕਸਰ ਹੀ ਅਜਿਹੀਆਂ ਮੰਦਭਾਗੀਆਂ ਖੂਨੀ ਘਟਨਾਵਾਂ ਤੋਂ ਬਾਅਦ ਚਾਲਕ ਵੱਲੋਂ ਭੱਜਣ ਦੀ ਹੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅੰਕੜੇ ਕੱਢ ਕੇ ਦੇਖੇ ਜਾ ਸਕਦੇ ਹਨ ਕਿ ਅਨੇਕਾਂ ਸੜਕ ਹਾਦਸਿਆਂ ਦੇ ਅਜਿਹੇ ਮਾਮਲੇ ਦੇਖੇ ਜਾ ਸਕਦੇ ਹਨ ਕਿ ਅੱਜ ਤੱਕ ਸੜਕ ਦੁਰਘਟਨਾ ਵਿਚ ਮਾਰੇ ਗਏ, ਸਰੀਰਕ ਤੌਰ 'ਤੇ ਨਕਾਰਾ ਹੋਏ ਜਾਂ ਅੰਗਹੀਣ ਹੋਏ ਵਿਅਕਤੀਆਂ ਨੂੰ ਹਮੇਸ਼ਾ ਲਈ ਮੰਜਿਆਂ ਨਾਲ ਜੋੜ ਦੇਣ ਦੇ ਦੋਸ਼ੀਆਂ ਦਾ ਪਤਾ ਨਹੀਂ ਲੱਗਾ, ਕਿਉਂ...? ਕਿਉਂਕਿ ਵੱਡੀਆਂ ਗੱਡੀਆਂ ਵਾਲੇ ਅਕਸਰ ਹੀ ਛੋਟੀ 'ਤੇ ਰੋਅਬ ਜਮਾ ਕੇ ਭੱਜ ਜਾਂਦੇ ਹਨ।



ਮੈਂ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਦਾ ਦੋਗਾਣਾ 'ਸਹੁਰੇ ਦੀ ਲਾਲ ਮਰੂਤੀ ਨੇ, ਅੱਜ ਚੱਕਾ ਜਾਮ ਕਰਾਤਾ..' ਦੀਆਂ ਸਤਰਾਂ ਦਾ ਜ਼ਿਕਰ ਕਰਨਾ ਚਾਹਾਂਗਾ ਜਿਸ ਵਿਚ ਉਸਨੇ ਵਾਹਨ ਚਾਲਕਾਂ ਦੇ ਕਿਰਦਾਰਾਂ ਦਾ ਜ਼ਿਕਰ ਬਹੁਤ ਹੀ ਸੋਹਣੇ ਤਰੀਕੇ ਨਾਲ ਕੀਤਾ ਹੈ:

'ਰੱਬ ਬਖ਼ਸ਼ੇ ਡਰਾਈਵਰ ਬਾਈਆਂ ਤੋਂ, ਜਿਹੜੇ ਖਾਧੀ-ਪੀਤੀ ਵਿਚ ਹੁੰਦੇ ਨੇ,

'ਕਈ ਵਿਗੜੇ, ਚੌਰੇ, ਖੌਡੇ ਨੇ, ਕਈ ਲਵੀ ਉਮਰ ਦੇ ਮੁੰਡੇ ਨੇ...।' ਕੋਈ ਦੇਖ ਸੜਕ 'ਤੇ..."

ਉਪਰੋਕਤ ਸਤਰਾਂ ਉਨ੍ਹਾਂ ਚਾਲਕਾਂ ਦੀ ਤਰਜ਼ਮਾਨੀ ਕਰ ਰਹੀਆਂ ਹਨ, ਜਿਹੜੇ ਨਸ਼ਾ ਕਰ ਕੇ ਵਾਹਨ ਚਲਾਉਂਦੇ ਹਨ ਅਤੇ ਹੇਠ ਲਿਖੀਆਂ ਸਤਰਾਂ ਨੇ ਵਾਪਰ ਰਹੀਆਂ 'ਹਿੱਟ ਐਂਡ ਰਨ' ਦੀਆਂ ਘਟਨਾਵਾਂ ਬਾਰੇ ਦੱਸਿਆ ਹੈ:

'ਏਨ੍ਹਾਂ ਦੀ ਪੂਛ ਕੀ ਫੜ ਲੈਣੀ, ਜਦੋਂ ਸਾਈਡ ਮਾਰ ਕੇ ਭੱਜ ਜਾਣਾ,

'ਝੱਟ ਮੂਧੀ ਗੱਡੀ ਕਰ ਲੈਣੀ ਸਣੇ ਮਾਲ ਟਾਹਲੀ ਵਿਚ ਵੱਜ ਜਾਣਾ...'

'ਕਸ਼ਮੀਰੋਂ ਲੱਦੇ ਸੇਬਾਂ ਦਾ ਕੀਹਨੇ ਢੇਰ ਸੜਕ 'ਤੇ 'ਲਾਤਾ...ਸੌਅਰੇ ਦੀ ਲਾਲ ਮਰੂਤੀ ਨੇ...'

ਸਰਕਾਰੀ ਸੂਤਰਾਂ ਮੁਤਾਬਿਕ ਭਾਰਤ ਵਿਚ ਹਰ ਸਾਲ 30 ਪ੍ਰਤੀਸ਼ਤ ਘਟਨਾਵਾਂ 'ਹਿੱਟ ਐਂਡ ਰਨ' ਦੀਆਂ ਵਾਪਰਦੀਆਂ ਹਨ ਅਤੇ ਮਾਮਲੇ ਸਿਰਫ਼ 10 ਫ਼ੀਸਦੀ ਚਾਲਕਾਂ ਵਿਰੁੱਧ ਹੀ ਦਰਜ ਹੋਏ ਹਨ। ਬਾਕੀ ਦੇ 20 ਪ੍ਰਤੀਸ਼ਤ ਮਾਮਲੇ ਖੁਰਦ-ਬੁਰਦ ਹੋ ਗਏ ਜਾਂ ਕਹਿ ਲਵੋ ਕਿ ਇਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ।

ਮੋਟਰ ਵਹੀਕਲ ਐਕਟ-1988 ਕੋਈ ਨਵਾਂ ਨਹੀਂ ਬਣਿਆ, ਸਗੋਂ ਇਸ ਵਿਚ ਸਮੇਂ-ਸਮੇਂ ਜ਼ਰੂਰਤ ਅਨੁਸਾਰ ਸੋਧਾਂ ਕੀਤੀਆਂ ਗਈਆਂ ਹਨ। 'ਹਿੱਟ ਐਂਡ ਰਨ' ਕਾਨੂੰਨ ਨੂੰ ਭਾਰਤੀ ਨਿਆਂ ਸਹਿੰਤਾ ਦੇ ਸੈਕਸ਼ਨ 104 ਵਿਚ ਸ਼ਾਮਲ ਕੀਤਾ ਗਿਆ ਹੈ। ਧਾਰਾ 104-ਏ ਵਿਚ ਗਲਤ ਡਰਾਈਵਿੰਗ ਦੌਰਾਨ ਜੇਕਰ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਚਾਲਕ ਨੂੰ 7 ਸਾਲ ਕੈਦ ਅਤੇ ਜ਼ੁਰਮਾਨਾ ਹੈ, 104-ਬੀ ਵਿਚ ਲਿਖਿਆ ਹੈ ਕਿ ਹਾਦਸੇ ਤੋਂ ਬਾਅਦ ਚਾਲਕ ਦੇ ਭੱਜ ਜਾਣ ਦੀ ਸੂਰਤ ਵਿਚ 10 ਸਾਲ ਕੈਦ ਅਤੇ ਜ਼ੁਰਮਾਨਾ ਹੈ ਅਤੇ ਜੇਕਰ ਚਾਲਕ ਹਾਦਸੇ ਦੀ ਸੂਚਨਾ ਇਲਾਕੇ ਦੇ ਥਾਣੇ ਜਾਂ ਮੈਜਿਸਟ੍ਰੇਟ ਨੂੰ ਨਹੀਂ ਦਿੰਦਾ ਤਾਂ 10 ਸਾਲ ਦੀ ਹੋਰ ਸਜ਼ਾ ਹੋਵੇਗੀ ਅਤੇ ਦੋਵੇਂ ਸਜ਼ਾਵਾਂ ਵੱਖ-ਵੱਖ ਚੱਲਣਗੀਆਂ। ਨਵੇਂ ਕਾਨੂੰਨ ਮੁਤਾਬਿਕ ਧਾਰਾ 279 ਗਲਤ ਜਾਂ ਤੇਜ਼ ਰਫ਼ਤਾਰ ਵਾਹਨ ਚਲਾਉਣਾ, 304-ਏ ਲਾਪ੍ਰਵਾਹੀ ਨਾਲ ਗੱਡੀ ਚਲਾਉਣ ਕਾਰਨ ਹੋਈ ਮੌਤ, 337 ਉਹ ਕੋਈ ਵੀ ਗਤੀਵਿਧੀ, ਜਿਸ ਨਾਲ ਕਿਸੇ ਨੂੰ ਦੁੱਖ ਪਹੁੰਚੇ/ਜ਼ਿੰਦਗੀ ਨੂੰ ਖਤਰਾ ਹੋਵੇ, 338 ਕਿਸੇ ਦੀ ਨਿੱਜੀ ਸੁਰੱਖਿਆ ਲਈ ਖਤਰਾ ਬਣ ਜਾਣਾ, 427 ਕਿਸੇ ਦਾ 50 ਜਾਂ ਇਸ ਤੋਂ ਵੱਧ ਰੁਪਿਆਂ ਦਾ ਆਰਥਿਕ ਨੁਕਸਾਨ ਕਰਨਾ ਹੈ।


ਕੇਂਦਰੀ ਟਰਾਂਸਪੋਰਟ ਅਤੇ ਹਾਈਵੇਅ ਮੰਤਰਾਲੇ ਨੇ ਸੂਚਨਾ ਜਾਰੀ ਕਰਦਿਆਂ ਦੱਸਿਆ ਹੈ ਕਿ ਭਾਰਤ ਵਿਚ ਸਾਲਾਨਾ 65000 ਮਾਮਲੇ 'ਹਿੱਟ ਐਂਡ ਰਨ' (ਮਾਰ ਕੇ ਭੱਜ ਜਾਣ ਦੇ) ਦੇ ਧਿਆਨ ਵਿਚ ਆਏ ਹਨ ਅਤੇ ਪਿਛਲੇ ਸਾਲ 660 'ਹਿੱਟ ਐਂਡ ਰਨ' ਦੇ ਮਾਮਲੇ ਸਾਹਮਣੇ ਆਏ ਹਨ, ਇਨ੍ਹਾਂ ਵਿਚ 113 ਦੇ ਜ਼ਖ਼ਮੀ ਅਤੇ ਬਾਕੀਆਂ ਦੀ ਮੌਤ ਹੋਈ ਹੈ। ਪੀੜਤਾਂ ਨੂੰ 184.60 ਲੱਖ ਰੁਪਿਆ ਮੁਆਵਜ਼ਾ ਦਿੱਤਾ ਗਿਆ ਹੈ। ਮੋਟਰ ਵਹੀਕਲ ਐਕਟ ਤਹਿਤ ਭਾਰਤ ਦੀ ਸਰਵਉੱਚ ਅਦਾਲਤ ਨੇ ਸੂਬਿਆਂ ਦੀ ਪੁਲਿਸ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ 'ਹਿੱਟ ਐਂਡ ਰਨ' ਦੇ ਦਰਜ ਮਾਮਲਿਆਂ ਬਾਰੇ ਪੀੜਤ ਦੇ ਪਰਿਵਾਰਾਂ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਨਾਲ ਹੀ ਦੱਸਿਆ ਜਾਵੇ ਕਿ ਕੇਂਦਰ ਦੀ ਯੋਜਨਾ ਮੁਤਾਬਿਕ ਮਰਨ ਵਾਲੇ ਦੇ ਵਾਰਸਾਂ ਨੂੰ 2 ਲੱਖ ਅਤੇ ਜ਼ਖ਼ਮੀਆਂ ਨੂੰ 50 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਭਾਰਤ ਵਿਚ ਦਿਨੋਂ-ਦਿਨ 'ਹਿੱਟ ਐਂਡ ਰਨ' ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਿਸ ਦਾ ਇਲਜ਼ਾਮ ਸਿੱਧਾ ਸਰਕਾਰਾਂ ਸਿਰ ਜਾਂਦਾ ਹੈ ਅਤੇ ਅਕਸਰ ਲੋਕ ਕਹਿੰਦੇ ਹਨ ਕਿ ਸਰਕਾਰ ਸਖ਼ਤ ਕਾਨੂੰਨ ਨਹੀਂ ਬਣਾਉਂਦੀ। ਕੇਂਦਰੀ ਮੰਤਰਾਲੇ ਨੇ ਦੱਸਿਆ ਕਿ ਭਾਰਤ ਵਿਚ ਸਾਲ 2016 ਵਿਚ 55942, ਜੋ 2017 ਵਿਚ ਵਧ ਕੇ 65186, 2018 ਵਿਚ 69621 ਅਤੇ 2019 ਵਿਚ 69621 'ਹਿੱਟ ਐਂਡ ਰਨ' ਦੇ ਮਾਮਲੇ ਦਰਜ ਹੋਏ ਸਨ। ਕੇਂਦਰੀ ਮੰਤਰਾਲੇ ਨੇ ਦੱਸਿਆ ਕਿ ਵਿੱਤੀ ਵਰ੍ਹੇ 2022-2023 ਦੌਰਾਨ ਸਿਰਫ਼ 205 ਦਾਅਵੇਦਾਰੀਆਂ ਹੀ ਸਾਹਮਣੇ ਆਈਆਂ ਹਨ ਅਤੇ ਇਸ ਯੋਜਨਾ ਅਧੀਨ ਇਨ੍ਹਾਂ ਵਿਚੋਂ 9.5 ਲੱਖ ਨੂੰ ਸੁਲਝਾਇਆ ਗਿਆ ਹੈ।

'ਹਿੱਟ ਐਂਡ ਰਨ' ਦੀਆਂ ਘਟਨਾਵਾਂ ਵਿਚ ਦਿਨੋਂ-ਦਿਨ ਹੋ ਰਹੇ ਵਾਧੇ ਨੂੰ ਦੇਖਦਿਆਂ ਸ਼ਾਇਦ ਕੇਂਦਰੀ ਸਰਕਾਰ ਨੂੰ ਸਖਤ ਕਾਨੂੰਨ ਬਣਾਉਣ ਦੀ ਲੋੜ ਪੈ ਗਈ ਕਿਉਂਕਿ ਆਪਣੇ ਲੋਕਾਂ ਨੂੰ ਸੁਰੱਖਿਆ ਦੇਣਾ ਸਰਕਾਰਾਂ ਦਾ ਮੁਢਲਾ ਕਰਤੱਵ ਹੈ। ਇਹ ਸੁਰੱਖਿਆ ਸਖਤ ਕਾਨੂੰਨਾਂ ਰਾਹੀਂ ਹੀ ਦਿੱਤੀ ਜਾ ਸਕਦੀ ਹੈ। ਜੇਕਰ ਚੋਰਾਂ, ਧਾੜਵੀਆਂ, ਲੁਟੇਰਿਆਂ, ਕਾਤਲਾਂ ਅਤੇ ਬਲਾਤਕਾਰੀਆਂ ਲਈ ਸਖਤ ਕਾਨੂੰਨ ਨਾ ਹੁੰਦੇ ਤਾਂ ਅੱਜ ਕੋਈ ਧੀ-ਭੈਣ, ਵਪਾਰੀ ਜਾਂ ਕਿਸੇ ਵੀ ਵਰਗ ਦਾ ਕੋਈ ਵੀ ਵਿਅਕਤੀ ਮਹਿਫੂਜ਼ ਨਾ ਹੁੰਦਾ। ਇਨ੍ਹਾਂ ਸਖਤ ਕਾਨੂੰਨਾਂ ਦਾ ਡਰ ਸਿਰਫ਼ ਅਪਰਾਧੀਆਂ ਨੂੰ ਹੈ, ਭਲੇਮਾਣਸਾਂ ਨੂੰ ਨਹੀਂ। ਕਿਸੇ ਵੀ ਅਜਿਹੇ ਮੁਲਕ ਨੂੰ ਦੇਖ ਲਵੋ, ਜਿੱਥੇ ਕਾਨੂੰਨਾਂ ਦੀ ਸਖ਼ਤਾਈ ਹੈ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਬਰਾਬਰ ਹਨ, ਉੱਥੇ ਕਿਸੇ ਦੀ ਅਪਰਾਧ ਕਰਨ ਦੀ ਜ਼ੁਅਰਤ ਨਹੀਂ।

'ਹਿੱਟ ਐਂਡ ਰਨ' ਕਾਨੂੰਨ ਸਿਰਫ਼ ਉਨ੍ਹਾਂ ਚਾਲਕਾਂ ਲਈ ਖ਼ਤਰਾ ਹੈ ਜਿਹੜੇ 'ਕੱਚੇ-ਪਿੱਲੇ' ਹਨ ਅਤੇ ਚੰਗੇ ਉਸਤਾਦਾਂ ਦੇ ਚੰਡੇ ਚਾਲਕ ਨਿਸ਼ਚਿੰਤ ਹਨ। ਇਹ ਕਾਨੂੰਨ ਹੰਢੇ-ਵਰਤੇ ਚਾਲਕ ਭਾਈਚਾਰੇ ਦੇ ਵਿਰੁੱਧ ਨਹੀਂ ਜਾਂਦਾ ਸਗੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਵੀ ਕਰਦਾ ਹੈ। ਜੇਕਰ ਉਹ ਵੀ 'ਹਿੱਟ ਐਂਡ ਰਨ' ਦੇ ਪੀੜਤ ਬਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੀ ਓਹੀ ਮੁਆਵਜ਼ਾ ਮਿਲੇਗਾ, ਜੋ ਦੂਜਿਆਂ ਨੂੰ ਮਿਲੇਗਾ ਅਤੇ 'ਹਿੱਟ ਐਂਡ ਰਨ' ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਚਾਲਕਾਂ ਉੱਤੇ ਇਹੀ ਕਾਨੂੰਨ ਲਾਗੂ ਹੋਵੇਗਾ। ਮੇਰੇ ਵੱਲੋਂ ਪੇਸ਼ ਵਿਚਾਰ ਸਿਆਸੀ ਨਹੀਂ ਅਤੇ ਨਾ ਹੀ ਕਿਸੇ ਸੱਤਾਧਾਰੀ ਦੀ ਹਮਾਇਤ ਕਰਨਾ ਹੈ, ਸਗੋਂ ਇਸ ਦਾ ਮਨੋਰਥ ਸਖ਼ਤ ਕਾਨੂੰਨਾਂ ਰਾਹੀਂ ਸਮਾਜ ਵਿਚ ਕਿਸੇ ਵੀ ਕਿਸਮ ਦੀ ਜਾਣੇ-ਅਣਜਾਣੇ ਵਿਚ ਕੀਤੇ ਅਪਰਾਧਾਂ ਨੂੰ ਰੋਕਣਾ ਜਾਂ ਠੱਲ੍ਹ ਪਾਉਣਾ ਹੈ।

# ਜਦੋਂ ਜਿਉਂਦੇ ਬੰਦੇ ਅਣਪਛਾਤੀਆਂ ਲਾਸ਼ਾਂ ਬਣ ਜਾਂਦੇ ਹਨ

ਪੰਜਾਬ ਵਿਚ ਵੀ ਇਹ ਵਰਤਾਰਾ ਵਰਤਿਆ ਸੀ ਜਦੋਂ "ਅਤਿਵਾਦ" ਖਤਮ ਕਰਨ ਦੇ ਨਾਂ 'ਤੇ ਪੰਜਾਬ ਦੇ ਉਦੋਂ ਦੇ ਡੀ ਜੀ ਪੀ, ਜਿਸ ਨੂੰ "ਬੁੱਚੜ" ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਦੀ ਅਗਵਾਈ ਵਿਚ ਪੰਜਾਬ ਪੁਲਿਸ ਨੇ ਫੀਤੀਆਂ ਅਤੇ ਇਨਾਮਾਂ ਦੀ ਦੌੜ ਵਿਚ, ਤਰੱਕੀਆਂ ਲੈਣ ਦੇ ਨਾਂ 'ਤੇ ਬੇਕਸੂਰ ਸਿੱਖਾਂ ਦਾ ਵੀ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਸੀ।



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਇਸੇ ਚੱਕਰ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਅਣਭੋਲ ਨੌਜੁਆਨ ਵੀ "ਅਣਪਛਾਤੀਆਂ ਲਾਸ਼ਾਂ" ਦੇ ਢੇਰਾਂ ਵਿਚ ਬਦਲ ਗਏ ਸਨ। ਮਨੁੱਖੀ ਅਧਿਕਾਰਾਂ ਨਾਲ ਜੁੜਿਆ ਜਸਵੰਤ ਸਿੰਘ ਖਾਲੜਾ ਇਨ੍ਹਾਂ "ਅਣਪਛਾਤੀਆਂ ਲਾਸ਼ਾਂ" ਦੀ ਛਾਣ-ਬੀਣ ਕਰਦਾ ਕਰਦਾ ਇੱਕ ਦਿਨ ਆਪ ਵੀ ਪੁਲਿਸ ਹੱਥੋਂ ਜਿਉਂਦੇ-ਜਾਗਦੇ ਚੰਗੇ-ਭਲੇ ਇਨਸਾਨ ਤੋਂ ਲਾਸ਼ ਬਣ ਗਿਆ ਸੀ।

ਪੰਜਾਬ ਵਰਗਾ ਭਾਣਾ ਹੀ ਅੱਜ ਫ਼ਲਸਤੀਨ ਵਿਚ ਵਾਪਰ ਰਿਹਾ ਹੈ। "ਹਮਾਸ" ਨੂੰ ਸਜ਼ਾ ਦੇਣ ਲਈ ਅੱਜ ਨੇਤਨਯਾਹੂ ਦੀ ਅਗਵਾਈ ਵਿਚ ਇਜ਼ਰਾਈਲ ਫੌਜ, ਪੰਜਾਬ ਪੁਲਿਸ ਦੀ ਤਰ੍ਹਾਂ ਹੀ ਜਿਸ ਨੇ ਖਾੜਕੂਵਾਦ ਨੂੰ ਖਤਮ ਕਰਨ ਦੇ ਨਾਂ 'ਤੇ ਆਮ ਨੌਜੁਆਨਾ ਦਾ ਸ਼ਿਕਾਰ ਕੀਤਾ ਸੀ, ਆਮ ਫ਼ਲਸਤੀਨੀਆਂ ਨੂੰ "ਅਣਪਛਾਤੀਆਂ ਲਾਸ਼ਾਂ" ਦੇ ਢੇਰਾਂ ਵਿਚ ਬਦਲ ਰਹੀ ਹੈ। ਮੀਡੀਆ ਦੀਆਂ ਖ਼ਬਰਾਂ ਅਨੁਸਾਰ ਰਫ਼ਾਹ ਵਿਚ ਦਰਜਨਾਂ ਫ਼ਲਸਤੀਨੀ ਦਫਨਾਏ ਜਾ ਰਹੇ ਹਨ। ਇਹ ਮੁਰਦਾ ਸਰੀਰ ਅਣਪਛਾਤੇ ਅਤੇ ਜ਼ਿਆਦਾ ਗਿਣਤੀ ਵਿਚ ਸਰੀਰ ਗਲੇ-ਸੜੇ ਅੰਗਾਂ ਦੀ ਹਾਲਤ ਵਿਚ ਹਨ: ਜਿਨ੍ਹਾਂ ਨੂੰ ਇਜ਼ਰਾਈਲ ਨੇ ਫਲਸਤੀਨੀ ਅਧਿਕਾਰੀਆਂ ਨੂੰ ਸਮੂਹਿਕ ਦਫਨਾਉਣ ਲਈ ਸੌਂਪਿਆ ਹੈ।

ਉਮਰ ਅਬੂ ਤਾਹਾ ਜੋ ਕਿ ਇਕ ਡਾਕਟਰ ਹੈ, ਨੇ ਦੱਸਿਆ ਕਿ ਅਸੀਂ ਇਕ ਸੌ ਦੇ ਲਗਪਗ ਲਾਸ਼ਾਂ ਪ੍ਰਾਪਤ ਕੀਤੀਆਂ ਹਨ ਜਿਨ੍ਹਾਂ ਵਿਚ ਪੂਰੇ ਸਰੀਰ ਵੀ ਹਨ, ਅੱਧੇ ਸਰੀਰ ਵੀ, ਸਰੀਰਾਂ ਦੇ ਅੰਗ ਵੀ ਪ੍ਰੰਤੂ ਗਿਣਤੀ ਵਿਚ ਇਹ ਇੱਕ ਸੌ ਬੈਗ ਹਨ ਸਰੀਰਾਂ ਦੇ, ਸਾਨੂੰ 100 ਬੈਗ ਪ੍ਰਾਪਤ ਹੋਏ ਹਨ। ਸਾਨੂੰ ਨਹੀਂ ਪਤਾ ਉਹ ਕਿੱਥੇ ਜ਼ਖਮੀ ਹੋਏ ਹਨ ਅਤੇ ਉਨ੍ਹਾਂ ਦੇ ਕੀ ਨਾਮ ਹਨ। ਰੱਬ ਨੇ ਚਾਹਿਆ, ਜੰਗ ਖਤਮ ਹੋਣ ਤੋਂ ਬਾਅਦ ਡੀ ਐਨ ਏ ਅਤੇ ਹੋਰ ਟੈਸਟ ਹੋਣਗੇ, ਪ੍ਰੰਤੂ ਹੁਣ ਦੇ ਸਮੇਂ ਲਈ, ਉਨ੍ਹਾਂ ਦੀ ਸ਼ਨਾਖਤ ਕਰਨ ਲਈ ਅਤੇ ਉਨ੍ਹਾਂ ਦੇ ਨਾਮ ਜਾਨਣ ਲਈ ਕਿਸੇ ਵੀ ਕਿਸਮ ਦੇ ਜ਼ਰੂਰੀ ਟੈਸਟ ਕਰਨੇ ਬਹੁਤ ਮੁਸ਼ਕਿਲ ਹਨ, ਜਿਨ੍ਹਾਂ ਨਾਲ ਮਰ ਗਇਆਂ ਦੀ ਸ਼ਨਾਖਤ ਕੀਤੀ ਜਾ ਸਕੇ। ਇਸ ਦੇ ਇਲਾਵਾ, ਲੋਕਾਂ ਦੀਆਂ ਭੀੜਾਂ ਆਪਣੇ ਗੁੰਮ ਗਏ ਪਿਆਰਿਆਂ ਨੂੰ ਲੱਭਣ ਲਈ ਸਮੂਹਿਕ ਕਬਰਾਂ ਦੀ ਥਾਂ 'ਤੇ ਪਹੁੰਚ ਰਹੀਆਂ ਹਨ, ਇਸ ਆਸ ਨਾਲ ਕਿ ਉਹ ਆਪਣੇ ਮਰ ਚੁੱਕੇ ਪਿਆਰਿਆਂ ਦੀ ਪਛਾਣ ਕਰ ਲੈਣ।



ਮੁਨਤਾਹਾ ਉਬੈਦ, ਗਾਜ਼ਾ ਦੀ ਵਸਨੀਕ ਇਸਤ੍ਰੀ, ਵੀਡੀਓ ਵਿਚ ਦੱਸ ਰਹੀ ਸੀ ਕਿ ਉਸ ਦੀ ਮਾਂ, ਪਿਤਾ, ਉਸ ਦੇ ਭਰਾ ਅਤੇ ਭੈਣਾਂ ਸਾਰੇ ਉੱਤਰ ਵਿਚ ਰਹਿ ਰਹੇ ਹਨ ਅਤੇ ਮੈਨੂੰ ਉਨ੍ਹਾਂ ਬਾਰੇ ਕੁੱਝ ਵੀ ਪਤਾ ਨਹੀਂ ਹੈ। ਮੈਂ ਸੁਣਿਆਂ ਕਿ ਇਸ ਦਾ ਪਤਾ ਨਹੀਂ ਹੈ ਕਿ ਇਹ ਸਾਰੇ ਸ਼ਹੀਦ ਹੋ ਚੁੱਕੇ ਕਿੱਥੋਂ ਦੇ ਹਨ, ਮੈਂ ਸੁਣਿਆ ਕਿ ਸ਼ਾਇਦ ਇਹ ਉੱਤਰ ਤੋਂ ਹਨ, ਇਸ ਲਈ ਮੈਂ ਦੌੜਦੀ ਹੋਈ ਆਈ, ਪ੍ਰੰਤੂ ਮੈਂ ਚਿਹਰੇ ਨਹੀਂ ਦੇਖ ਸਕੀ। ਬਹੁਤ ਸਾਰੇ ਹਨ ਜੋ ਆਪਣੇ ਪਿਆਰਿਆਂ ਨੂੰ ਕਦੇ ਵੀ ਕਬਰਾਂ ਵਿਚ ਨਹੀਂ ਦਫ਼ਨਾ ਸਕਣਗੇ।

ਇਸਾ ਅਬੂ ਸਰਹਾਨ (ਇਕ ਮਰ ਚੁੱਕੇ ਬੱਚੇ ਦਾ ਬਾਪ) ਨੇ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਲੱਭ ਰਿਹਾ ਹੈ। ਉਹ ਇਨ੍ਹਾਂ ਲਾਸ਼ਾਂ ਵਿਚ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ।

ਇਜ਼ਰਾਈਲ (ਜਿਵੇਂ ਹਮੇਸ਼ਾ ਹਰ ਲੱਗੇ ਇਲਜ਼ਾਮ 'ਤੇ ਕਰਦਾ ਆਇਆ ਹੈ) ਇਲਜ਼ਾਮਾਂ ਤੋਂ ਇਨਕਾਰ ਕਰ ਰਿਹਾ ਹੈ ਕਿ ਉਸ ਨੇ ਫ਼ਲਸਤੀਨੀਆਂ ਦੀਆਂ ਲਾਸ਼ਾਂ ਚੁਰਾਈਆਂ ਹਨ; ਪਰ ਪਹਿਲਾਂ ਇਹ ਗੱਲ ਮੰਨ ਚੁੱਕਿਆ ਹੈ ਕਿ ਉਸ ਨੇ ਗਾਜ਼ਾ ਤੋਂ ਲਾਸ਼ਾਂ ਖੋਦੀਆਂ ਹਨ ਇਹ ਜਾਣਣ ਲਈ ਕਿ ਕੀ ਉਨ੍ਹਾਂ ਵਿਚ ਬੰਦੀ ਬਣਾਏ ਗਏ ਇਜ਼ਰਾਈਲੀ ਤਾਂ ਨਹੀਂ ਹਨ।

ਇੱਕੀਵੀਂ ਸਦੀ ਕੈਸੀ ਵਿਗਿਆਨਕ ਅਤੇ ਉੱਨਤ ਸਦੀ ਹੈ ਜਦੋਂ ਮਨੁੱਖ ਦਾ ਮਨੁੱਖ ਉਤੋਂ, ਇੱਕ ਮੁਲਕ ਦਾ ਦੂਸਰੇ ਮੁਲਕ ਉਤੋਂ ਅਤੇ ਅਵਾਮ ਦਾ ਸ਼ਾਸਕਾਂ ਉੱਤੋਂ ਭਰੋਸਾ ਉੱਠ ਗਿਆ ਹੈ। ਵੱਡੇ ਮੁਲਕ ਮਗਰਮੱਛਾਂ ਵਾਂਗ ਕਮਜ਼ੋਰਾਂ ਨੂੰ ਮਾਰ ਅਤੇ ਹੜੱਪ ਕਰ ਰਹੇ ਹਨ; ਸ਼ਾਸਕ ਪਰਜਾ ਨੂੰ ਲੁੱਟ ਵੀ ਰਹੇ ਹਨ ਅਤੇ ਕੁੱਟ ਵੀ ਰਹੇ ਹਨ। ਇਹ ਵਰਤਾਰਾ ਆਮ ਹੁੰਦਾ ਜਾ ਰਿਹਾ ਹੈ।

# ਕੁਝ ਕੁ ਪਲ ਹੀ ਪੱਲੇ

## ਸ਼ਬਦ ਜੋਤ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 216-556-2080**

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਜੀਵਨ ਦੀ ਮਿਆਦ ਅਸੀਂ ਆਪਣੀ ਮਰਜ਼ੀ ਨਾਲ ਹੀ ਮਿੱਥ ਲੈਂਦੇ। ਕਈ ਵਾਰ ਸਾਡੇ ਮਨ ਵਿਚ ਇਹੀ ਹੁੰਦਾ ਕਿ ਫਲਾਣਾ ਹੀ ਚਲੇ ਗਿਆ, ਮੈਂ ਤਾਂ ਨਹੀਂ ਜਾਣਾ। ਸਮਝਦੇ ਹਾਂ ਕਿ ਅਸੀਂ ਕੁਝ ਵੀ, ਕਦੇ ਵੀ ਅਤੇ ਕਿਸੇ ਵੀ ਵੇਲੇ ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰ ਸਕਦੇ ਹਾਂ।

ਜੀਵਨ ਦੀ ਦੌੜ ਵਿਚ ਅਜੇਹੇ ਗਵਾਚ ਜਾਂਦੇ ਕਿ ਅਸੀਂ ਆਪਣਿਆਂ ਨੂੰ ਤਾਂ ਭੁੱਲਦੇ ਹੀ ਹਾਂ ਸਗੋਂ ਆਪਣੇ ਆਪ ਨੂੰ ਵੀ ਭੁੱਲ ਜਾਂਦੇ ਹਾਂ। ਤੇ ਖੁਦ ਨੂੰ ਭੁੱਲਿਆ ਬੰਦਾ, ਬੰਦਾ ਨਹੀਂ ਰਹਿੰਦਾ। ਉਸਦੇ ਮੁੱਠੀ ਵਿਚੋਂ ਕਿਰ ਰਹੇ ਸਾਹ, ਕਦੇ ਨਹੀਂ ਥਿਆਉਂਦੇ ਬੀਤੇ ਹੋਏ ਪਲ। ਜਦ ਕੁਝ ਕੁ ਪਲ ਹੀ ਬਾਕੀ ਰਹਿ ਜਾਂਦੇ ਤਾਂ ਹਾਬੜਿਆ ਬੰਦਾ, ਆਪਣੇ ਰਹਿੰਦੇ ਪਲਾਂ ਨੂੰ ਵੀ ਬੇਅਰਥਾ ਹੀ ਗਵਾ ਬਹਿੰਦਾ।

ਮਨੁੱਖ ਤਾਂ ਇਹ ਸਮਝਣ ਤੋਂ ਹੀ ਅਸਮਰਥ ਕਿ ਜ਼ਿੰਦਗੀ ਕੀ ਏ? ਜ਼ਿੰਦਗੀ ਪਾਣੀ ਦਾ ਬੁਲਬੁਲਾ ਜੋ ਕਦੇ ਵੀ ਆਪਣੀ ਆਉਧ ਗਵਾ ਸਕਦਾ। ਕਿਸੇ ਫਕੀਰ ਨੂੰ ਜਗਿਆਸੂ ਨੇ ਪੁੱਛਿਆ ਕਿ ਜੀਵਨ ਕੀ ਏ ਅਤੇ ਇਸਦੀ ਮਿਆਦ ਕਿੰਨੀ ਕੁ ਆ? ਫਕੀਰ ਨੇ ਹੱਥ ਵਿਚ ਫੜਿਆ ਮਿੱਟੀ ਦਾ ਭਾਂਡਾ ਦਿਖਾਇਆ ਅਤੇ ਕਿਹਾ ਕਿ ਇਹ ਹੈ ਜੀਵਨ। ਅਤੇ ਮਿੱਟੀ ਦੇ ਭਾਂਡੇ ਨੂੰ ਹੱਥ ਵਿਚੋਂ ਹੇਠਾਂ ਸੁੱਟ ਦਿਤਾ। ਮਿੱਟੀ ਦਾ ਭਾਂਡਾ ਕੜੱਕ ਕਰ ਕੇ ਟੁੱਟ ਗਿਆ। ਫ਼ਕੀਰ ਨੇ ਫੁਰਮਾਇਆ ਕਿ ਇਸਦੀ ਮਿਆਦ ਸਿਰਫ਼ ਇੰਨੀ ਕੁ ਹੀ ਹੈ। ਇਸ ਲਈ ਤਾਂ ਜ਼ਿੰਦਗੀ ਵੰਨੀਂ ਜਾਂ ਭੌਂ ਕੇ ਤੱਕਿਆ

ਤਾਂ ਕੁਝ ਕੁ ਪਲ਼ ਹੀ ਪੱਲੇ,
ਤੇ ਉਹ ਵੀ ਮੇਰੇ ਸੋਚਦਿਆਂ ਸੋਚਦਿਆਂ
ਸਾਹਾਂ 'ਚੋਂ ਕਿੱਰ ਚੱਲੇ।

ਸੱਜਣਾਂ ਵਰਗੀਆਂ ਸੰਦਲੀ ਯਾਦਾਂ
ਪਤਾ ਨਹੀਂ ਕਿਥੇ ਗੁੰਮੀਆਂ
ਸਮਿਆਂ ਦੀ ਗਰਦਸ਼ ਦੇ ਹਾਉਕੇ
ਸੁਣਦਾ ਹਾਂ ਹਰ ਗੱਲੇ।

ਮੋਹ ਦੇ ਚਸ਼ਮੇ ਵਰਗੇ ਮਿੱਤਰ
ਦੂਰੀਆਂ ਵਿਚ ਗਵਾਚੇ,
ਹੁਣ ਕਦੇ ਨਹੀਂ ਫੇਰ ਪਰਤਣਗੇ
ਉਹ ਵੇਲੇ ਝੱਲ-ਵਲੱਲੇ।

ਆਪਣੀ ਨੀਂਦਰੇ ਸੌਣਾ, ਜਾਗਣਾ
ਤੇ ਭੁੱਖ ਦੀ ਨਾ ਪ੍ਰਵਾਹ,
ਹੁਣ ਤਾਂ ਫ਼ਿਕਰਾਂ ਤੇ ਮਜ਼ਬੂਰੀਆਂ
ਮਨ ਦੇ ਬੂਹੇ ਮੱਲੇ।

ਕਦੇ ਅੰਬਰ ਨੂੰ ਛੱਤ 'ਤੇ ਲਾਹੁਣਾ
ਚੰਨ ਨਾਲ ਕਰਨੀਆਂ ਗੱਲਾਂ,
ਹੁਣ ਤਾਂ ਘੁਰਨੇ ਵਰਗੇ ਘਰ 'ਚ
ਕਰੇ ਉਦਾਸੀ ਹੱਲੇ।

ਬੀਤਿਆ ਲੋਕਾਂ ਲੇਖੇ ਲਾ ਕੇ

ਦੱਸੀਂ ਖਾਂ ਕੀ ਖੱਟਿਆ,
ਬਚੀ ਜੋ ਜਸ਼ਨ ਬਣਾ ਲੈ ਹੁਣ ਹੀ
ਤੂੰ ਜਾਣਾ ਆਖਰ 'ਕੱਲੇ।

ਕੁਝ ਕੁ ਰਹਿੰਦੇ ਪਲਾਂ ਦੇ ਪਲ ਪਲ ਨੂੰ ਰੱਜ ਕੇ ਜੀਅ ਕਿਉਂਕਿ ਪਤਾ ਨਹੀਂ ਤੂੰ ਕੱਲ੍ਹ ਨੂੰ ਰਹੇਂ ਜਾਂ ਨਾ ਰਹੇਂ।

ਦੀਦਿਆਂ 'ਚ ਹੁਸੀਨ ਨਜ਼ਾਰੇ ਤੇ
ਕੁਦਰਤੀ ਦ੍ਰਿਸ਼ਾਂ ਨੂੰ ਸੰਭਾਲ
ਵਰਨਾ ਦਿਲਕਸ਼ ਚਿਹਰਿਆਂ ਨੂੰ ਦੇਖਣ ਲਈ
ਨਜ਼ਰ ਦੀਆਂ ਐਨਕਾਂ 'ਚੋਂ ਵੀ ਧੁੰਧਲਕਾ ਹੀ ਦਿਸਣਾ।

ਯਾਰਾਂ ਬੇਲੀਆਂ ਨਾਲ ਘੁੰਮ ਫਿਰ ਕੇ ਦਿਲਲੱਗੀਆਂ ਕਰ
ਜਦ ਤੁਰਨ ਤੋਂ ਹੀ ਆਰੀ ਹੋ ਗਿਆ ਤਾਂ
ਡੰਗੋਰੀ ਸਹਾਰੇ ਕਿੰਜ ਕਰੇਂਗਾ ਦਿਲਲੱਗੀਆਂ।

ਪੈਰਾਂ 'ਚ ਸਫ਼ਰ ਹੁੰਦਿਆ ਮਨਮੋਹਕ ਥਾਵਾਂ ਨੂੰ ਗਾਹ
ਵਰਨਾ! ਤੁੱਰਨ ਤੋਂ ਮੁੱਨਕਰ ਲੱਤਾਂ ਵਿਚੋਂ
ਰੇਤ ਵਾਂਗ ਹੀ ਕਿਰ ਜਾਣਾ ਹੈ ਸਫ਼ਰ।

ਹੱਥਾਂ ਦੀ ਸ਼ਫ਼ਾ ਨੂੰ ਸ਼ਬਦਾਂ ਵਿਚ ਢਾਲ
ਜਾਂ ਕੈਨਵਸ ਤੇ ਵਾਹੀਆਂ ਲਕੀਰਾਂ 'ਚੋਂ ਉਗਾ
ਹੱਥ ਕੰਬਣ ਲੱਗ ਪੈਣ
ਤਾਂ ਸ਼ਬਦ ਵੀ ਸਾਥ ਨਹੀਂ ਦਿੰਦੇ

ਤੇ ਹੱਥੋਂ ਛੁੱਟਿਆ ਬੁਰਸ਼
ਕੈਨਵੈਸ, ਕੰਧ ਅਤੇ ਕਮਰੇ ਨੂੰ ਵੀ ਲਬੇੜ ਦਿੰਦਾ।

ਸੋਚ ਦੇ ਅੰਬਰ 'ਚ
ਚੰਨ ਤਾਰਿਆਂ ਦੀਆਂ ਕਲਮਾਂ ਲਾ
ਧੁੰਧਲਾਈ ਸੋਚ ਵਿਚ ਤਾਂ
ਸੂਰਜ ਵੀ ਰਾਹ ਭੁੱਲ ਜਾਂਦਾ ਏ।

ਮਨਾਂ! ਤੂੰ ਇਹ ਸੋਚਦਾ ਹੀ ਰਿਹਾ
ਮੈਂ ਇਹ ਕਰਾਂਗਾ, ਮੈਂ ਉਹ ਕਰਾਂਗਾ
ਤੇਰੇ ਦੇਖਦੇ ਦੇਖਦੇ ਹੀ
ਦਾਹੜੀ ਤੇ ਸਿਰ ਧੌਲਿਆਂ ਨਾਲ ਭਰ ਗਿਆ
ਅੱਖਾਂ ਤੇ ਮੋਟੀਆਂ ਐਨਕਾਂ
ਮੂੰਹ 'ਚ ਨਕਲੀ ਬੀੜ
ਹੱਥ 'ਚ ਡੰਗੋਰੀ
ਤੈਨੂੰ ਚੀਜ਼ਾਂ ਵੀ ਭੁੱਲਣ ਲੱਗੀਆਂ
ਤੇ ਤੂੰ ਪਰਿਵਾਰ ਲਈ ਬੇਲੋੜਾ ਹੋ ਗਿਆ

ਉਮਰ ਦੇ ਭੁਲੇਖੇ 'ਚ ਅਜੇਹਾ ਉਲਝਿਆ
ਤੂੰ ਸੋਚਦਾ ਹੀ ਰਿਹਾ
ਕਿ ਇਹ ਬਾਅਦ ਵਿਚ ਕਰਾਂਗਾ

ਪਰ
ਤੇਰੇ ਸਾਹਵੇਂ ਹੀ
ਤੇਰੇ ਹਮਸਫ਼ਰ ਤੇ ਯਾਰ ਬੇਲੀ ਤੁੱਰ ਗਏ
ਉਨ੍ਹਾਂ ਦੇ ਘਰਾਂ 'ਚ ਪੈ ਗਈ ਉਜਾੜ
ਬੰਨੇਰਿਆਂ ਤੇ ਉਗ ਆਏ ਪਿੱਪਲ ਬੋਹੜ
ਪਰ ਤੇਰੀ ਬਿਰਤੀ ਨਾ ਟੁੱਟੀ।
ਯਾਦ ਰੱਖ!
ਤੂੰ ਅੱਖਾਂ ਮੀਟ ਗਿਆ ਤਾਂ
ਬਾਅਦ ਵਿਚ ਕੁਝ ਨਹੀਂ ਹੁੰਦਾ।
ਕੁਝ ਕੁ ਮਿੱਤਰ,
ਸਕੇ-ਸੋਦਰੇ ਤੇ ਸੰਬੰਧੀ ਸਸਕਾਰ ਤੇ ਜਾਣਗੇ
ਤੇਰੀਆਂ ਰਸਮੀ ਗੱਲਾਂ ਕਰਨਗੇ
ਅਤੇ ਬਲਦੇ ਸਿਵੇ ਨੂੰ ਦੇਖ ਕੇ ਕਹਿਣਗੇ
"ਤੁੱਰ ਗਿਆ ਵਿਚਾਰਾ, ਚੰਗਾ ਸੀ"
ਤੇ ਤੂੰ ਬੜੀਂ ਜਲਦੀ ਹਰੇਕ ਦੇ ਚੇਤਿਆਂ 'ਚੋ ਗਵਾਚ ਜਾਵੇਂਗਾ
ਜਿਵੇਂ ਸਿਵੇ ਦੀ ਰਾਖ਼ ਹਵਾ 'ਚ ਗਵਾਚ ਜਾਂਦੀ
ਸੋ
'ਬਾਅਦ' ਨੂੰ ਛੱਡ
ਤੇ 'ਹੁਣ' ਹੀ ਕਰ
ਕਿਉਂਕਿ
'ਹੁਣ' ਤਾਂ ਤੇਰੇ ਹੱਥ ਵੱਸ ਏ।

ਜੀਵਨ ਕਿੰਨਾ ਕੁ ਏ? ਕਿੰਨਾ ਕੁ ਜੀਵਿਆ ਤੇ ਕਿੰਨਾ ਕੁ ਭੋਗਿਆ? ਕਿੰਨਾ ਕੁ ਮਾਣਿਆ ਤੇ ਕਿੰਨਾ ਕੁ ਹੰਢਾਇਆ? ਕਿੰਨਾ ਕੁਝ ਪਾਇਆ ਤੇ ਕਿੰਨਾ ਕੁ ਗਵਾਇਆ? ਕਿੰਨਿਆਂ ਨੂੰ ਰੁਆਇਆ ਅਤੇ ਕਿੰਨਿਆ ਨੂੰ ਹਸਾਇਆ? ਕੀ ਆਪਣੇ ਆਪ ਨੂੰ ਮਿਲੇ? ਕੀ ਲੰਘੇ ਸਮੇਂ ਜਾਂ ਰਹਿੰਦੇ ਵਕਤ ਦਾ ਹਿਸਾਬ ਲਾਇਆ? ਕੀ ਇਹ ਜਾਣਿਆ ਕਿ ਜ਼ਿੰਦਗੀ ਦਾ ਅੰਤ ਕੀ ਅਤੇ ਕਦੋਂ ਏ? ਕੀ ਸਾਨੂੰ ਆਪਣਾ ਵੀ ਕੁਝ ਪਤਾ ਏ ਜਾਂ ਗਵਾਚਿਆਂ ਹਾਰ ਹੀ ਰਹੇ? ਇਹ ਪ੍ਰਸ਼ਨ ਅਕਸਰ ਹੀ ਮਨ ਦੀ ਪ੍ਰਕਰਮਾ ਕਰਦੇ, ਬੰਦੇ ਕੋਲੋਂ ਜਵਾਬ ਮੰਗਦੇ। ਪਰ ਬੰਦਾ ਹਮੇਸ਼ਾ ਹੀ ਟਾਲਦਾ ਰਹਿੰਦਾ।

ਜੀਵਨ ਦੇ ਰੁਝੇਵਿਆਂ ਵਿਚ ਸਵੇਰ ਤੋਂ ਸ਼ਾਮ ਹੋ ਜਾਂਦੀ, ਸੋਮਵਾਰ ਤੋਂ ਸ਼ਨਿਚਰਵਾਰ ਆ ਜਾਂਦਾ। ਮਹੀਨੇ ਦਰ ਮਹੀਨੇ ਬੀਤ ਜਾਂਦੇ। ਸਾਲ ਵੀ ਆਪਣੀ ਰਫ਼ਤਾਰ ਨਾਲ ਹੱਥੋਂ ਖਿਸਕਦੇ ਜਾਂਦੇ, ਪਰ ਜ਼ਿੰਦਗੀ ਦੀ ਤੋਰ ਦਾ ਬੰਦੇ ਨੇ ਕਦੇ ਕਿਆਸ ਹੀ ਨਾ ਕੀਤਾ।

ਪੜ੍ਹਾਈਆਂ ਕੀਤੀਆਂ, ਨੌਕਰੀ ਕੀਤੀ, ਵਿਆਹੇ ਗਏ, ਬੱਚੇ ਪੈਦਾ ਹੋਣ 'ਤੇ ਪਰਿਵਾਰ ਬਣ ਗਿਆ। ਉਹ ਪੜ੍ਹਾਏ, ਵਿਆਹੇ ਅਤੇ ਆਪਣੇ ਅੰਬਰ ਦੀ ਭਾਲ ਵਿਚ ਦੂਰ ਉਡਾਰੀ ਮਾਰ ਗਏ। ਮਾਂ, ਪਿਉ ਅਤੇ ਕੁਝ ਮਿੱਤਰ-ਪਿਆਰੇ ਭਰ ਜਵਾਨੀ ਵਿਚ ਚਲੇ ਗਏ ਪਰ ਫਿਰ ਵੀ ਬੰਦੇ ਨੂੰ ਕੋਈ ਸੋਝੀ ਨਾ ਆਈ ਕਿ ਜ਼ਿੰਦਗੀ ਦੇ ਕੁਝ ਕੁ ਪਲ ਆਪਣੇ ਵੀ ਨੇ ਅਤੇ ਕਦੇ ਇਨ੍ਹਾਂ ਨੂੰ ਵੀ ਜੀਅ ਲਈਏ।

ਬੰਦੇ ਦੇ ਮਨ ਵਿਚ ਆਇਆ ਹੀ ਨਾ ਕਿ ਬੀਤੇ ਨੇ ਤਾਂ ਪਰਤਣਾ ਹੀ ਨਹੀਂ। ਕੁਝ ਆਪਣੇ ਹਿੱਸੇ ਦੇ ਅੰਬਰ ਦੀ ਰੌਸ਼ਨੀ ਵਿਚ ਨਹਾ ਲਵਾਂ। ਰਾਤ ਦੀ ਚਾਨਣੀ ਨੂੰ ਤਨ ਦੇ ਦੁਆਲੇ ਲਪੇਟਾਂ। ਕਦੇ ਰਾਤ ਦੀ ਚੁੱਪ ਵਿਚ ਆਪਣੇ ਆਪ ਨਾਲ ਸੰਵਾਦ ਰਚਾਵਾਂ। ਕਦੇ ਟਿੱਕੀ ਰਾਤ ਵਿਚ ਤਾਰਿਆਂ ਦੀ ਆਪਸੀ ਗੁਫ਼ਤਗੂ ਵਿਚ ਸ਼ਾਮਲ ਹੋਵਾਂ। ਕਦੇ ਅਕਾਸ਼ ਗੰਗਾਵਾਂ ਦੇ ਚਿੱਤਰਾਂ ਵਿਚੋਂ ਬੀਤੀ ਅਤੇ ਭਵਿੱਖੀ ਜ਼ਿੰਦਗੀ ਦੇ ਨਕਸ਼ ਚਿਤਾਰਾਂ?

ਮਨੁੱਖ ਨੂੰ ਤਾਂ ਭੁੱਲ ਹੀ ਗਿਆ ਆਪਣਾ ਖ਼ਿਆਲ ਰੱਖਣਾ। ਆਪਣੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ। ਆਪਣੇ ਸ਼ੌਕਾਂ ਨੂੰ ਮਰਨ ਤੋਂ ਬਚਾਉਣਾ ਅਤੇ ਆਪਣੇ ਭਾਵਾਂ ਨੂੰ ਦਫ਼ਨ ਹੋਣ ਤੋਂ ਬਚਾਉਣ ਦੀ ਤਰਕੀਬ। ਨਿੱਕਿਆਂ ਨਿੱਕਿਆਂ ਕੰਮਾਂ ਵਿਚ ਖੁਸ਼ੀਆਂ ਨੂੰ ਤਲਾਸ਼ਣਾ, ਫੁੱਲਾਂ ਦੀਆਂ ਕਲਮਾਂ ਲਾਉਂਦਿਆਂ, ਕਿਆਰੀਆਂ ਨੂੰ ਪਾਣੀ ਦਿੰਦਿਆਂ ਜਾਂ ਬੂਟਿਆਂ ਦੀ ਦੇਖਭਾਲ ਵਿਚੋਂ ਖੁਦ ਦੇ ਸਾਥ ਨੂੰ ਮਾਨਣਾ। ਘਰ ਤਾਂ ਗਮਲਿਆਂ ਵਰਗੇ ਹੁੰਦੇ। ਇਸ ਵਿਚ ਲਾਏ ਬੂਟੇ ਜਿਉਂਦੇ, ਹੱਸਦੇ, ਹਸਾਉਂਦੇ, ਰੰਗ ਵੰਡਦੇ ਅਤੇ ਮਹਿਕਾਂ ਖਿੰਡਾਉਂਦੇ। ਖਦੇ ਕੀਮਤੀ ਗਮਲੇ ਵਿਚ ਰੱਖੇ ਨਕਲੀ ਫੁੱਲ ਮਹਿਕਦੇ ਗੁਲਜ਼ਾਰ ਦਾ ਨਾਮ ਨਹੀਂ ਹੋ ਸਕਦੇ।

ਬੰਦਾ ਹਰ ਕਾਰਜ ਨੂੰ ਅੱਗੇ ਪਾਉਣ ਦਾ ਆਦੀ। ਫੇਰ ਵੇਖੀ ਜਾਓ। ਕੱਲ੍ਹ ਨੂੰ ਸਹੀ। ਪਹਿਲਾਂ ਆਹ ਕਰ ਲਈਏ ਫਿਰ ਆਪਣੀ ਰੂਹ ਨੂੰ ਸਕੂਨ ਦੇਣ ਵਾਲੀ ਕਲਾ ਨੂੰ ਪਰਤਾਂਗਾ। ਮਨ ਨੂੰ ਰੂਹਦਾਰੀ ਬਖਸ਼ਣ ਵਾਲੇ ਕਿਸੇ ਵੀ ਕਾਰਜ ਨੂੰ ਅਹਿਮੀਅਤ ਨਾ ਦੇ ਅਤੇ ਹੋਰ ਦੁਨਿਆਵੀ ਰੁਝੇਵਿਆਂ ਵਿਚ ਉਲਝ ਕੇ, ਆਪਣੇ ਆਪ ਤੋਂ ਹੀ ਬੇਮੁੱਖ ਹੋਇਆ, ਇਕ ਬੇਗਾਨਗੀ ਨੂੰ ਮੱਥੇ 'ਤੇ ਲਿਖਵਾਇਆ। ਆਪਣੀਆਂ ਹੀ ਨਜ਼ਰਾਂ ਵਿਚ ਹੀਣਾ ਹੋਇਆ। ਜਦ ਹੁਣ ਬੀਤੇ ਨੂੰ ਨਿਹਾਰਦਾ ਤਾਂ ਬਹੁਤ ਹੀ ਸ਼ਰਮਸਾਰ ਹੁੰਦਾ।

ਜਦ ਕਿਸੇ ਕਾਰਜ ਨੂੰ ਹੁਣ ਹੀ ਕਰਨ ਦੀ ਬਜਾਏ ਇਸਨੂੰ ਅੱਗੇ ਪਾਉਣ ਦੀ ਬਿਰਤੀ ਸਾਡਾ ਨਜ਼ਰੀਆ ਬਣ ਜਾਵੇ ਤਾਂ ਸਾਡੇ ਹੱਥੋਂ ਖਿਸਕ ਜਾਂਦੇ ਬਿਹਤਰੀਨ ਮੌਕੇ, ਉਤਮ ਤਜ਼ਰਬੇ, ਉਮਰ ਭਰ ਦੀਆਂ ਯਾਰੀਆਂ ਨਿਭਾਉਣ ਵਾਲੇ ਕੁਝ ਕੁ ਮਿੱਤਰ-ਪਿਆਰੇ, ਬੱਚਿਆਂ ਨਾਲ ਬਿਤਾਇਆ ਅਮੁੱਲ ਸਮਾਂ, ਆਪਣੇ ਪਰਿਵਾਰ ਨਾਲ ਮਾਣੇ ਹੋਏ ਕੀਮਤੀ ਪਲ। ਘਰ ਦੀ ਬੁੱਕਲ ਵਿਚ ਪਰਿਵਾਰ ਨਾਲ ਬਿਤਾਏ ਕੋਸੇ-ਕੋਸੇ ਪਲਾਂ ਨਾਲ ਸਿਰਜੀਆਂ ਹੁਸੀਨ ਯਾਦਾਂ ਦਾ ਕਾਫ਼ਲਾ ਜਿਸਨੇ ਸਾਰੀ ਉਮਰ ਸਾਡਾ ਅਮੁੱਲ ਖ਼ਜ਼ਾਨਾ ਬਣਨਾ ਹੁੰਦਾ।

ਬੰਦਿਆ! ਹੁਣ ਤਾਂ ਕੁਝ ਕੁ ਪਲ ਨੇ ਤੇਰੀ ਝੋਲੀ। ਕਿਹੜੀ ਬੋਲਦਾਂ ਏ ਬੋਲੀ। ਤੇਰੀ ਹਯਾਤੀ ਜਾਣੀ ਏ ਮਿੱਟੀ ਵਿਚ ਰੋਲੀ। ਜੇ ਨੇ ਤਾਂ ਆਪਣੀ ਨੀਂਦਰ ਖੋਲੀ। ਅਹਿਸਾਸ ਕਰ, ਜੀਵਨ ਨੂੰ ਆਪਣੇ ਰੰਗ ਵਿਚ ਜੀਅ ਲਾ। ਪਤਾ ਨਹੀਂ ਕੱਦ ਵੱਜਣਾ ਤੇਰਾ ਘੋਰੜੂ ਅਤੇ ਹੋ ਜਾਣਾ ਏ ਰਾਮ ਨਾਮ ਸੱਤ।

ਐ ਬੰਦੇ! ਤੂੰ ਹੁਣ ਦਰਿਆਵੇ ਕੰਢੇ ਰੁੱਖ ਏਂ। ਤੇਰੀ ਕਿੰਨੀ ਕੁ ਮਿਆਦ ਰਹਿ ਗਈ ਬਾਕੀ। ਪਤਾ ਨਹੀਂ ਕਿਹੜੇ ਵੇਲੇ ਤੇਰੀ ਹੋਂਦ ਖਤਮ ਹੋ ਜਾਵੇ। ਇਸ ਤੋਂ ਪਹਿਲਾਂ ਕਿ ਸਭ ਕੁਝ ਤੇਰੇ ਹੱਥੋਂ ਖਿੱਸਕ ਜਾਵੇ ਇਨ੍ਹਾਂ ਪਲਾਂ ਨੂੰ ਰੱਜ ਕੇ ਜੀਅ। ਤੇਰਾ ਇਥੇ ਫਿਰ ਰਹਿਣਾ ਹੀ ਕੀ? ਤੇਰੇ ਤੋਂ ਬੇਮੁੱਖ ਹੋ ਜਾਣਾ ਘਰ ਦਾ ਹਰ ਜੀਅ ਕਿਉਂਕਿ ਕਦੇ ਵੀ ਕੋਈ ਤੁਰ ਗਿਆਂ ਨਾਲ ਨਹੀਂ ਜਾਂਦਾ।

ਪਤਾ ਨਹੀਂ ਬੰਦਾ ਕਿਹੜੇ ਭਰਮ-ਭਲੇਖਿਆਂ ਵਿਚ ਕਿ ਉਸ ਤੋਂ ਬਾਅਦ ਘਰ-ਪਰਿਵਾਰ ਜਾਂ ਬੱਚਿਆਂ ਦਾ ਕੀ ਹੋਣਾ? ਯਾਦ ਰੱਖ ਕਿ ਪਰਿਵਾਰ ਨੇ ਹੱਸਦੇ-ਵੱਸਦੇ ਰਹਿਣਾ। ਬੱਚਿਆਂ ਨੇ ਆਪਣੀ ਦੁਨੀਆਂ ਨੂੰ ਆਪਣੇ ਰੰਗ ਨਾਲ ਅਬਾਦ ਕਰ ਕੇ ਮਨਾਣਾ। ਕੁਝ ਵੀ ਅਜੇਹਾ ਨਹੀਂ ਜੋ ਤੇਰੇ ਬਾਅਦ ਨਹੀਂ ਹੋਵੇਗਾ। ਸੋ ਲੋੜ ਹੈ ਕਿ ਹੁਣ ਹੀ ਆਪਣੇ ਆਪ ਨੂੰ ਇਸ ਸੰਸਾਰਕ ਵਰਤਾਰੇ ਵਿਚੋਂ ਪਾਸੇ ਕਰ, ਗਿਣਤੀ ਦੇ ਕੁਝ ਕੁ ਪਲਾਂ ਨੂੰ ਆਪਣੇ ਲਈ ਤਾਂ ਜੀਅ।

ਅਗਰ ਬੰਦਿਆ ਤੂੰ ਬਾਕੀ ਬਚੇ ਪਲਾਂ ਨੂੰ ਆਪਣੇ ਨਾਮ ਨਾ ਲਾਇਆ ਤਾਂ ਤੂੰ ਪਛਤਾਵੇ ਦੀ ਜੂਨ ਹੰਢਾਉਂਦਾ ਇਸ ਜਹਾਨ ਤੋਂ ਰੁਖ਼ਸਤ ਹੋਵੇਂਗਾ। ਤੇਰੇ ਸੱਥਰ 'ਤੇ ਬੈਠੇ ਲੋਕ ਇਹ ਜ਼ਰੂਰ ਕਹਿਣਗੇ ਕਿ ਬਹੁਤ ਮਿਹਨਤ ਕੀਤੀ, ਕਮਾਈ ਵੀ ਬਹੁਤ ਕੀਤੀ ਪਰ ਰੱਜ ਕੇ ਹੰਢਾਇਆ ਹੀ ਨਾ।

ਪੈਦਾ ਕੀਤੀਆਂ ਸੁੱਖ ਸਹੂਲਤਾਂ ਨੂੰ ਮਾਣ ਕੇ ਨਾ ਦੇਖਿਆ। ਮਿਹਨਤ ਮੁਸ਼ੱਕਤ ਭਰੀ ਜ਼ਿੰਦਗੀ ਨੇ ਤੁਰ ਜਾਣ ਵਾਲੇ ਨੂੰ ਕੀ ਦਿੱਤਾ? ਜੇ ਜਿਉਂਦੇ ਜੀਅ ਕੁਝ ਮਾਣ ਲੈਂਦਾ ਤਾਂ ਚੰਗਾ ਹੀ ਰਹਿੰਦਾ। ਕੁਝ ਹੀ ਪਲ ਨੇ ਕੋਲ। ਜੇ ਨਾ ਅੱਜ ਸੰਭਾਲੇ ਤਾਂ ਆਉਣ ਵਾਲੇ ਵਕਤ ਨੇ ਮੁਆਫ਼ ਨਹੀਂ ਕਰਨਾ। ਇਹ ਪਲ ਜਾਂ ਹੱਥੋਂ ਕਿਰ ਗਏ ਤਾਂ ਕਿਧਰੋਂ ਨਹੀਂ ਥਿਆਉਣੇ ਅਤੇ ਇਨ੍ਹਾਂ ਨੂੰ ਹੀ. ਲੱਭਦਿਆਂ ਲੱਭਦਿਆਂ ਰਹਿੰਦੇ ਪਲ ਗਵਾਉਣੇ। ਪਲ ਨਾ ਕਿਸੇ ਦੇ ਮਿੱਤ ਵੇ ਯਾਰੋ ਅਤੇ ਨਾ ਰੁਕਦੇ ਨੇ ਰੋਕਿਆਂ। ਜਦ ਇਹ ਤੁਰ ਜਾਂਦੇ ਤਾਂ ਹੱਥ ਨਹੀਂ ਆਉਣਾ ਨਿਕਲੇ

ਮੌਕਿਆਂ। ਜੀਵਨ ਨੂੰ ਧੁੜਕੂ ਬਣਾਉਣਾ, ਪਲ ਪਲ ਉਗਦੇ ਹੌਕਿਆਂ ਅਤੇ ਫਿਰ ਕਿਸੇ ਨੇ ਸਾਥ ਨਾ ਦੇਣਾ ਅਤੇ ਕੁਝ ਨਹੀਂ ਹੋਣਾ ਟੋਕਿਆਂ।

ਪਲ ਦੇ ਪਲ ਹੀ ਬਹਿ ਕੇ ਕੋਲ ਅਤੇ ਦਿਲ ਦੇ ਦਰਦ ਫਰੋਲ। ਜਦ ਸਾਹਾਂ ਦੀ ਆਉਧ ਗਵਾਚੀ ਤਾਂ ਕਿਸੇ ਨੇ ਨਾ ਬਹਿਣਾ ਕੋਲ। ਪਲ ਨਾਲ ਨਾ ਸਾਂਝੇ ਕੀਤੇ ਰੂਹ ਆਪਣੀ ਦੇ ਬੋਲ। ਤਾਂ ਹੀ ਤੇਰੇ ਅੱਖਾਂ ਸਾਹਵੇਂ ਦਿਸਦੀ ਸੱਖਣੀ ਝੋਲ।

ਫਲ, ਪਲਾਂ ਦੇ ਸੰਗੀ ਹੁੰਦੇ ਅਤੇ ਪਲ, ਪਲਾਂ ਦੇ ਯਾਰ। ਪਲਾਂ ਦੇ ਪੁਲ ਤੋਂ ਲੰਘ ਕੇ ਹੁੰਦਾ ਬੇੜਾ ਪਾਰ। ਪਲਾਂ ਰਾਹੀਂ ਹੀ ਹੁੰਦਾ ਸਾਨੂੰ ਆਪਣਿਆਂ ਦਾ ਦੀਦਾਰ ਅਤੇ ਇਨ੍ਹਾਂ ਵਿਚੋਂ ਹੀ ਡੁੱਲ ਡੁੱਲ ਪੈਂਦਾ ਮਾਖਿਉਂ ਮਿੱਠਾ ਪਿਆਰ।

ਪਲ ਹੀ ਨਵੇਂ ਪਲਾਂ ਨੂੰ ਸਿਰਜਣ ਅਤੇ ਪਲ ਰੂਹਾਂ ਦਾ ਰਾਜ਼। ਪਲ ਹੀ ਜੀਵਨ ਜਾਚ ਬਣਦੇ ਤੇ ਪਲ ਹੀ ਜਿਊਣ-ਅੰਦਾਜ਼। ਫਲ, ਪਲਾਂ ਦਾ ਸਾਹ-ਸੰਗੀਤ ਅਤੇ ਪਲ ਹੀ ਪਲ-ਰਿਆਜ਼। ਪਲ ਯਾਰਾਂ ਦੀ ਮਹਿਫਲ ਵਰਗੇ ਅਤੇ ਪਲ ਹੀ ਗੁੱਝੇ ਰਾਜ਼। ਪਲ ਹੀ ਸਾਡੀ ਸੱਗਵੀਂ ਸ਼ਕਤੀ ਅਤੇ ਪਲ ਸਾਡੀ ਤਹਿਜ਼ੀਬ। ਪਲ ਹੀ ਕਦੇ ਮਿੱਤਰ ਪਿਆਰੇ ਅਤੇ ਪਲ ਹੀ ਬਣਨ ਰਕੀਬ। ਪਲ ਕਦੇ ਤਾਂ ਆਪਣੇ ਲੱਗਦੇ ਅਤੇ ਜਾਪਣ ਕਦੇ ਅਜੀਬ। ਕਦੇ ਤਾਂ ਗਲਵੱਕੜੀ ਪਾਉਂਦੇ ਅਤੇ ਆਪਣਿਉਂ ਵੱਧ ਅਜ਼ੀਜ਼।

ਪਲ ਦੀ ਪਲ ਹੀ ਮਿਲ ਪਲਾਂ ਨੂੰ, ਹੋ ਜਾਈਏ ਸ਼ਰਸ਼ਾਰ। ਜੀਵਨ ਜਾਪੇ ਸੰਦਲੀ ਰੰਗਾ ਅਤੇ ਨੈਣਾਂ ਵਿਚ ਖ਼ੁਮਾਰ। ਪਲ ਵਿਚ ਹੀ ਹਿੱਕ ਨਾਲ ਲੱਗਦੇ ਰੂਹਾਂ ਦੇ ਦਿਲਦਾਰ ਅਤੇ ਪਲਾਂ ਵਿਚ ਹੀ ਬੰਦਾ ਪਹੁੰਚੇ ਸੱਤ ਸਮੁੰਦਰੋਂ ਪਾਰ। ਪਲ ਦੀ ਪਲ ਹੀ ਮਿਲ ਲਿਆ ਖੁਦ ਨੂੰ, ਪਲਾਂ ਲੰਘਾਉਣਾ ਪਾਰ। ਪਲਾਂ ਵਿਚ ਹੀ ਜੀਵਨ ਧੜਕੇ ਅਤੇ ਸਾਹਾਂ ਦੀ ਗੁਫ਼ਤਾਰ। ਪਲ ਗਵਾਚੇ ਨਹੀਂ ਥਿਆਉਣੇ ਭਾਵੇਂ ਲੱਖ ਦੌੜਾਈਏ ਸੋਚਾਂ। ਨਾ ਕੋਈ ਤਰਕੀਬ ਹੀ ਚੱਲਣੀ ਤੇ ਨਾ ਬੰਦੇ ਦੀਆਂ ਹੋਸ਼ਾਂ। ਨਾ ਹੀ ਤੇਰੇ ਰੁਕਿਆਂ ਰੁਕਣਾ, ਪਲਾਂ ਦਾ ਪ੍ਰਵਾਹ। ਦੇਖੀਂ ਤੈਨੂੰ ਕੁਝ ਨਹੀਂ ਮਿਲਣਾ ਭਾਵੇਂ ਲਾ ਲਈਂ ਹਰ ਵਾਹ। ਪਲ ਵਿਚ ਹੋਣਾ ਤੇਰੇ ਜਿਸਮ ਨੇ ਸੜ ਸੁਆਹ ਅਤੇ ਤੇਰੇ ਆਪਣਿਆਂ ਸੁਰਖ਼ਰੂ ਹੋਣਾ, ਫੁੱਲ ਦਰਿਆਏ ਪਾ।

ਕੁਝ ਕੁ ਪਲਾਂ ਦਾ ਸਾਥ ਅਨੂਠਾ, ਰੱਜ ਕੇ ਖਾ ਹੰਢਾ। ਜੀਵਨ ਨੂੰ ਆਪਣੇ ਰੰਗੀਂ ਮਾਣ, ਨਾ ਕਰ ਪ੍ਰਵਾਹ। ਆਪੇ ਤੋਂ ਬੇਨਿਆਜ਼ ਹੋ ਕੇ, ਹੋ ਜਾ ਲਾਪ੍ਰਵਾਹ। ਤਾਂ ਹੀ ਤੇਰੇ ਮਨ ਪਿਘਲਣਾ, ਪੂਰੇ ਹੋਣੇ ਚਾਅ। ਇਨ੍ਹਾਂ ਦੀ ਤਰਲਤਾ ਵਿਚ ਹੀ, ਆਪਣੇ ਆਪ ਨੂੰ ਪਾ। 'ਕੇਰਾਂ ਮਿਲੇ ਇਸ ਜੀਵਨ ਦੇ ਰੰਗੀਂ, ਖੁਦ ਨੂੰ ਰੰਗਦਾ ਜਾ ਅਤੇ ਫਿਰ ਦੇਖੀਂ ਤੈਨੂੰ ਦੇਖਣ ਵਾਲੇ, ਕਹਿਣਗੇ ਵਾਹ ਬਈ ਵਾਹ। ਰੇਤ ਵਾਂਗ ਪਲ ਸਾਡੇ ਹੱਥੋਂ ਕਿਰ ਰਹੇ ਅਤੇ ਸਾਨੂੰ ਇਹ ਵਹਿਮ ਕਿ ਅਸੀਂ ਵੱਡੇ ਹੋ ਰਹੇ ਹਾਂ। ਲੋੜ ਹੈ ਕਿ ਪਲ ਪਲ ਕਿਰਦੀ ਜ਼ਿੰਦਗੀ ਵਿਚੋਂ ਜੀਵਨ ਦੇ ਮਾਣਕ-ਮੋਤੀਆਂ ਦੀ ਤਲਾਸ਼ ਕੀਤੀ ਜਾਵੇ।

ਬੰਦਿਆ! ਤੂੰ ਪਲ ਪਲ ਤਰਸਦਾ ਰਿਹਾ ਇਕ ਪਲ ਲਈ। ਪਰ ਉਹ ਪਲ ਵੀ ਸਿਰਫ਼ ਕੁਝ ਪਲ ਹੀ ਆਇਆ। ਭਾਵੇਂ ਕਿ ਤੂੰ ਸੋਚਦਾ ਸਾਂ ਕਿ ਉਸਨੂੰ ਬਾਕੀ ਪਲਾਂ ਲਈ ਰੋਕ ਲਵਾਂ। ਪਰ ਉਹ ਪਲ ਵੀ ਰੁਕਿਆ ਸਿਰਫ਼ ਕੁਝ ਕੁ ਪਲਾਂ ਲਈ ਅਤੇ ਤੂੰ ਹੱਥ ਮਲਦਾ ਹੀ ਰਹਿ ਗਿਆ।

ਉਹ ਲੋਕ ਬਾ-ਕਮਾਲ ਹੁੰਦੇ ਜੋ ਕੁਝ ਕੁ ਅਣਮੁੱਲੇ ਪਲਾਂ ਨੂੰ ਕਿਸੇ ਖਾਸ ਪਲ ਵਿਚ ਸਮੋ ਲੈਂਦੇ ਕਿਉਂਕਿ ਅਣਮੁੱਲੇ ਅਤੇ ਅਜ਼ੀਮ ਪਲ ਜੀਵਨ ਵਿਚ ਵਾਰ ਵਾਰ ਨਹੀਂ ਆਉਂਦੇ। ਫਿਰ ਅਸੀਂ ਜੀਵਨ-ਭਰ ਉਨ੍ਹਾਂ ਪਲਾਂ ਵਿਚੋਂ ਹੀ ਜੀਵਨ ਦਾ ਰਸ ਮਾਣਦੇ। ਸੰਦਲੀ ਰੰਗਾਂ ਦੀ ਕਲਾ-ਨਕਾਸ਼ੀ ਕਰਨ ਵਿਚ ਰੁਚਿਤ ਰਹਿੰਦੇ।

ਇਹ ਤਾਂ ਸਪੱਸ਼ਟ ਹੈ ਕਿ ਬੀਤਿਆ ਵੀ ਸਾਡੇ ਹੱਥ ਵਿਚ ਨਹੀਂ ਅਤੇ ਭਵਿੱਖ ਦਾ ਸਾਨੂੰ ਪਤਾ ਨਹੀਂ। ਸਿਰਫ਼ ਵਰਤਮਾਨ ਦੇ ਕੁਝ ਕੁ ਪਲ ਹੀ ਸਾਡੇ ਨੇ। ਅਸੀਂ ਇਨ੍ਹਾਂ ਪਲਾਂ ਨੂੰ ਕਿਵੇਂ ਜਿਊਣਾ, ਇਹ ਹੀ ਸਾਡਾ ਸਭ ਤੋਂ ਵੱਡਾ ਹਾਸਲ। ਤੁਹਾਡੇ ਤੁਰ ਜਾਣ ਤੋਂ ਬਾਅਦ ਸਿਰਫ਼ ਕੁਝ ਰਸਮੀ ਅਫਸੋਸ ਅਤੇ ਰਸਮਾਂ ਰਹਿ ਜਾਂਦੀਆਂ। ਕੌਣ ਯਾਦ ਕਰਦਾ ਏ ਸਿਵਿਆਂ ਦੀ ਰਾਖ਼। ਸਿਵੇ ਵੀ ਤਾਂ ਪਲ ਪਲ ਨਵੀਂ ਰਾਖ਼ ਨੂੰ ਚੌਗਿਰਦੇ ਵਿਚ ਖਿੰਡਾਉਂਦੇ ਆ। ਉਨ੍ਹਾਂ ਨੂੰ ਯਾਦ ਨਹੀਂ ਰਹਿੰਦਾ, ਮਿੱਟੀ ਵਿਚ ਮਿੱਟੀ ਹੋਈਆਂ ਰਾਖ਼ਾਂ ਦਾ ਇਤਿਹਾਸ।

ਯਾਦ ਰੱਖਣਾ ਕਿ ਮਾਣਿਆ ਪਲ, ਫਿਰ ਪਲ ਹੀ ਨਹੀਂ ਰਹਿੰਦਾ। ਉਹ ਤੁਹਾਡੇ ਜੀਵਨ ਦਾ ਬੇਸ਼ਕੀਮਤੀ ਕਿੱਸਾ ਹੁੰਦਾ ਅਤੇ ਤੁਹਾਡੇ ਜੀਵਨ ਭਰ ਦੀਆਂ ਯਾਦਾਂ ਦਾ ਹੁਸੀਨ ਹਿੱਸਾ ਹੁੰਦਾ।

# ਔਰਤਾਂ ਲਈ ਕਿਹੜੇ ਖਾਣੇ ਬਿਹਤਰੀਨ ਹਨ?

ਔਰਤ ਅਤੇ ਮਰਦ ਦੇ ਵੱਖਰੇ ਹਾਰਮੋਨ, ਬੱਚੇ ਦਾ ਠਹਿਰਨਾ, ਮਾਹਵਾਰੀ ਆਦਿ ਅਨੇਕ ਕਾਰਨਾਂ ਕਰਕੇ ਕੁੱਝ ਕਿਸਮਾਂ ਦੇ ਖਾਣੇ ਔਰਤਾਂ ਨੂੰ ਜ਼ਰੂਰ ਲੈਣੇ ਚਾਹੀਦੇ ਹਨ। ਹੱਡੀਆਂ ਨੂੰ ਛੇਤੀ ਖੁਰਨ ਤੋਂ ਬਚਾਉਣਾ, ਬੱਚੇ ਨੂੰ ਦੁੱਧ ਚੁੰਘਾਉਣਾ, ਛਾਤੀ ਦੇ ਕੈਂਸਰ ਤੋਂ ਬਚਾਓ ਆਦਿ, ਲਈ ਖ਼ੁਰਾਕ ਦਾ ਅਹਿਮ ਰੋਲ ਲੱਭਿਆ ਜਾ ਚੁੱਕਿਆ ਹੈ। ਇਹ

ਡਾ. ਹਰਸ਼ਿੰਦਰ ਕੌਰ, ਐੱਮ.ਡੀ.
ਫੋਨ: 0175-2216783

ਖਾਣੇ ਹਨ:

1. ਸੋਇਆਬੀਨ ਦੀਆਂ ਫਲੀਆਂ: ਮਾਹਵਾਰੀ ਬੰਦ ਹੋ ਜਾਣ ਬਾਅਦ ਇਕਦਮ ਗਰਮੀ ਤੇ ਘਬਰਾਹਟ ਮਹਿਸੂਸ ਹੋਣ ਲੱਗ ਪੈਂਦੀ ਹੈ। ਅਜਿਹੀ ਹਾਰਮੋਨਾਂ ਦੀ ਤਬਦੀਲੀ ਦੌਰਾਨ ਈਸਟਰੋਜਨ ਵਰਗੇ ਕੁਦਰਤੀ ਤੱਤ ਕਾਫ਼ੀ ਫ਼ਾਇਦਾ ਦਿੰਦੇ ਹਨ। ਸੋਇਆਬੀਨ ਦੀਆਂ ਹਰੀਆਂ ਫਲੀਆਂ ਵਿਚ ਆਈਸੋਫਲੇਵੋਨ ਹੁੰਦੇ ਹਨ ਜੋ ਈਸਟਰੋਜਨ ਵਰਗਾ ਅਸਰ ਵਿਖਾਉਂਦੇ ਹਨ। ਇਨ੍ਹਾਂ ਵਿਚ ਫਾਈਬਰ ਵੀ ਕਾਫ਼ੀ ਹੁੰਦਾ ਹੈ।

2. ਕੇਲ ਪੱਤਾ: ਵਿਟਾਮਿਨ ਏ, ਡੀ, ਸੀ ਤੇ ਕੇ ਨਾਲ ਭਰੇ ਇਹ ਪੱਤੇ ਹੱਡੀਆਂ ਮਜ਼ਬੂਤ ਰੱਖਣ ਵਿਚ ਮਦਦ ਕਰਦੇ ਹਨ। ਵਿਟਾਮਿਨ ਏ ਅਤੇ ਸੀ ਦੀ ਰੋਜ਼ਾਨਾ ਲੋੜੀਂਦੀ ਮਾਤਰਾ ਦਾ 20 ਫੀਸਦੀ ਹਿੱਸਾ ਇੱਕ ਵੇਲੇ ਦਾ ਰੱਜ ਕੇ ਖਾਧਾ ਕੇਲ ਪੱਤਿਆਂ ਦੇ ਸਲਾਦ ਨਾਲ ਹੀ ਪੂਰਾ ਹੋ ਜਾਂਦਾ ਹੈ।

3. ਐਸਪੈਰਾਗਸ ਬੂਟੀ: ਵਿਟਾਮਿਨ ਕੇ ਤੇ ਫੋਲੇਟ ਭਰਪੂਰ ਇਹ ਬੂਟੀ ਹੁਣ ਵੱਡੇ ਹੋਟਲਾਂ ਵਿਚ ਬਹੁਤ ਮਹਿੰਗੇ ਭਾਅ ਖਾਣ ਨੂੰ ਮਿਲਦੀ ਹੈ। ਰੀੜ੍ਹ ਦੀ ਹੱਡੀ ਦੇ ਜਮਾਂਦਰੂ ਨੁਕਸ ਰੋਕਣ ਲਈ ਇਸ ਵਿਚਲਾ ਫੋਲੇਟ ਵਧੀਆ ਹੈ ਤੇ ਵਿਟਾਮਿਨ ਕੇ ਹੱਡੀਆਂ ਵੀ ਤਗੜੀਆਂ ਕਰਦਾ ਹੈ।

4. ਰਾਜਮਾਂਹ, ਸੋਇਆਬੀਨ ਤੇ ਰੌਂਗੀ: ਪ੍ਰੋਟੀਨ ਪੂਰੀ ਕਰਨ ਲਈ ਇਹ ਜ਼ਰੂਰ ਖਾਣੇ ਚਾਹੀਦੇ ਹਨ ਕਿਉਂਕਿ ਅਣਗਿਣਤ ਔਰਤਾਂ ਪ੍ਰੋਟੀਨ ਦੀ ਕਮੀ ਨਾਲ ਜੂਝਦੀਆਂ ਸਤਮਾਹੇ ਬੱਚੇ ਪੈਦਾ ਕਰ



ਕੇ ਜਹਾਨੋਂ ਕੂਚ ਕਰ ਜਾਂਦੀਆਂ ਹਨ। ਲਹੂ ਦੀ ਕਮੀ ਵੀ ਲਗਭਗ 80 ਫੀਸਦੀ ਔਰਤਾਂ ਵਿਚ ਲੱਭੀ ਗਈ ਹੈ ਜਿਸ ਸਦਕਾ ਮੰਦਬੁੱਧ ਬੱਚੇ ਪੈਦਾ ਹੋ ਸਕਦੇ ਹਨ। ਇਸੇ ਲਈ ਫਲ ਸਬਜ਼ੀਆਂ ਜ਼ਰੂਰ ਖਾਂਦੇ ਰਹਿਣਾ ਚਾਹੀਦਾ ਹੈ ਜਿਨ੍ਹਾਂ ਵਿਚਲਾ ਫਾਈਬਰ ਵੀ ਅੰਤੜੀਆਂ ਲਈ ਵਧੀਆ ਹੈ ਤੇ ਇਹ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਵੀ ਸਹੀ ਰੱਖਦਾ ਹੈ। ਇੰਜ ਭਾਰ ਵੀ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਅੱਜ ਦੇ ਦਿਨ ਅਮਰੀਕਾ ਵਿਚ ਔਰਤਾਂ ਦੇ ਦਿਲ ਦੇ ਰੋਗ ਉਨ੍ਹਾਂ ਦੀ ਮੌਤ ਦਾ ਪਹਿਲਾ ਕਾਰਨ ਬਣ ਚੁੱਕੇ ਹੋਏ ਹਨ।

5. ਚਕੋਧਰਾ: ਔਰਤਾਂ ਵਿਚ ਪਾਸੇ ਦਾ ਮਾਰਿਆ ਜਾਣਾ (ਸਟਰੋਕ) ਵੀ ਆਮ ਹੀ ਵੇਖਿਆ ਜਾਣ ਲੱਗ ਪਿਆ ਹੈ। ਚਕੋਧਰਾ ਜਿੱਥੇ ਸਟਰੋਕ ਦਾ ਖ਼ਤਰਾ ਘਟਾਉਂਦਾ ਹੈ, ਉੱਥੇ ਦਿਲ ਦੇ ਰੋਗਾਂ ਤੋਂ ਵੀ ਬਚਾਉਂਦਾ ਹੈ। ਹਾਲਾਂਕਿ ਸੰਤਰੇ ਵੀ ਵਧੀਆ ਹਨ ਪਰ ਚਕੋਧਰੇ ਵਿਚ ਸੰਤਰੇ ਨਾਲੋਂ ਘੱਟ ਮਿੱਠਾ ਹੁੰਦਾ ਹੈ। ਇਸ ਵਿਚਲੇ ਫਲੇਵੋਨਾਇਡ ਬੇਸ਼ਕੀਮਤੀ ਹਨ। ਕੁੱਝ ਕਿਸਮ ਦੀਆਂ ਦਵਾਈਆਂ ਨਾਲ ਚਕੋਧਰਾ ਨਹੀਂ ਖਾਧਾ ਜਾ ਸਕਦਾ। ਸੋ ਇਸ ਵਾਸਤੇ ਡਾਕਟਰੀ ਸਲਾਹ ਲੈ ਲੈਣੀ ਚਾਹੀਦੀ ਹੈ।

6. ਬਲੂਬੈਰੀ, ਸਟਰਾਅਬੈਰੀ ਅਤੇ ਚੈਰੀਆਂ: ਫਲੇਵੋਨਾਇਡ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਰੰਗ ਬਿਰੰਗੀਆਂ ਬੈਰੀਆਂ ਅਤੇ ਚੈਰੀਆਂ ਜਿੱਥੇ ਦਿਮਾਗ਼ ਨੂੰ ਚੁਸਤ ਰੱਖਦੀਆਂ ਹਨ ਉੱਥੇ ਇਨ੍ਹਾਂ ਵਿਚਲਾ ਵਿਟਾਮਿਨ 8. ਘੱਟ ਥਿੰਦੇ ਵਾਲਾ ਦਹੀਂ: ਤਾਜ਼ਾ ਜੰਮਿਆ ਸਪਰੇਟੇ ਦੁੱਧ ਦਾ ਦਹੀਂ ਜਿਸ ਵਿਚ ਮਿੱਠਾ ਜਾਂ ਲੂਣ ਨਾ ਪਾਇਆ ਹੋਵੇ, 40 ਵਰ੍ਹਿਆਂ ਦੀ ਉਮਰ ਤੋਂ ਬਾਅਦ ਰੈਗੂਲਰ ਖਾਣਾ ਚਾਹੀਦਾ ਹੈ। ਸਿਰਫ਼ 8 ਔਂਸ ਨਾਲ ਹੀ ਰੋਜ਼ ਦੇ ਲੋੜੀਂਦੇ ਕੈਲਸ਼ੀਅਮ ਦਾ ਇੱਕ ਤਿਹਾਈ ਹਿੱਸਾ ਪੂਰਾ ਹੋ ਜਾਂਦਾ ਹੈ।

9. ਫਲੈਕਸ ਬੀਜ (ਅਲਸੀ) : ਫਾਈਬਰ ਅਤੇ ਲਿਗਨੈਨ ਜਿਹੜੇ ਈਸਟਰੋਜਨ ਵਾਂਗ ਅਸਰ ਵਿਖਾਉਂਦੇ ਹਨ, ਛਾਤੀ ਦੇ ਕੈਂਸਰ ਨੂੰ ਹੋਣ ਤੋਂ ਰੋਕਦੇ ਹਨ। ਇਸ ਵਿਚ ਲੋੜੀਂਦੇ ਓਮੇਗਾ ਤਿੰਨ ਫੈਟੀ ਏਸਿਡ ਵੀ ਹਨ।

10. ਅਖਰੋਟ: ਇਸ ਵਿਚਲੇ ਵਧੀਆ ਫੈਟੀ ਏਸਿਡ ਜਿੱਥੇ ਕੈਂਸਰ ਰੋਕਣ ਵਿਚ ਕੁੱਝ ਰੋਲ ਅਦਾ ਕਰਦੇ ਹਨ, ਉੱਥੇ ਅੰਤੜੀਆਂ ਨੂੰ ਤੰਦਰੁਸਤ ਰੱਖਣ, ਸ਼ੱਕਰ ਰੋਗ ਅਤੇ ਬਲੱਡ ਪ੍ਰੈੱਸ਼ਰ ਕਾਬੂ ਵਿਚ ਰੱਖਣ ਦੇ ਨਾਲ-ਨਾਲ ਦਿਮਾਗ਼ ਵੀ ਚੁਸਤ ਦਰੁਸਤ ਰੱਖਦੇ ਹਨ। ਰੋਜ਼ 4-5 ਅਖਰੋਟ ਜ਼ਰੂਰ ਖਾ ਲੈਣੇ ਚਾਹੀਦੇ ਹਨ ਤੇ ਏਨੇ ਹੀ ਬਦਾਮ ਵੀ।

11. ਸਾਰਡੀਨ ਮੱਛੀ: ਵਿਟਾਮਿਨ ਡੀ, ਕੈਲਸ਼ੀਅਮ, ਓਮੇਗਾ ਤਿੰਨ ਫੈਟੀ ਏਸਿਡ ਨਾਲ ਭਰੀ ਮੱਛੀ ਦੁੱਧ ਪਿਆਉਂਦੀਆਂ ਮਾਵਾਂ ਲਈ ਕਾਫ਼ੀ ਲਾਹੇਵੰਦ ਹੈ। ਇੰਜ ਹੀ ਗਰਭਵਤੀ ਮਾਵਾਂ ਲਈ ਵੀ ਚੰਗੀ ਸਾਬਤ ਹੋ ਚੁੱਕੀ ਹੈ।

12. ਐਵੋਕੈਡੋ: ਚਮੜੀ ਅਤੇ ਅੱਖਾਂ ਲਈ ਵਧੀਆ ਐਵੋਕੈਡੋ, ਮਾੜਾ ਕੋਲੈਸਟਰੋਲ ਘਟਾਉਂਦਾ ਹੈ ਅਤੇ ਚੰਗਾ ਕੋਲੈਸਟਰੋਲ ਵਧਾ ਦਿੰਦਾ ਹੈ। ਇਸ ਨੂੰ ਚਟਨੀ ਵਿਚ ਪਾ ਕੇ ਵੀ ਖਾਧਾ ਜਾ ਸਕਦਾ ਹੈ ਅਤੇ ਸਲਾਦ ਵਿਚ ਵੀ।


13. ਬਕਰੇ ਦਾ ਜਿਗਰ: ਇਸ ਵਿਚ ਪਾਲਕ ਤੋਂ ਕਿਤੇ ਵੱਧ ਫੋਲੇਟ ਹੈ ਜੋ ਭਰੂਣ ਲਈ ਬਹੁਤ ਵਧੀਆ ਹੈ।

14. ਪਾਲਕ : ਇਸ ਨੂੰ ਐਵੇਂ ਹੀ ਪਾਲਣਹਾਰ ਨਹੀਂ ਕਿਹਾ ਜਾਂਦਾ। ਦਿਮਾਗ਼ ਨੂੰ ਤਰੋਤਾਜ਼ਾ ਰੱਖਣਾ, ਦਿਮਾਗ਼ ਦਾ ਸੁੰਗੜਨਾ ਰੋਕਣਾ, ਦਿਲ ਨੂੰ ਨਿਰੋਗ ਰੱਖਣਾ, ਅੰਤੜੀਆਂ ਦੇ ਕੈਂਸਰ ਤੋਂ ਬਚਾਉਣਾ, ਲਿਊਟੀਨ ਅਤੇ ਫੋਲੇਟ ਸਦਕਾ ਅੱਖਾਂ ਵਿਚਲੇ ਲੈਂਸ ਅਤੇ ਰੈਟੀਨਾ ਪਰਤ ਨੂੰ ਤੰਦਰੁਸਤ ਰੱਖਣਾ, ਚਮੜੀ ਦੀਆਂ ਝੁਰੜੀਆਂ ਪੈਣ ਤੋਂ ਰੋਕਣਾ ਆਦਿ ਪਾਲਕ ਨੂੰ ਬਿਹਤਰੀਨ ਖ਼ੁਰਾਕ ਬਣਾ ਦਿੰਦਾ ਹੈ।

ਸਾਰ : ਕਿਹਾ ਜਾਂਦਾ ਹੈ ਕਿ ਘਰ ਵਿਚਲੀ ਇੱਕ ਔਰਤ ਪੜ੍ਹ ਜਾਵੇ ਤਾਂ ਸਾਰਾ ਟੱਬਰ ਹੀ ਪੜ੍ਹ ਜਾਂਦਾ ਹੈ। ਇੰਜ ਹੀ ਮਾਂ ਸਿਹਤਮੰਦ ਹੋਵੇ ਤਾਂ ਬੱਚਾ ਭਾਵੇਂ ਕੁੜੀ ਹੋਵੇ ਜਾਂ ਮੁੰਡਾ, ਸਿਹਤਮੰਦ ਹੀ ਰਹਿੰਦਾ ਹੈ। ਇਸੇ ਲਈ ਹਰ ਬੇਟੀ ਦੀ ਸਿਹਤ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ ਜਿਸ ਵਾਸਤੇ ਸਹੀ ਖ਼ੁਰਾਕ ਖਾਣੀ ਲਾਜ਼ਮੀ ਹੈ। ਰੋਜ਼ਾਨਾ ਕਸਰਤ ਵੀ ਨਾਲੋ ਨਾਲ ਕਰਨੀ ਜ਼ਰੂਰੀ ਹੈ।

# ਸੈਕਸੂਅਲ ਹੈਲਥ ਤੇ ਪ੍ਰਜਣਨ ਸਿਹਤ ਅਧਿਕਾਰਾਂ ਬਾਰੇ ਹੋਵੋ ਜਾਗਰੂਕ

12 ਤੋਂ 17 ਫਰਵਰੀ 2024 ਜਿਨਸੀ ਅਤੇ ਪ੍ਰਜਣਨ ਸਿਹਤ ਜਾਗਰੂਕਤਾ ਵੀਕ ਮਨਾ ਕੇ ਔਰਤ-ਮਰਦਾਂ ਨੂੰ ਅਵੇਅਰ ਕੀਤਾ ਜਾ ਰਿਹਾ ਹੈ। ਸੈਕਸੂਅਲ ਹੈਲਥ ਵੀਕ ਫਾਰ ਜਿਨਸੀ ਸਿਹਤ ਅਤੇ ਰਾਈਟਸ ਦੀ ਦਸਤਖ਼ਤ ਜਨਤਕ ਹੈਲਥ ਮੁਹਿੰਮ ਹੈ। ਇਸ ਦੌਰਾਨ ਔਰਤਾਂ ਦੇ ਜਿਨਸੀ ਹੱਕ ਤੇ ਸੈਕਸੂਅਲ



ਪ੍ਰੇਸ਼ਾਨੀਆਂ ਦੂਰ ਕਰਨ ਲਈ ਹਰ ਪੱਧਰ 'ਤੇ ਸੈਮੀਨਾਰ, ਵੈਬੀਨਾਰ ਅਤੇ ਸੋਸ਼ਲ ਮੀਡੀਆ ਦਾ ਸਹਿਯੋਗ ਲਿਆ ਜਾ ਰਿਹਾ ਹੈ। ਫੈਕਟਸ

ਅਨਿਲ ਧੀਰ

ਯਾਨਿ ਤੱਥਾਂ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਜਿਨਸੀ ਸਿਹਤ ਜੋੜਿਆਂ, ਵਿਅਕਤੀ ਅਤੇ ਭਾਈਚਾਰੇ, ਦੇਸ਼ਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਬੁਨਿਆਦੀ ਹੈ। ਜਿਨਸੀ ਸਿਹਤ ਜਦੋਂ ਸਕਾਰਾਤਮਕ ਤੌਰ 'ਤੇ ਦੇਖਿਆ ਜਾਂਦਾ ਹੈ, ਤਾਂ ਲਿੰਗਕਤਾ ਅਤੇ ਜਿਨਸੀ ਸਬੰਧਾਂ ਦੇ ਨਾਲ-ਨਾਲ ਜ਼ਬਰਦਸਤੀ, ਵਿਤਕਰੇ ਅਤੇ ਹਿੰਸਾ ਤੋਂ ਮੁਕਤ, ਆਨੰਦਦਾਇਕ ਅਤੇ ਸੁਰੱਖਿਅਤ ਜਿਨਸੀ ਅਨੁਭਵ ਹੋਣ ਦੀ ਸੰਭਾਵਨਾ ਲਈ ਸਕਾਰਾਤਮਕ ਤੇ ਆਦਰਪੂਰਣ ਪਹੁੰਚ ਦੀ ਲੋੜ ਹੁੰਦੀ ਹੈ। ਸਾਡੇ ਸਾਰਿਆਂ ਕੋਲ ਜਿਨਸੀ ਸਿਹਤ ਹੈ ਜਿਵੇਂ ਕਿ ਸਰੀਰਕ-ਮਾਨਸਿਕ ਸਿਹਤ ਸਮੁੱਚੀ ਤੰਦਰੁਸਤੀ ਦਾ ਜ਼ਰੂਰੀ ਪਹਿਲੂ ਹੈ। ਇਹ ਸਿਰਫ ਪ੍ਰੈਗਨੈਂਸੀ ਜਾਂ ਸੈਕਸੂਅਲ ਲਾਗਾਂ ਨਾਲ ਜੁੜਿਆ ਹੈ।

ਪਰਿਵਾਰ, ਸੱਭਿਆਚਾਰ, ਧਰਮ, ਦੋਸਤ, ਅਤੇ ਅਨੁਭਵ ਇਨਸਾਨੀ ਲਿੰਗਕਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਹਰ ਕੋਈ ਅਲੱਗ ਹੈ ਸਾਡੇ ਜਿਨਸੀ ਵਿਚਾਰ, ਇੱਛਾਵਾਂ, ਆਕਰਸ਼ਣ

> *"ਸਾਲ 2024 ਦਾ ਥੀਮ ਹੈ-'ਸੈਕਸੂਅਲ ਹੈਲਥ ਫਾਰ ਆਲ' ਸੈਕਸੂਅਲ ਰਾਈਟਸ ਇਨੀਸ਼ੀਏਟਿਵ ਕੈਨੇਡਾ, ਭਾਰਤ, ਮਿਸਰ, ਅਰਜਨਟੀਨਾ 'ਚ ਸਥਿਤ ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦਾ ਗੱਠਜੋੜ ਹੈ ਜੋ ਸੰਯੁਕਤ ਰਾਸ਼ਟਰ ਵਿਚ ਲਿੰਗਕਤਾ ਨਾਲ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਮਿਲ ਕੇ ਕੰਮ ਕਰ ਰਿਹਾ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ, ਸਾਰੇ ਵਿਅਕਤੀਆਂ ਨੂੰ ਆਪਣੀ ਲਿੰਗਕਤਾ ਨਾਲ ਜੁੜੇ ਮਾਮਲਿਆਂ 'ਤੇ ਕੰਟ੍ਰੋਲ ਕਰਨ ਅਤੇ ਸੁਤੰਤਰ ਤੌਰ 'ਤੇ ਫੇਸਲਾ ਕਰਨ ਦਾ ਅਧਿਕਾਰ ਹੈ"-ਅਨਿਲ ਧਰਿ।*

ਅਤੇ ਮੂਲ 'ਚ ਕੋਈ ਅਪਵਾਦ ਨਹੀਂ ਹੈ। ਜਿਨਸੀ ਸਿਹਤ ਹਾਸਿਲ ਕਰਨ ਲਈ ਔਰਤ-ਮਰਦਾਂ ਦੀ ਯੋਗਤਾ ਉਨ੍ਹਾਂ 'ਤੇ ਨਿਰਭਰ ਕਰਦੀ ਹੈ। ਲਿੰਗ ਅਤੇ ਲਿੰਗਕਤਾ ਬਾਰੇ ਵਿਆਪਕ, ਚੰਗੀ-ਗੁਣਵੱਤਾ ਵਾਲੀ ਜਾਣਕਾਰੀ ਤੱਕ ਪਹੁੰਚ, ਉਨ੍ਹਾਂ ਜੋਖਮਾਂ ਬਾਰੇ ਜਾਣਕਾਰੀ ਜੋ ਉਨ੍ਹਾਂ ਦਾ ਸਾਹਮਣਾ ਕਰ ਸਕਦੇ ਹਨ ਅਤੇ ਅਸੁਰੱਖਿਅਤ ਜਿਨਸੀ ਗਤੀਵਿਧੀਆਂ ਦੇ ਮਾੜੇ ਨਤੀਜਿਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਨਸੀ ਸਿਹਤ ਸਬੰਧੀ ਮੁੱਦੇ ਵਿਆਪਕ ਹਨ, ਤੇ ਜਿਨਸੀ ਰੁਝਾਨ, ਲਿੰਗ ਪਛਾਣ, ਜਿਨਸੀ ਸਮੀਕਰਨ, ਰਿਸ਼ਤੇ ਅਤੇ ਆਨੰਦ ਸ਼ਾਮਿਲ ਹੈ, ਜਿਨ੍ਹਾਂ 'ਚ ਨਕਾਰਾਤਮਕ ਨਤੀਜੇ ਜਾਂ ਸੁਰਤਾਂ ਵੀ ਸ਼ਾਮਿਲ ਹੁੰਦੀਆਂ ਹਨ ਜਿਵੇਂ ਕਿ: ਐਚ.ਆਈ.ਵੀ. ਅਤੇ ਜਿਨਸੀ ਤੌਰ 'ਤੇ ਸੰਚਾਰਿਤ ਇਨਫੈਕਸ਼ਨ, ਪ੍ਰਜਣਨ ਟ੍ਰੈਕਟ ਲਾਗ, ਕੈਂਸਰ, ਬਾਂਝਪਨ, ਅਣਇੱਛਤ ਗਰਭਪਾਤ, ਗਰਭਪਾਤ ਅਤੇ ਜਿਨਸੀ ਨਪੁੰਸਕਤਾ, ਜਿਨਸੀ ਹਿੰਸਾ, ਮਾਦਾ ਜਣਨ ਅੰਗ ਕੱਟਣਾ ਵਗੈਰਾ।

ਸੈਕਸੂਅਲ ਰਾਈਟਸ ਇਨੀਸ਼ੀਏਟਿਵ ਕੈਨੇਡਾ, ਭਾਰਤ, ਮਿਸਰ, ਅਰਜਨਟੀਨਾ 'ਚ ਸਥਿਤ ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦਾ ਗੱਠਜੋੜ ਹੈ ਜੋ ਸੰਯੁਕਤ ਰਾਸ਼ਟਰ ਵਿਚ ਲਿੰਗਕਤਾ ਨਾਲ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ, ਸਾਰੇ ਵਿਅਕਤੀਆਂ ਨੂੰ ਆਪਣੀ ਲਿੰਗਕਤਾ ਨਾਲ ਜੁੜੇ ਮਾਮਲਿਆਂ 'ਤੇ ਕੰਟ੍ਰੋਲ ਕਰਨ ਅਤੇ ਸੁਤੰਤਰ ਤੌਰ 'ਤੇ ਫੇਸਲਾ ਕਰਨ ਦਾ ਅਧਿਕਾਰ ਹੈ।

ਰਿਸ਼ਤਿਆਂ ਨੂੰ ਮਹੱਤਵ ਦੇਣਾ ਤੇ ਸਮਝਣਾ ਜ਼ਰੂਰੀ:

• ਕੁੱਝ ਲੋਕ ਬਹੁਤ ਹੀ ਜਿਨਸੀ ਹੁੰਦੇ ਹਨ,




ਜਦੋਂਕਿ ਦੂਸਰੇ ਸ਼ਾਇਦ ਜਿਨਸੀ ਖਿੱਚ ਨੂੰ ਮਜ਼ਬੂਤੀ ਨਾਲ ਮਹਿਸੂਸ ਕਰਦੇ ਜਾਂ ਬਿਲਕੁਲ ਵੀ ਨਹੀਂ।

• ਹੈਲਦੀ ਸਮਾਜਿਕ ਰਿਸ਼ਤੇ, ਆਕਰਸ਼ਣ, ਸਹਿਮਤੀ, ਖ਼ੁਸ਼ੀ, ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਜਿਨਸੀ ਅਧਿਕਾਰਾਂ-ਲਿੰਗਕਤਾ, ਲਿੰਗ ਸਬੰਧੀ ਮੁੱਦਿਆਂ ਬਾਰੇ ਚਰਚਾ ਅਤੇ ਸਮਝਣਾ ਜ਼ਰੂਰੀ ਹੈ।

• ਹੈਲਦੀ ਰਿਸ਼ਤਿਆਂ ਲਈ ਬਹੁਤ ਸਾਰੇ ਲੋਕਾਂ ਲਈ ਸੈਕਸ ਨਾਲ ਪਿਆਰ ਅਤੇ ਵਚਨਬੱਧਤਾ ਨੂੰ ਉਲਝਾਉਣਾ ਆਸਾਨ ਹੋ ਸਕਦਾ ਹੈ ਅਤੇ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਨੂੰ ਇਹ ਦਿਖਾਉਣ ਲਈ ਕਿਸੇ ਨਾਲ ਸੈਕਸ ਕਰਨ ਦੀ ਲੋੜ ਨਹੀਂ ਹੈ ਕਿ ਤੁਸੀਂ ਉਨ੍ਹਾਂ ਨੂੰ ਪਿਆਰ ਕਰਦੇ ਹੋ।

• ਜੇ ਤੁਸੀਂ ਕਿਸੇ ਰਿਸ਼ਤੇ 'ਚ ਹੋ, ਤਾਂ ਵਿਅਕਤੀ ਸੈਕਸ ਨਾਲ ਨੇੜੇ ਤੋਂ ਵਧੇਰੇ ਪਿਆਰ ਮਹਿਸੂਸ ਕਰ ਸਕਦਾ ਹੈ। ਉਸ ਸਮੇਂ, ਗੈਰ-ਵਚਨਬੱਧ ਰਿਸ਼ਤੇ 'ਚ ਸੈਕਸ ਕਰਨਾ ਵੀ ਮਜ਼ੇਦਾਰ ਹੋ ਸਕਦਾ ਹੈ। ਕਿਸੇ ਵੀ ਤਰ੍ਹਾਂ, ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਸਾਥੀ 'ਤੇ ਭਰੋਸਾ ਅਤੇ ਸਤਿਕਾਰ ਕਰਨ ਨਾਲ ਬਦਲੇ 'ਚ ਤੁਹਾਨੂੰ ਵੀ ਭਰੋਸੇਯੋਗ ਅਤੇ ਸਤਿਕਾਰ ਮਹਿਸੂਸ ਕਰਨ ਦੀ ਲੋੜ ਹੈ।

• ਜਣਨ ਅੰਗਾਂ 'ਚ ਲਿੰਗ ਅਤੇ ਯੋਨੀ ਨਾਲ ਜੁੜੇ ਵੱਖ-ਵੱਖ ਸਵਾਲ ਹੋ ਸਕਦੇ ਹਨ। ਜਣਨ ਅੰਗਾਂ ਦੀ ਹਾਈਜੀਨ ਤੇ ਤੰਦਰੁਸਤ ਰੱਖਣ ਦੀ ਲੋੜ ਹੁੰਦੀ ਹੈ।

ਜਿਨਸੀ ਅਧਿਕਾਰ (ਲਿੰਗਕਤਾ ਨਾਲ ਜੁੜੇ ਅਧਿਕਾਰ):

• ਵਿਆਪਕ ਲਿੰਗਕਤਾ ਸਿੱਖਿਆ * ਸੁਰੱਖਿਅਤ ਗਰਭਪਾਤ ਤੇ ਅਪਰਾਧੀਕਰਨ ਅਤੇ ਹੋਰ ਪਾਬੰਦੀਆਂ * ਲਿੰਗ ਆਧਾਰਿਤ ਵਿਤਕਰਾ * ਜਲਦੀ ਅਤੇ ਜਬਰੀ ਸ਼ਾਦੀ * ਔਰਾ ਜਣਨ ਅੰਗ ਵਿਗਾੜ * ਲਿੰਗ ਆਧਾਰਿਤ ਹਿੰਸਾ * ਲਿੰਗ ਸਮਾਨਤਾ * ਲਿੰਗ ਪਛਾਣ ਅਤੇ ਸਮੀਕਰਨ * ਐਚਆਈਵੀ/ਏਡਜ਼ * ਮਾਵਾਂ ਦੀ ਬਿਮਾਰੀ ਅਤੇ ਮੌਤ ਦਰ * ਪ੍ਰਜਣਨ ਅਧਿਕਾਰ *ਇੰਟਰ ਸੈਕਸ ਲੋਕਾਂ ਦੇ ਅਧਿਕਾਰ * ਸੈਕਸ ਵਰਕਰਾਂ ਦੇ ਅਧਿਕਾਰ * ਜਿਨਸੀ ਰੁਝਾਨ * ਨੌਜਵਾਨਾਂ ਦੇ ਜਿਨਸੀ ਅਧਿਕਾਰ * ਅੰਤਰਰਾਸ਼ਟਰੀ ਸਹਿਮਤੀ * ਜਿਨਸੀ ਅਧਿਕਾਰ ਮੌਜੂਦਾ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਦਾ ਹਿੱਸਾ ਹਨ, ਜਿਸ 'ਚ ਜੀਵਨ ਦਾ ਅਧਿਕਾਰ, ਨਿੱਜਤਾ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਹਿੰਸਾ ਤੋਂ ਆਜ਼ਾਦੀ, ਸਿੱਖਿਆ ਅਤੇ ਜਾਣਕਾਰੀ, ਸਮਾਨਤਾ, ਹਰ ਕਿਸਮ ਦੇ ਵਿਤਕਰੇ ਤੋਂ ਆਜ਼ਾਦੀ ਅਤੇ ਚੰਗੀ ਸਿਹਤ ਪ੍ਰਾਪਤੀ ਦੇ ਮਿਆਰ ਤੱਕ ਵਗੈਰਾ।

• ਜਿਨਸੀ ਜੀਵਨ 'ਚ ਹਿੰਸਾ, ਜ਼ਬਰਦਸਤੀ ਜਾਂ ਧਮਕਾਉਣ ਤੋਂ ਮੁਕਤ ਹੋਣਾ

• ਜਿਨਸੀ ਅਤੇ ਪ੍ਰਜਣਨ ਸਿਹਤ ਸੰਭਾਲ ਜਾਣਕਾਰੀ,


• ਸਿੱਖਿਆ, ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਉਨ੍ਹਾਂ ਦੀ ਲਿੰਗਕਤਾ ਦੇ ਅਭਿਆਸ ਦੇ ਆਧਾਰ 'ਤੇ ਵਿਤਕਰੇ ਤੋਂ ਸੁਰੱਖਿਅਤ ਹੋਣਾ

• ਇਨ੍ਹਾਂ ਨੂੰ ਲਿੰਗਕਤਾ ਨਾਲ ਜੁੜੇ ਮਨੁੱਖੀ ਅਧਿਕਾਰਾਂ ਵਜੋਂ ਜਾਣਿਆ ਜਾਂਦਾ ਹੈ ਜਾਂ ਸਿਰਫ ਜਿਨਸੀ ਅਧਿਕਾਰ ਅਤੇ ਵਿਸ਼ਵ ਦੀ ਹਰ ਸਰਕਾਰ ਨੂੰ ਇਨ੍ਹਾਂ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਸਤਿਕਾਰ, ਰੱਖਿਆ ਅਤੇ ਪੂਰਾ ਕਰਨ ਦੀ ਲੋੜ ਹੁੰਦੀ ਹੈ।

• ਆਦਰ- ਰਾਜਾਂ ਨੂੰ ਮਨੁੱਖੀ ਅਧਿਕਾਰਾਂ ਦੇ ਅਨੰਦ 'ਚ ਦਖਲ ਦੇਣ ਜਾਂ ਸੀਮਤ ਕਰਨ ਤੋਂ ਬਚਣਾ ਚਾਹੀਦਾ ਹੈ। ਅਧਿਕਾਰਾਂ ਦੀ ਉਲੰਘਣਾ ਤੋਂ ਵਿਅਕਤੀਆਂ ਅਤੇ ਸਮੂਹਾਂ ਦੀ ਰੱਖਿਆ ਕਰਨ ਦੀ ਲੋੜ ਹੁੰਦੀ ਹੈ।

• ਜਿਨਸੀ ਅਤੇ ਪ੍ਰਜਣਨ ਸਿਹਤ ਦਾ ਅਧਿਕਾਰ, ਸਿੱਖਿਆ ਦੇ ਅਧਿਕਾਰ ਅਤੇ ਗੈਰ-ਵਿਤਕਰੇ 'ਤੇ ਔਰਤ ਵਿਚਕਾਰ ਬਰਾਬਰੀ ਦੇ ਅਧਿਕਾਰ ਦੇ ਨਾਲ, ਲਿੰਗਕਤਾ ਅਤੇ ਪ੍ਰਜਣਨ ਬਾਰੇ ਸਿੱਖਿਆ ਦਾ ਅਧਿਕਾਰ ਸ਼ਾਮਿਲ ਕੀਤਾ ਗਿਆ ਹੈ ਜੋ ਉਮਰ ਦੇ ਮੁਤਾਬਿਕ ਅਨੁਕੂਲ, ਵਿਆਪਕ, ਗੈਰ-ਵਿਤਕਰੇ, ਸਬੂਤ ਅਧਾਰਿਤ, ਵਿਗਿਆਨਕ ਹੈ।

# 'ਭੀੜ' ਅਤੇ 'ਭਕਸ਼ਕ' ਵਰਗੀਆਂ ਫਿਲਮਾਂ ਬਹੁਤ ਬੇਚੈਨ ਕਰਦੀਆਂ: ਭੂਮੀ ਪੇਡਨੇਕਰ








ਖੱਬਿਓਂ: ਫਿਲਮ 'ਭੀੜ' ਅਤੇ 'ਭਕਸ਼ਕ' ਦੇ ਪੋਸਟਰ ਅਤੇ (ਐਨ ਸੱਜੇ) ਅਦਾਕਾਰਾ ਭੂਮੀ ਪੇਡਨੇਕਰ।

ਕੁਦਰਤ ਕੌਰ

ਅਦਾਕਾਰਾ ਭੂਮੀ ਪੇਡਨੇਕਰ ਨੇ ਹਮੇਸ਼ਾ ਚੋਣਵੀਆਂ ਫਿਲਮਾਂ ਵਿਚ ਹੀ ਕੰਮ ਕੀਤਾ ਹੈ। ਇਸੇ ਕਰ ਕੇ ਉਸ ਦੀ ਹਰ ਫਿਲਮ ਦੀ ਖੂਬ ਚਰਚਾ ਹੁੰਦੀ ਹੈ। ਅਸਲ ਵਿਚ ਉਹ ਸਮਾਜਿਕ ਸਰੋਕਾਰਾਂ ਜਾਂ ਸਮਾਜ ਦੇ ਕੁਝ ਖਾਸ, ਚਰਚਿਤ ਮਸਲਿਆਂ ਵਾਲੀਆਂ ਫਿਲਮਾਂ ਨੂੰ ਹੀ ਤਰਜੀਹ ਦਿੰਦੀ ਹੈ। ਹੁਣ 9 ਫਰਵਰੀ ਨੂੰ ਉਸ ਦੀ ਫਿਲਮ 'ਭਕਸ਼ਕ' ਨੈੱਟਫਲਿਕਸ 'ਤੇ ਰਿਲੀਜ਼ ਹੋਈ ਹੈ। ਇਹ ਫਿਲਮ ਮਸ਼ਹੂਰ ਅਦਾਕਾਰ ਸ਼ਾਹਰੁਖ ਖਾਨ ਦੀ ਪਤਨੀ ਗੌਰੀ ਖਾਨ ਅਤੇ ਗੌਰਵ ਵਰਮਾ ਨੇ ਪ੍ਰੋਡਿਊਸ ਕੀਤੀ ਹੈ ਅਤੇ ਇਸ ਨੂੰ ਨਿਰਦੇਸ਼ਤ ਪੁਲਕਿਤ ਨੇ ਕੀਤਾ ਹੈ। ਇਸ ਫਿਲਮ ਵਿਚ ਭੂਮੀ ਪੇਡਨੇਕਰ ਤੋਂ ਇਲਾਵਾ ਸੰਜੇ ਮਿਸ਼ਰਾ, ਸਾਈ ਤਮਹਾਂਕਰ ਅਤੇ ਆਦਿੱਤਿਆ ਸ੍ਰੀਵਾਸਤਵ ਨੇ ਵੀ ਵੱਖ-ਵੱਖ ਅਹਿਮ ਕਿਰਦਾਰ ਨਿਭਾਏ ਹਨ।

ਇਸ ਫਿਲਮ ਦੀ ਕਹਾਣੀ ਪੱਤਰਕਾਰ ਵੈਸ਼ਾਲੀ ਦੁਆਲੇ ਘੁੰਮਦੀ ਹੈ। ਆਪਣੇ ਕਿਰਦਾਰ ਬਾਰੇ ਭੂਮੀ ਪੇਡਨੇਕਰ ਆਖਦੀ ਹੈ, "ਮੇਰੇ ਲਈ ਫਿਲਮ ਦੀ ਪਟਕਥਾ ਦੀ ਬਹੁਤ ਅਹਿਮੀਅਤ ਹੁੰਦੀ ਹੈ। ਉਥੋਂ ਹੀ ਪਤਾ ਲੱਗਦਾ ਹੈ ਕਿ ਸਾਡਾ ਸਮਾਜ ਕਿੱਧਰ ਜਾ ਰਿਹਾ ਹੈ। ਇਸ ਫਿਲਮ ਦੀ ਕਹਾਣੀ ਦਿਲ ਕੰਬਾ ਦੇਣ ਵਾਲੀ ਹੈ। ਛੋਟੇ ਬੱਚਿਆਂ ਦਾ ਸਰੀਰਕ ਸ਼ੋਸ਼ਣ ਅਜਿਹਾ ਮਸਲਾ ਹੈ ਜਿਸ ਨੂੰ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਇਹ ਬੱਚੇ ਨੂੰ ਤੋੜ ਕੇ ਰੱਖ ਦਿੰਦਾ। ਉਹ ਬੱਚਾ ਉਮਰ ਭਰ ਇਸ ਤੋਂ ਮੁਕਤ ਨਹੀਂ ਹੁੰਦਾ ਅਤੇ ਇਉਂ ਉਸ ਦੀ ਸ਼ਖਸੀਅਤ ਵਿਗਾੜਾਂ ਦਾ ਸ਼ਿਕਾਰ ਹੋ ਜਾਂਦੀ ਹੈ। ਇਸੇ ਕਰ ਕੇ 'ਭਖਸ਼ਕ' ਵਰਗੀਆਂ ਫਿਲਮਾਂ ਬਣਨੀਆਂ ਚਾਹੀਦੀਆਂ ਹਨ। ਇਸ ਤੋਂ ਪਹਿਲਾਂ ਮੇਰੀ ਫਿਲਮ 'ਭੀੜ' ਆਈ ਸੀ। ਇਸ ਫਿਲਮ ਵਿਚ ਵੀ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਸੀ।"

18 ਜੁਲਾਈ 1989 ਨੂੰ ਜਨਮੀ ਭੂਮੀ ਪੇਡਨੇਕਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ 'ਦਮ ਲਗਾ ਕੇ ਹਈਸ਼ਾ' ਨਾਲ 2015 ਵਿਚ ਕੀਤੀ ਸੀ। ਇਹ ਰੁਮਾਂਟਿਕ ਅਤੇ ਕਾਮੇਡੀ ਫਿਲਮ ਖੂਬ ਚਰਚਿਤ ਹੋਈ ਸੀ ਅਤੇ ਹਿੱਟ ਵੀ ਰਹੀ ਸੀ। ਇਸ ਫਿਲਮ ਵਿਚ ਭੂਮੀ ਪੇਡਨੇਕਰ ਨੇ ਵੱਧ ਵਜ਼ਨ ਵਾਲੀ ਮੋਟੀ ਕੁੜੀ ਦਾ ਕਿਰਦਾਰ ਨਿਭਾਇਆ ਸੀ। ਇਹ ਰੋਲ ਉਸ ਲਈ ਬੜੀ ਵੱਡੀ ਵੰਗਾਰ ਸੀ ਕਿਉਂਕਿ ਪਹਿਲੀ ਹੀ ਫਿਲਮ ਵਿਚ ਅਜਿਹਾ ਕਿਰਦਾਰ ਕਰਨਾ ਉਸ ਦੇ ਕਰੀਅਰ ਦੇ ਸਵਾਲ ਨਾਲ ਵੀ ਜੁੜਿਆ ਹੋਇਆ ਸੀ ਪਰ ਉਸ ਨੂੰ ਇਸ ਫਿਲਮ ਦੀ ਪਟਕਥਾ ਇੰਨੀ ਪਸੰਦ ਆਈ ਕਿ ਉਹ ਝੱਟ ਇਹ ਫਿਲਮ ਕਰਨ ਲਈ ਤਿਆਰ ਹੋ ਗਈ। ਇਸ ਫਿਲਮ ਵਿਚ ਉਸ ਦੇ ਸਾਥੀ ਕਲਾਕਾਰਾਂ ਵਿਚ ਆਯੁਸ਼ਮਾਨ ਖੁਰਾਣਾ, ਸੰਜੇ ਮਿਸ਼ਰਾ, ਅਲਕਾ ਅਮੀਨ, ਸ਼ੀਬਾ ਚੱਢਾ ਆਦਿ ਵੀ ਸਨ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਫੀਮੇਲ ਡੈਬਿਊ ਇਨਾਮ ਹਾਸਲ ਹੋਇਆ। ਫਿਰ ਤਾਂ ਉਸ ਦੀਆਂ ਇਕ ਤੋਂ ਬਾਅਦ ਫਿਲਮਾਂ ਆਉਂਦੀਆਂ ਗਈਆਂ ਅਤੇ ਉਹ ਸਫਲਤਾ ਦੇ ਪੌਡੇ ਬਹੁਤ ਆਸਾਨੀ ਨਾਲ ਚੜ੍ਹਦੀ ਰਹੀ। ਅੱਜ ਉਹ ਆਪਣੀਆਂ 'ਭੀੜ' ਅਤੇ 'ਭਖਸ਼ਕ' ਵਰਗੀਆਂ ਫਿਲਮਾਂ ਦੀ ਚਰਚਾ ਬਹੁਤ ਮਾਣ ਨਾਲ ਕਰਦੀ ਹੈ। 'ਭੀੜ' ਅਤੇ 'ਭਖਸ਼ਕ' ਵਰਗੀਆਂ ਫਿਲਮਾਂ ਬਾਰੇ ਉਹ ਆਖਦੀ ਹੈ ਕਿ ਅਜਿਹੀਆਂ ਫਿਲਮਾਂ ਆਪਣੀ ਮਾਰਕੀਟ ਆਪ ਬਣਾਉਂਦੀਆਂ ਬਸ਼ਰਤੇ ਪਟਕਥਾ ਲੇਖਕ ਅਤੇ ਨਿਰਦੇਸ਼ਕ ਕੋਲ ਕਹਿਣ ਲਈ ਕੋਈ ਗੱਲ ਹੋਵੇ।

ਫਿਲਮ 'ਭਕਸ਼ਕ' ਨੂੰ ਨੈੱਟਫਲਿਕਸ 'ਤੇ ਪੇਸ਼ ਕੀਤੇ ਜਾਣ ਬਾਰੇ ਭੂਮੀ ਪੇਡਨੇਕਰ ਦਾ ਕਹਿਣਾ ਸੀ ਕਿ ਸਿਨੇਮਿਆਂ ਤੋਂ ਇਲਾਵਾ ਨੈੱਟਫਲਿਕਸ ਵਰਗੇ ਮੰਚਾਂ ਤੋਂ ਹੁਣ ਵਧੀਆਂ ਫਿਲਮਾਂ ਬਹੁਤ ਮਾਣ ਨਾਲ ਪੇਸ਼ ਕੀਤੀਆਂ ਜਾ ਰਹੀਆਂ ਹਨ। ਪਿਛਲੇ ਕੁਝ ਸਮੇਂ ਤੋਂ ਇਹ ਨਵਾਂ ਟ੍ਰੈਂਡ ਚੱਲਿਆ ਹੈ ਅਤੇ ਲੋਕਾਂ ਇਸ ਪਾਸੇ ਮੁੜ ਵੀ ਰਹੇ ਹਨ। ਆਉਣ ਵਾਲੇ ਸਮੇਂ ਦੌਰਾਨ ਅਜਿਹੇ ਮੰਚਾਂ ਦੀ ਪਹੁੰਚ ਵੱਧ ਤੋਂ ਵੱਧ ਲੋਕਾਂ ਤੱਕ ਹੋਣ ਦੀ ਸੰਭਾਵਨਾ ਹੈ।

ਇਕ ਸਵਾਲ ਦੇ ਜਵਾਬ ਵਿਚ ਭੂਮੀ ਪੇਡਨੇਕਰ ਨੇ ਕਿਹਾ ਕਿ ਲੋਕ ਸਰੋਕਾਰਾਂ ਨਾਲ ਸਬੰਧਿਤ ਫਿਲਮਾਂ ਕਰਦੀ ਰਹੇਗੀ। ਸਮਾਜ ਦੀ ਸੇਧ ਲਈ ਅਜਿਹੀਆਂ ਫਿਲਮਾਂ ਬਹੁਤ ਜ਼ਰੂਰੀ ਹਨ ਕਿਉਂਕਿ ਸਿਨੇਮਾ ਅਜਿਹਾ ਸਾਧਾਨ ਹੈ ਜੋ ਮਨੁੱਖ ਦੇ ਦਿਲ-ਦਿਮਾਗ 'ਤੇ ਸਿੱਧਾ ਅਤੇ ਚਿਰ-ਸਥਾਈ ਅਸਰ ਕਰਦਾ ਹੈ।

# ਈਸ਼ਾ ਦਿਓਲ ਦੇ ਕਦਮ

ਆਮਨਾ ਕੌਰ

ਅਦਾਕਾਰਾ ਈਸ਼ਾ ਦਿਓਲ ਅਤੇ ਉਸ ਦੇ ਪਤੀ ਭਰਤ ਤਖਤਾਨੀ ਨੇ ਵਿਆਹ ਤੋਂ 11 ਵਰ੍ਹਿਆਂ ਮਗਰੋਂ ਵੱਖ ਹੋਣ ਦਾ ਫ਼ੈਸਲਾ ਕਰ ਲਿਆ ਹੈ। ਦੋਵਾਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਉਹ ਦੋਵੇਂ ਆਪਸੀ ਸਹਿਮਤੀ ਨਾਲ ਵੱਖ-ਵੱਖ ਹੋ ਰਹੇ ਹਨ। ਦੋਹਾਂ ਨੇ ਇਹ ਵੀ ਕਿਹਾ, "ਸਾਡੀ ਜ਼ਿੰਦਗੀ 'ਚ ਇਸ ਤਬਦੀਲੀ ਰਾਹੀਂ ਸਾਡੇ ਦੋ ਬੱਚਿਆਂ ਦੀ ਬਿਹਤਰੀ ਅਤੇ ਭਲਾਈ ਸਾਡੇ ਲਈ ਬਹੁਤ ਅਹਿਮ ਹੈ ਅਤੇ ਅੱਗੇ ਵੀ ਰਹਿਣਗੇ।" ਦੋਵਾਂ ਦੇ ਵੱਖ ਹੋਣ ਦੇ ਕਾਰਨਾਂ ਦਾ ਤਾਂ ਅਜੇ ਪਤਾ ਨਹੀਂ ਲੱਗ ਸਕਿਆ ਪਰ ਇਹ ਕਿਆਸ-ਆਰਾਈਆਂ ਸ਼ੁਰੂ ਹੋ ਗਈਆਂ ਕਿ ਈਸ਼ਾ ਦੁਬਾਰਾ ਫਿਲਮਾਂ ਵਿਚ ਕੰਮ ਕਰਨਾ ਸ਼ੁਰੂ ਕਰੇਗੀ ਜਾਂ ਨਹੀਂ।

ਉਘੇ ਅਦਾਕਾਰ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਧੀ ਈਸ਼ਾ ਦਿਓਲ ਅਤੇ ਭਰਤ ਤਖਤਾਨੀ ਦਾ ਵਿਆਹ 29 ਜੂਨ 2012 ਨੂੰ ਹੋਇਆ ਸੀ। ਕੁਝ ਸਮੇਂ ਤੋਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਵੱਖ ਹੋਣ ਦੀਆਂ ਅਫਵਾਹਾਂ ਸਨ। ਦੋ ਬੇਟੀਆਂ ਰਾਧਿਆ ਅਤੇ ਮਿਰਾਇਆ ਦੇ ਮਾਤਾ-ਪਿਤਾ ਈਸ਼ਾ ਅਤੇ ਭਰਤ ਨੇ ਕਿਹਾ ਕਿ ਉਹ ਆਪਸੀ ਸਹਿਮਤੀ ਨਾਲ ਵੱਖ ਹੋ ਰਹੇ ਹਨ।



ਈਸ਼ਾ ਨੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ 'ਕੋਈ ਮੇਰੇ ਦਿਲ ਸੇ ਪੂਛੇ' ਨਾਲ ਸਾਲ 2002 ਵਿਚ ਕੀਤੀ ਸੀ। ਇਸ ਫਿਲਮ ਵਿਚ ਆਫਤਾਬ ਸ਼ਿਵਦਸਾਨੀ ਅਤੇ ਸੰਜੇ ਕਪੂਰ ਨੇ ਮੁੱਖ ਕਿਰਦਾਰ ਨਿਭਾਏ ਸਨ। ਇਹ ਫਿਲਮ ਬਾਕਸ ਆਫਿਸ ਉਤੇ ਬਹੁਤਾ ਕ੍ਰਿਸ਼ਮਾ ਨਾ ਦਿਖਾ ਸਕੀ ਸਗੋਂ ਬੁਰੀ ਤਰ੍ਹਾਂ ਫਲਾਪ ਸਾਬਤ ਹੋਈ। ਇਹ ਫਿਲਮ ਮਸਾਂ 2.7 ਕਰੋੜ ਰੁਪਏ ਹੀ ਕਮਾ ਸਕੀ। ਫਿਲਮ ਵਿਚ ਈਸ਼ਾ ਦੀ ਅਦਾਕਾਰੀ ਦੀ ਵੀ ਕੋਈ ਖਾਸ ਚਰਚਾ ਨਹੀਂ ਹੋਈ ਕਿਉਂਕਿ ਉਸ ਦਾ ਮੁਕਾਬਲਾ ਉਸ ਦੀ ਮਾਂ ਹੇਮਾ ਮਾਲਿਨੀ ਨਾਲ ਕੀਤਾ ਜਾਣ ਲੱਗਾ। ਉਸ ਦੀਆਂ ਬਾਅਦ ਵਾਲੀਆਂ ਫਿਲਮਾਂ ਨੂੰ ਵੀ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ; ਤੇ ਫਿਰ ਉਸ ਨੇ ਵਿਆਹ ਕਰਵਾ ਲਿਆ।

# ਨੇਹਾ ਧੂਪੀਆ ਦਾ ਗੀਤ

ਗੁਰਜੰਟ ਸਿੰਘ

ਅਦਾਕਾਰਾ ਨੇਹਾ ਧੂਪੀਆ ਨੇ ਅੱਧੀ ਰਾਤੀਂ ਆਪਣੇ ਪਤੀ ਅੰਗਦ ਬੇਦੀ ਲਈ ਜਨਮ ਦਿਨ ਦਾ ਗੀਤ ਗਾ ਕੇ ਪਿਆਰ ਦਾ ਇਜ਼ਹਾਰ ਕੀਤਾ। ਇਹ ਅੰਗਦ ਬੇਦੀ ਦਾ 41ਵਾਂ ਜਨਮ ਦਿਨ ਹੈ। ਨੇਹਾ ਨੇ ਇੰਸਟਾਗ੍ਰਾਮ 'ਤੇ ਵੀਡੀਓ ਸਾਂਝੀ ਕੀਤੀ ਜਿਸ ਵਿਚ ਉਸ ਨੂੰ ਆਪਣੇ ਪਤੀ ਲਈ ਗੀਤ ਗਾਉਂਦੇ ਹੋਏ ਦੇਖਿਆ ਜਾ ਸਕਦਾ ਹੈ, ਉਹ ਆਪਣੀ ਧੀ ਮਿਹਰ ਨੂੰ ਲੈ ਕੇ ਸੁੱਤਾ ਹੋਇਆ ਹੈ। ਵੀਡੀਓ ਦੀ ਕੈਪਸ਼ਨ 'ਚ ਲਿਖਿਆ ਹੈ, "ਅੱਧੀ ਰਾਤ ਨੂੰ ਜ਼ਰੂਰੀ ਕਾਮਨਾ। ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ ਤੇ ਇਸ ਕਰ ਕੇ ਤੈਨੂੰ ਜਗਾ ਨਹੀਂ ਸਕਦੀ। ਜਨਮ ਦਿਨ ਮੁਬਾਰਕ ਅੰਗਦ ਬੇਦੀ।"

ਯਾਦ ਰਹੇ ਕਿ ਅੰਗਦ ਅਤੇ ਨੇਹਾ ਦਾ ਵਿਆਹ 2018 ਵਿਚ ਹੋਇਆ ਸੀ। ਨੇਹਾ ਮੁਢਲੇ ਰੂਪ ਵਿਚ ਮਾਡਲਿੰਗ ਦੀ ਦੁਨੀਆ ਨਾਲ ਜੁੜੀ ਹੋਈ ਹੈ। ਉਸ ਨੇ 2002 ਵਿਚ ਫੈਮਿਨਾ ਮਿਸ ਇੰਡੀਆ ਦਾ ਮੁਕਾਬਲਾ ਜਿੱਤਿਆ ਸੀ। ਬਆਦ ਵਿਚ ਉਸ ਨੇ ਫਿਲਮੀ ਦੁਨੀਆ ਵਿਚ ਪ੍ਰਵੇਸ਼ ਕਰ ਲਿਆ ਅਤੇ ਕਈ ਰਿਐਲਿਟੀ ਸ਼ੋਆਂ ਵਿਚ ਵੀ ਹਿੱਸਾ ਲਿਆ। ਵਿਆਹ ਤੋਂ ਬਾਅਦ ਉਸ ਨੇ ਚੋਣਵੇਂ ਸ਼ੋਆਂ ਵਿਚ ਹੀ ਕੰਮ ਕੀਤਾ ਹੈ।



ਨੇਹਾ ਦਾ ਕਹਿਣਾ ਹੈ ਕਿ ਜੇ ਕਿਤੇ ਚੰਗੀ ਪਟਕਥਾ ਸਾਹਮਣੇ ਆਈ ਤਾਂ ਉਹ ਫਿਲਮ ਵਿਚ ਕੰਮ ਕਰਨ ਲਈ ਤਿਆਰ ਹੈ। ਦੋ ਸਾਲ ਪਹਿਲਾਂ ਫਰਵਰੀ 2022 ਵਿਚ ਉਸ ਦੀ ਫਿਲਮ 'ਏ ਥਰਸਡੇ' ਆਈ ਸੀ ਜਿਸ ਵਿਚ ਯਾਮੀ ਗੌਤਮ, ਅਤੁਲ ਕੁਲਕਰਨੀ, ਡਿੰਪਲ ਕਪਾਡੀਆ ਵਰਗੇ ਅਦਾਕਾਰਾਂ ਨੇ ਕੰਮ ਕੀਤਾ ਸੀ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ

ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ



## ਲੱਖ ਲੱਖ ਵਧਾਈ ਹੋਵੇ

ਵਲੋਂ: ਟੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)